ਐਤਵਾਰ, 5 ਨਵੰਬਰ, 2023
20 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 156

# ਨਵਾਂ ਜ਼ਮਾਨਾ

DAILY NAWAN ZAMANA • SUNDAY, 5 NOVEMBER, 2023 ਜਲੰਧਰ

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 8+6=14

YouTube nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |


## ਪਾਕਿਸਤਾਨੀ ਏਅਰਬੇਸ 'ਤੇ ਹਮਲਾ

### ਫ਼ੌਜ ਵੱਲੋਂ 9 ਦਹਿਸ਼ਤਗਰਦ ਮਾਰ ਦੇਣ ਦਾ ਦਾਅਵਾ



**ਇਸਲਾਮਾਬਾਦ** : ਭਾਰੀ ਹਥਿਆਰਾਂ ਨਾਲ ਲੈਸ ਦਹਿਸ਼ਤਗਰਦਾਂ ਨੇ ਸ਼ਨੀਵਾਰ ਤੜਕੇ ਪੰਜਾਬ ਸੂਬੇ ਵਿਚ ਪਾਕਿਸਤਾਨੀ ਹਵਾਈ ਫੌਜ ਦੇ ਸਿਖਲਾਈ ਅੱਡੇ 'ਤੇ ਹਮਲਾ ਕਰਕੇ ਤਿੰਨ ਜਹਾਜ਼ਾਂ ਨੂੰ ਨੁਕਸਾਨ ਪਹੁੰਚਾਇਆ, ਪਰ ਇਸ ਦੌਰਾਨ ਜਵਾਨਾਂ ਨੇ 9 ਹਮਲਾਵਰਾਂ ਨੂੰ ਮਾਰ ਦਿੱਤਾ। ਪਾਕਿਸਤਾਨੀ ਫੌਜ ਨੇ ਬਿਆਨ 'ਚ ਕਿਹਾ ਕਿ ਦਹਿਸ਼ਤਗਰਦਾਂ ਨੇ ਮੀਆਂਵਾਲੀ ਟ੍ਰੇਨਿੰਗ ਬੇਸ 'ਤੇ ਹਮਲਾ ਕੀਤਾ, ਪਰ ਜਵਾਨਾਂ ਨੇ 9 ਹਮਲਾਵਰਾਂ ਨੂੰ ਮਾਰ ਦਿੱਤਾ। ਫੌਜ ਨੇ ਦਾਅਵਾ ਕੀਤਾ ਹੈ ਕਿ ਜਿਨ੍ਹਾਂ ਜਹਾਜ਼ਾਂ ਨੂੰ ਨੁਕਸਾਨ ਪੁੱਜਾ ਹੈ, ਉਹ ਕੰਮ ਦੇ ਨਹੀਂ ਰਹੇ ਸਨ।

ਹਮਲੇ ਦੀ ਜ਼ਿੰਮੇਵਾਰੀ ਨਵੇਂ ਉੱਭਰੇ ਗਰੁੱਪ ਤਹਿਰੀਕ-ਇ-ਜਿਹਾਦ ਪਾਕਿਸਤਾਨ ਨੇ ਲਈ ਹੈ। ਦਹਿਸ਼ਤਗਰਦ ਇਸ ਤੋਂ ਪਹਿਲਾਂ ਬਲੋਚਿਸਤਾਨ ਤੇ ਖ਼ੈਬਰ ਪਖਤੂਨਖਵਾ ਵਿਚ 17 ਫੌਜੀਆਂ ਨੂੰ ਮਾਰ ਚੁੱਕੇ ਹਨ।

## ਨਗਰ ਨਿਗਮ ਚੋਣਾਂ ਹੋਰ ਟਲੀਆਂ

**ਚੰਡੀਗੜ੍ਹ** : ਪੰਜਾਬ ਵਿਚ ਨਗਰ ਨਿਗਮ ਚੋਣਾਂ ਹੋਰ ਲੇਟ ਹੋ ਸਕਦੀਆਂ ਹਨ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਹੁਕਮਾਂ 'ਤੇ ਲੋਕਲ ਬਾਡੀਜ਼ ਵੱਲੋਂ ਚੋਣ ਕਮਿਸ਼ਨ ਨੂੰ ਲਿਖੇ ਪੱਤਰ ਦੇ ਬਾਅਦ ਵੀ ਚੋਣਾਂ 15 ਨਵੰਬਰ ਤੱਕ ਨਹੀਂ ਹੋ ਸਕਦੀਆਂ।

ਵੋਟਰ ਸੂਚੀਆਂ 'ਤੇ ਸਹਿਮਤੀ ਨਾ ਬਣਨ ਕਰਕੇ ਇਤਰਾਜ਼ ਦੀਆਂ ਤਰੀਕਾਂ ਵਿਚ ਤਬਦੀਲੀ ਕਰ ਦਿੱਤੀ ਗਈ ਹੈ। ਚੋਣ ਕਮਿਸ਼ਨ ਨੇ ਪਟਿਆਲਾ, ਜਲੰਧਰ, ਲੁਧਿਆਣਾ ਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਘੱਲ ਕੇ ਕਿਹਾ ਹੈ ਕਿ ਵੋਟਰ ਸੂਚੀਆਂ 21 ਨਵੰਬਰ ਤੱਕ ਪ੍ਰਕਾਸ਼ਤ ਕੀਤੀਆਂ ਜਾਣ। ਇਸ ਤੋਂ ਲੱਗਦਾ ਹੈ ਕਿ ਚੋਣਾਂ ਦਸੰਬਰ ਜਾਂ ਜਨਵਰੀ ਵਿਚ ਹੋਣਗੀਆਂ।

## ਮੁਲਾਜ਼ਮਾਂ ਨੂੰ ਕਾਰਾਂ ਦਾ ਤੋਹਫਾ

**ਪੰਚਕੂਲਾ** : ਇੱਥੋਂ ਦੀ ਫਾਰਮਾਸਿਊਟੀਕਲ ਕੰਪਨੀ ਦੇ ਮਾਲਕ ਨੇ ਦੀਵਾਲੀ ਤੋਂ ਪਹਿਲਾਂ ਆਪਣੇ ਕੁਝ ਮੁਲਾਜ਼ਮਾਂ ਨੂੰ ਤੋਹਫੇ ਵਜੋਂ ਕਾਰਾਂ ਦਿੱਤੀਆਂ ਹਨ। ਮਿਟਸ ਹੈਲਥ ਕੇਅਰ ਦੇ ਮਾਲਕ ਐੱਮ ਕੇ ਭਾਟੀਆ ਨੇ 12 ਮੁਲਾਜ਼ਮਾਂ ਨੂੰ ਉਨ੍ਹਾਂ ਦੀ ਮਿਹਨਤ, ਲਗਨ ਅਤੇ ਕੰਪਨੀ ਪ੍ਰਤੀ ਵਫਾਦਾਰੀ ਲਈ ਕਾਰਾਂ ਨਾਲ ਨਿਵਾਜਿਆ। ਭਾਟੀਆ ਨੇ ਕਿਹਾ ਕਿ 38 ਹੋਰ ਮੁਲਾਜ਼ਮਾਂ ਨੂੰ ਕਾਰਾਂ ਦਿੱਤੀਆਂ ਜਾਣਗੀਆਂ।

## ਮਿਊਂਸਪਲ ਵਰਕਰ ਸਰਕਾਰੀ ਅਣਗਹਿਲੀ ਦਾ ਸ਼ਿਕਾਰ : ਸੁਕੁਮਾਰ ਦਾਮਲੇ

**ਲੁਧਿਆਣਾ (ਐੱਮ ਐੱਸ ਭਾਟੀਆ)**

ਬਹੁਤ ਹੀ ਜੋਖਮ ਭਰਿਆ ਕੰਮ ਕਰਨ ਦੇ ਬਾਵਜੂਦ ਮਿਊਂਸਪਲ ਕਰਮਚਾਰੀ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਅਣਗੌਲੇ ਹੀ ਹਨ। ਕਈ ਸਫਾਈ ਕਰਮਚਾਰੀ ਖਤਰਨਾਕ ਕੰਮ ਦੇ ਸੰਪਰਕ ਵਿੱਚ ਆਉਣ ਕਾਰਨ ਜੀਵਨ ਵਿੱਚ ਸ਼ੁਰੂਆਤੀ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਗੱਲ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਕੌਮੀ ਸਕੱਤਰ ਸੁਕੁਮਾਰ ਦਾਮਲੇ ਨੇ ਸ਼ਨੀਵਾਰ ਲੁਧਿਆਣਾ ਵਿਖੇ ਮਿਊਂਸਪਲ ਵਰਕਰਜ਼ ਫੈਡਰੇਸ਼ਨ ਦੀ ਕੌਮੀ ਜਨਰਲ ਕੌਂਸਲ ਮੀਟਿੰਗ ਦਾ ਉਦਘਾਟਨ ਕਰਦੇ ਹੋਏ ਕਹੀ। ਉਨ੍ਹਾ ਕਿਹਾ ਕਿ ਕਿੰਨੀ ਸ਼ਰਮ ਦੀ ਗੱਲ ਹੈ ਕਿ ਆਜ਼ਾਦੀ ਦੇ 76 ਸਾਲਾਂ ਬਾਅਦ ਵੀ ਕਈ ਨਗਰ ਨਿਗਮ ਕਰਮਚਾਰੀਆਂ ਨੂੰ ਸਫਾਈ ਕਰਨ ਲਈ ਮੈਨ ਹੋਲਾਂ ਵਿੱਚ ਜਾਣਾ ਪੈਂਦਾ ਹੈ। ਇਸ ਪ੍ਰਕਿਰਿਆ ਵਿਚ ਉਨ੍ਹਾਂ ਵਿਚੋਂ ਬਹੁਤ ਸਾਰੇ ਜ਼ਹਿਰੀਲੀਆਂ ਗੈਸਾਂ ਕਰਕੇ ਆਪਣੀ ਜਾਨ ਗੁਆ ਦਿੰਦੇ ਹਨ। ਅਜਿਹਾ ਇਸ ਤੱਥ ਦੇ ਬਾਵਜੂਦ ਹੋ ਰਿਹਾ ਹੈ ਕਿ ਕੰਮ ਕਰਨ ਲਈ ਮਸ਼ੀਨਾਂ ਉਪਲੱਬਧ ਹਨ।

ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਨੇ ਕਿਹਾ ਕਿ ਮਿਊਂਸਪਲ ਵਰਕਰਾਂ ਪ੍ਰਤੀ ਸਰਕਾਰ ਦੀ ਬੇਰੁਖੀ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਹੱਥੀਂ ਸਫਾਈ ਦਾ ਕੰਮ ਵੀ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਗਿਆ। ਇਸ ਲਈ ਨਗਰ ਨਿਗਮ ਦੇ ਕਰਮਚਾਰੀਆਂ ਦੀ ਭਲਾਈ ਲਈ ਲਗਾਤਾਰ ਸੰਘਰਸ਼ ਦੀ ਲੋੜ ਹੈ। ਮਜ਼ਦੂਰ ਜਮਾਤ ਦੀ ਮੂਲ ਸੰਸਥਾ ਵਜੋਂ ਏਟਕ ਇਸ ਮੁੱਦੇ ਨੂੰ ਲੈ ਕੇ ਗੰਭੀਰਤਾ ਨਾਲ ਚਿੰਤਤ ਹੈ। ਉਨ੍ਹਾ ਕਿਹਾ ਕਿ ਕੇਂਦਰ ਦੀ ਮੌਜੂਦਾ ਸਰਕਾਰ ਆਰਥਕ ਉਦਾਰੀਕਰਨ ਦੀ ਨੀਤੀ 'ਤੇ ਜ਼ੋਰ-ਜ਼ੋਰ ਨਾਲ ਚੱਲ ਰਹੀ ਹੈ, ਜਿਸ ਦੇ ਸਿੱਟੇ ਵਜੋਂ ਸਾਡੇ ਦੇਸ਼ ਵਿੱਚ ਇੱਕਤਰਫਾ ਵਿਕਾਸ ਹੋ ਰਿਹਾ ਹੈ ਅਤੇ ਗਰੀਬਾਂ ਨੂੰ ਹਾਸ਼ੀਏ 'ਤੇ ਰੱਖਿਆ ਜਾ ਰਿਹਾ ਹੈ। ਆਕਸਫੈਮ ਦੀ ਅਸਮਾਨਤਾ ਰਿਪੋਰਟ ਦਾ ਹਵਾਲਾ ਦੇਣਾ ਉਚਿਤ ਹੋਵੇਗਾ। ਭਾਰਤੀ ਆਬਾਦੀ ਦੇ ਸਿਖਰਲੇ 10% ਲੋਕਾਂ ਕੋਲ ਕੁੱਲ ਰਾਸ਼ਟਰੀ ਦੌਲਤ ਦਾ 77% ਹੈ। 2017 ਵਿੱਚ ਪੈਦਾ ਹੋਈ ਦੌਲਤ ਦਾ 73% ਸਭ ਤੋਂ ਅਮੀਰ 1% ਕੋਲ ਗਿਆ, ਜਦੋਂ ਕਿ ਕਰੋੜ ਭਾਰਤੀਆਂ, ਜੋ ਆਬਾਦੀ ਦਾ ਸਭ ਤੋਂ ਗਰੀਬ ਅੱਧਾ ਹਿੱਸਾ ਹੈ, ਨੇ ਆਪਣੀ ਦੌਲਤ ਵਿੱਚ ਸਿਰਫ 1% ਵਾਧਾ ਦੇਖਿਆ। ਇਸ ਲਈ ਏਟਕ ਦੇ ਬੈਨਰ ਹੇਠ ਟਰੇਡ ਯੂਨੀਅਨਾਂ ਨੂੰ ਇਹਨਾਂ ਪਿਛਾਖੜੀ ਆਰਥਕ ਨੀਤੀਆਂ ਵਿਰੁੱਧ ਲੜਨ ਲਈ ਸਾਂਝੇ ਸੰਘਰਸ਼ਾਂ ਦਾ ਹਿੱਸਾ ਬਣਨਾ ਪਵੇਗਾ।

ਡੀ ਪੀ ਮੌੜ ਚੇਅਰਮੈਨ ਰਿਸੈਪਸ਼ਨ ਕਮੇਟੀ ਅਤੇ ਏਟਕ ਦੀ ਜ਼ਿਲ੍ਹਾ ਲੁਧਿਆਣਾ ਇਕਾਈ ਦੇ ਮੁੱਖ ਸਲਾਹਕਾਰ ਨੇ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਵੱਖ-ਵੱਖ ਪੱਧਰਾਂ 'ਤੇ ਮਿਊਂਸਪਲ ਵਰਕਰਾਂ ਦੀਆਂ ਲਹਿਰਾਂ ਵਿੱਚ ਸ਼ਮੂਲੀਅਤ ਕਰਨ ਦਾ ਭਰੋਸਾ ਦਿੱਤਾ। ਉਨ੍ਹਾ ਕਿਹਾ ਕਿ ਸਰਕਾਰ ਲਗਾਤਾਰ ਲੋਕਾਂ ਦੇ ਹੱਕਾਂ ਦਾ ਘਾਣ ਕਰ ਰਹੀ ਹੈ ਅਤੇ ਮਜ਼ਦੂਰਾਂ ਵਿਰੁੱਧ ਚਾਰ ਕੋਡ ਬਣਾ ਕੇ ਕਾਨੂੰਨ ਪਾਸ ਕਰ ਰਹੀ ਹੈ। ਹੁਣ 70 ਘੰਟੇ ਕੰਮ ਹਫਤੇ ਦੀ ਗੱਲ ਹੋ ਰਹੀ ਹੈ। ਵਿਜੇ ਕੁਮਾਰ ਪ੍ਰਧਾਨ ਏਟਕ ਲੁਧਿਆਣਾ ਨੇ ਮੀਟਿੰਗ ਵਿੱਚ ਆਏ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਮਿਊਂਸਪਲ ਵਰਕਰਾਂ ਦੇ ਨਾਲ-ਨਾਲ ਹੋਰ ਵਰਕਰਾਂ ਨੂੰ ਹਰ ਤਰ੍ਹਾਂ ਦੇ ਸੰਘਰਸ਼ ਕਰਨ ਦਾ ਭਰੋਸਾ ਦਿੱਤਾ।




ਜਨਰਲ ਸਕੱਤਰ ਏ ਆਈ ਐੱਮ ਡਬਲਿਊ ਐੱਫ ਨੇ ਦੱਸਿਆ ਕਿ ਮੀਟਿੰਗ ਵਿੱਚ ਵੱਖ-ਵੱਖ ਰਾਜਾਂ ਤੋਂ ਮੈਂਬਰ ਹਾਜ਼ਰ ਹਨ। ਕਈਆਂ ਲਈ ਇਹ ਪੰਜਾਬ ਵਿੱਚ ਪਹਿਲੀ ਵਾਰ ਹੈ। ਉਹ ਭਵਿੱਖ ਦੇ ਕੰਮਾਂ ਲਈ ਰਣਨੀਤੀ ਤਿਆਰ ਕਰਨਗੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਏਟਕ ਲੁਧਿਆਣਾ ਦੇ ਜਨਰਲ ਸਕੱਤਰ ਐੱਮ ਐੱਸ ਭਾਟੀਆ ਨੇ ਕਿਹਾ ਕਿ ਮਿਊਂਸਪਲ ਕਾਮੇ ਅਤੇ ਹੋਰ ਵਰਗਾਂ ਦੇ ਨਾਲ-ਨਾਲ ਮਜ਼ਦੂਰ ਸਰਕਾਰ ਨੂੰ ਉਨ੍ਹਾਂ ਦੇ ਹੱਕ ਖੋਹਣ ਨਹੀਂ ਦੇਣਗੇ। ਉਨ੍ਹਾ ਕਿਹਾ ਕਿ ਕਾਰਪੋਰੇਟਾਂ ਨੂੰ ਆਮਦਨ ਕਰ 30 ਫੀਸਦੀ ਤੋਂ ਘਟਾ ਕੇ 15 ਫੀਸਦੀ ਕਰ ਦਿੱਤਾ ਗਿਆ ਹੈ। ਇਨ੍ਹਾਂ ਕੁਝ ਸਾਲਾਂ ਵਿੱਚ ਬੈਂਕਾਂ ਦਾ ਐੱਨ ਪੀ ਏ 25 ਲੱਖ ਕਰੋੜ ਰੁਪਏ ਦੇ ਕਰੀਬ ਦੱਸਿਆ ਗਿਆ ਹੈ।

ਆਲ ਇੰਡੀਆ ਮਿਊਂਸਪਲ ਵਰਕਰਜ਼ ਫੈਡਰੇਸ਼ਨ ਦੇ ਜਨਰਲ ਸਕੱਤਰ ਐੱਸ ਸੁਬਾਰਾਈਡੂ, ਪ੍ਰਧਾਨ ਬਲੇਸਰ ਮਿਸ਼ਰਾ, ਡਿਪਟੀ ਜਨਰਲ ਸਕੱਤਰ ਚੰਦਰ ਸ਼ੇਖਰ ਅਤੇ ਰਾਮਰਾਜ ਤੋਂ ਇਲਾਵਾ ਗੁਰਮੇਲ ਮੈਲਡੇ, ਗੁਰਜੀਤ ਸਿੰਘ ਜਗਪਾਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

## ਸਰਕਾਰ ਖਾਮੀ ਦੂਰ ਕਰ ਸਕਦੀ, ਫੈਸਲਾ ਰੱਦ ਨਹੀਂ ਕਰ ਸਕਦੀ : ਚੀਫ ਜਸਟਿਸ

**ਨਵੀਂ ਦਿੱਲੀ** : ਭਾਰਤ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਸ਼ਨੀਵਾਰ ਕਿਹਾ ਕਿ ਵਿਧਾਨਪਾਲਿਕਾ ਅਦਾਲਤੀ ਫੈਸਲੇ ਵਿਚ ਖਾਮੀਆਂ ਨੂੰ ਦੂਰ ਕਰਨ ਲਈ ਨਵਾਂ ਕਾਨੂੰਨ ਬਣਾ ਸਕਦੀ ਹੈ, ਪਰ ਇਸ ਨੂੰ ਸਿੱਧੇ ਤੌਰ 'ਤੇ ਰੱਦ ਨਹੀਂ ਕਰ ਸਕਦੀ। ਉਨ੍ਹਾ ਇੱਥੇ ਅਖਬਾਰ ਸਮੂਹ ਦੇ ਸਮਾਗਮ 'ਚ ਕਿਹਾ ਕਿ ਜੱਜ ਇਸ ਗੱਲ 'ਤੇ ਵਿਚਾਰ ਨਹੀਂ ਕਰਦੇ ਹਨ ਕਿ ਜਦੋਂ ਉਹ ਕੇਸਾਂ ਦਾ ਫੈਸਲਾ ਕਰਦੇ ਹਨ ਤਾਂ ਸਮਾਜ ਕਿਵੇਂ ਪ੍ਰਤੀਕਿਰਿਆ ਕਰੇਗਾ ਅਤੇ ਇਹ ਸਰਕਾਰ ਦੀ ਚੁਣੀ ਹੋਈ ਸ਼ਾਖਾ ਅਤੇ ਨਿਆਂਪਾਲਿਕਾ ਵਿਚਾਲੇ ਅੰਤਰ ਹੈ।

## ਹੈਲੀਕਾਪਟਰ ਹਾਦਸਾਗ੍ਰਸਤ

**ਕੋਚੀ** : ਨੇਵੀ ਦਾ ਚੇਤਕ ਹੈਲੀਕਾਪਟਰ ਸ਼ੁੱਕਰਵਾਰ ਬਾਅਦ ਦੁਪਹਿਰ ਸਿਖਲਾਈ ਦੌਰਾਨ ਆਈ ਐੱਨ ਐੱਸ ਗਰੁੜ ਦੇ ਰਨਵੇਅ 'ਤੇ ਹਾਦਸਾਗ੍ਰਸਤ ਹੋ ਗਿਆ, ਜਿਸ 'ਚ ਸਵਾਰ ਦੋ ਅਧਿਕਾਰੀ ਗੰਭੀਰ ਜ਼ਖ਼ਮੀ ਹੋ ਗਏ। ਹੈਲੀਕਾਪਟਰ ਰੁਟੀਨ ਟ੍ਰੇਨਿੰਗ ਫਲਾਈਟ 'ਤੇ ਸੀ।

## ਪਾਂਡਿਆ ਵਿਸ਼ਵ ਕੱਪ 'ਚੋਂ ਬਾਹਰ



**ਕੋਲਕਾਤਾ** : ਗਿੱਟੇ ਦੀ ਸੱਟ ਤੋਂ ਨਾ ਉਭਰਨ ਕਾਰਨ ਭਾਰਤੀ ਆਲਰਾਊਂਡਰ ਹਾਰਦਿਕ ਪਾਂਡਿਆ ਨੂੰ ਵਿਸ਼ਵ ਕੱਪ ਕ੍ਰਿਕਟ ਟੀਮ 'ਚੋਂ ਬਾਹਰ ਹੋਣਾ ਪਿਆ ਹੈ। ਤੇਜ਼ ਗੇਂਦਬਾਜ਼ ਪ੍ਰਸਿੱਧ ਕ੍ਰਿਸ਼ਨਾ, ਜਿਸ ਨੇ 17 ਇਕ ਦਿਨਾਂ ਮੈਚ ਖੇਡੇ ਹਨ, ਨੂੰ ਪਾਂਡਿਆ ਦੀ ਥਾਂ ਭਾਰਤੀ ਟੀਮ 'ਚ ਸ਼ਾਮਲ ਕੀਤਾ ਗਿਆ ਹੈ।

## ਦਿੱਲੀ ਦੀ ਹਵਾ ਖਰਾਬ ਹੋਣ ਲਈ ਹਰਿਆਣਾ ਨੇ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਇਆ

**ਚੰਡੀਗੜ੍ਹ** : ਕੌਮੀ ਰਾਜਧਾਨੀ ਦਿੱਲੀ ਤੇ ਐੱਨ ਸੀ ਆਰ 'ਚ ਲਗਾਤਾਰ ਵਧ ਰਹੇ ਹਵਾ ਪ੍ਰਦੂਸ਼ਣ ਦੇ ਮੱਦੇਨਜ਼ਰ ਹਰਿਆਣਾ ਦੇ ਖੇਤੀਬਾੜੀ ਮੰਤਰੀ ਜੇ ਪੀ ਦਲਾਲ ਨੇ ਪਰਾਲੀ ਸਾੜਨ ਦੇ ਮਾਮਲੇ 'ਚ ਪੰਜਾਬ ਸਰਕਾਰ ਨੂੰ ਘੇਰਿਆ ਹੈ। ਉਨ੍ਹਾ ਕਿਹਾ ਕਿ ਪੰਜਾਬ 'ਚ ਹਰਿਆਣਾ ਦੇ ਮੁਕਾਬਲੇ ਕਈ ਗੁਣਾ ਵੱਧ ਪਰਾਲੀ ਸਾੜੀ ਜਾ ਰਹੀ ਹੈ। ਤਿੰਨ ਦਿਨਾਂ ਵਿਚ ਪੰਜਾਬ 'ਚ ਪਰਾਲੀ ਸਾੜਨ ਦੇ 5140 ਮਾਮਲੇ ਸਾਹਮਣੇ ਆਏ ਹਨ, ਜਦੋਂ ਕਿ ਹਰਿਆਣਾ 'ਚ 175 ਮਾਮਲੇ ਸਾਹਮਣੇ ਆਏ ਹਨ। ਉਨ੍ਹਾ 'ਆਪ' ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਦਿਆਂ ਕਿਹਾ-ਅਸੀਂ ਕੇਜਰੀਵਾਲ ਤੇ ਭਗਵੰਤ ਮਾਨ ਤੋਂ ਪਾਣੀ ਮੰਗਿਆ ਸੀ, ਪਰਾਲੀ ਦਾ ਧੂੰਆਂ ਨਹੀਂ। ਉਧਰ, ਦਿੱਲੀ ਅਤੇ ਇਸ ਦੇ ਆਸ-ਪਾਸ ਦੇ ਖੇਤਰਾਂ 'ਚ ਹਵਾ ਦੀ ਰਫਤਾਰ ਬਿਹਤਰ ਹੋਣ ਕਾਰਨ ਸ਼ੁੱਕਰਵਾਰ ਰਾਤ ਪ੍ਰਦੂਸ਼ਣ ਦੇ ਪੱਧਰ 'ਚ ਮਾਮੂਲੀ ਗਿਰਾਵਟ ਆਈ ਹੈ, ਪਰ ਹਾਲੇ ਵੀ ਵਿਸ਼ਵ ਸਿਹਤ ਸੰਗਠਨ ਵੱਲੋਂ ਤੈਅ ਮਾਪਦੰਡਾਂ ਤੋਂ 80 ਗੁਣਾ ਵੱਧ ਪ੍ਰਦੂਸ਼ਤ ਹੈ। ਧੁੰਦ ਦੀ ਸੰਘਣੀ ਨੁਕਸਾਨਦੇਹ ਪਰਤ ਨੇ ਸ਼ਨੀਵਾਰ ਲਗਾਤਾਰ ਪੰਜਵੇਂ ਦਿਨ ਸ਼ਹਿਰ ਨੂੰ ਆਪਣੀ ਲਪੇਟ 'ਚ ਲੈ ਲਿਆ। ਡਾਕਟਰਾਂ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਹਵਾ ਪ੍ਰਦੂਸ਼ਣ ਬੱਚਿਆਂ ਅਤੇ ਬਜ਼ੁਰਗਾਂ 'ਚ ਸਾਹ ਅਤੇ ਅੱਖਾਂ ਦੀਆਂ ਸਮੱਸਿਆਵਾਂ ਨੂੰ ਵਧਾ ਰਿਹਾ ਹੈ।

## ਨੇਪਾਲ 'ਚ ਭੁਚਾਲ ਨਾਲ ਕਾਫੀ ਜਾਨੀ ਨੁਕਸਾਨ



**ਕਠਮੰਡੂ** : ਪੱਛਮੀ ਨੇਪਾਲ ਦੇ ਦੂਰ-ਦੁਰਾਡੇ ਪਹਾੜੀ ਖੇਤਰ ਵਿਚ ਸ਼ੁੱਕਰਵਾਰ ਅੱਧੀ ਰਾਤ ਨੂੰ 6.4 ਸ਼ਿੱਦਤ ਵਾਲੇ ਭੂਚਾਲ ਦੇ ਜ਼ਬਰਦਸਤ ਝਟਕਿਆਂ ਕਾਰਨ ਘੱਟ ਤੋਂ ਘੱਟ 137 ਵਿਅਕਤੀਆਂ ਦੀ ਮੌਤ ਹੋ ਗਈ ਅਤੇ 140 ਤੋਂ ਵੱਧ ਜ਼ਖ਼ਮੀ ਹੋ ਗਏ। ਭੂਚਾਲ ਰਾਤ 11.47 ਵਜੇ ਆਇਆ, ਜਿਸ ਦਾ ਕੇਂਦਰ ਜਾਜਰਕੋਟ ਜ਼ਿਲ੍ਹੇ 'ਚ ਸੀ। ਭੂਚਾਲ ਦਾ ਅਸਰ ਕਠਮੰਡੂ, ਇਸ ਦੇ ਆਸਪਾਸ ਦੇ ਜ਼ਿਲ੍ਹਿਆਂ ਅਤੇ ਇੱਥੋਂ ਤੱਕ ਕਿ ਨਵੀਂ ਦਿੱਲੀ 'ਚ ਵੀ ਮਹਿਸੂਸ ਕੀਤਾ ਗਿਆ।

## ਐਂਬੂਲੈਂਸ 'ਤੇ ਇਜ਼ਰਾਈਲੀ ਬੰਬਾਰੀ ਨਾਲ 15 ਮਰੇ

**ਗਾਜ਼ਾ** : ਹਮਾਸ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਘੇਰੇ ਹੋਏ ਉੱਤਰੀ ਗਾਜ਼ਾ ਤੋਂ ਜ਼ਖਮੀਆਂ ਨੂੰ ਕੱਢਣ ਲਈ ਵਰਤੀ ਜਾ ਰਹੀ ਐਂਬੂਲੈਂਸ 'ਤੇ ਇਜ਼ਰਾਈਲੀ ਹਵਾਈ ਹਮਲੇ ਵਿਚ 15 ਵਿਅਕਤੀ ਮਾਰੇ ਗਏ ਅਤੇ 60 ਜ਼ਖ਼ਮੀ ਹੋ ਗਏ। ਇਜ਼ਰਾਈਲ ਦੀ ਫੌਜ ਨੇ ਕਿਹਾ ਕਿ ਉਸ ਨੇ ਹਮਾਸ ਦੇ ਅੱਤਵਾਦੀ ਸੈੱਲ ਵੱਲੋਂ ਵਰਤੀ ਜਾ ਰਹੀ ਐਂਬੂਲੈਂਸ ਦੀ ਪਛਾਣ ਕੀਤੀ ਅਤੇ ਉਸ 'ਤੇ ਹਮਲਾ ਕਰ ਦਿੱਤਾ। ਹਮਲੇ ਵਿਚ ਹਮਾਸ ਦੇ ਲੜਾਕੇ ਮਾਰੇ ਗਏ ਹਨ। ਉਸ ਨੇ ਹਮਾਸ 'ਤੇ ਅੱਤਵਾਦੀਆਂ ਅਤੇ ਹਥਿਆਰਾਂ ਨੂੰ ਐਂਬੂਲੈਂਸਾਂ ਰਾਹੀਂ ਇਧਰ ਤੋਂ ਉਧਰ ਲਿਜਾਣ ਦਾ ਦੋਸ਼ ਲਗਾਇਆ। ਹਮਾਸ ਦੇ ਅਧਿਕਾਰੀ ਨੇ ਕਿਹਾ ਕਿ ਉਸ ਦੇ ਲੜਾਕੂ ਮੌਜੂਦ ਹੋਣ ਦੇ ਦੋਸ਼ ਬੇਬੁਨਿਆਦ ਹਨ। ਇਸੇ ਦੌਰਾਨ ਇਜ਼ਰਾਈਲ ਨੇ ਦੇਸ਼ 'ਚ ਕੰਮ ਕਰ ਰਹੇ ਗਾਜ਼ਾ ਪੱਟੀ ਦੇ ਹਜ਼ਾਰਾਂ ਫਲਸਤੀਨੀ ਮਜ਼ਦੂਰਾਂ ਨੂੰ ਵਾਪਸ ਸੰਘਰਸ਼ ਵਾਲੇ ਖੇਤਰ 'ਚ ਭੇਜ ਦਿੱਤਾ ਹੈ। ਕੁਝ ਮਜ਼ਦੂਰ ਪੈਦਲ ਸਰਹੱਦ ਪਾਰ ਕਰਦੇ ਹੋਏ ਦੇਖੇ ਗਏ, ਜੋ 7 ਅਕਤੂਬਰ ਨੂੰ ਹਮਾਸ ਦੇ ਦੱਖਣੀ ਇਜ਼ਰਾਈਲ 'ਤੇ ਹਮਲੇ ਤੋਂ ਬਾਅਦ ਸੀਲ ਕਰ ਦਿੱਤੀ ਗਈ ਸੀ। ਉਨ੍ਹਾਂ ਨੂੰ ਇਜ਼ਰਾਈਲ-ਹਮਾਸ ਯੁੱਧ ਦੀ ਸ਼ੁਰੂਆਤ ਤੋਂ ਹੀ ਨਜ਼ਰਬੰਦੀ ਕੇਂਦਰਾਂ 'ਚ ਰੱਖਿਆ ਗਿਆ ਸੀ। ਇਨ੍ਹਾਂ ਲੋਕਾਂ ਨੇ ਨਜ਼ਰਬੰਦੀ ਕੇਂਦਰਾਂ 'ਚ ਇਜ਼ਰਾਇਲੀ ਅਧਿਕਾਰੀਆਂ 'ਤੇ ਹਿੰਸਕ ਸਲੂਕ ਦਾ ਦੋਸ਼ ਲਗਾਇਆ।

## ਸਰਕਾਰੀ ਅਧਿਕਾਰੀਆਂ ਤੋਂ ਹੀ ਪਰਾਲੀ ਨੂੰ ਲਵਾਈ ਅੱਗ, ਮਾਨ ਵੱਲੋਂ ਕੇਸ ਦਰਜ ਕਰਨ ਦਾ ਹੁਕਮ

**ਬਠਿੰਡਾ (ਪਰਵਿੰਦਰਜੀਤ ਸਿੰਘ)**

ਪਿੰਡ ਬੁਰਜ ਮਹਿਮਾ 'ਚ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਗਈ ਸਰਕਾਰੀ ਅਧਿਕਾਰੀਆਂ ਦੀ ਟੀਮ ਨੂੰ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਦੂਜੇ ਪਾਸੇ ਜ਼ਿਲ੍ਹੇ ਦੇ ਪਿੰਡ ਜੇਠੂਕੇ ਵਿਖੇ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਗਈ ਟੀਮ ਦਾ ਕਿਸਾਨਾਂ ਨੇ ਘਿਰਾਓ ਕਰ ਲਿਆ ਅਤੇ ਉਹਨਾਂ ਨੂੰ ਕਈ ਘੰਟੇ ਬੰਦੀ ਬਣਾਈ ਰੱਖਿਆ। ਕਿਸਾਨਾਂ ਨੇ ਅਧਿਕਾਰੀਆਂ ਤੋਂ ਹੀ ਪਰਾਲੀ ਨੂੰ ਅੱਗ ਲਗਵਾਈ।

ਪਿੰਡ ਜੇਠੂਕੇ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਵਰਕਰਾਂ ਨੇ ਅਧਿਕਾਰੀਆਂ ਅਤੇ ਫਾਇਰ ਬ੍ਰਿਗੇਡ ਦਾ ਘਿਰਾਓ ਕਰ ਲਿਆ। ਆਗੂਆਂ ਦੋਸ਼ ਲਾਇਆ ਕਿ ਸਰਕਾਰ ਵੱਲੋਂ ਪਰਾਲੀ ਦੀ ਸਾਂਭ-ਸੰਭਾਲ ਲਈ ਪੁਖਤਾ ਪ੍ਰਬੰਧ ਨਹੀਂ ਕੀਤੇ ਗਏ, ਕਿਉਂਕਿ ਜੋ ਮਸ਼ੀਨਾਂ ਸਰਕਾਰ ਵੱਲੋਂ ਤਿਆਰ ਕੀਤੀਆਂ ਜਾ ਰਹੀਆਂ ਹਨ, ਉਹ ਛੋਟੇ ਕਿਸਾਨਾਂ ਦੀ ਪਹੁੰਚ ਤੋਂ ਬਹੁਤ ਦੂਰ ਹਨ। ਦੇਰ ਸ਼ਾਮ ਤੱਕ ਅਧਿਕਾਰੀਆਂ ਦਾ ਘਿਰਾਓ ਜਾਰੀ ਰਿਹਾ। ਨਾਇਬ ਤਹਿਸੀਲਦਾਰ ਫੂਲ ਨੇ ਲਿਖਤੀ ਰੂਪ 'ਚ ਭਰੋਸਾ ਦਿਵਾਇਆ ਕਿ ਕਿਸੇ ਵੀ ਕਿਸਾਨ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ, ਉਸ ਤੋਂ ਬਾਅਦ ਘਿਰਾਓ ਖਤਮ ਕੀਤਾ ਗਿਆ।

ਇਕ ਵੀਡੀਓ ਵਿੱਚ ਭੀੜ ਵੱਲੋਂ ਸਰਕਾਰੀ ਕਰਮਚਾਰੀ ਨੂੰ ਪਰਾਲੀ ਸਾੜਨ ਲਈ ਮਜਬੂਰ ਕਰਨ ਦੀ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਘਿਨਾਉਣੇ ਜੁਰਮ ਨੂੰ ਅੰਜਾਮ ਦੇਣ ਵਾਲਿਆਂ ਖਿਲਾਫ ਐੱਫ ਆਈ ਆਰ ਦਰਜ ਕਰਨ ਦੇ ਹੁਕਮ ਦਿੱਤੇ ਹਨ।

ਇਕ ਬਿਆਨ ● ਬਾਕੀ ਸਫ਼ਾ 2 'ਤੇ

## ਦੀਵਾਲੀ ਵਿਸ਼ੇਸ਼ ਸਪਲੀਮੈਂਟ



ਅਮਿਤ ਖੰਨਾ
ਜਗਰਾਓਂ
99140-20819



ਰੀਨਾ ਸ਼ਰਮਾ
ਲੋਹੀਆਂ ਖਾਸ
79861-27371



ਯੋਗੇਸ਼ਵਰ
ਲੋਹੀਆਂ ਖਾਸ
86990-08966



ਦਿਨੇਸ਼ ਕੁਮਾਰ
ਗੁਰਦਾਸਪੁਰ
94655-83861



ਮੱਖਣ ਮਨੋਜ
ਝਬਾਲ
88726-19500



ਰਾਜੀਵ ਗੋਇਲ
ਭਗਤਾ ਭਾਈਕਾ
92179-00426

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

## ਮੋਦੀ ਦਾ ਅੰਨ ਯੋਜਨਾ ਪੰਜ ਸਾਲ ਵਧਾਉਣ ਦਾ ਵਾਅਦਾ

**ਦੁਰਗ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਕਿਹਾ ਕਿ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੂੰ ਸੂਬੇ ਦੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਦੁਬਈ 'ਚ ਬੈਠੇ ਘਪਲੇ (ਮਹਾਦੇਵ ਸੱਟੇਬਾਜ਼ੀ ਐਪ) ਦੇ ਦੋਸ਼ੀਆਂ ਨਾਲ ਉਨ੍ਹਾ ਦੇ ਕੀ ਸੰਬੰਧ ਹਨ। ਦੁਰਗ ਜ਼ਿਲ੍ਹੇ 'ਚ ਚੋਣ ਰੈਲੀ 'ਚ ਉਨ੍ਹਾ ਦੇਸ਼ ਦੇ ਲੋਕਾਂ ਨਾਲ ਵਾਅਦਾ ਕੀਤਾ ਕਿ ਕੋਵਿਡ-19 ਦੌਰਾਨ 80 ਕਰੋੜ ਲੋਕਾਂ ਲਈ ਸ਼ੁਰੂ ਕੀਤੀ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਨੂੰ ਅਗਲੇ ਪੰਜ ਸਾਲਾਂ ਤੱਕ ਵਧਾਇਆ ਜਾਵੇਗਾ। ਸੂਬੇ ਦੀਆਂ 90 ਸੀਟਾਂ 'ਤੇ ਵਿਧਾਨ ਸਭਾ ਚੋਣਾਂ ਲਈ 7 ਅਤੇ 17 ਨਵੰਬਰ ਨੂੰ ਦੋ ਪੜਾਵਾਂ 'ਚ ਵੋਟਿੰਗ ਹੋਵੇਗੀ।

ਉਧਰ, ਕਾਂਗਰਸ ਨੇ ਬਘੇਲ ਖਿਲਾਫ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਦੋਸ਼ਾਂ ਨੂੰ ਛੱਤੀਸਗੜ੍ਹ ਦੇ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਸਰਕਾਰ ਦੇ ਅਕਸ ਨੂੰ ਖਰਾਬ ਕਰਨ ਦੀ 'ਸਾਜ਼ਿਸ਼' ਕਰਾਰ ਦਿੱਤਾ ਅਤੇ ਕਿਹਾ ਕਿ ਸੂਬੇ ਦੇ ਲੋਕ ਇਨ੍ਹਾਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਮੂੰਹ ਤੋੜਵਾਂ ਜਵਾਬ ਦੇਵੇਗੀ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਭਾਜਪਾ ਦੀ ਹਾਰ ਯਕੀਨੀ ਦੇਖਦਿਆਂ ਈ ਡੀ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਸ਼ੁਰੂ ਕਰ ਦਿੱਤੀ ਹੈ।

### ਮੋਦੀ ਖੁਦ ਨੂੰ ਓ ਬੀ ਸੀ ਕਿਉਂ ਦੱਸਦੇ : ਰਾਹੁਲ

**ਜਗਦਲਪੁਰ** : ਛੱਤੀਸਗੜ੍ਹ ਵਿਚ ਚੋਣ ਪ੍ਰਚਾਰ ਦੌਰਾਨ ਰਾਹੁਲ ਗਾਂਧੀ ਨੇ ਕਿਹਾ ਕਿ ਜਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗਰੀਬ ਨੂੰ ਹੀ ਦੇਸ਼ ਵਿਚ ਇੱਕੋ-ਇੱਕ ਜਾਤ ਸਮਝਦੇ ਹਨ ਤਾਂ ਖੁਦ ਨੂੰ ਓ ਬੀ ਸੀ ਕਿਉਂ ਦੱਸਦੇ ਹਨ। ਉਨ੍ਹਾ ਕਿਹਾ ਕਿ ਭਾਜਪਾ ਕਬਾਇਲੀਆਂ ਨੂੰ ਆਦਿਵਾਸੀ ਦੀ ਥਾਂ ਵਣਵਾਸੀ ਕਹਿ ਕੇ ਉਨ੍ਹਾਂ ਦੀ ਬੇਇੱਜ਼ਤੀ ਕਰ ਰਹੀ ਹੈ।

## ਗੁਰਦੁਆਰਿਆਂ ਨੂੰ ਨਾਸੂਰ ਦੱਸਣ ਵਾਲੇ ਨੇ ਭਾਜਪਾ ਨੂੰ ਫਸਾਇਆ

**ਜੈਪੁਰ** : ਰਾਜਸਥਾਨ ਦੇ ਅਲਵਰ ਜ਼ਿਲ੍ਹੇ ਦੇ ਤਿਜਾਰਾ ਅਸੰਬਲੀ ਹਲਕੇ ਵਿਚ ਭਾਜਪਾ ਆਗੂ ਸੰਦੀਪ ਦਾਇਮਾ ਦੇ ਬਿਆਨ ਨੇ ਭਾਜਪਾ ਨੂੰ ਮੁਸੀਬਤ ਵਿਚ ਪਾ ਦਿੱਤਾ ਹੈ। ਲੰਘੇ ਬੁੱਧਵਾਰ ਪਾਰਟੀ ਉਮੀਦਵਾਰ ਤੇ ਹਿੰਦੂ ਬਾਬੇ ਬਾਲਕ ਨਾਥ ਦੇ ਨਾਮਜ਼ਦਗੀ ਕਾਗਜ਼ ਦਾਖਲ ਕਰਨ ਤੋਂ ਬਾਅਦ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਦੀ ਮੌਜੂਦਗੀ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਸੰਦੀਪ ਦਾਇਮਾ ਨੇ ਕਿਹਾ-ਕਿਸ ਤਰਹ ਸੇ ਇਤਨੀ ਮਸਜਿਦੇਂ, ਕਿਸ ਤਰਹ ਸੇ ਗੁਰਦਵਾਰੇ ਯਹਾਂ ਪਰ ਬਨਾਕਰ ਛੋੜ ਦਿਏ! ਯੇ ਆਗੇ ਚਲਕਰ ਹਮਾਰੇ ਲਿਏ ਨਾਸੂਰ ਬਨ ਜਾਏਗਾ। ਇਸ ਲਿਏ ਹਮਾਰਾ ਸਬਕਾ ਧਰਮ ਭੀ ਬਨਤਾ ਹੈ ਕਿ ਇਸ ਨਾਸੂਰ ਕੋ ਯਹਾਂ ਸੇ ਉਖਾੜ ਫੈਂਕ ਦੇਂਗੇ, ਔਰ ਬਾਬਾ ਬਾਲਕ ਨਾਥ ਜੀ ਕੋ ਭਾਰੀ ਮਤੋਂ ਸੇ ਜਿਤਾਏਂਗੇ। ਭਾਜਪਾ ਇਸ ਹਲਕੇ ਵਿਚ ਹਿੰਦੂ-ਮੁਸਲਮ ਦੀ ਖੇਡ ਖੇਡ ਰਹੀ ਹੈ। ਆਪਣੇ ਆਗੂ ਦੇ ਸਿੱਖਾਂ ਬਾਰੇ ਬਿਆਨ ਤੋਂ ਪ੍ਰੇਸ਼ਾਨ ਹੋ ਕੇ ਬਾਬਾ ਬਾਲਕ ਨਾਥ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ-ਕਦੇ-ਕਦੇ ਅਣਜਾਣੇ ਵਿਚ ਪਾਪ ਹੋ ਜਾਂਦਾ ਹੈ। ਮੈਂ ਗੁਰੂ ਗੋਬਿੰਦ ਸਿੰਘ ਜੀ ਤੋਂ ਖਿਮਾ ਮੰਗਦਾ ਹਾਂ। ਮੈਂ ਸੰਦੀਪ ਦਾਇਮਾ ਨੂੰ ਕਹਾਂਗਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦਵਾਰ ਜਾਵੇ ਤੇ ਕੋਈ ਧਰਮ ਪੁੰਨ ਦਾ ਕੰਮ ਕਰੇ ਤਾਂ ਜੋ ਦੋਸ਼-ਮੁਕਤ ਹੋ ਸਕੇ। ਸਿੱਖਾਂ ਨੇ ਹਮੇਸ਼ਾ ਸਨਾਤਨ ਧਰਮ ਤੇ ਸੰਸਕ੍ਰਿਤੀ ਦੀ ਰਾਖੀ ਕੀਤੀ ਹੈ। ਆਸ ਕਰਦਾ ਹਾਂ ਕਿ ਜੇ ਕਿਸੇ ਨੇ ਕੋਈ ਗਲਤੀ ਕੀਤੀ ਹੈ ਤਾਂ ਉਸ ਨੂੰ ਬੱਚਾ ਜਾਣ ਕੇ ਮੁਆਫ ਕਰ ਦੇਣਗੇ। ਹਲਕੇ ਵਿਚ ਕਰੀਬ ਪੰਜ ਹਜ਼ਾਰ ਸਿੱਖ ਰਹਿੰਦੇ ਹਨ। ਦਾਇਮਾ ਦੀ ਤਕਰੀਰ ਵਾਇਰਲ ਹੋਣ ਤੋਂ ਬਾਅਦ ਉਨ੍ਹਾਂ ਦਾਇਮਾ ਦੇ ਪੁਤਲੇ ਸਾੜੇ ਤੇ ਬਾਬਾ ਬਾਲਕ ਨਾਥ ਅਤੇ ਯੋਗੀ ਆਦਿੱਤਿਆ ਨਾਥ ਖਿਲਾਫ ਨਾਅਰੇਬਾਜ਼ੀ ਕੀਤੀ। ਦਾਇਮਾ ਨੇ ਵੀਰਵਾਰ ਸਿੱਖਾਂ ਤੋਂ ਮੁਆਫੀ ਮੰਗਣ ਦੀ ਵੀਡੀਓ ਜਾਰੀ ਕੀਤੀ, ਪਰ ਉਸੇ ਸਮੇਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ, ਜਿਨ੍ਹਾਂ ਦੀ ਹਲਕੇ ਵਿਚ ਚੋਖੀ ਆਬਾਦੀ ਹੈ।

ਦਾਇਮਾ ਨੇ ਕਿਹਾ-ਮਸਜਿਦ-ਮਦਰੱਸੇ ਦੀ ਥਾਂ ਮੈਂ ਗਲਤੀ ਨਾਲ ਗੁਰਦਵਾਰਾ ਸਾਹਿਬ ਬਾਰੇ ਕੁਝ ਸ਼ਬਦ ਬੋਲ ਗਿਆ। ਮੈਂ ਹੱਥ ਜੋੜ ਕੇ ਸਿੱਖਾਂ ਤੋਂ ਮੁਆਫੀ ਮੰਗਦਾ ਹਾਂ, ਜਿਨ੍ਹਾਂ ਨੇ ਹਮੇਸ਼ਾ ਹਿੰਦੂਤਵ ਤੇ ਸਨਾਤਨ ਧਰਮ ਦੀ ਰਾਖੀ ਕੀਤੀ। ਮੈਨੂੰ ਪਤਾ ਨਹੀਂ, ਮੈਂ ਗਲਤੀ ਕਿਵੇਂ ਕਰ ਲਈ। ਮੈਂ ਗੁਰਦਵਾਰੇ ਜਾ ਕੇ ਪਸ਼ਚਾਤਾਪ ਕਰਾਂਗਾ। ਮੈਂ ਸਾਰੇ ਸਿੱਖ ਭਾਈਚਾਰੇ ਤੋਂ ਹੱਥ ਜੋੜ ਕੇ ਮੁਆਫੀ ਮੰਗਦਾ ਹਾਂ। ਸਤਿ ਸ੍ਰੀ ਅਕਾਲ।

ਸ਼ੁੱਕਰਵਾਰ ਦਾਇਮਾ ਨੇ ਗੁਰਦਵਾਰੇ ਵਿਚ ਪਸ਼ਚਾਤਾਪ ਕਰਨ ਦੀ ਵੀਡੀਓ ਪੋਸਟ ਕੀਤੀ।

ਤਿਜਾਰਾ ਹਲਕੇ ਦੇ ਰਿਟਰਨਿੰਗ ਅਫਸਰ ਅਨੂਪ ਸਿੰਘ ਨੇ ਦੱਸਿਆ ਕਿ ਦਾਇਮਾ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਦਾ ਨੋਟਿਸ ਕੱਢ ਦਿੱਤਾ ਗਿਆ ਹੈ। ਗੁੱਜਰ ਭਾਈਚਾਰੇ ਵਿੱਚੋਂ ਆਉਂਦਾ ਦਾਇਮਾ, ਜਿਹੜਾ ਭਿਵਾੜੀ ਨਗਰ ਕੌਂਸਲ ਦਾ ਚੇਅਰਮੈਨ ਰਹਿ ਚੁੱਕਾ ਹੈ, ਤਿਜਾਰਾ ਹਲਕੇ ਵਿਚ 2018 ਦੀਆਂ ਅਸੰਬਲੀ ਚੋਣਾਂ ਵਿਚ ਤੀਜੇ ਨੰਬਰ 'ਤੇ ਰਿਹਾ ਸੀ। ਜਿੱਤਣ ਵਾਲਾ ਬਸਪਾ ਉਮੀਦਵਾਰ ਸੰਦੀਪ ਯਾਦਵ ਬਾਅਦ ਵਿਚ ਕਾਂਗਰਸ ਵਿਚ ਸ਼ਾਮਲ ਹੋ ਗਿਆ ਸੀ।



ਗੁਰਦਆਰੇ ਵਿੱਚੋਂ ਪਸ਼ਚਾਤਾਪ ਕਰਕੇ ਆਉਂਦਾ ਭਾਜਪਾ ਆਗੂ ਸੰਦੀਪ ਦਾਇਮਾ।

ਦੋਸ਼ ਲਾਇਆ ਜਾ ਰਿਹਾ ਹੈ ਕਿ ਹਰਿਆਣਾ-ਰਾਜਸਥਾਨ ਦੀ ਹੱਦ 'ਤੇ ਪੈਂਦੀ ਮਿਓ ਪੱਟੀ 'ਚ ਆਉਂਦੇ ਤਿਜਾਰਾ ਹਲਕੇ ਵਿਚ ਭਾਜਪਾ ਫਿਰਕੂ ਧਰੁਵੀਕਰਨ ਕਰਕੇ ਜਿੱਤਣਾ ਚਾਹੁੰਦੀ ਹੈ। ਹਲਕੇ ਵਿਚ ਕਰੀਬ 70 ਹਜ਼ਾਰ ਮੁਸਲਮ ਹਨ। ਜਿਸ ਰੈਲੀ ਵਿਚ ਦਾਇਮਾ ਨੇ ਵਿਵਾਦ ਭਰੀ ਤਕਰੀਰ ਕੀਤੀ, ਉਸੇ ਰੈਲੀ ਵਿਚ ਯੋਗੀ ਆਦਿੱਤਿਆ ਨਾਥ ਨੇ ਕਾਂਗਰਸ ਨੂੰ ਤਾਲਿਬਾਨੀ ਮਾਨਸਿਕਤਾ ਵਾਲੀ ਤੇ ਕਾਂਗਰਸ ਸਰਕਾਰ ਨੂੰ ਹਿੰਦੂ ਵਿਰੋਧੀ ਦੱਸਿਆ। ਉਨ੍ਹਾ ਕਿਹਾ ਕਿ ਤਾਲਿਬਾਨ ਦਾ ਇਲਾਜ ਬਜਰੰਗ ਬਲੀ ਦੀ ਗਦਾ ਹੈ। ਤੁਸੀਂ ਦੇਖ ਸਕਦੇ ਹੋ ਕਿ ਇਜ਼ਰਾਈਲ ਕਿਵੇਂ ਗਾਜ਼ਾ ਵਿਚ ਤਾਲਿਬਾਨੀ ਮਾਨਸਿਕਤਾ ਨੂੰ ਕੁਚਲ ਰਿਹਾ ਹੈ।

ਕਾਂਗਰਸ ਨੇ ਹਲਕੇ ਵਿਚ ਇਮਰਾਨ ਖਾਨ ਨੂੰ ਉਮੀਦਵਾਰ ਬਣਾਇਆ ਹੈ, ਜਿਹੜਾ ਕੁਝ ਦਿਨ ਪਹਿਲਾਂ ਬਸਪਾ ਵਿੱਚੋਂ ਕਾਂਗਰਸ ਵਿਚ ਆਇਆ ਸੀ। ਕਾਂਗਰਸ ਸੂਤਰਾਂ ਮੁਤਾਬਕ ਖਾਨ ਦੀ ਚੰਗੀ ਭੱਲ ਹੈ। ਉਹ 2019 ਦੀਆਂ ਲੋਕ ਸਭਾ ਚੋਣਾਂ ਵਿਚ ਅਲਵਰ ਹਲਕੇ ਤੋਂ ਬਸਪਾ ਦੀ ਟਿਕਟ 'ਤੇ ਲੜਿਆ ਸੀ ਅਤੇ ਭਾਜਪਾ ਦੇ ਬਾਲਕ ਨਾਥ ਤੇ ਕਾਂਗਰਸ ਉਮੀਦਵਾਰ ਤੋਂ ਬਾਅਦ ਤੀਜੇ ਨੰਬਰ 'ਤੇ ਰਿਹਾ ਸੀ।

## ਅੱਜ-ਨਾਮਾ

ਲੀਹੋਂ ਲਹਿੰਦੀ ਕਿਰਸਾਨ ਦੀ ਲਹਿਰ ਜਾਪੇ,
ਮਰਜ਼ੀ ਦਾ ਦਾਗ ਰਹੇ ਸਭ ਬਿਆਨ ਬੇਲੀ।
ਲੀਡਰ ਰਹਿੰਦੇ ਆ ਮੀਟਿੰਗਾਂ ਕਰਨ ਰੁੱਝੇ,
ਵਰਕਰਾਂ ਵੱਲ ਨਹੀਂ ਦੇਣ ਧਿਆਨ ਬੇਲੀ।
ਕਿਸਾਨੀ ਸੰਗਠਨ ਵੀ ਬਣੇ ਈ ਬੜੇ ਸਾਰੇ,
ਕਈ ਤਾਂ ਲੀਡਰ ਨੇ ਬਣੇ ਸੁਲਤਾਨ ਬੇਲੀ।
ਮੰਨਦਾ ਕਿਸੇ ਦੀ ਕਹੀ ਨਹੀਂ ਗੱਲ ਕੋਈ,
ਹਰ ਕੋਈ ਹੋ ਗਿਆ ਲੱਗੇ ਪ੍ਰਧਾਨ ਬੇਲੀ।
ਨਹੀਂ ਅਨੁਸ਼ਾਸਨ ਨਾ ਬਾਤ ਬੰਧੇਜ ਬੱਧੀ,
ਕਦਮ ਮਰਜ਼ੀ ਦਾ ਰਹੇ ਸਭ ਚੁੱਕ ਬੇਲੀ।
ਸੰਭਾਲੀ ਫੌਜ ਨਹੀਂ ਛੇਤੀ ਜੇ ਲੀਡਰਾਂ ਨੇ,
ਬਣੀ ਲਹਿਰ ਉਹ ਛੱਡਣਗੇ ਟੁੱਕ ਬੇਲੀ।

-ਤੀਸ ਮਾਰ ਖਾਂ

## ਮੁਲਕ 'ਚ ਵੰਡੀਆਂ ਪਾਉਣ ਵਾਲੀ ਫਿਰਕੂ ਸਿਆਸਤ ਨੂੰ ਖਤਮ ਕਰਨਾ ਹੋਵੇਗਾ : ਗੋਰੀਆ

### ਖੇਤ ਮਜ਼ਦੂਰ ਮੁਲਕ ਨੂੰ ਭੋਜਨ ਮੁਹੱਈਆ ਕਰਵਾਉਂਦੈ : ਐੱਨ ਪੇਰੀਆਸਾਮੀ

**ਕਾਮਰੇਡ ਭੋਲਾ ਮਾਂਝੀ ਨਗਰ, ਕਾਮਰੇਡ ਜੀ ਮਲੇਸ ਹਾਲ (ਪਟਨਾ) (ਗਿਆਨ ਸੈਦਪੁਰੀ)**

ਇੱਥੇ ਚੱਲ ਰਹੀ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ 15ਵੀਂ ਨੈਸ਼ਨਲ ਕਾਨਫਰੰਸ ਜਿਵੇਂ-ਜਿਵੇਂ ਅੰਤਮ ਪੜਾਅ ਵੱਲ ਵਧ ਰਹੀ ਹੈ, ਉਵੇਂ-ਉਵੇਂ ਵਿਚਾਰ-ਵਟਾਂਦਰਾ ਸੰਜੀਦਾ ਰੁਖ ਅਖਤਿਆਰ ਕਰਦਾ ਜਾ ਰਿਹੈ। ਯੂਨੀਅਨ ਦੇ ਕੌਮੀ ਪ੍ਰਧਾਨ ਕਾਮਰੇਡ ਐੱਨ ਪੇਰੀਆਸਾਮੀ ਨੇ ਆਪਣੀ ਪ੍ਰਧਾਨਗੀ ਤਕਰੀਰ ਵਿੱਚ ਜਿੱਥੇ ਬਿਹਾਰ ਦੇ ਪਟਨਾ ਸ਼ਹਿਰ ਦੇ ਉਨ੍ਹਾਂ ਵੇਲਿਆਂ ਨੂੰ ਯਾਦ ਕੀਤਾ, ਜਦੋਂ ਇਹ ਸ਼ਹਿਰ ਪਾਟਲੀਪੁੱਤਰ ਹੁੰਦਾ ਸੀ ਤੇ ਮਹਾਨ ਅਸ਼ੋਕ ਨੇ ਮੋਰੀਆ ਰਾਜ ਵੰਸ਼ ਨੂੰ ਬਦਲ ਕੇ ਬੁੱਧਇਜ਼ਮ ਦੇ ਅਧਾਰ 'ਤੇ ਸ਼ਾਂਤੀ ਵਾਲਾ ਰਾਜ ਸਥਾਪਤ ਕੀਤਾ, ਉੱਥੇ ਬਿਹਾਰ ਵਿੱਚ ਚਲਦੀ ਰਹੀ ਗੁਲਾਮ ਪ੍ਰਥਾ ਵਰਗੀ ਬੁਰਾਈ ਦਾ ਵੀ ਜ਼ਿਕਰ ਕੀਤਾ। ਕਾਮਰੇਡ ਪੇਰੀਆਸਾਮੀ ਨੇ ਜਗਨ ਨਾਥ ਸਰਕਾਰ, ਸੁਨੀਲ ਮੁਖਰਜੀ, ਇੰਦਰਦੀਪ ਸਿਨਹਾ ਅਤੇ ਜੋਗਿੰਦਰ ਸ਼ਰਮਾ ਵਰਗੇ ਉਨ੍ਹਾਂ ਆਗੂਆਂ ਨੂੰ ਸਲਾਮ ਪੇਸ਼ ਕੀਤਾ, ਜਿਹੜੇ ਕਮਿਊਨਿਜ਼ਮ ਤੋਂ ਪ੍ਰਭਵਤ ਹੋ ਕੇ ਆਖਰੀ ਸਾਹਾਂ ਤੱਕ ਕਿਸਾਨਾਂ ਅਤੇ ਮਜ਼ਦੂਰਾਂ ਦੀ ਬਿਹਤਰੀ ਲਈ ਲੜਦੇ ਰਹੇ। ਉਨ੍ਹਾ ਮੌਜੂਦਾ ਦੌਰ ਦੌਰਾਨ ਖੇਤ ਮਜ਼ਦੂਰਾਂ ਦੇ ਸੰਦਰਭ ਵਿੱਚ ਗੱਲ ਕਰਦਿਆਂ ਕਿਹਾ ਕਿ ਇਹ ਵਰਗ ਮੁਲਕ ਲਈ ਧਨ ਪੈਦਾ ਕਰਦਾ ਹੈ ਤੇ ਭੋਜਨ ਮੁਹੱਈਆ ਕਰਦਾ ਹੈ। ਜਦੋਂ ਇਹ ਸਮਾਜਕ, ਸੱਭਿਆਚਾਰ ਤੇ ਆਰਥਕ ਬਿਹਤਰੀ ਦੀ ਮੰਗ ਕਰਦੇ ਹਨ ਤਾਂ ਨਜ਼ਰਅੰਦਾਜ਼ ਕਰ ਦਿੱਤੇ ਜਾਂਦੇ ਹਨ। 2014 ਤੋਂ ਹੁਣ ਤੱਕ ਦੇ ਤਜਰਬੇ ਨੇ ਦਰਸਾ ਦਿੱਤਾ ਹੈ ਕਿ ਭਾਰਤੀ ਜਨਤਾ ਪਾਰਟੀ ਇਸ ਤਬਕੇ ਲਈ ਸਭ ਤੋਂ ਵੱਧ ਖਤਰਨਾਕ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਭਾਜਪਾ ਨੂੰ ਸੱਤਾ ਤੋਂ ਪਾਸੇ ਕਰਨ ਲਈ ਅਹਿਮ ਭੂਮਿਕਾ ਨਿਭਾਏਗੀ।





ਕਾਮਰੇਡ ਗੋਰੀਆ ਤੇ ਕਾਮਰੇਡ ਪੇਰੀਆਸਾਮੀ ਸਾਬਕਾ ਮੰਤਰੀ ਸਿਆਮ ਰੱਜਕ ਨੂੰ ਸਨਮਾਨਤ ਕਰਦੇ ਹੋਏ, ਹਾਜ਼ਰ ਡੈਲੀਗੇਟ।

ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨੇ ਆਪਣੀ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ ਯੂਨੀਅਨ ਦੀ ਪੰਦਰਵੀਂ ਕੌਮੀ ਕਾਨਫਰੰਸ ਉਸ ਵੇਲੇ ਹੋ ਰਹੀ ਹੈ, ਜਦੋਂ ਰੂਸ ਅਤੇ ਯੂਕਰੇਨ ਵਿਚਕਾਰ ਜੰਗ ਚੱਲ ਰਹੀ ਹੈ। ਇਸ ਜੰਗ ਦਾ ਦੁਨੀਆ ਭਰ ਦੀ ਅਰਥ ਵਿਵਸਥਾ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ। ਦੁਨੀਆ ਦਾ ਬੇਸ਼ੱਕ ਨੁਕਸਾਨ ਹੋ ਰਿਹਾ ਹੈ, ਪਰ ਅਮਰੀਕਾ ਵਰਗੇ ਹਥਿਆਰ ਵੇਚਣ ਵਾਲੇ ਦੇਸ਼ਾਂ ਨੂੰ ਇਸ ਦਾ ਫਾਇਦਾ ਹੋ ਰਿਹਾ ਹੈ। ਇਸ ਲਈ ਉਹ ਜੰਗ ਨੂੰ ਹੋਰ ਲਮਕਾਉਣਾ ਚਾਹੁੰਦੇ ਹਨ। ਕਾਰਪੋਰੇਟ ਘਰਾਣੇ ਜੋ ਜੰਗੀ ਸਮਾਨ ਵੱਡੀ ਮਾਤਰਾ ਵਿੱਚ ਬਣਾਉਂਦੇ ਹਨ, ਉਹ ਯੁੱਧ ਜਾਰੀ ਰੱਖਣਾ ਚਾਹੁੰਦੇ ਹਨ, ਤਾਂ ਕਿ ਉਨ੍ਹਾਂ ਦੇ ਹਥਿਆਰ ਵਿਕਦੇ ਰਹਿਣ, ਇਹ ਜੰਗ ਦਾ ਫਲਸਫਾ ਹੈ।

ਕਾਮਰੇਡ ਗੋਰੀਆ ਨੇ ਕੋਰੋਨਾ ਕਾਲ ਵਿੱਚ ਖੇਤ ਮਜ਼ਦੂਰ ਦੀ ਹੋਈ ਦੁਰਦਸ਼ਾ ਦਾ ਵੀ ਜ਼ਿਕਰ ਕੀਤਾ। ਉਨ੍ਹਾ ਕਿਹਾ ਕਿ ਬੇਸ਼ੱਕ ਉਸ ਵਕਤ ਖੇਤੀ ਘੱਟ ਪ੍ਰਭਾਵਤ ਹੋਈ ਸੀ, ਪਰ ਖੇਤ ਮਜ਼ਦੂਰ ਪੂਰੀ ਤਰ੍ਹਾਂ ਖੇਤੀ 'ਤੇ ਨਿਰਭਰ ਨਹੀਂ ਹੁੰਦਾ, ਉਸ ਨੂੰ ਕੁਝ ਹੋਰ ਕੰਮ ਵੀ ਲੱਭਣੇ ਪੈਂਦੇ ਹਨ, ਜੋ ਉਸ ਮੌਕੇ ਨਹੀ ਮਿਲੇ। ਉਹਨਾ ਮਨੀਪੁਰ ਦੀਆਂ ਹੌਲਨਾਕ ਘਟਨਾਵਾਂ ਦੀ ਗੱਲ ਕਰਦਿਆਂ ਕਿਹਾ ਕਿ ਇੱਕ ਗੱਲ ਬਿਲਕੁਲ ਸਪੱਸ਼ਟ ਹੋ ਗਈ ਹੈ ਕਿ ਲੋਕਾਂ ਅੰਦਰ ਨਫਰਤ ਫੈਲਾ ਕੇ ਵੰਡਣ ਵਾਲੀ ਫਿਰਕੂ ਸਿਆਸਤ ਨੂੰ ਖਾਰਜ ਕਰਨਾ ਹੋਵੇਗਾ।

ਉਹਨਾ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਪਿਛਲੇ ਰਾਸ਼ਟਰੀ ਸੰਮੇਲਨ ਵਿੱਚ ਅਸੀਂ ਚਿੰਤਾ ਪ੍ਰਗਟ ਕੀਤੀ ਸੀ ਕਿ ਸੰਵਿਧਾਨ 'ਤੇ ਹਮਲਾ ● ਬਾਕੀ ਸਫ਼ਾ 2 'ਤੇ

## 'ਤੰਬਾਕੂ ਮੁਕਤ ਪ੍ਰਾਇਮਰੀ ਸਿਹਤ ਸੰਸਥਾਵਾਂ' ਤਹਿਤ ਜਾਗਰੂਕਤਾ ਸੈਮੀਨਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਵਲ ਸਰਜਨ ਬਠਿੰਡਾ ਡਾ. ਤੇਜਵੰਤ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਸੀਨੀਅਰ ਮੈਡੀਕਲ ਅਫਸਰ ਬਾਲਿਆਂਵਾਲੀ ਡਾ. ਗੁਰਮੇਲ ਸਿੰਘ ਦੀ ਯੋਗ ਅਗਵਾਈ ਹੇਠ ਸੀ ਐੱਚ ਸੀ ਬਾਲਿਆਂਵਾਲੀ ਵਿਖੇ 'ਤੰਬਾਕੂ ਮੁਕਤ ਪ੍ਰਾਇਮਰੀ ਸਿਹਤ ਸੰਸਥਾਵਾਂ' ਦੇ ਸਲੋਗਨ ਹੇਠ ਜਾਗਰੂਕਤਾ ਸੈਮੀਨਾਰ ਦੇ ਰੂਪ ਵਿੱਚ ਮਨਾਇਆ ਗਿਆ। ਇਸ ਦਿਵਸ ਸੰਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫਸਰ ਡਾ. ਗੁਰਮੇਲ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਪੰਜਾਬ ਰਾਜ ਨੂੰ ਤੰਬਾਕੂ ਮੁਕਤ ਕਰਨ ਲਈ ਪੂਰੇ ਪੰਜਾਬ ਵਿੱਚ ਹਰ ਸਾਲ ਪਹਿਲੀ ਨਵੰਬਰ ਨੂੰ ਤੰਬਾਕੂ ਵਿਰੋਧੀ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਡਾ. ਕਮਲਜੀਤ ਸਿੰਘ ਨੇ ਦੱਸਿਆ ਕਿ ਜਿਹੜੇ ਲੋਕ ਬੀੜੀ ਸਿਗਰਟ ਦਾ ਪ੍ਰਯੋਗ ਕਰਦੇ ਹਨ, ਉਨ੍ਹਾਂ ਲੋਕਾਂ ਦੇ ਫੇਫੜੇ, ਸਾਹ ਪ੍ਰਨਾਲੀ ਆਦਿ 'ਤੇ ਬੁਰਾ ਅਸਰ ਪੈਂਦਾ ਹੈ ਅਤੇ ਇਨ੍ਹਾਂ ਲੋਕਾਂ ਨੂੰ ਆਮ ਲੋਕਾਂ ਦੇ ਮੁਕਾਬਲੇ ਦਮਾ ਰੋਗ, ਟੀ ਬੀ ਆਦਿ ਹੋਣ ਦਾ ਖਤਰਾ ਵੱਧ ਹੁੰਦਾ ਹੈ। ਉਨ੍ਹਾ ਤੰਬਾਕੂ ਨਾ ਸੇਵਨ ਕਰਨ ਤੇ ਤੰਬਾਕੂ ਦੇ ਮਾੜੇ ਪ੍ਰਭਾਵਾ ਬਾਰੇ ਦੱਸਿਆ ਤੇ ਭਵਿੱਖ ਵਿੱਚ ਤੰਬਾਕੂ ਦਾ ਸੇਵਨ ਨਾ ਕਰਨ ਸਬੰਧੀ ਬੱਚਿਆਂ ਨੂੰ ਸਹੁੰ ਵੀ ਚੁਕਾਈ। ਇਸ ਤੋਂ ਇਲਾਵਾ ਡੈਂਟਲ ਸਰਜਨ ਡਾ. ਲਵਦੀਪ ਰੋਹੇਲ ਨੇ ਕਿਹਾ ਕਿ ਜਿਹੜੇ ਲੋਕ ਜਰਦਾ, ਗੁਟਕਾ, ਖੈਨੀ ਤੇ ਪਾਨ ਮਸਾਲਾ ਆਦਿ ਦੀ ਵਰਤੋਂ ਕਰਦੇ ਹਨ, ਉਨ੍ਹਾਂ ਲੋਕਾਂ ਨੂੰ ਜੀਭ ਦਾ ਕੈਂਸਰ, ਜੁਬਾੜੇ ਦਾ ਕੈਂਸਰ ਤੇ ਗਲੇ ਦਾ ਕੈਂਸਰ ਆਦਿ ਹੋਣ ਦਾ ਖਤਰਾ ਹੁੰਦਾ ਹੈ।

## ਜ਼ੋਨ ਪੱਧਰੀ ਖੇਡਾਂ 'ਚ ਹੇਮਕੁੰਟ ਸਕੂਲ ਦੇ ਵਿਦਿਆਰਥੀਆਂ ਮੈਡਲ ਜਿੱਤੇ



**ਕੋਟ ਈਸੇ ਖਾਂ (ਅਜੇ ਅਰੋੜਾ)**-26ਵੀਆਂ ਪੰਜਾਬ ਰਾਜ ਜ਼ੋਨ ਪੱਧਰੀ ਸਕੂਲ ਖੇਡਾਂ 2023-24 ਤਹਿਤ ਪ੍ਰਾਇਮਰੀ ਵਿੰਗ ਦੀਆਂ ਖੇਡਾਂ ਮੋਗੇ ਦੇ ਪਿੰਡ ਧੂੜਕੋਟ ਵਿਖੇ ਕਰਵਾਈਆਂ ਗਈਆਂ। ਇਸ ਵਿੱਚ ਹੇਮਕੁੰਟ ਸੀਨੀਅਰ ਸੈਕੰਡਰੀ ਸਕੂਲ ਕੋਟ ਈਸੇ ਖਾਂ (ਮੋਗਾ) ਦੇ ਜਮਾਤ ਚੌਥੀ ਦੇ ਵਿਦਿਆਰਥੀ ਹਰਪ੍ਰੀਤ ਸਿੰਘ ਨੇ ਕਰਾਟੇ ਵਿੱਚ ਆਪਣੇ ਜੌਹਰ ਵਿਖਾਉਂਦੇ ਹੋਏ ਗੋਲਡ ਮੈਡਲ ਪ੍ਰਾਪਤ ਕੀਤਾ ਤੇ ਜਮਾਤ ਤੀਜੀ ਦੇ ਵਿਦਿਆਰਥੀ ਪਰਨੀਤ ਕੌਰ, ਮਨਰੀਤ ਕੌਰ ਤੇ ਨਵਰਾਜ ਸਿੰਘ, ਜਮਾਤ ਚੌਥੀ ਦੇ ਵਿਦਿਆਰਥੀ ਜਪਦੀਪ ਸਿੰਘ, ਸ਼ੁਭਮੀਤ ਸਿੰਘ, ਤਨੀਕਾ ਅਤੇ ਜਮਾਤ ਪੰਜਵੀਂ ਦੇ ਵਿਦਿਆਰਥੀ ਐਸ਼ਵੀਨ ਕੌਰ ਤੇ ਪਰਨੀਤ ਕੌਰ ਨੇ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਤੇ ਸਿਲਵਰ ਮੈਡਲ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਇਸ ਮੌਕੇ ਪ੍ਰਿੰਸੀਪਲ ਸੋਨੀਆ ਸ਼ਰਮਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਦੱਸਿਆ ਕਿ ਹੇਮਕੁੰਟ ਸੀਨੀਅਰ ਸੈਕੰਡਰੀ ਸਕੂਲ (ਇੰਟਰਨੈਸ਼ਨਲ) ਵਿੱਚ ਵਿਦਿਆਰਥੀਆਂ ਨੂੰ ਨਾ ਸਿਰਫ ਅਕਾਦਮਿਕ ਖੇਤਰਾਂ ਵਿੱਚ ਬਿਹਤਰੀਨ ਸਿੱਖਿਆ ਦਿੱਤੀ ਜਾ ਰਹੀ ਹੈ, ਬਲਕਿ ਖੇਡਾਂ ਦੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਵੀ ਕੋਚ ਖੇਡ ਸੇਵਾਵਾਂ ਦੇ ਰਹੇ ਹਨ। ਇਸ ਮੌਕੇ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਤੇ ਮੈਨੇਜਿੰਗ ਡਾਇਰੈਕਟਰ ਰਣਜੀਤ ਕੌਰ ਸੰਧੂ ਨੇ ਵੀ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਆਪਣੇ ਜੀਵਨ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।

## ਡੀ ਏ ਵੀ ਸੈਂਟਨਰੀ ਪਬਲਿਕ ਸਕੂਲ 'ਚ ਮਨਾਇਆ ਬੈਗ ਲੈੱਸ ਡੇਅ



**ਜਗਰਾਓਂ (ਅਮਿਤ ਖੰਨਾ)**-ਡੀ. ਏ. ਵੀ. ਸੈਂਟਨਰੀ ਪਬਲਿਕ ਸਕੂਲ ਵਿਖੇ ਜਮਾਤ ਨਰਸਰੀ ਤੋਂ ਦੂਸਰੀ ਤੱਕ ਦੇ ਵਿਦਿਆਰਥੀਆਂ ਲਈ ਬੈਗ ਲੈੱਸ ਡੇਅ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਪ੍ਰਿੰਸੀਪਲ ਵੇਦ ਵਰਤ ਪਲਾਹ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦਿਨ ਦਾ ਆਗਾਜ਼ ਅਧਿਆਪਕਾਂ ਵੱਲੋਂ ਇੱਕ ਨਾਟਕ ਪੇਸ਼ ਕਰਕੇ ਕੀਤਾ ਗਿਆ, ਜਿਸ ਵਿੱਚ ਦਿਵਾਲੀ ਨੂੰ ਕਿਸ ਤਰ੍ਹਾਂ ਸੁਰੱਖਿਆ ਦਾ ਧਿਆਨ ਰੱਖ ਕੇ ਮਨਾਇਆ ਜਾ ਸਕਦਾ ਹੈ, ਬਿਆਨ ਕੀਤਾ ਗਿਆ। ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀਆਂ ਖੇਡਾਂ ਤੇ ਗਤੀਵਿਧੀਆਂ ਕਰਵਾਈਆਂ ਗਈਆਂ, ਜਿਵੇਂ ਹੂਲਾ ਹੂਪ, ਬਲੂਨ ਬਰਸਟ, ਹੌਪਸਕੌਚ, ਹਰਡਲ ਰੇਸ, ਸਮਾਈਲਜ਼ ਬਣਾਉਣਾ, ਪੇਪਰ ਬੋਟ ਬਣਾਉਣਾ, ਪੇਪਰ ਬੌਕਸ ਬਣਾਉਣਾ। ਇਨ੍ਹਾਂ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਸਮੂਹਕ ਰੂਪ 'ਚ ਗਤੀਵਿਧੀਆਂ ਕਰਨ ਦੀ ਕਲਾ ਤੋਂ ਜਾਣੂ ਕਰਵਾਇਆ ਗਿਆ। ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਵੀ ਇਸ ਆਯੋਜਨ ਸਬੰਧੀ ਭਰਵਾਂ ਹੁੰਗਾਰਾ ਮਿਲਿਆ। ਪ੍ਰਿੰਸੀਪਲ ਵੇਦ ਵਰਤ ਪਲਾਹ ਨੇ ਭਵਿੱਖ ਵਿੱਚ ਵੀ ਅਜਿਹੀਆਂ ਗਤੀਵਿਧੀਆਂ ਕਰਵਾਉਂਦੇ ਰਹਿਣ ਦੀ ਤਾਕੀਦ ਕੀਤੀ।

## ਨੂਰਪੁਰ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੰਦੀ ਛੋੜ ਦਿਵਸ ਨੂੰ ਸਮਰਪਤ ਨੇੜਲੇ ਪਿੰਡ ਨੂਰਪੁਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ 110 ਬੱਚਿਆਂ ਨੂੰ ਵਧੀਆ ਸਿੱਖਿਆ ਸਹੂਲਤਾਂ ਲਈ ਬਸਤੇ, ਕਾਪੀਆਂ, ਕਿਤਾਬਾਂ ਤੇ ਹੋਰ ਸਟੇਸ਼ਨਰੀ ਦਾ ਜ਼ਰੂਰੀ ਸਾਮਾਨ ਦਿੱਤਾ ਗਿਆ। ਗੋਲਕ ਤੋਂ ਗਰੀਬ ਤੱਕ ਐੱਨ.ਆਰ.ਆਈ. ਦੇ ਪ੍ਰਧਾਨ ਗੁਰਿੰਦਰ ਸਿੰਘ ਨੂਰਪੁਰ ਨੇ ਕਿਹਾ ਕਿ ਜੇਕਰ ਇਸ ਸਕੂਲ ਵਿੱਚ ਪੜ੍ਹਨ ਵਾਲਾ ਬੱਚਾ ਦਸਵੀਂ ਤੇ ਬਾਰਵੀਂ ਜਮਾਤ 'ਚੋਂ 95 ਪ੍ਰਤੀਸ਼ਤ ਤੋਂ ਵੱਧ ਨੰਬਰ ਲੈ ਕੇ ਪਾਸ ਹੋਵੇਗਾ, ਉਸ ਦੀ ਉਚੇਰੀ ਸਿੱਖਿਆ ਦਾ ਸਾਰਾ ਖਰਚਾ ਕਲੱਬ ਵੱਲੋਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਪਿੰਡ ਵਾਸੀ ਵੀ ਆਪਣੇ ਦਸਵੰਧ ਦੀ ਦਿਸ਼ਾ ਬਦਲ ਕੇ ਬੱਚਿਆਂ ਦੀ ਪੜ੍ਹਾਈ ਲਿਖਾਈ 'ਚ ਲਗਾਈ ਜਾਵੇ, ਕਿਉਂਕਿ ਵਿੱਦਿਆ ਦਾ ਦਾਨ ਸਭ ਤੋਂ ਵੱਡਾ ਦਾਨ ਹੈ। ਪ੍ਰਧਾਨ ਨੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਪਿੰਡ ਨੂਰਪੁਰ ਪੰਜਾਬ ਵੰਡ ਵੇਲੇ ਦਾ ਸਭ ਤੋਂ ਪੁਰਾਣਾ ਪਿੰਡ ਹੈ, ਜਿਸ ਨੂੰ ਦੇਖਦਿਆਂ ਇੱਥੋਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਅੱਪਗ੍ਰੇਡ ਕਰਕੇ 10ਵੀਂ ਤੱਕ ਕੀਤਾ ਜਾਵੇ।

## ਡੀ ਏ ਵੀ ਪਬਲਿਕ ਸਕੂਲ 'ਚ ਪੁਸਤਕ ਮੇਲਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਡੀ ਏ ਵੀ ਪਬਲਿਕ ਸਕੂਲ ਪਾਤੜਾਂ ਵਿੱਚ ਸਿੱਖਿਆ ਸਹਾਇਕ ਗਤੀਵਿਧੀਆਂ ਨੂੰ ਪ੍ਰਮੁੱਖ ਰੱਖਦੇ ਹੋਏ ਇੱਕ ਪੁਸਤਕ ਮੇਲੇ ਦਾ ਆਯੋਜਨ ਕਰਵਾਇਆ ਗਿਆ। ਸਕੂਲ ਪ੍ਰਿੰਸੀਪਲ ਮੀਨਾ ਥਾਪਰ ਨੇ ਦੱਸਿਆ ਕਿ ਪੁਸਤਕ ਮੇਲੇ ਲਈ ਗਾਇਤਰੀ ਪਰਿਵਾਰ ਪਟਿਆਲਾ ਦੀ ਪੂਰੀ ਟੀਮ ਨੇ ਵਿਸ਼ੇਸ਼ ਰੂਪ ਵਿੱਚ ਸ਼ਿਰਕਤ ਕੀਤੀ। ਇਸ ਪੁਸਤਕ ਮੇਲੇ ਦਾ ਆਰੰਭ ਪਵਿੱਤਰ ਜੋਤ ਪ੍ਰਚੰਡ ਉਪਰੰਤ ਕਰਵਾਇਆ ਗਿਆ। ਇਸ ਸਬੰਧੀ ਸਕੂਲ ਲਾਇਬ੍ਰੇਰੀਅਨ ਸੀਮਾ ਵਸ਼ਿਸ਼ਟ ਨੇ ਦੱਸਿਆ ਕਿ ਇਸ ਪੁਸਤਕ ਮੇਲੇ ਵਿੱਚ ਬਹੁਤ ਹੀ ਘੱਟ ਕੀਮਤਾਂ 'ਤੇ ਪੁਸਤਕਾਂ ਮੁਹੱਈਆ ਕਰਵਾਈਆਂ ਗਈਆਂ, ਜਿਨ੍ਹਾਂ 'ਚ ਵਿਦਿਆਰਥੀਆਂ ਦੇ ਪੜ੍ਹਨ ਕੌਸ਼ਲ ਵਿੱਚ ਨਿਪੁੰਨਤਾ ਪੈਦਾ ਕਰਨ ਲਈ, ਸਿਹਤ ਸਹੂਲਤਾਂ ਸਬੰਧੀ, ਸਮਾਜਿਕ ਤੇ ਨੈਤਿਕ ਗੁਣਾਂ ਨਾਲ ਭਰਪੂਰ ਪੁਸਤਕਾਂ ਉਪਲੱਬਧ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਇਸ ਪੁਸਤਕ ਮੇਲੇ 'ਚ ਛੋਟੇ ਬੱਚਿਆਂ ਲਈ ਕੌਮਿਕਸ ਪੁਸਤਕਾਂ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀਆਂ। ਪ੍ਰਿੰਸੀਪਲ ਮੀਨਾ ਥਾਪਰ ਨੇ ਵਿਦਿਆਰਥੀਆਂ ਨੂੰ ਪਾਠ-ਕ੍ਰਮ ਵਿੱਚ ਸ਼ਾਮਲ ਪੁਸਤਕਾਂ ਤੋਂ ਇਲਾਵਾ ਅਜਿਹੀਆਂ ਗਿਆਨ ਭਰਪੂਰ ਪੁਸਤਕਾਂ ਪੜ੍ਹਨ ਦੀ ਪ੍ਰੇਰਨਾ ਦਿੱਤੀ।

## 'ਭਾਰਤ ਕੋ ਜਾਨੋ' ਕੁਇੱਜ਼ ਮੁਕਾਬਲੇ 'ਚ ਬਾਬਾ ਫਰੀਦ ਸਕੂਲ ਦੇ ਵਿਦਿਆਰਥੀ ਅੱਵਲ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬੀਤੇ ਦਿਨੀਂ ਮਹਾਤਮਾ ਗਾਂਧੀ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ 'ਭਾਰਤ ਕੋ ਜਾਨੋ' ਕੁਇੱਜ਼ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਸੀਨੀਅਰ ਤੇ ਜੂਨੀਅਰ ਵਰਗ ਦੇ ਬਹੁਤ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਵਿੱਚ ਬਾਬਾ ਫਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਵੀ ਦੋਨਾਂ ਵਰਗ ਵਿੱਚ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਆਪਣੀ ਵਧੀਆ ਕਾਰਗੁਜ਼ਾਰੀ ਪੇਸ਼ ਕਰਦੇ ਹੋਏ ਜੂਨੀਅਰ ਵਰਗ ਨੇ ਪਹਿਲਾ ਤੇ ਸੀਨੀਅਰ ਵਰਗ ਨੇ ਦੂਸਰਾ ਸਥਾਨ ਹਾਸਲ ਕੀਤਾ। ਅਦਾਰੇ ਦੇ ਪ੍ਰਿੰਸੀਪਲ ਕੁਲਦੀਪ ਕੌਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮ ਜੂਨੀਅਰ ਵਰਗ ਅੱਗੇ ਸਟੇਟ ਪੱਧਰ 'ਤੇ ਹਿੱਸਾ ਲੈਣ ਜਾ ਰਹੀ ਹੈ। ਉਨ੍ਹਾ ਸਾਰੇ ਵਿਦਿਆਰਥੀਆਂ ਨੂੰ ਹੋਰ ਵੀ ਕਰੜੀ ਮਿਹਨਤ ਕਰਨ ਲਈ ਪ੍ਰੇਰਿਆ। ਅਦਾਰੇ ਦੇ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਨੇ ਵੀ ਇਨ੍ਹਾਂ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਅਤੇ ਭਵਿੱਖ 'ਚ ਹੋਰ ਉਚੇਰੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

# ਕਾਮਰੇਡ ਰਣਧੀਰ ਗਿੱਲ ਦੀ ਪਹਿਲੀ ਬਰਸੀ ਨੂੰ ਸਮਰਪਿਤ ਸੈਮੀਨਾਰ ਅੱਜ



ਕਾਮਰੇਡ ਰਣਧੀਰ ਸਿੰਘ ਗਿੱਲ ਦਾ ਜਨਮ 15 ਮਈ 1935 ਨੂੰ ਉਨ੍ਹਾ ਦੇ ਨਾਨਕੇ ਪਿੰਡ ਸਮਾਲਸਰ ਵਿਖੇ ਹੋਇਆ। ਤਕਰੀਬਨ 87 ਸਾਲ ਦੀ ਉਮਰ ਵਿੱਚ 1 ਨਵੰਬਰ 2022 ਨੂੰ ਉਹ ਆਪਣੇ ਪਰਵਾਰ ਅਤੇ ਵਿਚਾਰਧਾਰਕ ਸਾਥੀਆਂ ਨੂੰ ਵਿਛੋੜਾ ਦੇ ਗਏ ਸਨ। ਇਨਕਲਾਬੀ ਵਿਰਾਸਤ ਵਾਲੇ ਭਾਈਕਿਆਂ ਦੇ ਨਾਂਅ ਨਾਲੇ ਜਾਂਦੇ ਪ੍ਰਵਾਰ ਵਿੱਚ ਜਨਮੇ ਕਾਮਰੇਡ ਰਣਧੀਰ ਸਿੰਘ ਗਿੱਲ ਕਾਮਰੇਡ ਸ਼ੇਰ ਸਿੰਘ ਮਾਤਾ ਧੰਨ ਕੌਰ ਦਾ ਜੇਠਾ (ਪਹਿਲਾ ਬੱਚਾ) ਪੁੱਤਰ ਸੀ। ਧਾਰਮਕ ਰੰਗ ਵਿੱਚ ਰੰਗੇ ਪਿਛੋਕੜ ਵਾਲੇ ਪ੍ਰਵਾਰ ਦੀ ਅਗਲੀ ਪੀੜ੍ਹੀ ਦਾ ਵਾਰਸ ਕਾਮਰੇਡ ਸ਼ੇਰ ਸਿੰਘ ਇਤਿਹਾਸਕ ਪਦਾਰਥਵਾਦ ਦਾ ਧਾਰਨੀ ਅਤੇ ਕਮਿਊਨਿਸਟ ਵਿਚਾਰਧਾਰਾ ਵਿੱਚ ਰੰਗਿਆ ਹੋਇਆ ਵਿਆਕਤੀ ਸੀ। ਉਸ ਜ਼ਮਾਨੇ ਦੇ ਪੜ੍ਹਾਈ, ਲਿਖਾਈ ਦੇ ਸਰੋਤ ਪਿੰਡ ਦੇ ਡੇਰੇ ਤੋਂ ਗੁਰਮੁੱਖੀ ਦੀ ਮੁਹਾਰਤ ਹਾਸਲ ਕਾਮਰੇਡ ਸ਼ੇਰ ਸਿੰਘ ਗੁਰਮਤਿ ਤੇ ਗੁਰਬਾਣੀ ਦਾ ਗਿਆਨਵਾਨ ਸੀ। ਗੁਆਂਢੀ ਪਿੰਡ ਡਾਲਾ ਦੇ ਕਮਿਊਨਿਸਟ ਕਾਮਰੇਡ ਗੁਰਦਿਆਲ ਸਿੰਘ ਸਰਪੰਚ ਉਨ੍ਹਾ ਦੇ ਨੇੜਲੇ ਸਾਥੀ ਸਨ। ਕਾਮਰੇਡ ਗੁਰਦਿਆਲ ਸਿੰਘ ਰਾਹੀਂ ਹੀ ਉਨ੍ਹਾ ਦਾ ਮੇਲ ਕਾਮਰੇਡ ਤੇਜਾ ਸਿੰਘ ਸੁਤੰਤਰ ਨਾਲ ਹੋ ਗਿਆ, ਜਿਨ੍ਹਾ ਦੀ ਪ੍ਰੇਰਨਾ ਨਾਲ ਹੀ ਕਾਮਰੇਡ ਸ਼ੇਰ ਸਿੰਘ ਕਿਰਤੀ ਪਾਰਟੀ ਵਿੱਚ ਸ਼ਾਮਲ ਹੋਇਆ ਸੀ। ਇਲਾਕੇ ਕਮਿਊਨਿਸਟ ਆਗੂਆਂ ਜਥੇਦਾਰ ਚੰਨਣ ਸਿੰਘ ਬੁੱਟਰ, ਬਾਰਾ ਸਿੰਘ ਰਾਮਾ, ਅਮਰ ਸਿੰਘ ਮੱਲ੍ਹੀ, ਸੁਰੈਣ ਸਿੰਘ ਭਿੰਡਰ, ਸਾਹਿਬ ਸਿੰਘ ਰਾਊਕੇ, ਦੇਵਾ ਸਿੰਘ ਮਾਹਲਾ, ਕੇਹਰ ਸਿੰਘ ਮਾਹਲਾ, ਬਚਨ ਸਿੰਘ ਘੋਲੀਆ, ਸਰਬਣ ਸਿੰਘ ਚੜਿੱਕ, ਬਚਨ ਸਿੰਘ ਤਖਾਣਵੱਧ, ਗੁਰਦਿਆਲ ਸਿੰਘ ਡਾਲਾ ਆਦਿ ਕਾਮਰੇਡਾਂ ਦਾ ਇਨ੍ਹਾਂ ਦੇ ਘਰ ਆਉਣਾ-ਜਾਣਾ ਬਣਿਆ ਰਹਿੰਦਾ ਸੀ। ਆਏ ਮਹਿਮਾਨਾਂ ਨੂੰ ਲੰਗਰ, ਚਾਹ-ਪਾਣੀ ਆਦਿ ਛਕਾਉਣਾ ਘਰ 'ਚ ਬੱਚਿਆਂ ਕਾਮਰੇਡ ਰਣਧੀਰ ਸਿੰਘ ਗਿੱਲ ਹੁਰਾਂ ਦੀ ਜ਼ਿੰਮੇਵਾਰੀ ਹੁੰਦੀ। ਇਸੇ ਦੌਰਾਨ ਕਾਮਰੇਡਾਂ ਵਿੱਚ ਹੁੰਦੀਆਂ ਆਪਸੀ ਰਾਜਨੀਤਕ, ਵਿਚਾਰਧਾਰਕ ਬਹਿਸਾਂ ਨੂੰ ਸੁਣਨ ਦਾ ਮੌਕਾ ਮੇਲ ਵੀ ਬਣ ਜਾਂਦਾ। ਸ਼ਾਇਦ ਇਹੋ ਉਹ ਮੰਚ ਸੀ, ਜਿੱਥੋਂ ਕਾਮਰੇਡ ਰਣਧੀਰ ਸਿੰਘ ਗਿੱਲ ਨੂੰ ਕਮਿਊਨਿਸਟ ਵਿਚਾਰਧਾਰਾ ਦੀ ਚੇਟਕ ਲੱਗੀ। 1960 ਵਿੱਚ ਡੀ ਐੱਮ ਕਾਲਜ ਮੋਗਾ ਤੋਂ ਐੱਫ ਏ ਅਤੇ 1961 ਵਿੱਚ ਬੀ ਐੱਡ ਕਰਕੇ ਅਧਿਆਪਕ ਦੀ ਯੋਗਤਾ ਹਾਸਲ ਕੀਤੀ। ਘਰ 'ਚੋਂ ਮਿਲੀ ਸੰਘਰਸ਼ਾਂ ਦੀ ਸੂਝ ਪਹਿਲੀ ਵਾਰ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਕਾਰਕੁਨ ਵਜੋਂ ਕਾਲਜ ਪੜ੍ਹਦਿਆਂ ਵਰਤੀ, ਨਤੀਜਾ ਅਗਲੇ ਸਾਲ ਕਾਲਜ ਦੇ ਪ੍ਰਿੰਸੀਪਲ ਵੱਲੋਂ ਦਾਖਲੇ ਤੋਂ ਨਾਂਹ ਵਜੋਂ ਸਾਹਮਣੇ ਆਇਆ। ਭਾਵ ਸੰਘਰਸ਼ਾਂ ਭਰਪੂਰ ਜ਼ਿੰਦਗੀ ਦਾ ਬਿਗਲ ਵੱਜ ਚੁੱਕਿਆ ਸੀ। 17 ਮਈ 1961 ਨੂੰ ਅਧਿਆਪਕ ਵਜੋਂ ਭਰਤੀ ਹੋ ਗਏ। ਅਧਿਆਪਕ ਘੋਲਾਂ ਦੇ ਆਗੂ ਵਜੋਂ ਸੰਘਰਸ਼ਸ਼ੀਲ ਜ਼ਿੰਦਗੀ ਦੇ ਰਾਹ ਪੈ ਚੁੱਕੇ ਰਣਧੀਰ ਸਿੰਘ ਗਿੱਲ ਦਾ ਵਿਆਹ ਵੀ ਉਘੇ ਦੇਸ਼ ਭਗਤ ਬਾਬਾ ਉਜਾਗਰ ਸਿੰਘ ਬੁੱਧ ਸਿੰਘ ਦੀ ਅਧਿਆਪਕ ਬੇਟੀ ਹਰਪਾਲ ਕੌਰ ਨਾਲ ਹੋ ਗਿਆ। 1961 ਤੋਂ 1993 ਤੱਕ ਪਵਿੱਤਰਤਾ ਨਾਲ ਅਧਿਆਪਨ ਦਾ ਫਰਜ਼ ਅਦਾ ਕਰਨ ਅਤੇ ਮੁਲਾਜ਼ਮ ਘੋਲਾਂ ਤੇ ਜਿੱਤਾਂ ਦੀ ਸ਼ਾਨਦਾਰ ਅਗਵਾਈ ਦਾ ਦੂਜਾ ਨਾਂਅ ਹੈ ਰਣਧੀਰ ਸਿੰਘ ਗਿੱਲ। ਧਰਨੇ, ਮੁਜ਼ਾਹਰਿਆਂ, ਹੜਤਾਲਾਂ ਦਾ ਸਫਲ ਆਯੋਜਿਕ ਰਣਧੀਰ ਗਿੱਲ ਰਾਜਨੀਤਕ, ਸਮਾਜਕ (ਖੁਸ਼ੀ-ਗਮੀ) ਸੰਘਰਸ਼ਾਂ, ਮੋਰਚਿਆਂ ਦਾ ਸ਼ਾਨਦਾਰ ਵਕਤਾ, ਸਾਹਿਤਕ ਸਮਾਗਮਾਂ, ਮਿੱਤਰ ਮਹਿਫਲਾਂ ਦਾ ਹੀਰੋ, ਹਾਸਿਆਂ ਦੀ ਫੁਹਾਰਾਂ ਬਖੇਰਨ ਵਾਲਾ, ਖਤਰਨਾਕ ਤੋਂ ਖਤਰਨਾਕ ਹਾਲਾਤ ਦਾ ਨਿਡਰਤਾ ਤੇ ਸੂਝ-ਸਿਆਣਪ ਨਾਲ ਸਾਹਮਣਾ ਕਰਨ ਵਾਲਾ, ਆਪ ਪਿੱਛੇ ਰਹਿ ਕੇ ਨਵਿਆਂ ਨੂੰ ਅਗਵਾਈ ਸੌਂਪ ਕੇ ਨਾਲ ਡਟਣ ਵਾਲਾ, ਸਫਲ ਫੰਡ ਉਗਰਾਹਕ ਵਾਲਾ ਸ਼ਾਨਦਾਰ ਆਗੂ ਸੀ ਕਾਮਰੇਡ ਰਣਧੀਰ ਸਿੰਘ ਗਿੱਲ। ਗੌਰਮਿੰਟ ਟੀਚਰਜ਼ ਯੂਨੀਅਨ ਦੀਆਂ ਚੋਣਾਂ ਹੋਣ ਜਾਂ ਯੂਨੀਵਸਿਟੀ ਸੈਨੇਟ ਦੀਆਂ ਚੋਣਾਂ ਹੋਣ, ਹਰ ਵਾਰ ਵਿਰੋਧੀਆਂ ਨੂੰ ਹਰਾ ਦੇਣਾ ਉਨ੍ਹਾ ਦੇ ਸਫਲ ਆਗੂ ਹੋਣ 'ਤੇ ਮੋਹਰ ਲਾਉਂਦਾ ਹੈ। ਉਹ 1993 ਵਿੱਚ ਅਧਿਆਪਕ ਦੀ ਨੌਕਰੀ ਤੋਂ ਰਿਟਾਇਰਡ ਹੋਣ ਉਪਰੰਤ ਖੁੱਲ੍ਹੇ ਤੌਰ 'ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਪਲੇਟਫਾਰਮ ਰਾਜਨੀਤਕ ਮੈਦਾਨ ਵਿੱਚ ਕੁਦ ਪਏ। ਉਹ ਮੋਗਾ ਪਾਰਟੀ ਦੇ ਸਕੱਤਰ, ਸਟੇਟ ਐਗਜ਼ੈਕਟਿਵ ਦੇ ਮੈਂਬਰ ਆਦਿ ਵਜੋਂ ਸਾਲਾਂਬੱਧੀ ਜ਼ਿੰਮੇਵਾਰੀ ਨਿਭਾਉਂਦੇ ਰਹੇ। ਉਨ੍ਹਾ ਦੇ ਬੇਟੇ ਡਾ. ਇੰਦਰਵੀਰ ਗਿੱਲ ਰਿਟਾਇਰਡ ਐੱਸ ਐੱਮ ਓ, ਛੋਟੇ ਬੇਟੇ ਹਰਇੰਦਰਵੀਰ ਸਿੰਘ ਗਿੱਲ ਵੀ ਕਮਿਊਨਿਸਟ ਵਿਚਾਰਧਾਰਾ ਨੂੰ ਪਰਨਾਏ ਹੋਏ ਹਨ। ਉਨ੍ਹਾ ਦੇ ਭਰਾ ਕਰਮਵੀਰ ਸਿੰਘ ਬਦੇਸ਼ ਜਾਣ ਤੋਂ ਪਹਿਲਾਂ ਪਾਰਟੀ ਦੇ ਇਲਾਕਾ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦੇ ਰਹੇ। ਦੂਸਰੇ ਭਰਾ ਵੀਰ ਸਿੰਘ ਇਲਾਕਾ ਕਮੇਟੀ ਮੈਂਬਰ ਹਨ। ਬਦੇਸ਼ਾਂ ਵਿੱਚ ਬੈਠੇ ਉਨ੍ਹਾ ਦੇ ਭਰਾ, ਭਤੀਜੇ ਪਾਰਟੀ ਨੂੰ ਆਰਥਕ ਮਦਦ ਦੇਣ ਲਈ ਹਰ ਵਕਤ ਖਿੜੇ ਮੱਥੇ ਤਿਆਰ ਰਹਿੰਦੇ ਹਨ।

ਅੱਜ ਜ਼ਿਲ੍ਹਾ ਕੌਂਸਲ ਮੋਗਾ ਵੱਲੋਂ ਉਨ੍ਹਾ ਦੀ ਪਹਿਲੀ ਬਰਸੀ ਨੂੰ ਸਮਰਪਿਤ ਸਮਾਜਵਾਦੀ ਇਨਕਲਾਬ ਦੀ ਵਰ੍ਹੇਗੰਢ ਮੌਕੇ ਸੈਮੀਨਾਰ ਕੀਤਾ ਜਾ ਰਿਹਾ ਹੈ, ਜਿਸ ਨੂੰ ਸੰਬੋਧਨ ਕਰਨ ਲਈ ਕਮਿਊਨਿਸਟ ਆਗੂ ਕਾਮਰੇਡ ਜਗਰੂਪ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਮੁਖੀ ਸੁਖਦੇਵ ਸਿੰਘ ਸਿਰਸਾ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰ ਰਹੇ ਹਨ।

*—ਕੁਲਦੀਪ ਸਿੰਘ ਭੋਲਾ*

## ਭਾਈ ਮਸਤਾਨ ਸਿੰਘ ਸਕੂਲ ਦੇ ਵਿਦਿਆਰਥੀ ਨੇ ਚਮਕਾਇਆ ਮੁਕਤਸਰ ਦਾ ਨਾਂਅ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿਛਲੇ ਦਿਨੀਂ ਬੀਜਿੰਗ ਚੀਨ ਵਿਖੇ ਹੋਈ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਇਲਾਕੇ ਦੀ ਨਾਮਵਰ ਸੰਸਥਾ ਭਾਈ ਮਸਤਾਨ ਸਿੰਘ ਪਬਲਿਕ ਸਕੂਲ ਦੇ ਵਿਦਿਆਰਥੀ ਮਹਿਤਾਬ ਸਿੰਘ ਖੋਸਾ ਨੇ ਰੋਲਰ ਸਕੇਟਿੰਗ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਆਪਣੇ ਸਕੂਲ, ਜ਼ਿਲ੍ਹੇ ਤੇ ਭਾਰਤ ਦਾ ਨਾਮ ਦੁਨੀਆ ਭਰ ਵਿੱਚ ਚਮਕਾਇਆ। ਜੇਤੂ ਵਿਦਿਆਰਥੀ ਦਾ ਸਕੂਲ ਪੁੱਜਣ 'ਤੇ ਸਕੂਲ ਸੰਸਥਾਪਕ ਮਹੰਤ ਕਸ਼ਮੀਰ ਸਿੰਘ, ਪ੍ਰਿੰਸੀਪਲ ਮੁਨੀਸ਼ ਚੋਪੜਾ, ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੀਵ ਛਾਬੜਾ, ਸਕੂਲ ਮੈਨੇਜਮੈਂਟ, ਸਟਾਫ਼ ਤੇ ਵਿਦਿਆਰਥੀਆਂ ਨੇ ਢੋਲ ਢਮੱਕੇ ਤੇ ਫੁੱਲਾਂ ਦੀ ਵਰਖਾ ਕਰਕੇ ਜ਼ੋਰਦਾਰ ਸਵਾਗਤ ਕੀਤਾ। ਮਹੰਤ ਕਸ਼ਮੀਰ ਸਿੰਘ ਤੇ ਪ੍ਰਿੰਸੀਪਲ ਮੁਨੀਸ਼ ਚੋਪੜਾ ਨੇ ਵਿਦਿਆਰਥੀ ਮਹਿਤਾਬ ਸਿੰਘ ਦੇ ਪਿਤਾ ਸੁਰਿੰਦਰ ਸਿੰਘ ਖੋਸਾ ਤੇ ਮਾਤਾ ਮਨਜੀਤ ਕੌਰ ਨੂੰ ਇਸ ਵੱਡੀ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਉਸ ਨੂੰ ਭਵਿੱਖ ਵਿੱਚ ਹੋਰ ਵੱਡੀਆਂ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜੇਤੂ ਵਿਦਿਆਰਥੀ ਮਹਿਤਾਬ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਸੁਰਿੰਦਰ ਸਿੰਘ, ਜੋ ਖੁਦ ਹਾਕੀ ਦੇ ਵਧੀਆ ਖਿਡਾਰੀ ਰਹੇ ਹਨ, ਬਚਪਨ ਤੋਂ ਹੀ ਖੇਡਾਂ ਪ੍ਰਤੀ ਪ੍ਰੇਰਿਤ ਕਰਦੇ ਰਹੇ ਹਨ। ਮਹਿਤਾਬ ਸਿੰਘ ਨੇ ਕਿਹਾ ਕਿ ਸਕੂਲ ਦੇ ਪ੍ਰਿੰਸੀਪਲ ਤੇ ਕੋਚ ਸਾਹਿਬਾਨ ਨੇ ਹਮੇਸ਼ਾ ਉਸ ਨੂੰ ਇਸ ਖੇਡ ਵਿੱਚ ਕੋਈ ਮੁਕਾਮ ਹਾਸਲ ਕਰਨ ਲਈ ਲਗਾਤਾਰ ਉਤਸ਼ਾਹਤ ਕੀਤਾ ਹੈ ਅਤੇ ਕਰ ਰਹੇ ਹਨ।

## ਵਿਦੇਸ਼ਾਂ 'ਚ ਪੰਜਾਬੀ ਨੌਜਵਾਨਾਂ ਦਾ ਗੁੰਮ ਹੋਣਾ ਚਿੰਤਾ ਦਾ ਮਾਮਲਾ : ਸੇਖੋਂ

**ਬਠਿੰਡਾ (ਬਖਤੌਰ ਢਿੱਲੋਂ)**-ਬੇਰੁਜ਼ਗਾਰੀ ਤੇ ਆਰਥਿਕ ਮੰਦੀ ਦੇ ਡੰਝੇ ਪੰਜਾਬ ਦੇ ਨੌਜਵਾਨਾਂ ਦਾ ਵਿਦੇਸ਼ਾਂ ਵਿੱਚ ਪਹੁੰਚ ਕੇ ਕਮਾਈ ਕਰਨ ਜਾਂਦਿਆਂ ਗੁੰਮ ਹੋ ਜਾਣਾ, ਜਿੱਥੇ ਬਹੁਤ ਸੰਵੇਦਨਸ਼ੀਲ ਤੇ ਚਿੰਤਾ ਦਾ ਮਾਮਲਾ ਹੈ, ਉੱਥੇ ਗੈਰ-ਕਾਨੂੰਨੀ ਤੌਰ 'ਤੇ ਭੇਜਣ ਵਾਲੇ ਟਰੈਵਲ ਏਜੰਟਾਂ ਤੇ ਕੰਪਨੀਆਂ ਦਾ ਵੀ ਪਰਦਾਫਾਸ਼ ਕਰਦਾ ਹੈ। ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਅਤੀ ਗੰਭੀਰ ਮਾਮਲੇ ਵੱਲ ਉਚੇਚਾ ਧਿਆਨ ਦੇ ਕੇ ਨੌਜਵਾਨੀ ਨੂੰ ਖੂਹ ਖਾਤੇ ਵਿੱਚ ਸੁੱਟਣ ਤੋਂ ਬਚਾਇਆ ਜਾਣਾ ਚਾਹੀਦਾ ਹੈ। ਕਾ: ਸੇਖੋਂ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦਾ ਵਿਦੇਸ਼ੀ ਧਰਤੀ ਵੱਲ ਮੂੰਹ ਕਰਨਾ ਉਨ੍ਹਾਂ ਦੀ ਮਜਬੂਰੀ ਹੈ, ਆਰਥਿਕ ਹਾਲਤ ਤੇ ਬੇਰੁਜ਼ਗਾਰੀ ਉਨ੍ਹਾਂ ਨੂੰ ਆਪਣੀ ਧਰਤੀ ਛੱਡਣ ਲਈ ਅਜਿਹੇ ਹਾਲਾਤ ਪੈਦਾ ਕਰਦੀ ਹੈ। ਟਰੈਵਲ ਏਜੰਟ ਤੇ ਕੰਪਨੀਆਂ ਉਨ੍ਹਾਂ ਦੀ ਇਸ ਮਜਬੂਰੀ ਦਾ ਲਾਹਾ ਲੈਂਦਿਆਂ ਉਨ੍ਹਾਂ ਦੇ ਪਰਿਵਾਰਾਂ ਨਾਲ ਠੱਗੀਆਂ ਮਾਰ ਕੇ ਵਿਦੇਸ਼ਾਂ ਵਿੱਚ ਭੇਜਣ ਦੇ ਨਾਂਅ ਹੇਠ ਮੋਟੀ ਕਮਾਈ ਕਰਦੇ ਹਨ ਤੇ ਫੇਰ ਗੈਰਕਾਨੂੰਨੀ ਤੌਰ 'ਤੇ ਦੇਸ਼ ਤੋਂ ਬਾਹਰ ਧੱਕ ਦਿੰਦੇ ਹਨ। ਕਾ: ਸੇਖੋਂ ਨੇ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਵਿੱਚੋਂ ਵਿਦੇਸ਼ਾਂ ਵਿੱਚ ਜਾ ਕੇ ਗੁੰਮ ਹੋਏ ਨੌਜਵਾਨ ਮੁੰਡਿਆਂ-ਕੁੜੀਆਂ ਬਾਰੇ ਡੂੰਘਾਈ ਨਾਲ ਪੜਤਾਲ ਕਰਵਾਈ ਜਾਵੇ, ਵਿਦੇਸ਼ਾਂ ਵਿੱਚ ਗੁੰਮਸ਼ੁਦਗੀ ਦਾ ਜੀਵਨ ਬਤੀਤ ਕਰਨ ਵਾਲਿਆਂ ਨੂੰ ਵਾਪਸ ਲਿਆਉਣ ਲਈ ਯਤਨ ਅਰੰਭੇ ਜਾਣ ਤੇ ਅਜਿਹੇ ਹਾਲਾਤ ਬਣਾਉਣ ਵਾਲੇ ਏਜੰਟਾਂ ਤੇ ਕੰਪਨੀਆਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਜੱਗ ਜ਼ਾਹਰ ਕੀਤਾ ਜਾਵੇ ਤੇ ਉਨ੍ਹਾਂ ਦੇ ਲਾਇਸੰਸ ਰੱਦ ਕੀਤੇ ਜਾਣ।

# ਵਿਦਿਆਰਥਣਾਂ ਨੂੰ ਤੰਗ-ਪ੍ਰੇਸ਼ਾਨ ਕਰਦੇ ਲੜਕਿਆਂ ਦਾ ਲੋਕਾਂ ਵੱਲੋਂ ਕੁਟਾਪਾ

**■ ਇੱਕ ਨੂੰ ਕੀਤਾ ਪੁਲਸ ਹਵਾਲੇ, 2 ਫ਼ਰਾਰ**



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਮੇਨ ਬਜ਼ਾਰ ਅੱਜ ਉਸ ਸਮੇਂ ਭਾਰੀ ਹੰਗਾਮਾ ਹੋ ਗਿਆ, ਜਦੋਂ ਸਕੂਲੀ ਵਿਦਿਆਰਥਣਾਂ ਨੂੰ ਤੰਗ ਪ੍ਰੇਸ਼ਾਨ ਕਰਦੇ ਮਨਚਲੇ ਲੜਕਿਆਂ ਦਾ ਲੋਕਾਂ ਵੱਲੋਂ ਫੜ ਕੇ ਕੁਟਾਪਾ ਚਾੜ੍ਹਿਆ ਗਿਆ, ਜਿਨ੍ਹਾਂ 1 ਨੂੰ ਕਾਬੂ ਕਰਕੇ ਪੁਲਸ ਹਵਾਲੇ ਕਰ ਦਿੱਤਾ ਗਿਆ, ਜਦਕਿ 2 ਫ਼ਰਾਰ ਹੋ ਗਏ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਇੱਥੋਂ ਦੇ ਇੱਕ ਸਕੂਲ ਵਿਚ ਪੜ੍ਹਦੀਆਂ ਵਿਦਿਆਰਥਣਾਂ ਰੋਜ਼ਾਨਾਂ ਦੀ ਤਰ੍ਹਾਂ ਛੁੱਟੀ ਉਪਰੰਤ ਘਰ ਵਾਪਸ ਜਾਂਦੀਆਂ ਸਨ ਤਾਂ 3 ਮਨਚਲੇ ਲੜਕੇ ਉਨ੍ਹਾਂ ਦਾ ਪਿੱਛਾ ਕਰ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਦੇ ਸਨ। ਇਨ੍ਹਾਂ ਵਿਦਿਆਰਥਣਾਂ ਨੇ ਅੱਕ ਕੇ ਸਾਰੀ ਘਟਨਾ ਬਾਰੇ ਮਾਪਿਆਂ ਨੂੰ ਜਾਣਕਾਰੀ ਦਿੱਤੀ। ਅੱਜ ਜਦੋਂ ਛੁੱਟੀ ਉਪਰੰਤ ਮਾਪੇ ਸਕੂਲ ਪਹੁੰਚ ਗਏ ਤਾਂ ਇਹ ਵਿਦਿਆਰਥਣਾਂ ਘਰ ਵਾਪਸੀ ਲਈ ਤੁਰ ਪਈਆਂ। ਇਹ ਮਨਚਲੇ ਲੜਕੇ ਵੀ ਇੱਕ ਮੋਟਰਸਾਈਲ 'ਤੇ ਸਵਾਰ ਹੋ ਕੇ ਇਨ੍ਹਾਂ ਵਿਦਿਆਰਥਣਾਂ ਦਾ ਪਿੱਛਾ ਕਰਨ ਲੱਗ ਪਏ ਤੇ ਮੇਨ ਬਜ਼ਾਰ ਵਿਖੇ ਜਾ ਕੇ ਮਾਪਿਆਂ ਨੇ ਇਨ੍ਹਾਂ ਨੂੰ ਕਾਬੂ ਕਰ ਲਿਆ। ਭਰੇ ਬਜ਼ਾਰ ਵਿੱਚ ਇਨ੍ਹਾਂ ਮਨਚਲੇ ਲੜਕਿਆਂ ਦਾ ਕੁਟਾਪਾ ਚਾੜ੍ਹਨਾ ਸ਼ੁਰੂ ਹੋਇਆ ਤਾਂ ਇਨ੍ਹਾਂ 'ਚੋਂ 2 ਮੌਕੇ ਤੋਂ ਫ਼ਰਾਰ ਹੋ ਗਏ, ਜਦਕਿ 1 ਕਾਬੂ ਕਰ ਲਿਆ ਗਿਆ। ਬਜ਼ਾਰ ਵਿਚ ਭਾਰੀ ਇਕੱਠ ਹੋ ਗਿਆ ਤੇ ਵਿਦਿਆਰਥਣਾਂ ਨੇ ਦੱਸਿਆ ਕਿ ਇਹ ਲੜਕੇ ਉਨ੍ਹਾਂ ਨੂੰ ਬਹੁਤ ਤੰਗ ਪ੍ਰੇਸ਼ਾਨ ਕਰਦੇ ਸਨ ਅਤੇ ਮੋਬਾਇਲ ਨੰਬਰ ਦੀ ਮੰਗ ਵੀ ਕਰਦੇ ਸਨ। ਛੇੜਛਾੜ ਤੋਂ ਤੰਗ ਲੜਕੀਆਂ ਨੇ ਇਸ ਮਨਚਲੇ ਲੜਕੇ ਦਾ ਚੰਗਾ ਕੁਟਾਪਾ ਚਾੜ੍ਹਿਆ। ਸੂਚਨਾ ਮਿਲਦੇ ਹੀ ਪੁਲਸ ਵੀ ਮੌਕੇ 'ਤੇ ਪਹੁੰਚ ਗਈ, ਜਿਨ੍ਹਾਂ ਨੇ ਲੋਕਾਂ ਦੀ ਭੀੜ ਵੱਲੋਂ ਕਾਬੂ ਕੀਤੇ ਇੱਕ ਲੜਕੇ ਨੂੰ ਕਾਬੂ ਕਰ ਥਾਣੇ ਲਿਆਂਦਾ ਤੇ ਇਨ੍ਹਾਂ ਦਾ ਮੋਟਰਸਾਈਕਲ ਵੀ ਆਪਣੇ ਕਬਜ਼ੇ 'ਚ ਲੈ ਲਿਆ। ਸਹਾਇਕ ਥਾਣੇਦਾਰ ਮਦਨ ਲਾਲ ਨੇ ਦੱਸਿਆ ਕਿ ਲੜਕੀਆਂ ਦੀ ਸ਼ਿਕਾਇਤ ਦੇ ਅਧਾਰ 'ਤੇ ਜੋ ਵੀ ਕਾਨੂੰਨੀ ਕਾਰਵਾਈ ਹੋਵੇਗੀ ਉਹ ਕੀਤੀ ਜਾਵੇਗੀ।

## ਪ੍ਰਵੀਨ ਮੱਕੜ 'ਆਪ' ਦੇ ਬਲਾਕ ਪ੍ਰਧਾਨ ਨਿਯੁਕਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਲਕਾ ਸਮਰਾਲਾ ਵਿੱਚ ਆਮ ਆਦਮੀ ਪਾਰਟੀ ਵੱਲੋਂ 5 ਹੋਰ ਆਗੂਆਂ ਨੂੰ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਮਾਛੀਵਾੜਾ ਤੋਂ ਪਾਰਟੀ ਦੇ ਸੀਨੀਅਰ ਆਗੂ ਪ੍ਰਵੀਨ ਮੱਕੜ ਨੂੰ ਇਹ ਅਹੁਦਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਗੁਰਮੁੱਖ ਸਿੰਘ, ਹਰਵਿੰਦਰ ਸਿੰਘ, ਜਗਤਾਰ ਸਿੰਘ, ਸਰੋਜ ਬੈਂਸ ਵੀ ਬਲਾਕ ਪ੍ਰਧਾਨ ਨਿਯੁਕਤ ਕੀਤੇ ਗਏ ਹਨ। ਪ੍ਰਵੀਨ ਮੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਤੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਨਿਰਦੇਸ਼ਾਂ ਤਹਿਤ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਗੇ।

## ਸ਼ੋਕ ਸਮਾਚਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਵ. ਦਵਿੰਦਰ ਸਿੰਘ ਰਾਜੂ ਨਮਿਤ ਭੋਗ ਤੇ ਅੰਤਿਮ ਅਰਦਾਸ 5 ਨਵੰਬਰ ਦਿਨ ਐਤਵਾਰ ਨੂੰ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ।

## ਤੀਸਰੇ ਸ੍ਰੀ ਸ਼ਿਆਮ ਵੰਦਨਾ ਉਤਸਵ ਸੰਬੰਧੀ ਯਾਤਰਾ 23 ਨੂੰ : ਸੈਂਟੀ

**ਨਾਭਾ (ਵਰਿੰਦਰ ਵਰਮਾ)**-ਖਾਟੂ ਸ੍ਰੀ ਸ਼ਿਆਮ ਬਾਬਾ ਜੀ ਦੇ ਜਨਮ ਦਿਹਾੜੇ ਦੇ ਸ਼ੁਭ ਅਵਸਰ 'ਤੇ 26 ਨਵੰਬਰ ਨੂੰ ਹੋਣ ਵਾਲੇ ਤੀਸਰੇ ਸ੍ਰੀ ਸ਼ਿਆਮ ਵੰਦਨਾ ਮਹੋਤਸਵ ਦੇ ਸਬੰਧ 'ਚ ਨਾਭਾ ਸ਼ਹਿਰ ਵਿੱਚ ਇੱਕ ਵਿਸ਼ਾਲ ਨਿਸ਼ਾਨ ਯਾਤਰਾ ਕੱਢੀ ਜਾ ਰਹੀ ਹੈ। ਇਸ ਦੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੁੱਖ ਅਹੁਦੇਦਾਰ ਸੁਮਿਤ ਗੋਇਲ ਸੈਂਟੀ ਨੇ ਦੱਸਿਆ ਕਿ ਇਹ ਵਿਸ਼ਾਲ ਨਿਸ਼ਾਨ ਯਾਤਰਾ 23 ਨਵੰਬਰ ਨੂੰ ਬਾਅਦ ਦੁਪਹਿਰ 3 ਵਜੇ ਬਾਬਾ ਸ਼ਿਆਮ ਜੀ ਦੇ ਮਹਾਨ ਅਸਥਾਨ ਤੋਂ ਇਹ ਵਿਸ਼ਾਲ ਨਿਸ਼ਾਨ ਯਾਤਰਾ ਸ੍ਰੀ ਸ਼ਿਵ ਮੰਦਰ ਡੇਰਾ ਮੋਤੀਪੁਰਾ ਤੋਂ ਸ਼ੁਰੂ ਹੋ ਕੇ ਰਥਾਂ, ਢੋਲ ਤੇ ਬੈਂਡਾਂ ਦੇ ਨਾਲ ਮੁੱਖ ਬਾਜ਼ਾਰਾਂ ਵਿੱਚੋਂ ਦੀ ਹੁੰਦੇ ਹੋਇਆਂ ਸ੍ਰੀ ਨੈਣਾ ਦੇਵੀ ਮੰਦਰ, ਕੋਰਟ ਰੋਡ ਵਿਖੇ ਸਮਾਪਤ ਹੋਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਨੈਣਾ ਦੇਵੀ ਮੰਦਰ ਤੋਂ ਪਹਿਲਾਂ ਪਟਿਆਲਾ ਗੇਟ ਨਾਭਾ ਵਿਖੇ ਬੱਸ ਸਟੈਂਡ ਦੇ ਸ਼ੈੱਡ ਵਿੱਚ ਬਾਬਾ ਸ਼ਿਆਮ ਜੀ ਦਾ ਕੀਰਤਨ ਤੇ ਆਰਤੀ ਹੋਵੇਗੀ। ਉਨ੍ਹਾਂ ਕਿਹਾ ਕਿ ਅਰੁਣਾਏ ਮੰਦਰ ਜੀ ਦੇ ਮਹਾਰਾਜ ਸ੍ਰੀ ਵਿਸ਼ਵਨਾਥ ਗਿਰੀ ਜੀ ਤੇ ਹੋਰ ਸੰਤ ਸਮਾਜ ਤੋਂ ਵਿਦਵਾਨ ਪਹੁੰਚ ਰਹੇ ਹਨ। ਇਸ ਤੋਂ ਬਾਅਦ ਨਿਸ਼ਾਨ ਯਾਤਰਾ 'ਚ ਭਾਗ ਲੈਣ ਵਾਲੇ ਸਮੂਹ ਸ਼ਿਆਮ ਪ੍ਰੇਮੀਆਂ ਲਈ ਸ੍ਰੀ ਨੈਣਾ ਦੇਵੀ ਮੰਦਿਰ ਕਮੇਟੀ ਵੱਲੋਂ ਭੰਡਾਰੇ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜਾ ਵੀ ਸ਼ਿਆਮ ਪ੍ਰੇਮੀ ਨਿਸ਼ਾਨ ਯਾਤਰਾ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ, ਉਹ ਸ਼ਿਆਮ ਦੇ ਕਿਸੇ ਵੀ ਮੈਂਬਰ ਤੋਂ ਨਿਸ਼ਾਨ ਯਾਤਰਾ ਦੀ ਪਰਚੀ ਲੈ ਸਕਦਾ ਹੈ, ਜੋ ਕਿ ਬਿਲਕੁਲ ਮੁਫਤ ਹੈ। ਉਨ੍ਹਾਂ ਸਮੂਹ ਸ਼ਿਆਮ ਪ੍ਰੇਮੀਆਂ ਨੂੰ ਨਿਸ਼ਾਨ ਯਾਤਰਾ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਤੇ ਉਸ ਦਿਨ ਪੀਲੇ ਕੱਪੜੇ ਪਾਉਣ ਲਈ ਬੇਨਤੀ ਕੀਤੀ। ਇਸ ਮੌਕੇ ਸੁਮਿਤ ਗੋਇਲ ਸੈਂਟੀ, ਵਿਕਾਸ ਮਿੱਤਲ, ਗੌਰਵ ਜਿੰਦਲ, ਸੌਰਵ ਜਿੰਦਲ, ਮਯੰਕ ਗੁਪਤਾ, ਤਰੁਣ ਗੁਪਤਾ, ਰੋਹਿਨ ਬਾਂਸਲ, ਕਮਲ ਗੋਇਲ, ਅਸ਼ਵਨੀ ਸਚਦੇਵਾ, ਸੁਨੀਲ ਮਲੇਰੀ, ਰੋਬਿਨ ਅਰੋੜਾ, ਮਯੰਕ ਜਿੰਦਲ, ਅਮਿਤ ਮੰਗਲਾ, ਮੋਹਿਤ ਜਿੰਦਲ ਆਦਿ ਮੈਂਬਰ ਹਾਜ਼ਰ ਸਨ।



## ...ਸ.ਫ਼ਾ 1 ਦੇ ਬਾਕੀ

### ਮੁਲਕ 'ਚ ਵੰਡੀਆਂ ਪਾਉਣ...



ਤੇਜ਼ ਹੋ ਸਕਦਾ ਹੈ। ਹੁਣ ਦੀਆਂ ਪ੍ਰਸਥਿਤੀਆਂ ਨੇ ਇਹ ਗੱਲ ਸਿੱਧ ਕਰ ਦਿੱਤੀ ਹੈ ਕਿ ਸਾਡੀ ਚਿੰਤਾ ਨਿਰਮੂਲ ਨਹੀਂ ਸੀ।

ਕਾਮਰੇਡ ਗੋਰੀਆ ਨੇ ਪੰਜਾਬ ਤੋਂ ਲੈ ਕੇ ਪੁਡੀਚੇਰੀ ਤੱਕ ਦੇ ਅਨੇਕਾਂ ਰਾਜਾਂ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀਆਂ ਸਰਗਰਮੀਆਂ ਨੂੰ ਆਪਣੀ ਰਿਪੋਰਟ ਦਾ ਹਿੱਸਾ ਬਣਾਇਆ। ਇਸੇ ਦੌਰਾਨ ਰਿਪੋਰਟ 'ਤੇ ਬਹਿਸ ਸ਼ੁਰੂ ਹੋ ਗਈ। ਬਹਿਸ ਦੇ ਚਲਦਿਆਂ ਹੀ ਵੱਖ-ਵੱਖ ਸਿਆਸੀ ਪਾਰਟੀਆਂ ਤੇ ਜਥੇਬੰਦੀਆਂ ਦੇ ਆਗੂਆਂ ਵੱਲੋਂ ਯੂਨੀਅਨ ਨੂੰ ਸੰਗਰਾਮੀ ਵਧਾਈਆਂ ਦੇਣ ਦਾ ਸਿਲਸਿਲਾ ਚਲਦਾ ਰਿਹਾ। ਇਸੇ ਸਿਲਸਿਲੇ ਤਹਿਤ ਰਾਸ਼ਟਰੀ ਜਨਤਾ ਦਲ ਦੇ ਰਾਸ਼ਟਰੀ ਸਕੱਤਰ ਭੋਲਾ ਯਾਦਵ ਨੇ ਆਪਣੇ ਆਗੂ ਲਾਲੂ ਪ੍ਰਸਾਦ ਯਾਦਵ ਅਤੇ ਸੂਬੇ ਦੇ ਉੱਪ ਮੁੱਖ ਮੰਤਰੀ ਤੇਜਸਵੀ ਯਾਦਵ ਵੱਲੋਂ ਯੂਨੀਅਨ ਲਈ ਭੇਜੀਆਂ ਸ਼ੁਭਕਾਮਨਾਵਾਂ ਅਤੇ ਵਧਾਈਆਂ ਸਾਂਝੀਆਂ ਕੀਤੀਆਂ। ਉਨ੍ਹਾ ਸਰਕਾਰਾਂ ਵੱਲੋਂ ਮਜ਼ਦੂਰ ਵਰਗ ਨੂੰ ਮੁਫਤ ਅਨਾਜ ਦਿੱਤੇ ਜਾਣ ਦੀ ਅਲੋਚਨਾ ਕਰਦਿਆਂ ਕਿਹਾ ਕਿ ਗਰੀਬਾਂ ਨੂੰ ਮੁਫਤ ਅਨਾਜ ਦੇਣ ਦੀ ਬਜਾਏ ਉਨ੍ਹਾਂ ਨੂੰ ਕੰਮ ਦਿੱਤਾ ਜਾਵੇ। ਕੁਲ ਹਿੰਦ ਕਿਸਾਨ ਸਭਾ ਦੇ ਕੌਮੀ ਆਗੂ ਆਰ ਵੈਂਕਟਈਆ, ਬਿਹਾਰ ਦੇ ਸਾਬਕਾ ਮੰਤਰੀ ਤੇ ਆਰ ਜੇ ਡੀ ਦੇ ਆਗੂ ਸਿਆਮ ਰੰਜਕ, ਬਿਹਾਰ ਦੇ ਮਾਲ ਮੰਤਰੀ ਅਲੋਕ ਕੁਮਾਰ ਮਹਿਤਾ, ਸੀ ਪੀ ਆਈ ਐੱਮ (ਮਾਲੇ) ਦੇ ਵਿਧਾਇਕ ਗੋਪਾਲ ਰਵੀਦਾਸ ਨੇ ਵੀ ਕਾਨਫਰੰਸ ਦੀ ਸਫਲਤਾ ਦੀ ਕਾਮਨਾ ਕਰਦਿਆਂ ਮੁਬਾਰਕਾਂ ਦਿੱਤੀਆਂ। ਵਧਾਈਆਂ ਦੇ ਨਾਲ-ਨਾਲ ਬਹੁਤੇ ਆਗੂਆਂ ਨੇ ਵਿਰੋਧੀ ਪਾਰਟੀਆਂ ਦੀ ਲੰਘੇ ਅਗਸਤ ਵਿੱਚ ਪਟਨਾ ਵਿੱਚ ਹੋਈ ਮੀਟਿੰਗ ਅਤੇ ਪਹਿਲੀ ਨਵੰਬਰ ਨੂੰ ਸੀ ਪੀ ਆਈ ਵੱਲੋਂ ਕੀਤੀ ਗਈ 'ਮੋਦੀ ਹਟਾਓ, ਦੇਸ਼ ਬਚਾਓ' ਮਹਾਂ ਰੈਲੀ ਦੇ ਹਵਾਲੇ ਨਾਲ ਕਿਹਾ ਕਿ ਮੁਲਕ ਵਿੱਚ ਸਿਆਸਤ ਦੇ ਬਦਲ ਦਾ ਮੋਹਰੀ ਬਿਹਾਰ ਸੂਬਾ ਬਣੇਗਾ। ਕਾਮਰੇਡ ਗੋਰੀਆ ਵੱਲੋਂ ਪੇਸ਼ ਕੀਤੀ ਗਈ ਰਿਪੋਰਟ 'ਤੇ ਬਹਿਸ ਵਿੱਚ ਤਾਮਿਲਨਾਡੂ ਤੋਂ ਕਾਮਰੇਡ ਗਣੇਸਨ, ਹਰਿਆਣਾ ਤੋਂ ਕਾਮਰੇਡ ਜਿਲ੍ਹੇ ਸਿੰਘ ਪਾਲ, ਮੱਧ ਪ੍ਰਦੇਸ਼ ਤੋਂ ਸੰਜੀਵ ਰਾਜਪੂਤ ਆਦਿ ਨੇ ਹਿੱਸਾ ਲਿਆ। ਪੇਸ਼ ਕੀਤੀ ਗਈ ਰਿਪੋਰਟ ਮੌਕੇ ਬਣੇ ਪ੍ਰਧਾਨਗੀ ਮੰਡਲ ਵਿੱਚ ਕਾਮਰੇਡ ਕੇ ਈ ਇਸਮਾਈਲ (ਕੇਰਲਾ), ਕਾਮਰੇਡ ਨਾਗੇਂਦਰ ਨਾਥ ਓਝਾ (ਬਿਹਾਰ), ਕਾਮਰੇਡ ਮੁਸਤਫਾ ਰਹਿਮਾਨ (ਪੱਛਮੀ ਬੰਗਾਲ), ਕਾਮਰੇਡ ਏ ਰਾਮਾ ਮੂਰਤੀ (ਪੁਡੀਚੇਰੀ), ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ (ਪੰਜਾਬ), ਕਾਮਰੇਡ ਪੀ ਕੇ ਕ੍ਰਿਸ਼ਨਨ (ਕੇਰਲਾ), ਕਾਮਰੇਡ ਮੱਲ ਪਹਾੜੀਆ (ਝਾਰਖੰਡ), ਕਾਮਰੇਡ ਸੂਰਯ ਕਾਂਤ ਪਸਾਵਾਨ (ਬਿਹਾਰ) ਅਤੇ ਕਾਮਰੇਡ ਐਨ ਪੇਰੀਆਸਾਮੀ ਸ਼ਾਮਲ ਹਨ। ਖਬਰ ਲਿਖੇ ਜਾਣ ਵੇਲੇ ਤੱਕ ਰਿਪੋਰਟ 'ਤੇ ਬਹਿਸ ਜਾਰੀ ਸੀ।

### ਸਰਕਾਰੀ ਅਧਿਕਾਰੀਆਂ ਤੋਂ...

ਵਿੱਚ ਮੁੱਖ ਮੰਤਰੀ ਨੇ ਇਸ ਘਟਨਾ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਸੂਬੇ ਦੇ ਲੋਕਾਂ ਖਿਲਾਫ ਅਣਮਨੁੱਖੀ ਕਾਰਾ ਦੱਸਿਆ।

ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸੂਬਾ ਸਰਕਾਰ ਇਸ ਘਿਨਾਉਣੀ ਘਟਨਾ ਦੇ ਵਾਪਰਨ 'ਤੇ ਮੂਕ ਦਰਸ਼ਕ ਬਣ ਕੇ ਨਹੀਂ ਬੈਠ ਸਕਦੀ ਅਤੇ ਨਾ ਹੀ ਅਰਾਜਕਤਾ ਫੈਲਾਉਣ ਦੀ ਇਜਾਜ਼ਤ ਦੇ ਸਕਦੀ ਹੈ। ਉਨ੍ਹਾ ਕਿਹਾ ਕਿ ਸਰਕਾਰੀ ਅਧਿਕਾਰੀ ਖੇਤਾਂ ਵਿੱਚ ਪਰਾਲੀ ਨਾ ਸਾੜਨ ਦਾ ਸੰਦੇਸ਼ ਲੈ ਕੇ ਗਿਆ ਸੀ, ਪਰ ਉਥੇ ਜੁੜੀ ਭੀੜ ਨੇ ਅਧਿਕਾਰੀ ਦੇ ਹੱਥ ਵਿੱਚ ਤੀਲਾਂ ਦੀ ਡੱਬੀ ਫੜਾ ਕੇ ਪਰਾਲੀ ਨੂੰ ਅੱਗ ਲਾਉਣ ਲਈ ਮਜਬੂਰ ਕੀਤਾ, ਜਿਸ ਨੂੰ ਕਿਸੇ ਵੀ ਕੀਮਤ ਉਤੇ ਸਹਿਣ ਨਹੀਂ ਕੀਤਾ ਜਾ ਸਕਦਾ। ਮਾਨ ਨੇ ਕਿਹਾ ਕਿ ਅਜਿਹੀ ਬੁਜ਼ਦਿਲੀ ਵਾਲੀ ਕਾਰਵਾਈ ਨੂੰ ਅੰਜ਼ਾਮ ਦੇ ਕੇ ਇਹ ਲੋਕ ਆਪਣੇ ਹੀ ਬੱਚਿਆਂ ਦਾ ਜੀਵਨ ਬਰਬਾਦ ਕਰਨ ਦੇ ਰਾਹ ਉਤੇ ਤੁਰੇ ਹੋਏ ਹਨ, ਕਿਉਂਕਿ ਇਨ੍ਹਾਂ ਹੀ ਖੇਤਾਂ ਦਾ ਧੂੰਆਂ ਬੱਚਿਆਂ ਦਾ ਦਮ ਘੁੱਟੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਪੁਲਿਸ ਨੂੰ ਇਸ ਮੰਦਭਾਗੀ ਘਟਨਾ ਵਿੱਚ ਸ਼ਾਮਲ ਹੁੱਲੜਬਾਜ਼ ਲੋਕਾਂ ਦੀ ਸ਼ਨਾਖਤ ਕਰਕੇ ਕੇਸ ਕਰਨ ਲਈ ਆਖਿਆ ਹੈ।

ਅਜਿਹੀ ਆਪੋ-ਧਾਪੀ ਵਾਲੀ ਅਤੇ ਅਪਰਾਧਿਕ ਘਟਨਾ ਨੂੰ ਕਿਸੇ ਵੀ ਸੂਰਤ ਵਿੱਚ ਸਹਿਣ ਨਹੀਂ ਕੀਤਾ ਜਾ ਸਕਦਾ ਅਤੇ ਜ਼ਿੰਮੇਵਾਰ ਲੋਕਾਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਸੂਬਾ ਸਰਕਾਰ ਅਜਿਹੇ ਅਸੰਵੇਦਨਸ਼ੀਲ ਲੋਕਾਂ ਨੂੰ ਵਾਤਾਵਰਣ ਪਲੀਤ ਕਰਕੇ ਬੱਚਿਆਂ ਦੀਆਂ ਅਨਮੋਲ ਜ਼ਿੰਦਗੀਆਂ ਨਾਲ ਖੇਡਣ ਦੀ ਇਜਾਜ਼ਤ ਨਹੀਂ ਦੇਵੇਗੀ।

## ਨਵੀਂ ਦੁਨੀਆ ਵਸੀ ਨਜ਼ਰ ਆਉਂਦੀ ਐ ਪਟਨਾ ਦੀ ਪਬਲਿਕ ਲਾਇਬਰੇਰੀ ਦੇ ਵਿਹੜੇ



ਗੁਰਮੇਲ ਸਿੰਘ ਰਾਤ ਦੀ ਮਹਿਫਲ 'ਚ ਚੁਟਕਲਾ ਸੁਣਾਉਂਦਾ ਹੋਇਆ

**ਪਟਨਾ (ਗਿਆਨ ਸੈਦਪੁਰੀ)**-ਗੇਟ ਪਬਲਿਕ ਲਾਇਬਰੇਰੀ ਐਂਡ ਇੰਸਟੀਚਿਊਟ ਗਰਦਨੀ ਬਾਗ ਪਟਨਾ ਦਾ ਵਿਹੜਾ 31 ਅਕਤੂਬਰ ਤੋਂ ਰੌਣਕਾਂ ਭਰਪੂਰ ਹੈ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਅਜਲਾਸ ਵਿੱਚ ਹਿੱਸਾ ਲੈਣ ਲਈ ਵੱਖ-ਵੱਖ ਰਾਜਾਂ ਤੋਂ ਆਏ ਸੈਂਕੜੇ ਡੈਲੀਗੇਟਾਂ ਦਾ ਰੈਣ ਬਸੇਰਾ ਇਸ ਥਾਂ ਬਣੇ ਹਾਲ ਹਨ। ਇਨ੍ਹਾਂ ਤੋਂ ਇਲਾਵਾ ਪਾਰਟੀ ਦੇ ਰੈੱਡ ਗਾਰਡ, ਭੋਜਨ ਤਿਆਰ ਕਰਨ ਵਾਲੇ ਕਾਮੇ ਆਦਿ ਵੀ ਇਸੇ ਥਾਂ ਵਿਚਰਦੇ ਹਨ। ਇੱਕ ਅੰਦਾਜ਼ੇ ਮੁਤਾਬਕ 700 ਤੋਂ 800 ਬੰਦੇ ਇੱਕ ਵੇਲੇ ਇੱਥੇ ਬਣੀ ਖੁੱਲ੍ਹੀ ਰਸੋਈ ਵਿੱਚ ਪ੍ਰਸ਼ਾਦਾ - ਪਾਣੀ ਛਕਦੇ ਹਨ। 'ਸਾਂਝੇ ਚੁੱਲ੍ਹੇ' ਦਾ ਨਜ਼ਾਰਾ ਵੇਖਿਆ ਹੀ ਬਣਦਾ ਹੈ। ਇੱਥੇ ਨਵੀਂ ਦੁਨੀਆ ਵਸੀ ਨਜ਼ਰ ਆਉਂਦੀ ਹੈ।

ਅਜਲਾਸ ਦੇ ਨਿਰਧਾਰਤ ਸਮੇਂ ਤੋਂ ਬਾਅਦ ਵੀ ਵੱਖ-ਵੱਖ ਟੋਲੀਆਂ ਖੇਤ ਮਜ਼ਦੂਰਾਂ ਦੇ ਭਖਦੇ ਮਸਲਿਆਂ, ਖੱਬੀ-ਸੱਜੀ ਸਿਆਸਤ 'ਤੇ ਗੈਰ-ਰਸਮੀ ਚਰਚਾ ਕਰਦੀਆਂ ਵੇਖੀਆਂ, ਸੁਣੀਆਂ ਜਾ ਸਕਦੀਆਂ ਹਨ। ਬਿਹਾਰ ਦੇ ਬੇਗੂ ਸਰਾਏ ਤੋਂ ਆਏ ਡੈਲੀਗੇਟ, ਜਿਨ੍ਹਾਂ ਵਿੱਚ ਅਧੇੜ ਉਮਰ ਦੇ ਵੱਧ ਹਨ, ਤੜਕੇ ਤਿੰਨ ਵਜੇ ਹੀ ਸਿਆਸਤ ਨੂੰ ਤੜਕਾ ਲਾਉਣਾ ਸ਼ੁਰੂ ਕਰ ਦਿੰਦੇ ਹਨ। ਕਿਸੇ ਬਹਾਨੇ ਕਨ੍ਹੱਈਆ ਕੁਮਾਰ ਦਾ ਹਰ ਰੋਜ਼ ਜ਼ਿਕਰ ਹੋ ਜਾਂਦਾ ਹੈ। ਇੱਕ ਉਸ ਤੋਂ ਖਿਝੇ ਹੋਏ ਡੈਲੀਗੇਟ ਨੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਕਿਹਾ, 'ਕਨ੍ਹੱਈਆ ਨੇ ਬੈਗੂ ਸਰਾਏ ਦੀ ਸਿਆਸਤ ਨੂੰ ਬਰਬਾਦ ਕਰ ਦਿੱਤੈ।' ਇਨ੍ਹਾਂ 'ਚੋਂ ਕਈ ਉਸ ਵਿੱਚੋਂ ਦੇਸ਼ ਦਾ ਚੰਗਾ ਭਵਿੱਖ ਦੇਖ ਰੇਖ ਹਨ।

ਪੰਜਾਬ ਅਤੇ ਹਰਿਆਣਾ ਦੇ ਡੈਲੀਗੇਟ ਇੱਕੋ ਹਾਲ ਵਿੱਚ ਰਹਿ ਰਹੇ ਹਨ। ਇਨ੍ਹਾਂ ਨੇ ਦਿੱਲੀ ਦੀਆਂ ਬਰੂਹਾਂ ਉੱਤੇ ਲੜੇ ਗਏ ਕਿਸਾਨ ਅੰਦੋਲਨ ਵੇਲੇ ਬਣਿਆ ਡੂੰਘੀ ਸਾਂਝ ਦਾ ਰਿਸ਼ਤਾ ਇੱਥੇ ਵੀ ਸਿਰਜ ਲਿਆ ਹੈ। ਰਾਤ ਨੂੰ ਸਾਂਝੀ ਮਹਿਫਲ ਸਜਦੀ ਹੈ। ਇਸ ਵਿੱਚ ਸੰਤ ਰਾਮ ਉਦਾਸੀ ਹਾਜ਼ਰ ਹੁੰਦਾ ਹੈ, ਪਾਸ਼ ਵੀ ਤੇ ਸ਼ਿਵ ਬਟਾਲਵੀ ਵੀ। ਗੁਰਮੇਲ ਸਿੰਘ, ਪਰਮਿੰਦਰ ਬਡਾਲਾ, ਜਸਵੀਰ ਕੌਰ ਸਰਾਂ, ਪ੍ਰੀਤਮ ਸਿੰਘ ਨਿਆਮਤਪੁਰਾ ਆਦਿ ਚੰਗਾ ਰੰਗ ਬੰਨ੍ਹ ਦਿੰਦੇ ਹਨ। ਇਸ ਤੋਂ ਇਲਾਵਾ ਇਪਟਾ ਦੇ ਕਲਾਕਾਰ ਵੱਖ-ਵੱਖ ਵੇਲੇ ਤੇ ਵੱਖ ਵੱਖ ਥਾਈਂ ਇਨਕਲਾਬੀ ਰੰਗ ਬਿਖੇਰਦੇ ਹਨ।

## ਗ੍ਰੀਨ ਦੀਵਾਲੀ ਮਨਾਉਣ ਸੰਬੰਧੀ ਆਰ ਕੇ ਸਕੂਲ 'ਚ ਪੋਸਟਰ ਮੁਕਾਬਲੇ

**ਜਗਰਾਓਂ (ਅਮਿਤ ਖੰਨਾ)**-ਸਵੱਛ ਭਾਰਤ ਅਭਿਆਨ ਅਧੀਨ ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ, ਪ੍ਰਿੰਸੀਪਲ ਸੀਮਾ ਸ਼ਰਮਾ ਤੇ ਪ੍ਰਧਾਨ ਐਡਵੋਕੇਟ ਨਵੀਨ ਗੁਪਤਾ ਦੀ ਯੋਗ ਅਗਵਾਈ ਹੇਠ ਸਵੱਛਤਾ, ਪ੍ਰਦੂਸ਼ਣ ਤੇ ਗ੍ਰੀਨ ਦੀਵਾਲੀ ਸੰਬੰਧੀ ਆਰ. ਕੇ. ਸਕੂਲ ਜਗਰਾਓਂ 'ਚ ਪੋਸਟਰ ਤੇ ਦੀਵਾ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਸਮਾਗਮ ਦੇ ਮੁੱਖ ਮਹਿਮਾਨ ਇੰਜੀਨੀਅਰ ਯਸ਼ੀਕਾ ਗੁਪਤਾ ਸਨ ਤੇ ਸ਼ਸ਼ੀ ਭੂਸ਼ਣ ਜੈਨ ਅਤੇ ਰਾਜ ਜੈਨ ਬਤੌਰ ਗੈਸਟ ਆਫ ਆਨਰ ਸ਼ਾਮਲ ਹੋਏ। ਇਸ ਮੌਕੇ ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ, ਸ਼ਸ਼ੀ ਭੂਸ਼ਣ ਜੈਨ ਤੇ ਮੁੱਖ ਮਹਿਮਾਨ ਯਸ਼ੀਕਾ ਗੁਪਤਾ ਨੇ ਜੇਤੂ ਬੱਚਿਆਂ ਨੂੰ ਸ਼ੀਲਡਾਂ ਦੇ ਕੇ ਸਨਮਾਨਤ ਕੀਤਾ। ਪ੍ਰਿੰਸੀਪਲ ਸੀਮਾ ਸ਼ਰਮਾ ਤੇ ਪ੍ਰਧਾਨ ਐਡਵੋਕੇਟ ਨਵੀਨ ਗੁਪਤਾ ਨੇ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਕੂਲ ਵੱਲੋਂ ਗਿਫਟ ਵੰਡੇ।

## ਝਾੜੂ ਦਾ ਬਟਨ ਦਬਾਓ, ਛੱਤੀਸਗੜ੍ਹ ਦੀ ਸਿਆਸੀ ਗੰਦਗੀ ਸਾਫ ਕਰ ਦੇਵਾਂਗੇ : ਮਾਨ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਛੱਤੀਸਗੜ੍ਹ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਦੋਵਾਂ ਆਗੂਆਂ ਨੇ ਮਸਤੂਰੀ ਅਤੇ ਕਵਰਧਾ ਵਿਧਾਨ ਸਭਾ ਹਲਕੇ 'ਚ ਵੱਖ-ਵੱਖ ਥਾਵਾਂ 'ਤੇ ਰੋਡ ਸ਼ੋਅ ਕੀਤੇ ਅਤੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਰੋਡ ਸ਼ੋਅ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਕੇਜਰੀਵਾਲ ਨੂੰ ਗ੍ਰਿਫਤਾਰ ਕਰ ਸਕਦੀ ਹੈ, ਪਰ ਉਹ 10 ਸਾਲਾਂ ਵਿੱਚ ਦੇਸ਼ ਭਰ ਵਿੱਚ ਪੈਦਾ ਕੀਤੇ ਲੱਖਾਂ ਕੇਜਰੀਵਾਲ ਨੂੰ ਕਿਵੇਂ ਗ੍ਰਿਫਤਾਰ ਕਰੇਗੀ? ਉਹਨਾ ਕਿਹਾ ਕਿ ਲੋਕ ਝਾੜੂ ਦਾ ਬਟਨ ਦਬਾਉਣ। 'ਆਪ' ਛੱਤੀਸਗੜ੍ਹ ਦੀ ਸਿਆਸੀ ਗੰਦਗੀ ਸਾਫ ਕਰ ਦੇਵੇਗੀ।

## ਪੰਜਾਬੀ 'ਵਰਸਿਟੀ ਕੈਂਪਸ 'ਚ ਮਨਾਏ ਦੀਵਾਲੀ ਫੈਸਟ ਨੇ ਬੰਨ੍ਹੀਆਂ ਰੌਣਕਾਂ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਦੇ ਸਥਾਨਕ ਕੈਂਪਸ ਦੇ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਤਲਵੰਡੀ ਸਾਬੋ ਵੱਲੋਂ ਦੀਵਾਲੀ ਦੇ ਪਵਿੱਤਰ ਤਿਉਹਾਰ ਦੇ ਆਗਮਨ ਸਬੰਧੀ ਦੋ ਗਤੀਵਿਧੀਆਂ-ਦਿਵਾਲੀ ਫੈਸਟ ਤੇ ਫੀਐਸਟਾ-ਡੀ ਲੋਕਸ ਦਾ ਸਫਲਤਾਪੂਰਵਕ ਆਯੋਜਨ ਕਰਵਾਇਆ ਗਿਆ। ਇਹ ਗਤੀਵਿਧੀਆਂ ਵਿਭਾਗ ਦੇ ਹਾਬੀ ਕਲੱਬ ਤੇ ਕਲਚਰਲ ਕਲੱਬਾਂ ਦੇ ਪ੍ਰਧਾਨ ਅਧਿਆਪਕਾਂ ਇੰਜ. ਗੁਰਪ੍ਰੀਤ ਭਾਰਤੀ ਤੇ ਡਾ. ਰਾਜਭੁਪਿੰਦਰ ਕੌਰ ਦੀ ਅਗਵਾਈ ਹੇਠ ਵਿਦਿਆਰਥੀ ਮੈਂਬਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਕੰਵਲਜੀਤ ਸਿੰਘ ਤੇ ਪ੍ਰੋਫੈਸਰ (ਡਾ.) ਸਿੰਪਲ ਰਾਣੀ ਮੌਜੂਦ ਰਹੇ। ਕਲਚਰਲ ਕਲੱਬ ਵੱਲੋਂ ਕਰਵਾਈਆਂ ਗਈਆਂ ਵੱਖ-ਵੱਖ ਪ੍ਰਤਿਯੋਗਤਾਵਾਂ 'ਚੋਂ ਲੋਕ ਗੀਤ ਸ਼੍ਰੇਣੀ ਵਿੱਚ ਪਹਿਲਾ, ਦੂਜਾ ਤੇ ਤੀਸਰਾ ਸਥਾਨ ਕ੍ਰਮਵਾਰ ਅਮਰਜੀਤ ਸਿੰਘ, ਚੇਤਨਾ ਸ਼ਰਮਾ ਤੇ ਸਜਵਦੀਪ ਸਿੰਘ ਨੇ ਹਾਸਲ ਕੀਤਾ। ਇਸੇ ਤਰ੍ਹਾਂ ਲੋਕ ਨਾਚ (ਪੰਜਾਬੀ) ਮੁਕਾਬਲੇ 'ਚ ਮਨਜੋਤ ਕੌਰ ਤੇ ਸੁਖੀ ਕੌਰ ਨੇ ਪਹਿਲਾ ਤੇ ਦੂਸਰਾ ਸਥਾਨ ਹਾਸਲ ਕੀਤਾ। ਹਿੰਦੀ ਡਾਂਸ ਪ੍ਰਤੀਯੋਗਤਾ ਵੀ ਖਿੱਚ ਦਾ ਕੇਂਦਰ ਬਣੀ ਰਹੀ। ਹੌਬੀ ਕਲੱਬ ਵੱਲੋਂ ਆਯੋਜਤ ਦੀਵਾ ਮੇਕਿੰਗ ਪ੍ਰਤਿਯੋਗਤਾ 'ਚ ਸਹਿਲ ਸ਼ਰਮਾ ਨੂੰ ਪਹਿਲਾ ਤੇ ਕੋਮਲਪ੍ਰੀਤ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹੀ ਮਹਿੰਦੀ ਮੁਕਾਬਲਿਆਂ 'ਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਹੌਬੀ ਕਲੱਬ ਵੱਲੋਂ ਆਯੋਜਤ ਖਿੱਚ ਦਾ ਕੇਂਦਰ ਬਣੀਆਂ ਗੇਮਾਂ ਬੈਡਮਿੰਟਨ, ਟਰੈਜ਼ਰ ਹੰਟਿੰਗ, ਫਨ ਗੇਮ ਟਰਾਈ ਨਾਟ ਟੂ ਲਾਫ, ਆਰਮ ਰੈਸਲਿੰਗ, ਬੈਲੂਨ ਬਰਸਟਿੰਗ, ਹੈਂਕੀ ਪਿਕਿੰਗ ਤੇ ਸਕੁਇਡ 'ਚ ਪਹਿਲਾ ਸਥਾਨ ਕ੍ਰਮਵਾਰ ਅਨਮੋਲ ਸਿੰਗਲਾ, ਸ਼ਿਵਮ ਕੁਮਾਰ, ਅਰਸ਼ਦੀਪ ਕੌਰ, ਨਵਜੋਤ ਸਿੰਘ, ਅਰਸ਼ਦੀਪ ਸਿੰਘ, ਦਲਜੀਤ ਕੌਰ ਤੇ ਆਸਿਫ ਅਲੀ ਨੇ ਜਿੱਤਿਆ। ਅਖੀਰ 'ਚ ਕੈਂਪਸ ਡਾਇਰੈਕਟਰ, ਵਿਭਾਗ ਮੁਖੀ ਤੇ ਕਲੱਬ ਪ੍ਰਧਾਨ ਅਧਿਆਪਕਾਂ ਨੇ ਪ੍ਰਤੀਯੋਗਤਾਵਾਂ ਦੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਇਨਾਮ ਤਕਸੀਮ ਕਰਕੇ ਹੌਸਲਾ ਅਫਜ਼ਾਈ ਕੀਤੀ। ਇਸ ਪ੍ਰੋਗਰਾਮ ਨੂੰ ਆਪਣੇ ਅਣਥੱਕ ਮਿਹਨਤ ਨਾਲ ਸਫਲ ਬਣਾਉਣ 'ਚ ਅਹਿਮ ਭੂਮਿਕਾ ਨਿਭਾਉਣ ਬਦਲੇ ਵਿਭਾਗ ਦੇ ਮੋਹਰੀ ਵਿਦਿਆਰਥੀ ਕਪਿਲ ਮਾਹਰ ਤੇ ਉਦੈ ਧੀਮਾਨ ਨੂੰ ਵੀ ਸਨਮਾਨਤ ਕੀਤਾ ਗਿਆ। ਮਨੋਰੰਜਨ ਦੇ ਨਾਲ-ਨਾਲ ਸਾਰੀਆਂ ਪ੍ਰਤੀਯੋਗਤਾਵਾਂ ਸਰੋਤਿਆਂ ਲਈ ਪ੍ਰੇਰਨਾ ਦਾ ਇੱਕ ਵੱਡਮੁੱਲਾ ਸਰੋਤ ਸਾਬਿਤ ਹੋ ਨਿੱਬੜੀਆਂ।

# ਪੈਨਸ਼ਨਰਜ਼ ਦੀਆਂ ਮੰਨੀਆਂ ਮੰਗਾਂ ਤੇ ਕੀਤੇ ਵਾਅਦੇ ਪੂਰੇ ਨਾ ਕਰਨ ਦੀ ਸਖਤ ਨਿੰਦਾ



**ਦੋਰਾਹਾ (ਹਰਮਿੰਦਰ ਸੇਠ)**

ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਬਜ਼ੁਰਗ ਪੈਨਸ਼ਨਰਜ਼ ਨੂੰ ਮੀਟਿੰਗ ਲਈ ਵਾਰ ਵਾਰ ਸਮਾਂ ਦੇ ਕੇ ਮੀਟਿੰਗ ਨਾ ਕਰਨ ਦੀ ਸਖਤ ਨਿਖੇਧੀ ਕੀਤੀ ਗਈ।

ਆਮ ਆਦਮੀ ਪਾਰਟੀ ਦੀ ਸਰਕਾਰ ਬਨਣ ਤੋਂ ਲੈ ਕੇ ਹੁਣ ਤੱਕ 17 ਮੀਟਿੰਗਾਂ ਸਮਾਂ ਨੀਯਤ ਕਰਕੇ ਮੁੱਖ ਮੰਤਰੀ ਨਾਲ ਮੀਟਿੰਗ ਨਹੀਂ ਕਰਵਾਈ ਗਈ ਕੇਵਲ ਨੌਕਰਸ਼ਾਹੀ ਨਾਲ ਹੀ ਮੀਟਿੰਗਾਂ ਹੁੰਦੀਆਂ ਰਹੀਆਂ ਹਨ, ਜਿਹੜੀਆਂ ਬੇਸਿੱਟਾ ਰਹੀਆਂ ਹਨ। ਪੈਨਸ਼ਨਰਜ਼ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਨਾ ਕਰਨ ਵਿੱਚ ਇਹੋ ਅਫਸਰਸ਼ਾਹੀ ਅੜਿੱਕਾ ਬਣਦੀ ਰਹੀ ਹੈ। ਮੁਲਾਜ਼ਮਾਂ ਤੇ ਪੈਨਸ਼ਨਰਜ਼ ਦਾ ਡੀ ਏ ਕੇਂਦਰ ਦੇ ਮੁਲਾਜ਼ਮ ਮੁਤਾਬਕ ਮਿਲਦਾ ਹੈ। ਕੇਂਦਰ ਦੇ ਕਰਮਚਾਰੀ ਜੁਲਾਈ 2023 ਤੋਂ 46% ਹੋ ਗਿਆ, ਜਦੋਂਕਿ ਪੰਜਾਬ ਦੇ ਮੁਲਾਜ਼ਮ 34% ਡੀ ਏ ਲੈ ਰਹੇ ਹਨ। ਸਰਕਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਕਰ ਰਹੀ। ਛੇਵੇਂ ਤਨਖਾਹ ਕਮਿਸ਼ਨ ਮੁਤਾਬਕ 1.1.2016 ਤੋਂ ਆਪਣੀ ਪੈਨਸ਼ਨ ਦੁਹਰਾਈ ਤੇ ਡੀ ਏ ਦੇ ਬਕਾਏ ਦੇ ਭੁਗਤਾਨ ਦੀ ਉਡੀਕ ਕਰਦੇ ਕੋਈ ਹਜ਼ਾਰਾਂ ਪੈਨਸ਼ਨਰਾਂ ਦੀ ਮੌਤ ਹੋ ਚੁੱਕੀ ਹੈ। ਅਜੇ ਪਤਾ ਨਹੀਂ ਸਰਕਾਰ ਕਿੰਨੇ ਕੁ ਪੈਨਸ਼ਨਰਾਂ ਦੇ ਮਰਨ ਦੀ ਉਡੀਕ ਵਿੱਚ ਹੈ। ਉਨ੍ਹਾਂ ਸਰਕਾਰ ਤੋਂ ਉਪਰੋਕਤ ਤੇ ਹੋਰ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਮੰਗ ਕੀਤੀ।

ਮੀਟਿੰਗ ਨੂੰ ਰਣਜੀਤ ਸਿੰਘ ਟਿਵਾਣਾ, ਕਮਲਜੀਤ ਸਿੰਘ, ਕਰਮ ਸਿੰਘ ਜਟਾਣਾ, ਰੁਪਿੰਦਰ ਸਿੰਘ ਅੜੈਚਾਂ ਤੇ ਓਮ ਪ੍ਰਕਾਸ਼ ਸੂਦ ਨੇ ਵੀ ਸੰਬੋਧਨ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

5-Nov-PAGE-3--Majha-23.qxd 11/4/2023 10:27 PM Page 1



# ਪਰਾਲੀ ਨੂੰ ਅੱਗ ਲਗਾਉਣ ਕਾਰਨ 3 ਕਿਸਾਨਾਂ ਵਿਰੁੱਧ ਕੇਸ ਦਰਜ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪਰਾਲੀ ਦੀ ਅੱਗ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਦੀ ਅਗਵਾਈ ਹੇਠ ਟੀਮਾਂ ਲਗਾਤਾਰ ਜ਼ਿਲ੍ਹੇ ਭਰ ਵਿਚ ਮੁਸਤੈਦੀ ਨਾਲ ਕੰਮ ਕਰ ਰਹੀਆਂ ਹਨ। ਟੀਮਾਂ ਵੱਲੋਂ ਕਿਸਾਨਾਂ ਨੂੰ ਲਗਾਏ ਗਏ ਜੁਰਮਾਨੇ ਦੀ ਉਗਰਾਹੀ ਵੀ ਸ਼ੁਰੂ ਕਰ ਦਿੱਤੀ ਗਈ ਹੈ। ਹੁਣ ਤੱਕ 957500 ਰੁਪਏ ਜੁਰਮਾਨਾ ਲਗਾਇਆ ਗਿਆ। ਥਾਣਾ ਕੱਥੂਨੰਗਲ ਦੀ ਪੁਲਸ ਚੌਕੀ ਜੈਂਤੀਪੁਰ ਵਿਖੇ ਕਲਸਟਰ ਅਫਸਰ ਅਮਰਦੀਪ ਸਿੰਘ ਦੀ ਸ਼ਿਕਾਇਤ ਉਤੇ ਪੁਲਸ ਨੇ ਤਿੰਨ ਕਿਸਾਨਾਂ ਵਿਰੁੱਧ ਧਾਰਾ 188 ਅਧੀਨ ਕੇਸ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਸਰਹਾਲਾ ਵਿਖੇ ਬਲਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ, ਨਿਹਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਤੇ ਹਰਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਨੇ ਆਪਣੇ ਖੇਤਾਂ ਵਿਚ ਪਰਾਲੀ ਨੂੰ ਅੱਗ ਲਗਾਈ ਸੀ ਜਿਸਦੇ ਚੱਲਦੇ ਮੌਕੇ ਉਤੇ ਪੁੱਜੇ ਖੇਤੀ ਵਿਸਥਾਰ ਅਫਸਰ ਤਿਲਕ ਰਾਜ ਤੇ ਸਾਰੀ ਟੀਮ ਨੇ ਪੁਲਸ ਥਾਣੇ ਲਿਖਤੀ ਸ਼ਿਕਾਇਤ ਉਕਤ ਕਿਸਾਨਾਂ ਉਤੇ ਦਿੱਤੀ, ਜਿਸਦੇ ਅਧਾਰ ਉਤੇ ਪੁਲਸ ਨੇ ਧਾਰਾ 188 ਅਧੀਨ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸੇ ਦੌਰਾਨ ਨਾਇਬ ਤਹਿਸੀਲਦਾਰ ਅਟਾਰੀ ਵੱਲੋਂ ਰਣੀਕੇ ਪਿੰਡ ਵਿੱਚ 32 ਕਨਾਲ ਰਕਬੇ ਵਿੱਚ ਪਰਾਲੀ ਨੂੰ ਅੱਗ ਲੱਗਣ ਦੀ ਸੂਚਨਾ ਮਿਲਣ ਉਤੇ ਫਾਇਰ ਬ੍ਰਿਗੇਡ ਨਾਲ ਅੱਗ ਬੁਝਾਈ ਗਈ ਅਤੇ ਪੁਲਸ ਦੀ ਤਫਤੀਸ਼ ਮਗਰੋਂ ਅਣਪਛਾਤੇ ਵਿਅਕਤੀ ਵਿਰੁੱਧ ਧਾਰਾ 188 ਦੀ ਉਲੰਘਣਾ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਗਿਆ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਚਾਰ ਐੱਫਆਈਆਰ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਕੀਤੀਆਂ ਜਾ ਚੁੱਕੀਆਂ ਹਨ, ਜਦਕਿ ਪੰਜ ਸ਼ਿਕਾਇਤਾਂ, ਜਿਸ ਵਿਚ 10 ਕਿਸਾਨਾਂ ਦੇ ਨਾਮ ਹਨ, ਵਿਰੁੱਧ ਵਾਤਾਵਰਣ ਵਿਭਾਗ ਨੇ ਮਾਣਯੋਗ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿਚ ਅਪਰਾਧਿਕ ਸ਼ਿਕਾਇਤ ਵੀ ਦਰਜ ਕਰਵਾਈ ਹੈ।

# ਜ਼ਮੀਨ ਦੀ ਕੁਰਕੀ ਕਰਨ ਆਏ ਅਮਲੇ ਫੈਲੇ ਨੂੰ ਖਾਲੀ ਹੱਥ ਮੋੜਿਆ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਜ਼ਿਲ੍ਹਾ ਤਰਨਤਾਰਨ ਦੇ ਜ਼ੋਨ ਬਾਬਾ ਬੀਰ ਸਿੰਘ ਦੇ ਪਿੰਡ ਰਸੂਲਪੁਰ ਵਿਚ ਕਿਸਾਨ ਜਗੀਰ ਸਿੰਘ ਦੀ ਜ਼ਮੀਨ ਦੀ ਕੁਰਕੀ ਕਰਨ ਆਏ ਪਟਵਾਰੀ ਸਮੇਤ ਹੋਰ ਅਧਿਕਾਰੀ ਵਾਪਸ ਮੋੜੇ। ਇਸ ਮੌਕੇ ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਦੁਗਲਵਾਲਾ ਤੇ ਸਤਨਾਮ ਸਿੰਘ ਰਸੂਲਪੁਰ ਨੇ ਦੱਸਿਆ ਕਿ ਜਗੀਰ ਸਿੰਘ ਜਿਸ ਦੀ ਉਮਰ 80 ਸਾਲ ਦੇ ਕਰੀਬ ਹੈ, ਦੇ ਪੁੱਤਰ ਸਤਨਾਮ ਸਿੰਘ ਨੇ ਜਲੰਧਰ ਦੀ ਨਿੱਜੀ ਫਾਇਨਾਂਸ ਕੰਪਨੀ ਪੀ. ਕੇ. ਐੱਫ. ਕੋਲੋਂ ਇਕ ਟਰੱਕ ਲਿਆ ਸੀ। ਟਰੱਕ ਦੀਆਂ ਕਿਸ਼ਤਾਂ ਦੇ ਰੂਪ ਵਿਚ 8 ਲੱਖ ਤੋਂ ਵੱਧ ਰਕਮ ਹੁਣ ਤੱਕ ਕੰਪਨੀ ਨੂੰ ਜਾ ਚੁੱਕੀ ਹੈ। ਇਸ ਟਰੱਕ ਦੇ ਕੇਸ ਵਿਚ ਗਰੰਟਰ ਜਗੀਰ ਸਿੰਘ ਹੈ। ਕਰੋਨਾ ਦੌਰਾਨ ਕੰਮ ਬੰਦ ਹੋਣ ਤੇ ਕਿਸ਼ਤਾਂ ਟੁੱਟ ਗਈਆਂ ਤੇ 2021 ਵਿਚ ਕੰਪਨੀ ਨੇ ਪਹਿਲਾਂ ਸਤਨਾਮ ਸਿੰਘ ਤੇ ਚੈੱਕ ਬਾਊਂਸ ਦਾ ਕੇਸ ਕੀਤਾ ਤੇ ਬਾਅਦ ਵਿਚ ਗਰੰਟਰ ਦੀ ਜ਼ਮੀਨ ਅਟੈਚ ਕਰ ਦਿੱਤੀ। ਜਗੀਰ ਸਿੰਘ ਦੀ ਜ਼ਮੀਨ ਦੀ ਕੁਰਕੀ ਦੇ ਹੁਕਮ ਹੋਣ 'ਤੇ 03.11.23 ਨੂੰ ਹਲਕਾ ਪਟਵਾਰੀ ਤੇ ਤਹਿਸੀਲਦਾਰ ਦਫਤਰ ਦਾ ਅਮਲਾ ਫੈਲਾ ਪਿੰਡ ਦੀ ਸਾਂਝੀ ਜਗ੍ਹਾ 'ਤੇ ਕੁਰਕੀ ਕਰਨ ਆਇਆ ਸੀ ਜਿਸ 'ਤੇ ਪਿੰਡ ਵਾਸੀਆਂ ਤੇ ਜਥੇਬੰਦੀ ਵੱਲੋਂ ਵਿਰੋਧ ਕੀਤਾ ਗਿਆ। ਟੀਮ ਖਾਲੀ ਹੱਥ ਵਾਪਸ ਮੁੜ ਗਈ। ਇਸ ਮੌਕੇ ਪਿਆਰਾ ਸਿੰਘ, ਬਲਕਾਰ ਸਿੰਘ, ਸੁਖਦੇਵ ਸਿੰਘ ਸਾਬਕਾ ਮੈਂਬਰ, ਦਿਲਬਾਗ ਸਿੰਘ, ਸੁਖਦੇਵ ਸਿੰਘ, ਬਾਬਾ ਜੋਗਿੰਦਰ ਸਿੰਘ, ਅਵਤਾਰ ਸਿੰਘ, ਸਰਪੰਚ ਦਿਲਬਾਗ ਸਿੰਘ, ਸਰਵਣ ਸਿੰਘ, ਮਿਲਖਾ ਸਿੰਘ ਤੇ ਹੋਰ ਮੈਂਬਰ ਵੀ ਹਾਜ਼ਰ ਸਨ।

# ਗੈਂਗਸਟਰਾਂ ਨੂੰ ਠੱਲ੍ਹ ਨਾ ਪਾਈ ਤਾਂ ਪੰਜਾਬ ਦੇ ਹਾਲਾਤ ਮੁੜ ਵਿਗਾੜਨਗੇ : ਮਾੜੀਮੇਘਾ

ਭਿੱਖੀਵਿੰਡ (ਨਜ਼ਸ)—ਸੀ. ਪੀ. ਆਈ. ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ, ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾਈ ਆਗੂ ਸੁਖਦੇਵ ਸਿੰਘ ਕਾਲਾ ਤੇ ਏਟਕ ਆਗੂ ਬਲਦੇਵ ਰਾਜ ਭਿੱਖੀਵਿੰਡ ਨੇ ਪੰਜਾਬ ਸਰਕਾਰ 'ਤੇ ਜ਼ੋਰ ਪਾਇਆ ਹੈ ਕਿ ਕਿ ਲੁਟੇਰੇ ਲੋਕ ਜਿਨ੍ਹਾਂ ਨੂੰ ਗੈਂਗ ਆਖਦੇ ਹਨ, ਦਿਨ-ਦਿਹਾੜੇ ਦਨਦਨਾਉਂਦੇ ਫਿਰਦੇ ਹਨ ਪਰ ਪੁਲਸ ਨੇ ਚੁੱਪ ਵੱਟੀ ਹੋਈ ਹੈ। ਭਿੱਖੀਵਿੰਡ ਕਸਬੇ ਵਿੱਚ ਉਹ ਫਿਰਕਾ ਜ਼ਿਆਦਾ ਰਹਿੰਦਾ ਜੋ ਦੁਕਾਨਦਾਰੀ ਦਾ ਕਾਰੋਬਾਰ ਚਲਾਉਣ ਵਾਲਾ ਹੈ ਅਤੇ ਅੱਤਵਾਦ ਦਾ ਝੰਬਿਆ ਹੋਇਆ ਆਪਣੀ ਜਨਮ ਭੋਇੰ ਛੱਡ ਕੇ ਇਥੇ ਆਣ ਵੱਸਿਆ ਹੈ। ਉਸ ਫਿਰਕੇ ਦੇ ਇੱਕ ਡਾਕਟਰ ਤੋਂ ਇਨ੍ਹਾਂ ਗੈਂਗਸਟਰਾਂ ਨੇ 2 ਕਰੋੜ ਰੁਪਏ ਮੰਗੇ ਹਨ ਤੇ ਨਾ ਦੇਣ ਦੀ ਸੂਰਤ ਵਿੱਚ ਪਰਿਵਾਰ ਖਤਮ ਕਰਨ ਦੀ ਚਿਤਾਵਨੀ ਦਿੱਤੀ ਹੈ। ਆਗੂਆਂ ਨੇ ਕਿਹਾ ਕਿ ਬਹੁਤ ਮੰਦਭਾਗਾ ਵਰਤਾਰਾ ਹੈ। ਪੁਲਸ ਵੀ ਕੁੱਝ ਨਹੀਂ ਕਰ ਰਹੀ। ਇਹ ਉਸ ਤੋਂ ਵੀ ਵਧੇਰੇ ਮੰਦਭਾਗਾ ਹੈ। ਪੁਲਸ ਕੋਲੋਂ ਕੋਈ ਖ਼ੂੰਖਾਰ ਵੀ ਨਹੀਂ ਲੁਕ ਸਕਦਾ, ਇਹ ਤਾਂ ਪੈੜ ਨੱਪ ਕੇ ਉਥੇ ਪਹੁੰਚ ਜਾਂਦੀ ਹੈ। ਇਸ ਲਈ ਉਪਰਲੀ ਅਫਸਰਸ਼ਾਹੀ ਭਿੱਖੀਵਿੰਡ ਦੀ ਇਸ ਘਟਨਾ ਵੱਲ ਵਿਸ਼ੇਸ਼ ਧਿਆਨ ਦੇਵੇ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਜੱਜ ਸਾਹਿਬਾਨ ਨਤਮਸਤਕ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸੁਪਰੀਮ ਕੋਰਟ ਤੇ ਪੰਜਾਬ ਹਰਿਆਣਾ ਹਾਈਕੋਰਟ ਦੇ ਜੱਜਾਂ ਨੇ ਪਰਿਵਾਰਾਂ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਜੱਜ ਸਾਹਿਬਾਨ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਲੋਈ ਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ। ਨਤਮਸਤਕ ਹੋਣ ਪੁੱਜੇ ਜੱਜ ਸਾਹਿਬਾਨ ਵਿਚ ਸੁਪਰੀਮ ਕੋਰਟ ਦੇ ਜਸਟਿਸ ਸੰਜੇ ਕਿਸ਼ਨ ਕੌਲ, ਪੰਜਾਬ ਹਰਿਆਣਾ ਹਾਈਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਰਿਤੂ ਬਾਹਰੀ, ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜਸਟਿਸ ਅਰੁਣ ਪੱਲੀ, ਜਸਟਿਸ ਅਮਨ ਚੌਧਰੀ, ਜਸਟਿਸ ਹਰਪ੍ਰੀਤ ਕੌਰ, ਜਸਟਿਸ ਹਰਮਨ ਸਿੰਘ ਸੇਠੀ ਅਤੇ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰ ਸਕੱਤਰ ਸੰਤੋਸ਼ ਸਨੇਹੀ ਮਾਨ ਸ਼ਾਮਲ ਸਨ। ਨਤਮਸਤਕ ਹੋਣ ਉਪਰੰਤ ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਰਿਤੂ ਬਾਹਰੀ ਨੇ ਯਾਤਰੂ ਬੁੱਕ ਵਿਚ ਲਿਖਿਆ ਕਿ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੇ ਪਰਿਵਾਰ ਨਾਲ ਨਤਮਸਤਕ ਹੋਏ ਹਨ। ਉਨ੍ਹਾਂ ਨੂੰ ਗੁਰੂ ਸਾਹਿਬ ਤੋਂ ਅਸ਼ੀਰਵਾਦ ਪ੍ਰਾਪਤ ਕਰਕੇ ਖ਼ੁਸ਼ੀ ਪ੍ਰਾਪਤ ਹੋਈ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਤੁਗਲਵਾਲ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੁਰਜੀਤ ਸਿੰਘ ਭਿੱਟੇਵੱਡ, ਸਕੱਤਰ ਪ੍ਰਤਾਪ ਸਿੰਘ, ਓਐੱਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਬਲਵਿੰਦਰ ਸਿੰਘ ਕਾਹਲਵਾ, ਮੀਤ ਸਕੱਤਰ ਸ਼ਾਹਬਾਜ਼ ਸਿੰਘ, ਡੀਸੀਪੀ ਪਰਮਿੰਦਰ ਸਿੰਘ ਭੰਡਾਲ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਵਧੀਕ ਮੈਨੇਜਰ ਨਿਸ਼ਾਨ ਸਿੰਘ ਜਫਰਵਾਲ, ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ, ਹਰਿੰਦਰ ਸਿੰਘ, ਜਤਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

## ਸੀਨੀਅਰ ਸਿਟੀਜ਼ਨਜ਼ ਵੱਲੋਂ ਰੇਲ ਕਿਰਾਏ 'ਚ ਛੋਟ ਦੀ ਮੰਗ



ਗੁਰਦਾਸਪੁਰ, 4 ਨਵੰਬਰ (ਜਨਕ ਮਹਾਜਨ)-ਰੇਲ ਵਿਭਾਗ ਵਲੋਂ ਸੀਨੀਅਰ ਸਿਟੀਜ਼ਨਜ਼ ਨੂੰ ਬੰਦ ਕੀਤੀਆਂ ਹੋਈਆਂ ਰਿਆਇਤਾਂ ਨੂੰ ਬਹਾਲ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਪਿਛਲੇ ਦੋ ਸਾਲਾਂ ਤੋਂ ਕੇਂਦਰ ਸਰਕਾਰ ਵੱਲੋਂ ਰੇਲ ਕਿਰਾਏ ਸਬੰਧੀ ਅਤੇ ਹੋਰ ਅਜਿਹੀਆ ਸਹੂਲਤਾਂ ਸੀਨੀਅਰ ਸਿਟੀਜ਼ਨਜ਼ ਨੂੰ ਬੰਦ ਕਰਨ 'ਤੇ ਉਨ੍ਹਾਂ ਦਾ ਕੇਂਦਰ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸੀਨੀਅਰ ਸਿਟੀਜ਼ਨਜ਼ ਮੱਖਣ ਸਿੰਘ, ਰਾਮ ਪ੍ਰਕਾਸ਼, ਜਗਦੀਸ਼ ਰਾਜ ਸ਼ਰਮਾ ਆਦਿ ਨੇ ਦੱਸਿਆ ਕਿ ਰੇਲ ਵਿਭਾਗ ਵਲੋਂ ਪਹਿਲਾਂ ਕਿਰਾਏ ਵਿਚ ਅੱਧੀ ਰਿਆਇਤ ਕੀਤੀ ਜਾਂਦੀ ਸੀ ਜੋ ਹੁਣ ਦੋ ਸਾਲਾਂ ਤੋਂ ਬੰਦ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਿਨੀਅਰ ਸਿਟੀਜ਼ਨਜ਼ ਨੂੰ ਹੋਰ ਰਿਆਇਤਾਂ ਦੇਣ ਦੀ ਬਜਾਏ ਮਿਲ ਰਹੀਆਂ ਰਿਆਇਤਾਂ ਨੂੰ ਵੀ ਖ਼ਤਮ ਕਰ ਦਿੱਤਾ ਗਿਆ ਹੈ ਜਿਸ ਨਾਲ ਬਜ਼ੁਰਗਾਂ 'ਚ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਿਟੀਅਰ ਸਿਟੀਜ਼ਨਜ਼ ਨੇ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਕਿ ਰੇਲ ਕਿਰਾਏ ਆਦਿ ਦੀ ਬੰਦ ਕੀਤੀਆਂ ਰਿਆਇਤਾਂ ਮੁੜ ਬਹਾਲ ਕੀਤੀਆਂ ਜਾਣ ਅਤੇ ਗੁਰਦਾਸਪੁਰ ਰੇਲਵੇ ਸਟੇਸ਼ਨ ਤੋਂ ਭਾਰਤ ਦੇ ਦੂਰ ਦੁਰਾਡੇ ਸ਼ਹਿਰਾਂ ਨੂੰ ਰੇਲ ਸੇਵਾ ਸ਼ੁਰੂ ਕਰ ਕੀਤੀ ਜਾਵੇ ਜਿਨ੍ਹਾਂ ਵਿਚ ਚੰਡੀਗੜ੍ਹ, ਹਰਿਦੁਆਰ, ਬੰਬਈ, ਚਨਈ, ਕਲਕੱਤਾ, ਬਗਲੌਰ ਆਦਿ ਸ਼ਹਿਰਾਂ ਨੂੰ ਜਾਣ ਵਾਸਤੇ ਰੇਲਾਂ ਚਲਾਈਆਂ ਜਾਣ।

## ਥਾਣਾ ਕਾਦੀਆਂ ਵੱਲੋਂ ਚੋਰ ਕਾਬੂ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੁਲਸ ਜ਼ਿਲਾ ਬਟਾਲਾ ਅਧੀਨ ਆਉਂਦੇ ਥਾਣਾ ਕਾਦੀਆਂ ਵਿੱਚ ਆਏ ਨਵੇਂ ਐੱਸਐੱਚਓ ਕੁਲਵੰਤ ਸਿੰਘ ਮਾਨ ਵੱਲੋਂ ਪ੍ਰੈੱਸ ਨਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਸ਼ਹਿਰ ਵਿੱਚ ਵਧ ਰਹੀਆਂ ਚੋਰੀਆਂ ਅਤੇ ਟਰੈਫਿਕ ਜਾਮ ਬਾਰੇ ਅਤੇ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਦੇ ਅੱਗੇ ਲਗਾਈਆਂ ਜਾਂਦੀਆਂ ਰੇੜ੍ਹੀਆਂ ਅਤੇ ਫੜ੍ਹੀਆਂ ਬਾਰੇ ਚਰਚਾ ਕੀਤੀ ਗਈ ਅਤੇ ਉਨ੍ਹਾਂ ਨੇ ਦੁਕਾਨਦਾਰਾਂ ਨੂੰ ਵੀ ਅਪੀਲ ਕੀਤੀ ਕਿ ਹਰ ਦੁਕਾਨਦਾਰ ਆਪਣੇ ਸੀਸੀਟੀਵੀ ਕੈਮਰੇ ਸਹੀ ਲੋਕੇਸ਼ਨ ਤੇ ਲਗਾਉਣ ਅਤੇ ਉਨ੍ਹਾਂ ਕੈਮਰਿਆਂ ਦੀ ਲੈਂਜ਼ ਸਫਾਈ ਜ਼ਰੂਰ ਕਰਵਾਉਣ ਤਾਂ ਜੋ ਕੈਮਰਿਆਂ ਦੀ ਮਦਦ ਨਾਲ ਸ਼ਹਿਰ ਅੰਦਰ ਕੋਈ ਵੀ ਅਣਸੁਖਾਵੀਂ ਘਟਨਾ ਦਾ ਪਤਾ ਆਸਾਨੀ ਨਾਲ ਲਗਾਇਆ ਜਾ ਸਕੇ ਅਤੇ ਦੁਕਾਨਦਾਰਾਂ ਨੂੰ ਵੀ ਕਿਹਾ ਕਿ ਆਪਣੀਆਂ ਦੁਕਾਨਾਂ ਦੇ ਅੱਗੇ ਰੇਹੜੀਆਂ ਅਤੇ ਫੜ੍ਹੀਆਂ ਜ਼ਿਆਦਾ ਅੱਗੇ ਕਰਕੇ ਨਾ ਲਗਵਾਉਣ। ਇਸ ਮੌਕੇ ਐੱਸਐੱਚਓ ਕੁਲਵੰਤ ਸਿੰਘ ਮਾਨ ਨੇ ਦੱਸਿਆ ਕਿ ਉਨ੍ਹਾਂ ਦੇ ਕਾਦੀਆਂ ਪੁਲਸ ਸਟੇਸ਼ਨ ਆਉਣ ਤੋਂ ਪਹਿਲਾਂ ਸ਼ਹਿਰ ਅੰਦਰ ਇੱਕ ਚੋਰੀ ਦੀ ਘਟਨਾ ਹੋਈ ਸੀ ਜਿਸ ਵਿੱਚ ਛੇ ਸੱਤ ਦੁਕਾਨਾਂ ਦੀਆਂ ਇੱਕੋ ਰਾਤ ਚੋਰੀਆਂ ਹੋਈਆਂ ਸਨ ਜਿਸ ਵਿੱਚ ਉਨ੍ਹਾਂ ਨੇ ਉਸ ਮਾਮਲੇ ਨੂੰ ਟਰੇਸ ਕਰਦਿਆਂ ਚੋਰਾਂ ਨੂੰ ਪਕੜਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਇਸ ਚੋਰੀ ਦੀ ਘਟਨਾ ਵਿੱਚ ਉਨ੍ਹਾਂ ਵੱਲੋਂ ਇਹ ਇੱਕ ਮੁਜਰਮ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਬਾਕੀਆਂ ਦੀ ਭਾਲ ਪੁਲਸ ਵੱਲੋਂ ਕੀਤੀ ਜਾ ਰਹੀ ਹੈ। ਅਖੀਰ ਵਿੱਚ ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਆਉਂਦੀ ਹੈ ਤਾਂ ਉਨ੍ਹਾਂ ਨਾਲ ਬੇਝਿਜਕ ਸੰਪਰਕ ਕੀਤਾ ਜਾ ਸਕਦਾ ਹੈ।

## ਐੱਸ ਡੀ ਐੱਮ ਮਜੀਠਾ ਡਾ. ਹਰਨੂਰ ਵੱਲੋਂ ਵੱਖ-ਵੱਖ ਅਧਿਕਾਰੀਆਂ ਨਾਲ ਮੀਟਿੰਗ



ਮਜੀਠਾ (ਸੋਇਮ ਆਨੰਦ)-ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਐੱਸਡੀਐੱਮ, ਮਜੀਠਾ ਡਾ. ਹਰਨੂਰ ਕੌਰ ਢਿੱਲੋਂ ਨੇ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀਆਂ ਨਾਲ ਸਬ ਡਵੀਜ਼ਨ ਮਜੀਠਾ ਦਫਤਰ ਵਿਖੇ ਮੀਟਿੰਗ ਕੀਤੀ। ਮੀਟਿੰਗ ਵਿਚ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਵੱਲੋਂ ਜਾਰੀ ਹਦਾਇਤਾਂ ਦਾ ਜ਼ਿਕਰ ਕਰਦਿਆਂ ਐੱਸਡੀਐੱਮ ਨੇ ਸਮੂਹ ਕਲਸਟਰ ਅਫਸਰਾਂ, ਨੋਡਲ ਅਫਸਰਾਂ ਅਤੇ ਪੁਲਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਤੇ ਰਹਿੰਦ-ਖੂੰਹਦ ਨੂੰ ਲਗਾਈ ਜਾ ਰਹੀ ਅੱਗ ਨੂੰ ਰੋਕਣ ਲਈ ਸਖਤ ਨਿਰਦੇਸ਼ ਜਾਰੀ ਕਰਦਿਆਂ ਕਲਸਟਰ ਅਫਸਰਾਂ ਅਤੇ ਨੋਡਲ ਅਫਸਰਾਂ ਨੂੰ ਸਾਰਾ ਦਿਨ ਆਪਣੇ-ਆਪਣੇ ਅਲਾਟ ਕੀਤੇ ਗਏ ਖੇਤਰਾਂ ਵਿੱਚ ਹਾਜ਼ਰ ਰਹਿ ਕੇ ਸਬੰਧਤ ਪੁਲਸ ਵਿਭਾਗ ਦੇ ਕਰਮਚਾਰੀਆਂ ਨਾਲ ਵਿਜ਼ਟ ਕਰਕੇ ਰਿਪੋਰਟ ਭੇਜਣ ਲਈ ਆਦੇਸ਼ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਇਹ ਦੇਖਣ ਵਿਚ ਆਇਆ ਹੈ ਕਿ ਕਿਸਾਨ ਪਰਾਲੀ ਨੂੰ ਅੱਗ ਲਗਾਉਣ ਤੋਂ ਨਹੀਂ ਹਟ ਰਹੇ! ਇਸ ਮੌਕੇ ਤਹਿਸੀਲਦਾਰ, ਡੀਐਸਪੀ ਕੰਵਲਪ੍ਰੀਤ ਸਿੰਘ, ਬੀਡੀਪੀਓ ਜਸਬੀਰ ਕੌਰ, ਸ਼ਰਨਜੀਤ ਸਿੰਘ ਮਜੀਠਾ, ਦਵਿੰਦਰ ਸਿੰਘ, ਅਰਨਪ੍ਰੀਤ ਸਿੰਘ ਸਾਰੇ ਖੇਤੀਬਾੜੀ ਵਿਸਥਾਰ ਅਫਸਰ, ਨਰਿੰਦਰ ਕੁਮਾਰ, ਰਾਜੇਸ਼ ਕੁਮਾਰ, ਕੁਲਦੀਪ ਸਿੰਘ, ਜਸਵਿੰਦਰ ਸਿੰਘ ਬੇਦੀ, ਮੇਜਰ ਸਿੰਘ ਭੋਮਾ, ਕਵਲਅਵਤਾਰ ਸਿੰਘ, ਆਸ਼ੂ ਕੁਮਾਰ, ਹਰਪ੍ਰੀਤ ਸਿੰਘ, ਇਕਬਾਲ ਸਿੰਘ, ਮਨਬੀਰ ਸਿੰਘ ਮੱਲ੍ਹੀ ਸਾਰੇ ਪਟਵਾਰੀ, ਰੀਡਰ ਵਰਿੰਦਰ ਭਾਟੀਆ, ਦੀਪਕ ਭੱਟੀ, ਲਿਆਸ ਮਸੀਹ, ਹਰਦੀਪ ਸਿੰਘ ਆਦਿ ਸ਼ਾਮਲ ਸਨ।

## ਲੁਟੇਰੇ 5 ਹਜ਼ਾਰ ਨਕਦੀ ਤੇ ਜ਼ਰੂਰੀ ਕਾਗਜ਼ਾਤ ਲੈ ਕੇ ਫ਼ਰਾਰ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਕਲਾਨੌਰ ਪੁਲਸ ਦੇ ਏਐੱਸਆਈ ਨਰੇਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਨੂੰ ਕੀਤੀ ਸ਼ਿਕਾਇਤ ਵਿਚ ਗੁਰਦੀਪ ਸਿੰਘ ਗੋਗਾ ਪੁੱਤਰ ਪਲਵਿੰਦਰ ਸਿੰਘ ਵਾਸੀ ਮੋੜ ਥਾਣਾ ਕਲਾਨੌਰ ਕਿਹਾ ਕਿ ਮੈਂ ਆਪਣਾ ਗੋਗਾ ਹੈਲਥ ਕੇਅਰ ਸੈਂਟਰ (ਮੈਡੀਕਲ ਸਟੋਰ) ਚਲਾਉਂਦਾ ਹਾਂ। ਸ਼ਾਮ ਨੂੰ ਸਾਢੇ ਕੁ ਅੱਠ ਵਜੇ ਇੱਕ ਚਿੱਟੇ ਰੰਗ ਦੀ ਕਾਰ ਮਾਰਕਾ ਵਰਨਾ ਗੁਰਦਾਸਪੁਰ ਸਾਇਡ ਤੋਂ ਆ ਕੇ ਦੁਕਾਨ ਦੇ ਸਾਹਮਣੇ ਰੁਕ ਗਈ। ਕਾਰ ਵਿੱਚੋਂ 4 ਵਿਅਕਤੀ ਉਤਰੇ ਜਿਨ੍ਹਾਂ ਨੇ ਆਪਣੇ ਚਿਹਰੇ ਕੱਪੜੇ ਨਾਲ ਢੱਕੇ ਹੋਏ ਸਨ, ਦੁਕਾਨ ਦੇ ਅੰਦਰ ਆਏ। ਇਕ ਕੋਲ ਕ੍ਰਿਪਾਨ, ਇੱਕ ਕੋਲ ਦਾਤਰ ਅਤੇ ਇੱਕ ਪਾਸ ਪਿਸਤੌਲ ਸੀ, ਜਿਨ੍ਹਾਂ ਨੇ ਦੁਕਾਨ ਦੇ ਅੰਦਰ ਆਉਂਦੇ ਸਾਰ ਹੀ ਜ਼ਬਰਦਸਤੀ ਦਸਤੀ ਹਥਿਆਰਾਂ ਦਾ ਡਰਾਵਾ ਦੇ ਕੇ ਮੁਦਈ ਦੀ ਪਹਿਨੀ ਹੋਈ ਪੈਂਟ ਦੀ ਪਿਛਲੀ ਜੇਬ ਵਿੱਚੋਂ ਕਰੀਬ 5000 ਰੁਪਏ, ਪੈਨ ਕਾਰਡ, ਡਰਾਈਵਿੰਗ ਲਾਈਸੈਂਸ, ਮੈਡੀਕਲ ਸਟੋਰ ਦਾ ਲਾਈਸੈਂਸ ਅਤੇ ਮੋਬਾਇਲ ਫੋਨ ਮਾਰਕਾ ਵੀਵੋ ਖੋਹ ਕੇ ਬਾਹਰ ਖੜੀ ਕਾਰ ਵਿੱਚ ਸਵਾਰ ਹੋ ਕੇ ਵਾਪਸ ਗੁਰਦਾਸਪੁਰ ਸਾਈਡ ਨੂੰ ਚਲੇ ਗਏ। ਪੁਲਸ ਨੇ 4 ਨਾਮਲੂਮ ਵਿਅਕਤੀਆਂ ਖ਼ਿਲਾਫ਼ ਧਾਰਾ 392, 34 ਆਈਪੀਸੀ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਸ੍ਰੀ ਗੁਰੂ ਅਮਰਦਾਸ ਸਕੂਲ ਵਿਖੇ ਧਾਰਮਿਕ ਪ੍ਰੀਖਿਆ ਕਰਵਾਈ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਆਬਾਦ ਵਿਖੇ ਧਾਰਮਿਕ ਪ੍ਰੀਖਿਆ ਕਰਵਾਈ ਗਈ। ਇਹ ਪ੍ਰੀਖਿਆ ਹਰ ਸਾਲ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਲਈ ਜਾਂਦੀ ਹੈ। ਸਿੱਖ ਮਿਸ਼ਨਰੀ ਕਾਲਜ ਦਾ ਇਹ ਬਹੁਤ ਵੱਡਾ ਉਪਰਾਲਾ ਹੈ।

ਇਸ ਪੇਪਰ ਦੀ ਤਿਆਰੀ ਲਈ ਵਿਦਿਆਰਥੀ ਨੂੰ ਤਿਆਰੀ ਲਈ ਧਾਰਮਿਕ ਕਿਤਾਬਾਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਪ੍ਰੀਖਿਆ ਵਿੱਚ ਜਪੁਜੀ ਸਾਹਿਬ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਿਤ ਪ੍ਰਸ਼ਨ ਪੁੱਛੇ ਜਾਂਦੇ ਹਨ। ਜੋ ਵਿਦਿਆਰਥੀ ਅਭਿਆਸ ਕਰਨ ਲਈ ਪੋਥੀਆਂ ਪੜ੍ਹਦੇ ਹਨ ਉਨ੍ਹਾਂ ਦੇ ਗਿਆਨ ਵਿੱਚ ਬਹੁਤ ਵਾਧਾ ਹੁੰਦਾ ਹੈ ਤੇ ਇੱਕ ਨਰੋਏ ਸਮਾਜ ਦੀ ਸਿਰਜਣਾ ਕਰਦੇ ਹਨ।

ਸੰਸਥਾ ਦੇ ਐਮ. ਡੀ. ਸੁਰਜੀਤ ਸਿੰਘ ਭਰੋਵਾਲ ਨੇ ਦੱਸਿਆ ਕਿ ਸਾਡੇ ਸਕੂਲ ਵਿੱਚ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਨਾਲ ਵਿਦਿਆਰਥੀ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ। ਇਸ ਪ੍ਰੀਖਿਆ ਦੇ ਸੰਚਾਲਨ ਲਈ ਕਾਲਜ ਵੱਲੋਂ ਅਮਰ ਸਿੰਘ ਅਤੇ ਮੈਡਮ ਹਰਜਿੰਦਰ ਕੌਰ ਦੀ ਡਿਊਟੀ ਨਿਗਰਾਨ ਦੇ ਤੌਰ 'ਤੇ ਲਗਾਈ ਗਈ ਸੀ। ਉਨ੍ਹਾਂ ਨੇ ਇਸ ਪ੍ਰੀਖਿਆ ਦਾ ਸੰਚਾਲਨ ਬਹੁਤ ਵਧੀਆ ਤਰੀਕੇ ਨਾਲ ਕੀਤਾ।

# ਸਿਹਤ ਵਿਭਾਗ ਦੀ ਟੀਮ ਵੱਲੋਂ ਮੈਡੀਕਲ ਸਟੋਰਾਂ ਦੀ ਵਿਸ਼ੇਸ਼ ਚੈਕਿੰਗ

*** 880 ਪਾਬੰਦੀਸ਼ੁਦਾ ਪੈਗਰਾਬਾਲਿਨ ਕੈਪਸੂਲ ਤੇ 230 ਗੋਲੀਆਂ ਬਰਾਮਦ**



ਗੁਰਦਾਸਪੁਰ, (ਦਿਨੇਸ਼ ਕੁਮਾਰ)-ਫੂਡ ਐਂਡ ਡਰੱਗ ਐਡਮਿਨਿਸਟ੍ਰੇਟਰ ਡਾ: ਅਭਿਨਵ ਤ੍ਰਿਖਾ ਅਤੇ ਸਿਵਲ ਸਰਜਨ ਡਾ: ਹਰਭਜਨ ਰਾਮ ਮਾਂਡੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ੋਨਲ ਲਾਇਸੈਂਸਿੰਗ ਅਥਾਰਟੀ ਕੁਲਵਿੰਦਰ ਸਿੰਘ ਅਤੇ ਡਰੱਗ ਇੰਸਪੈਕਟਰ ਗੁਰਦੀਪ ਸਿੰਘ ਵੱਲੋਂ ਮੈਡੀਕਲ ਸਟੋਰਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਗਈ। ਜ਼ਿਕਰਯੋਗ ਹੈ ਕਿ ਸਿਹਤ ਵਿਭਾਗ ਵੱਲੋਂ ਮੈਡੀਕਲ ਸਟੋਰਾਂ 'ਤੇ ਪਾਬੰਦੀਸ਼ੁਦਾ ਦਵਾਈਆਂ ਦੀ ਵਿਕਰੀ ਨੂੰ ਰੋਕਣ ਅਤੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਮੈਡੀਕਲ ਸਟੋਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਚੈਕਿੰਗ ਦੌਰਾਨ ਟੀਮ ਨੇ 880 ਪਾਬੰਦੀਸ਼ੁਦਾ ਪੈਗਰਾਬਾਲਿਨ ਕੈਪਸੂਲ ਅਤੇ 230 ਗੋਲੀਆਂ ਬਰਾਮਦ ਕੀਤੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ੋਨਲ ਲਾਇਸੈਂਸਿੰਗ ਅਥਾਰਟੀ ਕੁਲਵਿੰਦਰ ਸਿੰਘ ਅਤੇ ਡਰੱਗ ਇੰਸਪੈਕਟਰ ਗੁਰਦੀਪ ਸਿੰਘ ਨੇ ਦੱਸਿਆ ਕਿ ਟੀਮ ਵੱਲੋਂ ਹਰਦੋਛੰਨੀ ਰੋਡ 'ਤੇ ਸਥਿਤ ਸਤਿਗੁਰੂ ਮੈਡੀਕਲ ਸਟੋਰ ਵਿਖੇ ਚੈਕਿੰਗ ਕੀਤੀ ਗਈ।

ਚੈਕਿੰਗ ਦੌਰਾਨ ਮੈਡੀਕਲ ਸਟੋਰ ਤੋਂ 880 ਪਾਬੰਦੀਸ਼ੁਦਾ ਪੈਗਰਾਬਲੀਨ ਕੈਪਸੂਲ ਅਤੇ 230 ਗੋਲੀਆਂ ਬਰਾਮਦ ਹੋਈਆਂ, ਜਿਨ੍ਹਾਂ ਨੂੰ ਮੌਕੇ 'ਤੇ ਹੀ ਜ਼ਬਤ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਟੀਮ ਨੇ ਜਦੋਂ ਦੁਕਾਨ ਤੇ ਦਵਾਈਆਂ ਦੀ ਖਰੀਦ-ਵੇਚ ਸਬੰਧੀ ਰਿਕਾਰਡ ਦੀ ਜਾਂਚ ਕੀਤੀ ਤਾਂ ਉਸ 'ਚ ਵੀ ਕਾਫੀ ਊਣਤਾਈਆਂ ਪਾਈਆਂ ਗਈਆਂ, ਜੋ ਕਿ ਨਿਯਮਾਂ ਦੇ ਉਲਟ ਸੀ। ਉਨ੍ਹਾਂ ਦੱਸਿਆ ਕਿ ਇਸ ਦੁਕਾਨ ਤੋਂ ਤਿੰਨ ਵੱਖ-ਵੱਖ ਦਵਾਈਆਂ ਦੇ ਸੈਂਪਲ ਵੀ ਲਏ ਗਏ ਹਨ, ਜਿਨ੍ਹਾਂ ਨੂੰ ਜਾਂਚ ਲਈ ਭੇਜ ਦਿੱਤਾ ਗਿਆ ਹੈ ਅਤੇ ਜੇਕਰ ਜਾਂਚ ਰਿਪੋਰਟ 'ਚ ਕੋਈ ਗੜਬੜ ਪਾਈ ਗਈ ਤਾਂ ਮੈਡੀਕਲ ਸਟੋਰ ਖਿਲਾਫ ਨਿਯਮਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ। ਸਮੂਹ ਮੈਡੀਕਲ ਸਟੋਰ ਮਾਲਕਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਡਾਕਟਰ ਦੀ ਪਰਚੀ ਤੋਂ ਬਿਨਾਂ ਕੋਈ ਵੀ ਪਾਬੰਦੀਸ਼ੁਦਾ ਦਵਾਈ ਨਾ ਵੇਚਣ ਅਤੇ ਕਿਸੇ ਵੀ ਕਿਸਮ ਦੀ ਅਣ-ਅਧਿਕਾਰਤ ਜਾਂ ਨਸ਼ੀਲੀ ਦਵਾਈ ਨਾ ਵੇਚਣ, ਨਹੀਂ ਤਾਂ ਸਬੰਧਤ ਮੈਡੀਕਲ ਸਟੋਰ ਮਾਲਕ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਕੁਲਵਿੰਦਰ ਸਿੰਘ ਨੇ ਦੱਸਿਆ ਕਿ ਮੈਡੀਕਲ ਸਟੋਰਾਂ ਦੀ ਚੈਕਿੰਗ ਦੀ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰੱਖੀ ਜਾਵੇਗੀ।

## ਡਾਕਟਰ ਤੋਂ ਮੰਗੀ ਦੋ ਕਰੋੜ ਦੀ ਫਿਰੌਤੀ, ਨਾ ਮਿਲਣ 'ਤੇ ਜਾਨੋਂ ਮਾਰਨ ਦੀ ਧਮਕੀ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਿੱਖੀਵਿੰਡ ਸ਼ਹਿਰ 'ਚ ਸਥਿਤ ਇੱਕ ਨਿੱਜੀ ਹਸਪਤਾਲ ਦੇ ਡਾਕਟਰ ਤੋਂ ਗੈਂਗਸਟਰ ਵੱਲੋਂ 2 ਕਰੋੜ ਰੁਪਏ ਦੀ ਫਿਰੌਤੀ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸ ਦਈਏ ਕਿ ਗੈਂਗਸਟਰ ਨੇ ਪੈਸਾ ਨਾ ਦੇਣ ਦੀ ਸੂਰਤ ਵਿੱਚ ਡਾਕਟਰ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ।

ਇਸ ਮਾਮਲੇ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਹਰਤੇਸ਼ ਪੁੱਤਰ ਸੁਭਾਸ਼ ਚੰਦਰ ਵਾਸੀ ਭਿੱਖੀਵਿੰਡ ਨੇ ਦੱਸਿਆ ਕਿ ਬੀਤੇ ਕੁਝ ਦਿਨਾਂ ਤੋਂ ਇੱਕ ਗੈਂਗਸਟਰ ਵਿਦੇਸ਼ੀ ਨੰਬਰ ਤੋਂ ਵਟਸਐਪ ਕਾਲ ਕਰਕੇ ਉਸ ਤੋਂ 2 ਕਰੋੜ ਰੁਪਏ ਦੀ ਫਿਰੌਤੀ ਮੰਗ ਰਿਹਾ ਹੈ। ਡਾਕਟਰ ਨੇ ਦੱਸਿਆ ਕਿ ਗੈਂਗਸਟਰ ਨੇ ਪੈਸਾ ਨਾ ਮਿਲਣ ਦੀ ਸੂਰਤ ਵਿੱਚ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਹੈ। ਡਾ. ਦਾ ਕਹਿਣਾ ਸੀ ਕਿ ਉਨ੍ਹਾਂ ਵੱਲੋਂ ਇਸ ਮਾਮਲੇ ਸੰਬੰਧੀ ਇੱਕ ਲਿਖਤੀ ਦਰਖਾਸਤ ਥਾਣਾ ਭਿੱਖੀਵਿੰਡ ਵਿਖੇ ਦਰਜ ਕਰਵਾਈ ਗਈ ਹੈ, ਪ੍ਰੰਤੂ ਹੁਣ ਤੱਕ ਪੁਲਸ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਨਹੀਂ ਕਰਵਾਈ। ਪੁਲਸ ਪ੍ਰਸ਼ਾਸਨ ਖਿਲਾਫ ਰੋਸ ਜ਼ਾਹਿਰ ਕਰਦਿਆਂ ਡਾ. ਹਰਤੇਸ਼ ਚੋਪੜਾ ਨੇ ਕਿਹਾ ਕਿ ਜੇਕਰ ਉਸ ਦੇ ਪਰਿਵਾਰ ਦਾ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦਾ ਜ਼ਿੰਮੇਵਾਰ ਪ੍ਰਸ਼ਾਸਨ ਹੋਵੇਗਾ।

# ਸੰਦੀਪ ਦਾਈਆ ਖਿਲਾਫ਼ ਪਰਚਾ ਦਰਜ ਕਰਨ ਦੀ ਮੰਗ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਅਜਨਾਲਾ ਵਿਖੇ ਸਰਬੱਤ ਦਾ ਭਲਾ ਸਾਂਝਾ ਮੰਚ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਚੇਅਰਮੈਨ ਕੰਵਲਜੀਤ ਸਿੰਘ ਸਰਾਂ ਦੀ ਅਗਵਾਈ 'ਚ ਮੰਚ ਦੇ ਆਗੂਆਂ ਤੇ ਵਰਕਰਾਂ ਦੀ ਹੋਈ ਮੀਟਿੰਗ 'ਚ ਬੀਤੇ ਦਿਨੀਂ ਰਾਜਸਥਾਨ ਦੀ ਅਲਵਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਅਤੇ ਤਿਜਾਰਾ ਵਿਧਾਨ ਸਭਾ ਸੀਟ ਤੋਂ ਭਾਜਪਾ ਦੇ ਉਮੀਦਵਾਰ ਮਹੰਤ ਬਾਲਕ ਨਾਥ ਦੇ ਚੋਣ ਨਾਮਜ਼ਦਗੀ ਕਾਗਜ਼ ਭਰਨ ਤੋਂ ਪਹਿਲਾਂ ਹੋਈ ਰੈਲੀ ਦੌਰਾਨ ਭਾਜਪਾ ਨੇਤਾ ਸੰਦੀਪ ਦਈਆ ਵੱਲੋਂ ਇਲਾਕੇ 'ਚ ਗੁਰਦੁਆਰਾ ਸਾਹਿਬ ਅਤੇ ਮਸਜਿਦਾਂ ਖਿਲਾਫ਼ ਅਪਸ਼ਬਦ ਬੋਲੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਮੰਗ ਕੀਤੀ ਕਿ ਉਕਤ ਭਾਜਪਾ ਨੇਤਾ ਖਿਲਾਫ਼ ਬਣਦੀ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ।

ਇਸ ਮੌਕੇ ਚੇਅਰਮੈਨ ਕੰਵਲਜੀਤ ਸਿੰਘ ਸਰਾਂ ਨੇ ਕਿਹਾ ਕਿ ਭਾਜਪਾ ਨੇਤਾ ਵੱਲੋਂ ਜਾਣਬੁੱਝ ਕੇ ਘੱਟ ਗਿਣਤੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ। ਇਸ ਲਈ ਉਕਤ ਭਾਜਪਾ ਨੇਤਾ ਵਿਰੁੱਧ ਮਿਸਾਲੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜੇਕਰ ਉਕਤ ਨੇਤਾ ਖਿਲਾਫ਼ ਬਣਦੀ ਸਖਤ ਤੋਂ ਸਖਤ ਕਾਰਵਾਈ ਨਾ ਕੀਤੀ ਤਾਂ ਹਮਖਿਆਲ ਜਥੇਬੰਦੀਆਂ ਨੂੰ ਨਾਲ ਲੈ ਕੇ ਭਾਜਪਾ ਖਿਲਾਫ ਤਿੱਖਾ ਸੰਘਰਸ਼ ਵਿੱਢਣਾ ਪਵੇਗਾ।

ਇਸ ਮੌਕੇ ਜ਼ਿਲਾ ਚੇਅਰਮੈਨ ਕਸ਼ਮੀਰ ਸਿੰਘ ਲਾਡੀ, ਜਨਰਲ ਸਕੱਤਰ ਹਰਪ੍ਰੀਤ ਸਿੰਘ, ਸਰਕਲ ਇੰਚਾਰਜ ਹਰਦੀਪ ਸਿੰਘ ਅੱਬੂਸੈਦ, ਸਕੱਤਰ ਸੁਰਜੀਤ, ਬਾਬਾ ਦਲਬੀਰ ਸਿੰਘ, ਰੋਹਿਤ ਕੁਮਾਰ, ਸੋਨੂੰ ਅਰੋੜਾ, ਅਨਿਲ ਸ਼ਰਮਾ ਆਦਿ ਹਾਜ਼ਰ ਸਨ।

# ਸਬਸਿਡੀ 'ਤੇ ਦਿੱਤੀ ਮਸ਼ੀਨਰੀ ਦੀ ਫਿਜ਼ੀਕਲ ਵੈਰੀਫਿਕੇਸ਼ਨ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਥਾਨਿਕ ਸ਼ਹਿਰ ਵਿੱਚ ਸਥਿਤ ਖੇਤੀਬਾੜੀ ਵਿਭਾਗ ਦੇ ਬਲਾਕ ਪੱਧਰੀ ਮੁੱਖ ਦਫਤਰ ਵਿਖੇ ਜ਼ਿਲ੍ਹਾ ਅੰਮ੍ਰਿਤਸਰ ਦੇ ਮੁੱਖ ਖੇਤੀਬਾੜੀ ਅਫਸਰ ਡਾ. ਜਤਿੰਦਰ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੂਰੇ ਅੰਮ੍ਰਿਤਸਰ ਜ਼ਿਲੇ ਵਿੱਚ ਇਕੱਠੀ ਮਸ਼ੀਨਰੀ ਦੀ ਵੈਰੀਫਿਕੇਸ਼ਨ ਕੀਤੀ ਗਈ। ਇਸ ਦੇ ਤਹਿਤ ਬਲਾਕ ਅਜਨਾਲਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਵੀ ਡਾ. ਸੁਖਰਾਜਬੀਰ ਸਿੰਘ ਗਿੱਲ ਖੇਤੀਬਾੜੀ ਅਫਸਰ ਬਲਾਕ ਅਜਨਾਲਾ ਦੀ ਯੋਗ ਅਗਵਾਈ ਹੇਠ ਦਫਤਰ ਵਿਖੇ ਮਸ਼ੀਨਾਂ ਮੰਗਵਾ ਕੇ ਉਨ੍ਹਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕੀਤੀ ਗਈ ਤਾਂ ਜੋ ਕਿਸਾਨਾਂ ਨੂੰ ਬਣਦੀ ਸਬਸਿਡੀ ਮੁਹੱਈਆ ਕਰਵਾਈ ਜਾ ਸਕੇ। ਇਸ ਮੌਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਮੁੱਖ ਖੇਤੀਬਾੜੀ ਅਫਸਰ ਡਾ. ਜਤਿੰਦਰ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਵੈਰੀਫਿਕੇਸ਼ਨ ਕਰਨ ਲਈ ਬਲਾਕ ਅਜਨਾਲਾ ਵਿਖੇ ਪੁੱਜੇ। ਇਸ ਮੌਕੇ ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਮਸ਼ੀਨਰੀ ਦੀ ਵਰਤੋਂ ਕਰਕੇ ਕਣਕ ਦੀ ਬਿਜਾਈ ਕੀਤੀ ਜਾਵੇ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਈ ਜਾਵੇ। ਇਸ ਮੌਕੇ ਖੇਤੀਬਾੜੀ ਅਫਸਰ ਅਜਨਾਲਾ ਡਾ. ਸੁਖਰਾਜਬੀਰ ਸਿੰਘ ਗਿੱਲ ਨੇ ਦੱਸਿਆ ਕਿ ਬਲਾਕ ਅਜਨਾਲਾ ਵੱਲੋਂ ਹੁਣ ਤੱਕ 140 ਮਸ਼ੀਨਾਂ ਦੀ ਵੈਰੀਫਿਕੇਸ਼ਨ ਕਰ ਦਿੱਤੀ ਗਈ ਹੈ ਅਤੇ ਜਲਦ ਹੀ ਉਨਾਂ ਦੀ ਬਨਦੀ ਸਬਸਿਡੀ ਕਿਸਾਨਾਂ ਦੇ ਖਾਤਿਆਂ ਵਿੱਚ ਆ ਜਾਵੇਗੀ। ਇਸ ਮੌਕੇ ਏਡੀਓ ਅਜਮੇਰ ਸਿੰਘ, ਪ੍ਰਭਜੋਤ ਕੌਰ, ਗੁਰਿੰਦਰ ਸਿੰਘ, ਜਸਦੀਪ ਸਿੰਘ, ਹਰਜਿੰਦਰ ਸਿੰਘ, ਅਮਰਜੀਤ ਕੌਰ, ਹਰਪ੍ਰੀਤ ਸਿੰਘ (ਸਾਰੇ ਖੇਤੀਬਾੜੀ ਵਿਸਥਾਰ ਅਫਸਰ), ਬ੍ਰਹਮਜੀਤ ਸਿੰਘ, ਸੁਖਮੀਤ ਸਿੰਘ, ਕੁਲਜੀਤ ਕੌਰ ਜਸਵੰਤ ਸਿੰਘ, ਰਣਜੀਤ ਸਿੰਘ ਜੁਗਰਾਜ ਸਿੰਘ, ਸਬ ਇੰਸਪੈਕਟਰ ਗੁਰਲਾਲ ਸਿੰਘ ਆਦਿ ਸਟਾਫ ਹਾਜ਼ਰ ਸੀ।



# ਮਜੀਠਾ 'ਚ ਕਾਂਗਰਸ ਨੂੰ ਝਟਕਾ, ਦਰਜਨਾਂ ਪਰਿਵਾਰ 'ਆਪ' 'ਚ ਸ਼ਾਮਲ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਆਮ ਆਦਮੀ ਪਾਰਟੀ ਨੂੰ ਹਲਕਾ ਮਜੀਠਾ ਵਿੱਚ ਉਸ ਵੇਲੇ ਭਾਰੀ ਬਲ ਮਿਲਿਆ ਜਦੋਂ ਦਰਜਨਾਂ ਪਰਿਵਾਰ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ ਜਿਨਾਂ ਨੂੰ ਹਲਕਾ ਇੰਚਾਰਜ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਦੀ ਪਤਨੀ ਵੱਲੋਂ ਸਰੋਪੇ ਦੇ ਕੇ ਸਨਮਾਨਿਤ ਕਰਦਿਆਂ ਪਾਰਟੀ ਵਿੱਚ ਮਾਣ-ਸਨਮਾਨ ਦੇਣ ਦਾ ਵਾਅਦਾ ਕੀਤਾ।

ਖੈੜੇ ਬਾਲਾ ਚੱਕ 'ਚ ਗੁਰਮੇਲ ਸਿੰਘ ਫੌਜੀ ਦੇ ਘਰ ਮੀਟਿੰਗ ਹੋਈ। ਮੀਟਿੰਗ ਵਿੱਚ ਹਲਕਾ ਇੰਚਾਰਜ ਲਾਲੀ ਮਜੀਠੀਆ ਦੀ ਧਰਮ ਪਤਨੀ ਡਾ. ਸਤਿੰਦਰ ਗਿੱਲ ਮਜੀਠੀਆ ਨੇ ਸ਼ਿਰਕਤ ਕੀਤੀ। ਲੋਕਾਂ ਨੂੰ ਆਉਂਦੀਆਂ ਮੁਸ਼ਕਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਬੀਡੀਓ ਤਰਸਿੱਕਾ ਪ੍ਰਗਟ ਸਿੰਘ ਨਾਲ ਬੈਠ ਕੇ ਮੌਕੇ 'ਤੇ ਹੀ ਹੱਲ ਲੱਭੇ ਗਏ।

ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਦਰਜਨਾਂ ਪਰਿਵਾਰਾਂ ਨੇ ਅਕਾਲੀ ਦਲ ਤੇ ਕਾਂਗਰਸ ਨੂੰ ਛੱਡ ਕੇ ਆਪ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਅਵਲ ਮਜੀਠਾ, ਸਰਪੰਚ ਅੰਗਰੇਜ਼ ਸਿੰਘ ਖੈੜੇ, ਦਲੇਰ ਸਿੰਘ ਸਾਧਪੁਰ ਅਤੇ ਪਾਰਟੀ ਦੇ ਅਹੁਦੇਦਾਰ, ਵਰਕਰ ਅਤੇ ਵਲੰਟੀਅਰ ਹਾਜ਼ਰ ਸਨ।

# ਛੱਜਲਵੱਡੀ ਵਿਖੇ 19ਵਾਂ ਇਨਕਲਾਬੀ ਮੇਲਾ 18 ਤੇ 19 ਨੂੰ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼ਹੀਦ ਗਹਿਲ ਸਿੰਘ ਯਾਦਗਾਰੀ ਟਰੱਸਟ ਦੀ ਇੱਕ ਅਹਿਮ ਮੀਟਿੰਗ ਪਿੰਡ ਛੱਜਲਵੱਡੀ ਵਿਖੇ ਪ੍ਰਕਾਸ਼ ਸਿੰਘ ਥੋਥੀਆਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਰਮਨਜੀਤ ਸਿੰਘ, ਰਵਿੰਦਰ ਸਿੰਘ ਛੱਜਲਵੱਡੀ, ਗੁਰਕੰਵਰ ਸਿੰਘ, ਜਗਤਾਰ ਸਿੰਘ ਥੋਥੀਆਂ, ਹਰਿੰਦਰ ਦੁਸਾਂਝ, ਸਾਹਿਬ ਸਿੰਘ ਸਰਜਾ, ਲੱਖਾ ਸਿੰਘ ਛੱਜਲਵੱਡੀ, ਗੁਰਿੰਦਰਜੀਤ ਸਿੰਘ ਛੱਜਲਵੱਡੀ, ਸਰਬਜੀਤ ਕੌਰ, ਗੁਰਚਰਨ ਸਿੰਘ ਭੈਣੀ, ਦਲਬੀਰ ਸਿੰਘ ਛੱਜਲਵੱਡੀ, ਰਾਕੇਸ਼ ਕੁਮਾਰ ਰਈਆ, ਮੰਗਲ ਸਿੰਘ ਟੇਲਰ, ਚੰਨਣ ਸਿੰਘ ਚੰਨਾ, ਮਹਿੰਦਰ ਸਿੰਘ, ਸੁਰਜੀਤ ਪਲਵਾ, ਗੁਰਦੀਪ ਸਿੰਘ, ਕੰਵਲਜੀਤ ਕੌਰ, ਰਾਜੇਸ਼ ਕੁਮਾਰ ਛੱਜਲਵੱਡੀ, ਜਸਪਾਲ ਸਿੰਘ ਟਾਂਗਰਾ, ਰਾਜਵਿੰਦਰ ਕੌਰ, ਜਗਜੀਤ ਸਿੰਘ ਚੌਹਾਨ, ਸ਼ਰਨਦੀਪ ਜੱਬੋਵਾਲ, ਮਹਿਲ ਸਿੰਘ ਜੱਬੋਵਾਲ, ਰਾਜ ਕੌਰ ਛੱਜਲਵੱਡੀ, ਬਲਕਾਰ ਸਿੰਘ ਦੇਬ੍ਹਾ, ਜਸਵਿੰਦਰ ਸਿੰਘ ਜੱਬੋਵਾਲ, ਰਾਜਿੰਦਰ ਕੁਮਾਰ ਜੱਬੋਵਾਲ ਅਤੇ ਅਮਰਜੀਤ ਸਿੰਘ ਆਦਿ ਸ਼ਾਮਲ ਹੋਏ। ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਭਾਈ ਲਾਲੋ ਦੇ ਵਾਰਸ ਕਿਰਤੀ ਮਜ਼ਦੂਰਾਂ ਦੀ ਅਣਥੱਕ ਘਾਲਣਾ ਅਤੇ ਉਨ੍ਹਾਂ ਦੀ ਮੁਕਤੀ ਦੀ ਲਹਿਰ ਨੂੰ ਸਮਰਪਿਤ ਦੋ ਰੋਜ਼ਾ 19ਵਾਂ ਇਨਕਲਾਬੀ ਮੇਲਾ 18-19 ਨਵੰਬਰ ਨੂੰ ਪਿੰਡ ਛੱਜਲਵੱਡੀ ਵਿਖੇ ਕਰਵਾਇਆ ਜਾਵੇਗਾ। ਮੇਲੇ ਦੇ ਪਹਿਲੇ ਦਿਨ 18 ਨਵੰਬਰ ਨੂੰ 10 ਵਜੇ ਸਕੂਲੀ ਵਿਦਿਆਰਥੀਆਂ ਦੇ ਭਾਸ਼ਣ, ਕਵਿਤਾ, ਗਾਇਨ ਅਤੇ ਪੇਂਟਿੰਗ ਮੁਕਾਬਲੇ ਕਰਵਾਏ ਜਾਣਗੇ। 19 ਨਵੰਬਰ ਨੂੰ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਦੇ ਕੋਰੀਓਗ੍ਰਾਫੀ ਮੁਕਾਬਲੇ ਹੋਣਗੇ ਅਤੇ ਦੁਪਹਿਰੇ 2 ਵਜੇ ਅਦਾਕਾਰ ਮੰਚ ਮੋਹਾਲੀ ਦੀ ਟੀਮ ਵੱਲੋਂ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਚਰਚਿਤ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆ' ਦਾ ਮੰਚਨ ਕੀਤਾ ਜਾਵੇਗਾ। ਇਸ ਮੇਲੇ ਵਿੱਚ ਹਰ ਸਾਲ ਇਲਾਕੇ ਭਰ 'ਚੋਂ ਕਿਸਾਨ, ਮਜ਼ਦੂਰ, ਮੁਲਾਜ਼ਮ, ਔਰਤਾਂ ਅਤੇ ਨੌਜਵਾਨ ਵੱਡੀ ਗਿਣਤੀ ਵਿੱਚ ਆਪਣੀ ਹਾਜ਼ਰੀ ਲਗਵਾਉਂਦੇ ਹਨ।

## ਸੁਖਦੇਵ ਸਿੰਘ ਬਾਹੀਆ ਦੇ ਅਕਾਲ ਚਲਾਣੇ 'ਤੇ ਧਾਮੀ ਵੱਲੋਂ ਦੁੱਖ ਪ੍ਰਗਟ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਬਾਹੀਆ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸੁਖਦੇਵ ਸਿੰਘ ਬਾਹੀਆ ਸ਼੍ਰੋਮਣੀ ਕਮੇਟੀ ਮੈਂਬਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ।

ਬਾਹੀਆ ਦੇ ਅਕਾਲ ਚਲਾਣੇ ਨਾਲ ਉਨ੍ਹਾਂ ਦੇ ਪਰਿਵਾਰ ਦੇ ਨਾਲ-ਨਾਲ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਵੀ ਵੱਡਾ ਘਾਟਾ ਪਿਆ ਹੈ। ਉਨ੍ਹਾਂ ਸੁਖਦੇਵ ਸਿੰਘ ਬਾਹੀਆ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਦੇਣ। ਸ. ਸੁਖਦੇਵ ਸਿੰਘ ਬਾਹੀਆ ਦੇ ਅਕਾਲ ਚਲਾਣਾ ਕਰ ਜਾਣ 'ਤੇ ਸੋਗ ਵਜੋਂ ਬਾਅਦ ਦੁਪਹਿਰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਬੰਦ ਰੱਖੇ ਗਏ।

# ਸੇਂਟ ਕਬੀਰ ਸਕੂਲ ਸੁਲਤਾਨਪੁਰ ਦੇ ਖਿਡਾਰੀਆਂ ਅਥਲੈਟਿਕਸ 'ਚ 12 ਤਮਗੇ ਜਿੱਤੇ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦੇ ਵਿਦਿਆਰਥੀ ਹਰ ਖੇਡ ਮੁਕਾਬਲਿਆਂ ਵਿੱਚ ਆਪਣੀ ਕਰੜੀ ਮਿਹਨਤ ਰਾਹੀਂ ਸੋਨੇ ਤੇ ਚਾਂਦੀ ਦੇ ਤਮਗੇ ਜਿੱਤਦੇ ਆ ਰਹੇ ਹਨ। ਹਾਲ ਹੀ ਹੋਏ 18ਵੇਂ ਸੀਬੀਐੱਸਈ ਕਲੱਸਟਰ ਮੁਕਾਬਲਿਆਂ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਸੋਨੇ, ਕਾਂਸੇ ਅਤੇ ਚਾਂਦੀ ਦੇ 12 ਤਮਗੇ ਜਿੱਤ ਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਖੁਸ਼ੀ ਪ੍ਰਗਟ ਕਰਦਿਆਂ ਸਕੂਲ ਦੇ ਪ੍ਰਿੰ. ਐੱਸ. ਬੀ. ਨਾਯਰ ਅਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਦੱਸਿਆ ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵਿੱਚ ਸੀਬੀਐੱਸਈ ਕਲੱਸਟਰ ਦੇ ਚਾਰ ਦਿਨਾ ਹੋਏ ਹੋਏ ਖੇਡ ਮੁਕਾਬਲਿਆਂ ਵਿੱਚ ਸੇਂਟ ਕਬੀਰ ਸਕੂਲ ਸਮੇਤ ਲਗਭਗ 118 ਸਕੂਲਾਂ ਨੇ ਹਿੱਸਾ ਲਿਆ। ਮਨਪ੍ਰੀਤ ਕੌਰ (10ਵੀਂ) ਸਪੁੱਤਰੀ ਅਵਤਾਰ ਸਿੰਘ ਵਾਸੀ ਸੁਲਤਾਨਪੁਰ ਨੇ (ਅੰਡਰ-17) ਉੱਚੀ ਛਾਲ ਵਿੱਚ ਸੋਨ ਤਮਗਾ ਅਤੇ 4 ਗੁਣਾ 100 ਰੀਲੇਅ ਦੌੜ (ਲੜਕੀਆਂ) ਵਿੱਚ ਪ੍ਰਗਤੀ, ਬਵਲੀਨ ਕੌਰ, ਸ਼੍ਰੇਆ, ਨਵਪ੍ਰੀਤ ਕੌਰ ਅਤੇ ਸੰਦੀਪ ਕੌਰ ਨੇ ਕਾਂਸੇ ਦਾ ਤਮਗਾ ਹਾਸਲ ਕੀਤਾ ਹੈ। ਅੰਡਰ-19 ਗਰੁੱਪ ਵਿੱਚ ਮਹਿਕ ਸਲਾਰੀਆ (+1) ਸਪੁੱਤਰੀ ਵਿਜੈ ਸਿੰਘ ਵਾਸੀ ਡੱਲਾ ਗੋਰੀਆ ਨੇ 1500 ਮੀ. ਦੌੜ ਵਿੱਚੋਂ ਸੋਨ ਤਮਗਾ, ਗੁਰਲੀਨ ਕੌਰ (+2) ਸਪੁੱਤਰੀ ਪ੍ਰਗਟ ਸਿੰਘ ਵਾਸੀ ਬਖ਼ਤਪੁਰ ਨੇ ਉੱਚੀ ਛਾਲ ਵਿੱਚੋਂ ਕਾਂਸੇ ਦਾ ਤਮਗਾ ਤੇ ਬਵਲੀਨ ਕੌਰ ਸਪੁੱਤਰੀ ਗੁਰਜੀਤ ਕੌਰ ਵਾਸੀ ਕਾਹਨੂੰਵਾਨ 400 ਮੀ. ਦੌੜ ਵਿੱਚੋਂ ਕਾਂਸੇ ਦਾ ਤਮਗਾ, ਪਾਰਸਦੀਪ ਸਿੰਘ ਸਪੁੱਤਰ ਸੁਖਵਿੰਦਰ ਸਿੰਘ ਵਾਸੀ ਮੁੱਲਾਂਵਾਲ ਨੇ ਉੱਚੀ ਛਾਲ ਵਿੱਚੋਂ ਕਾਂਸੇ ਦਾ ਤਮਗਾ ਤੇ ਸਿਮਰਨਜੋਤ ਸਿੰਘ ਸਪੁੱਤਰ ਤੇਜਿੰਦਰ ਸਿੰਘ ਵਾਸੀ ਬਖ਼ਤਪੁਰ ਨੇ 1500 ਮੀ: ਦੌੜ ਵਿੱਚੋਂ ਕਾਂਸੇ ਦਾ ਤਮਗਾ ਹਾਸਲ ਕਰਕੇ ਜੇਤੂਆਂ ਵਿੱਚ ਆਪਣੀ ਜਗ੍ਹਾ ਬਣਾਈ ਹੈ। ਇਸ ਤੋਂ ਇਲਾਵਾ ਬਵਲੀਨ ਕੌਰ ਨੇ 100 ਮੀ. ਵਿੱਚੋਂ ਅਤੇ ਜਸਕਰਨ ਸਿੰਘ ਨੇ ਸ਼ਾਰਟਪੁੱਟ ਮੁਕਾਬਲਿਆਂ ਦੌਰਾਨ ਚੌਥੀ ਪੁਜ਼ੀਸ਼ਨ ਹਾਸਲ ਕਰਕੇ ਆਪਣੀ ਸੰਸਥਾ ਅਤੇ ਮਾਤਾ ਪਿਤਾ ਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਜੇਤੂ ਖਿਡਾਰੀਆਂ ਦਾ ਸਕੂਲ ਪਹੁੰਚਣ ਤੇ ਪ੍ਰਿੰ. ਐਸ. ਬੀ. ਨਾਯਰ ਅਤੇ ਸਮੂਹ ਸਟਾਫ ਗਰਮਜੋਸ਼ੀ ਨਾਲ ਸੁਆਗਤ ਕੀਤਾ ਅਤੇ ਸਕੂਲ ਪ੍ਰਬੰਧਕਾਂ ਤੇ ਪ੍ਰਿੰ. ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਡੀ. ਪੀ. ਵਿਭਾਗ ਦੇ ਜਤਿੰਦਰ ਕੌਰ, ਰਜਿੰਦਰ ਸਿੰਘ, ਰੇਖਾ ਰਾਣੀ, ਸ਼ਮਸ਼ੇਰ ਸਿੰਘ, ਬੇਅੰਤ ਸਿੰਘ ਸਮੇਤ ਸਮੁੱਚੇ ਸਟਾਫ਼ ਮੈਂਬਰ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਸਾਇੰਸ ਕੁਇਜ਼ ਤੇ ਇੰਗਲਿਸ਼ ਸਪੀਕਿੰਗ ਮੁਕਾਬਲੇ ਕਰਵਾਏ



ਧਾਰੀਵਾਲ- (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵਿੱਚ ਵਿਗਿਆਨ ਪ੍ਰਤੀ ਰੁਝਾਨ ਨੂੰ ਵਧਾਉਣ ਲਈ ਸਕੂਲ ਵਿੱਚ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੇ ਹਾਊਸ ਵਾਈਜ਼ ਸਾਇੰਸ ਕੁਇਜ਼ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਅਜੀਤ ਹਾਊਸ, ਜੁਝਾਰ ਹਾਊਸ, ਜ਼ੋਰਾਵਰ ਹਾਊਸ ਅਤੇ ਫਤਿਹ ਹਾਊਸ ਦੇ ਵਿਦਿਆਰਥੀਆਂ ਦੁਆਰਾ ਭਾਗ ਲਿਆ ਗਿਆ। ਜਮਾਤ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਦਾ ਕਲਾਸ ਵਾਈਜ਼ ਇੰਗਲਿਸ਼ ਸਪੀਕਿੰਗ ਮੁਕਾਬਲਾ ਕਰਵਾਇਆ ਗਿਆ। ਸਾਇੰਸ ਕੁਇਜ਼ ਮੁਕਾਬਲੇ ਵਿੱਚ ਜੁਝਾਰ ਹਾਊਸ ਨੇ ਪਹਿਲਾ ਸਥਾਨ, ਫਤਿਹ ਹਾਊਸ ਨੇ ਦੂਸਰਾ ਸਥਾਨ ਅਤੇ ਜ਼ੋਰਾਵਰ ਹਾਊਸ ਨੇ ਤੀਸਰਾ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਨਤੀਜੇ ਦੀ ਘੋਸ਼ਣਾ ਕੀਤੀ ਗਈ। ਜੇਤੂ ਵਿਦਿਆਰਥੀਆਂ ਨੂੰ ਸਟੇਜ 'ਤੇ ਬੁਲਾ ਕੇ ਉਨ੍ਹਾਂ ਦਾ ਹੌਸਲਾ ਵਧਾਇਆ ਗਿਆ। ਉਹਨਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਕੁਇਜ ਮੁਕਾਬਲੇ ਸਾਡੀ ਸਿੱਖਿਆ ਦਾ ਅਹਿਮ ਹਿੱਸਾ ਹਨ। ਸਕੂਲ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਮੁੱਖ ਰੱਖਦੇ ਹੋਏ ਸਹਾਇਕ ਕਿਰਿਆਵਾਂ ਦੇ ਨਾਲ ਸਿੱਖਿਆ ਦੇ ਪੱਧਰ ਵਿੱਚ ਵਾਧਾ ਕਰਨ ਲਈ ਸਿੱਖਿਆਦਾਇਕ ਸੈਮੀਨਾਰ ਅਤੇ ਕੁਇਜ ਮੁਕਾਬਲੇ ਨਿਰੰਤਰ ਕਰਵਾਏ ਜਾਂਦੇ ਹਨ।

# ਪਿੰਗਲਵਾੜਾ ਦੇ ਵਿਹੜੇ 'ਚ ਕਲਾਸੀਕਲ ਸੰਗੀਤ ਸੰਮੇਲਨ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਸਪਿੱਕ ਮੈਕੇ ਸੰਸਥਾ ਦੇ ਉਚੇਚੇ ਯਤਨਾਂ ਸਦਕਾ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ) ਅੰਮ੍ਰਿਤਸਰ ਅਤੇ ਪਿੰਗਲਵਾੜਾ ਸੁਸਾਇਟੀ ਆਫ਼ ਓਂਟਾਰੀਓ ਦੇ ਸਾਂਝੇ ਪ੍ਰੋਜੈਕਟ ਅਧੀਨ ਚੱਲਦੇ ਵਿੱਦਿਅਕ ਅਦਾਰਿਆਂ ਦੇ ਲਈ ਕਲਾਸੀਕਲ ਸੰਗੀਤ ਸੰਮੇਲਨ ਆਯੋਜਿਤ ਕੀਤਾ ਗਿਆ। ਇਸ ਮੌਕੇ ਨਰੇਸ਼ ਕਾਲੀਆ, ਪ੍ਰਿੰਸੀਪਲ ਭਗਤ ਪੂਰਨ ਸਿੰਘ ਆਦਰਸ਼ ਸੀ. ਸੈ. ਸਕੂਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਗਤ ਪੂਰਨ ਸਿੰਘ ਆਦਰਸ਼ ਸੀ. ਸੈ. ਸਕੂਲ ਅਤੇ ਭਗਤ ਪੂਰਨ ਸਿੰਘ ਇੰਸੀਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ ਦੇ ਵਿਦਿਆਰਥੀਆਂ ਨੂੰ ਪੰਡਿਤ ਗੌਰਵ ਮਜੂਮਦਾਰ ਉੱਘੇ ਸਿਤਾਰ ਵਾਦਕ ਅਤੇ ਡਾ. ਵਿਨੋਦ ਕੁਮਾਰ ਮਿਸ਼ਰਾ ਤਬਲਾ ਵਾਦਕ ਨੇ ਕਲਾਸੀਕਲ ਸੰਗੀਤ ਦੀਆਂ ਵੱਖ-ਵੱਖ ਧੁਨਾਂ ਸੁਣਾ ਕੇ ਮੰਤਰ ਮੁਗਧ ਕੀਤਾ। ਉਨ੍ਹਾਂ ਕਿਹਾ ਕਿ ਹਰੀਸ਼ ਧਵਨ ਕੁਆਰਡੀਨੇਟਰ ਪੰਜਾਬ ਅਤੇ ਦਲਬੀਰ ਸਿੰਘ ਜੋ ਕਿ ਸਪਿੱਕ ਮੈਕੇ ਸੰਸਥਾ ਵਿੱਚ ਵਲੰਟੀਅਰ ਸੇਵਾ ਕਰ ਰਹੇ ਹਨ। ਉਨ੍ਹਾਂ ਦਾ ਉਦੇਸ਼ ਅਜਿਹੇ ਕਲਾਸੀਕਲ ਸੰਗੀਤਵਾਦਕਾਂ ਨੂੰ ਅੱਜ ਦੀ ਪੀੜ੍ਹੀ ਨਾਲ ਜੋੜਨਾ ਹੈ ਤਾਂ ਜੋ ਅਜੋਕੇ ਬੱਚੇ ਇਨ੍ਹਾਂ ਸੰਗੀਤ ਸਾਜਾਂ ਅਤੇ ਸੰਗੀਤ ਵਾਦਕਾਂ ਤੋਂ ਜਾਣੂ ਹੋ ਸਕਣ। ਉਨ੍ਹਾਂ ਦੱਸਿਆਂ ਕਿ ਸਪਿੱਕ ਮੈਕੇ ਸੰਸਥਾ ਵਿੱਦਿਅਕ ਸੰਸਥਾਵਾਂ ਅੰਦਰ ਕਲਾਸੀਕਲ ਸੰਗੀਤ ਦੇ ਅਜਿਹੇ ਉੱਚ ਕੋਟੀ ਕਲਾਕਾਰਾਂ ਨੂੰ ਸਮੇਂ-ਸਮੇਂ ਤੇ ਲੈ ਕੇ ਨਵੀਂ ਪੀੜ੍ਹੀ ਦੇ ਬੱਚਿਆਂ ਨਾਲ ਮਿਲਾਉਂਦੀ ਰਹਿੰਦੀ ਹੈ ਜੋ ਕਿ ਬਹੁਤ ਵੱਡਾ ਅਤੇ ਵਧੀਆ ਉਪਰਾਲਾ ਹੈ। ਇਸ ਮੌਕੇ ਉੱਘੇ ਸਿਤਾਰਵਾਦਕ ਪੰਡਿਤ ਗੌਰਵ ਮਜੂਮਦਾਰ ਅਤੇ ਤਬਲਾਵਾਦਕ ਡਾ. ਵਿਨੋਦ ਕੁਮਾਰ ਮਿਸ਼ਰਾ, ਹਰੀਸ਼ ਧਵਨ, ਦਲਬੀਰ ਸਿੰਘ ਅਤੇ ਅਭਿਨਵ ਅਰੋੜਾ ਨੂੰ ਪਿੰਗਲਵਾੜਾ ਸੰਸਥਾ ਦੇ ਡਾ. ਅਮਰਜੀਤ ਸਿੰਘ ਗਿੱਲ ਪ੍ਰਸ਼ਾਸਕ ਮਾਨਾਂਵਾਲਾ, ਜੈ ਸਿੰਘ ਸਹਿ-ਪ੍ਰਸ਼ਾਸਕ, ਰਜਿੰਦਰ ਪਾਲ ਸਿੰਘ, ਗੁਰਨਾਇਬ ਸਿੰਘ, ਮੈਡਮ ਸੁਨੀਤਾ ਨਈਅਰ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਐੱਸੀ/ਬੀਸੀ ਸਮਾਜ ਦੇ ਨੁਮਾਇੰਦਿਆਂ ਤੇ ਬੁੱਧੀਜੀਵੀਆਂ ਦੀ ਵਿਸ਼ੇਸ਼ ਇਕੱਤਰਤਾ ਡਾ. ਕੇਜੇ ਸਿੰਘ ਅਤੇ ਡਾ: ਲਖਬੀਰ ਸਿੰਘ ਭਾਗੋਵਾਲੀਆ ਦੇ ਯਤਨਾਂ ਸਦਕਾ ਹੋਈ। ਮੀਟਿੰਗ ਦੀ ਕਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਡਾ: ਕੇਜੇ ਸਿੰਘ ਨੇ ਦੱਸਿਆ ਕਿ ਡਾ. ਅੰਬੇਡਕਰ ਭਵਨ ਵਿੱਚ ਹੋਈ ਮੀਟਿੰਗ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਲੈਕਸ਼ਨਾਂ ਲਈ ਐੱਸਜੀਪੀਸੀ ਦੀਆਂ ਵੋਟਾਂ ਬਣਾਉਣ ਦੀ ਪ੍ਰਤੀਕਿਰਿਆ ਚੱਲ ਰਹੀ ਹੈ। ਉਨ੍ਹਾਂ ਨੇ ਸਮਾਜ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਆਪਣੇ ਪਿੰਡ/ਵਾਰਡ ਵਿੱਚ ਸਾਰੇ ਪੱਗੜੀਧਾਰੀ/ਕੇਸਾਧਾਰੀ ਸਿੱਖਾਂ ਦੀਆਂ ਵੋਟਾਂ ਵੱਡੇ ਪੱਧਰ ਤੇ ਬਣਾਓ ਤਾਂ ਜੋ ਐੱਸਜੀਪੀਸੀ ਵਿੱਚ ਸਾਫ-ਸੁਥਰੇ ਅਕਸ ਵਾਲੇ ਮੈਂਬਰ ਚੁਣੇ ਜਾਣ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨੂੰ ਸੁਧਾਰਿਆ ਜਾਵੇ। ਸ਼੍ਰੋਮਣੀ ਕਮੇਟੀ ਸਿੱਖਿਆ/ਵਿੱਦਿਅਕ ਸੰਸਥਾਵਾਂ, ਮੈਡੀਕਲ ਸੰਸਥਾਵਾਂ ਅਤੇ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਉਪਰਾਲੇ ਕਰ ਸਕੇ ਅਤੇ ਭਾਰਤ ਵਿੱਚ ਗਰੀਬ ਲੋਕਾਂ ਦੀ ਮਦਦ ਤੇ ਨੁਮਾਇੰਦਗੀ ਕਰਦੇ ਹੋਏ ਉਨ੍ਹਾਂ ਨੂੰ ਸਿੱਖ ਧਰਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਵੇ। ਮੀਟਿੰਗ ਵਿੱਚ ਮਨਮੋਹਨ ਸਿੰਘ ਭਾਗੋਵਾਲੀਆ, ਬਲਬੀਰ ਸਿੰਘ ਪਾਹੜਾ, ਨਰਿੰਦਰ ਕੁਮਾਰ ਦੀਨਾਨਗਰ, ਪਵਨ ਕੁਮਾਰ ਗੁਰਦਾਸਪੁਰ, ਰਜਨੀਸ਼ ਕੁਮਾਰ, ਜਗਜੀਤ ਸਿੰਘ, ਤਰਲੋਚਨ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਸਿੰਘ, ਮਾਸਟਰ ਨੰਦ ਲਾਲ, ਕਸਤੂਰੀ ਲਾਲ, ਮੇਜਰ ਸੋਮ ਨਾਥ, ਮੈਡਮ ਗੀਟਾ, ਸੁਨੀਤਾ, ਆਸ਼ਾ, ਅਮਰਜੀਤ ਸਿੰਘ, ਰੰਜਨ ਵਫਾ, ਜਗਜੀਤ ਸਿੰਘ, ਕਰਮ ਚੰਦ, ਪਰਵੀਨ ਕੁਮਾਰ, ਕੋਮਲ ਬੈਂਸ, ਸ਼ਮਸ਼ੇਰ ਸਿੰਘ ਲੇਹਲ, ਬਲਵਿੰਦਰ ਸਿੰਘ ਬਹਿਬਲ ਚੱਕ, ਕ੍ਰਿਸ਼ਨ, ਡਾ. ਕਰਮਜੀਤ ਸਿੰਘ, ਕਥਾਵਾਚਕ ਭਾਈ ਜਸਵਿੰਦਰ ਸਿੰਘ ਕਾਹਨੂੰਵਾਨ ਆਦਿ ਸਮੇਤ ਵੱਡੀ ਗਿਣਤੀ ਵਿੱਚ ਸਮਾਜ ਦੇ ਨੁਮਾਇੰਦੇ ਸ਼ਾਮਲ ਹੋਏ। ਅੰਤ ਵਿੱਚ ਸਟੇਜ ਸਕੱਤਰ ਮਨਮੋਹਨ ਸਿੰਘ ਭਾਗੋਵਾਲੀਆ ਵੱਲੋਂ ਸਾਰਿਆਂ ਦਾ ਧੰਨਵਾਦ ਕਰਦਿਆਂ ਅੱਜ ਤੋਂ ਹੀ ਆਪਣੇ ਰਿਸ਼ਤੇਦਾਰਾਂ, ਆਂਢ-ਗੁਆਂਢ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਵੱਡੀ ਮੁਹਿੰਮ ਕਰ ਦੇਣ ਦੀ ਬੇਨਤੀ ਕੀਤੀ।

# ਪੰਜਾਬ ਅੰਦਰ ਕਪਾਹ ਮਿੱਲ ਮਾਲਕਾਂ ਵੱਲੋਂ ਖਰੀਦ ਤੇ ਸਿੰਜਾਈ ਦਾ ਕੰਮ ਠੱਪ

**ਕਪਾਹ ਮਿੱਲ ਮਾਲਕ ਪੰਜਾਬ ਸਰਕਾਰ ਦੀ ਬਕਾਇਆ ਵਸੂਲੀ ਕਾਰਨ ਖਫਾ**



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਦੇ ਮਾਲਵਾ ਪੱਟੀ ਨੂੰ ਕਦੇ ਨਰਮਾ ਪੱਟੀ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਇਸ ਇਲਾਕੇ ਵਿੱਚ ਕਪਾਹ ਤੇ ਨਰਮੇ ਦੀ ਭਾਰੀ ਕਾਸ਼ਤ ਕੀਤੀ ਜਾਂਦੀ ਸੀ, ਜਿਸ ਕਾਰਨ ਪੇਂਡੂ ਖੇਤਰ ਵਿੱਚ ਗੈਰ-ਜ਼ਮੀਨੇ ਕੀਰਤੀਆਂ ਨੂੰ ਖੇਤਾਂ ਵਿੱਚ ਕਪਾਹ-ਨਰਮਾ ਚੁਗਾਈ ਦਾ ਕੰਮ ਮਿਲ ਜਾਂਦਾ ਸੀ। ਇਸ ਉਪਰੰਤ ਕਪਾਹ ਨਰਮੇ ਨੂੰ ਕਪਾਹ ਮਿੱਲਾਂ ਵੱਲੋਂ ਸਿੰਜਾਈ ਲਈ ਖਰੀਦਿਆ ਜਾਂਦਾ ਸੀ, ਜਿੱਥੇ ਵੱਡੀ ਗਿਣਤੀ ਵਿੱਚ ਕਾਮਿਆਂ ਨੂੰ ਰੁਜ਼ਗਾਰ ਮਿਲਦਾ ਸੀ। ਉਸ ਸਮੇਂ ਪੰਜਾਬ ਸੂਬੇ ਅੰਦਰ 422 ਕਪਾਹ ਮਿੱਲਾਂ ਸਨ, ਜਿਨ੍ਹਾਂ ਵਿੱਚ 45 ਹਜ਼ਾਰ ਤੋਂ ਵੱਧ ਕਾਮਿਆਂ ਨੂੰ ਕੰਮ ਮਿਲਦਾ ਸੀ। 2016 ਅੰਦਰ ਕਪਾਹ ਨਰਮੇ ਹੇਠਾਂ ਰਕਬਾ ਘੱਟ ਗਿਆ ਤੇ ਕਿਸਾਨਾਂ ਦਾ ਰੁਝਾਨ ਝੋਨੇ ਵੱਲ ਵੱਧ ਹੋਣ ਕਾਰਨ ਕਪਾਹ ਮਿੱਲਾਂ ਦੀ ਗਿਣਤੀ ਘਟ ਕੇ 2015 ਵਿੱਚ 116 ਹੀ ਰਹਿ ਗਈ। ਜਦੋਂ ਕਪਾਹ ਮਿੱਲਾਂ ਘਟ ਗਈਆਂ ਤਾਂ ਉਸ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੀ ਗਿਣਤੀ ਵੀ ਸਿਰਫ 10 ਹਜ਼ਾਰ ਰਹਿ ਗਈ। ਇਸ ਵੇਲੇ ਪੰਜਾਬ ਅੰਦਰ ਸਿਰਫ 58 ਕਪਾਹ ਮਿੱਲਾਂ ਹੀ ਰਹਿ ਗਈਆਂ, ਜਿਸ ਵਿੱਚ ਸਿਰਫ 2 ਕੁ ਹਜ਼ਾਰ ਕਾਮਿਆਂ ਨੂੰ ਹੀ ਰੁਜ਼ਗਾਰ ਮਿਲ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਸਾਲ 2005 ਵਿੱਚ ਮਿੱਲ ਮਾਲਕਾਂ ਤੇ ਨਰਮੇ ਦੀ ਖਰੀਦ ਤੇ 2 ਫੀਸਦੀ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਸੈੱਸ ਲਾ ਦਿੱਤਾ। ਸਨਅੱਤਕਾਰਾਂ ਨੇ ਉਸ ਸੈੱਸ ਨੂੰ ਮਾਫ ਕਰਾਉਣ ਲਈ ਸੰਘਰਸ਼ ਵਿੱਢਿਆ। 2013 ਵਿੱਚ ਇਹ ਸੈੱਸ ਮੁਆਫ ਕਰ ਦਿੱਤਾ, ਪਰ ਇਸ ਸੈੱਸ ਦਾ ਬਕਾਇਆ ਮਿੱਲ ਮਾਲਕਾਂ ਵੱਲ 290 ਕਰੋੜ ਖੜ ਗਿਆ, ਜੋ ਵਿਆਜ ਸਮੇਤ ਹੁਣ 1 ਹਜ਼ਾਰ ਕਰੋੜ ਬਣ ਗਿਆ ਹੈ। ਇਸ ਰਕਮ ਦੀ ਵਸੂਲੀ ਲਈ ਕਰ ਤੇ ਆਬਕਾਰੀ ਵਿਭਾਗ ਨੂੰ ਨੋਡਲ ਏਜੰਸੀ ਬਣਾ ਦਿੱਤਾ ਗਿਆ ਹੈ, ਜਿਹੜੀ ਕਿ ਮਿੱਲ ਮਾਲਕਾਂ ਤੋਂ ਬਕਾਇਆ ਦੀ ਵਸੂਲੀ ਲਈ ਦਬਾਅ ਪਾ ਰਹੀ ਹੈ। ਇਸ ਨੂੰ ਲੈ ਕੇ ਮਿੱਲ ਮਾਲਕਾਂ ਨੇ ਰੋਸ ਪ੍ਰਗਟਾਉਂਦਿਆਂ ਮਿੱਲਾਂ ਲਗਾਤਾਰ ਬੰਦ ਕਰ ਦਿੱਤੀਆਂ ਹਨ, ਜਿਸ ਕਾਰਨ ਕਿਰਤੀਆਂ ਦਾ ਰੁਜ਼ਗਾਰ ਵੀ ਠੱਪ ਹੋ ਕੇ ਰਹਿ ਗਿਆ ਹੈ। ਨਰਮੇ ਤੇ ਕਪਾਹ ਦੀ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਰੇਟ, ਜਿਸ ਵਿੱਚ ਲੰਮੇ ਰੇਸ਼ੇ ਤੇ ਨਰਮੇ ਦਾ ਸਰਕਾਰੀ ਭਾਅ 7020 ਪ੍ਰਤੀ ਕੁਇੰਟਲ ਤੇ ਨਰਮੇ ਦੀ ਦਰਮਿਆਨੇ ਰੇਸ਼ੇ ਕੀਮਤ 6620 ਪ੍ਰਤੀ ਕੁਇੰਟਲ ਕਰ ਦਿੱਤੀ ਗਈ ਹੈ। ਹੁਣ ਮਿੱਲ ਮਾਲਕ ਜਦੋਂ ਮਿੱਲਾਂ ਹੀ ਬੰਦ ਕਰ ਕੇ ਬੈਠ ਗਏ ਹਨ ਤਾਂ ਕਿਸਾਨਾਂ ਦੇ ਨਰਮੇ ਤੇ ਕਪਾਹ ਦੀ ਖਰੀਦ ਸਰਕਾਰੀ ਤੈਅ ਕੀਤੀ ਕੀਮਤ ਤੋਂ ਘੱਟ ਭਾਅ ਵਿੱਚ ਖਰੀਦ ਕੇ ਲੁੱਟ ਕੀਤੀ ਜਾ ਰਹੀ ਹੈ। ਨਰਮੇ ਦੀ ਖਰੀਦ ਦਾ ਸੀਜ਼ਨ 15 ਸਤੰਬਰ ਤੋਂ ਸ਼ੁਰੂ ਹੋ ਕੇ 31 ਮਾਰਚ ਤੱਕ ਚੱਲਦਾ ਹੈ। ਪੰਜਾਬ ਕਾਟਨ ਫੈਕਟਰੀਜ਼ ਐਂਡ ਜਿਨਿੰਗ ਐਸੋਸੀਏਸ਼ਨ ਦੇ ਸਰਪ੍ਰਸਤ ਭਗਵਾਨ ਦਾਸ ਬਾਂਸਲ ਨੇ ਦੱਸਿਆ ਕਿ ਪੰਜਾਬ 'ਚ ਨਰਮੇ ਦਾ ਕਾਰੋਬਾਰ ਤਾਂ ਪਹਿਲਾਂ ਹੀ ਠੱਪ ਹੋ ਚੁੱਕਾ ਹੈ ਤੇ ਪੈਦਾਵਾਰ ਘਟਣ ਕਰ ਕੇ ਕਪਾਹ ਮਿੱਲਾਂ ਲਗਾਤਾਰ ਬੰਦ ਹੋ ਰਹੀਆਂ ਹਨ। ਇਸ ਵੇਲੇ ਜਿਹੜੀਆਂ ਵੀ ਕਪਾਹ ਮਿੱਲਾਂ ਚੱਲ ਰਹੀਆਂ ਹਨ, ਉਹ ਵੀ ਘਾਟੇ ਵਿੱਚ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਸਮੇਂ ਕਿਸੇ ਵੀ ਮਿੱਲ ਮਾਲਕ ਕੋਲ ਇੰਨੀ ਪਹੁੰਚ ਨਹੀਂ ਹੈ ਕਿ ਉਹ ਪੁਰਾਣੀਆਂ ਸਰਕਾਰਾਂ ਦੀਆਂ ਗਲਤੀਆਂ ਕਰਕੇ ਸਿਰ ਚੜ੍ਹੇ ਬਕਾਏ ਉਤਾਰ ਸਕਣ। ਉਨ੍ਹਾਂ ਕਿਹਾ ਕਿ ਹੁਣ ਕਪਾਹ ਮਿੱਲਾਂ ਨੂੰ ਤਾਲੇ ਰਹਿਣਗੇ, ਜਦੋਂ ਤੱਕ ਸਰਕਾਰ ਪੁਰਾਣੇ ਬਕਾਏ ਮੁਆਫ ਕਰਨ ਬਾਰੇ ਕੋਈ ਫੈਸਲਾ ਨਹੀਂ ਕਰ ਲੈਂਦੀ।

## ਪੱਤਰਕਾਰਾਂ 'ਤੇ ਦਰਜ ਪਰਚਿਆਂ ਵਿਰੁੱਧ ਮੁਜ਼ਾਹਰਾ ਭਲਕੇ

**ਮੋਗਾ (ਅਮਰਜੀਤ ਬੱਬਰੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਕਮੇਟੀ ਮੋਗਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸੈਕਟਰੀਏਟ ਮੋਗਾ ਵਿਖੇ ਹੋਈ। ਮੀਟਿੰਗ 'ਚ ਆਗੂਆਂ ਦੱਸਿਆ ਕਿ ਦਿੱਲੀ ਦੀਆਂ ਬਰੂਹਾਂ 'ਤੇ ਲੰਮਾਂ ਸਮਾਂ ਖੇਤੀ ਸਬੰਧੀ 3 ਕਾਲੇ ਕਾਨੂੰਨਾਂ ਖਿਲਾਫ ਚੱਲੇ ਕਿਸਾਨ ਘੋਲ ਦੀ ਨਿਰਪੱਖਤਾ ਨਾਲ ਕਵਰੇਜ ਕਰਨ ਵਾਲੇ, ਕਾਰਪੋਰੇਟ ਘਰਾਣਿਆਂ ਤੇ ਮੋਦੀ ਸਰਕਾਰ ਦੇ ਗੱਠਜੋੜ ਨੂੰ ਨੰਗਾ ਕਰਨ ਵਾਲੇ ਨਿਊਜ਼ ਕਲਿੱਕ ਦੇ ਦਲੇਰ ਪੱਤਰਕਾਰਾਂ ਨੂੰ ਪਿਛਲੇ ਦਿਨਾਂ ਵਿੱਚ ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਕਾਨੂੰਨ (ਯੂ ਏ ਪੀ ਏ 1967 ਕਾਨੂੰਨ) ਅਧੀਨ ਐੱਫ ਆਈ ਆਰ ਦਰਜ ਕਰਕੇ ਜੇਲ੍ਹਾਂ ਵਿੱਚ ਬੰਦ ਕੀਤਾ ਹੈ।ਪਿਛਲੇ ਦਿਨੀਂ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿੱਚ ਪੱਤਰਕਾਰਾਂ 'ਤੇ ਦਰਜ ਪਰਚੇ ਰੱਦ ਕਰਵਾਉਣ ਲਈ ਕੀਤੇ ਫੈਸਲੇ ਦੀ ਰੋਸ਼ਨੀ ਵਿੱਚ 6 ਨਵੰਬਰ ਨੂੰ ਡੀ ਸੀ ਦਫਤਰ ਮੋਗਾ ਵਿਖੇ ਐੱਫ ਆਈ ਆਰ ਦੀਆਂ ਕਾਪੀਆਂ ਸਾੜ ਕੇ ਵਿਰੋਧ ਪ੍ਰਦਰਸ਼ਨ ਕਰਦੇ ਹੋਏ ਮੰਗ ਕੀਤੀ ਜਾਵੇਗੀ ਕਿ ਨਿਊਜ਼ ਕਲਿੱਕ ਵਿਰੁੱਧ ਦਰਜ ਕੀਤੀ ਝੂਠੀ ਐੱਫ ਆਈ ਆਰ ਵਾਪਸ ਲਈ ਜਾਵੇ।ਮੀਟਿੰਗ ਵਿੱਚ ਜੰਗੀਰ ਸਿੰਘ ਹਿੰਮਤਪੁਰਾ, ਗੁਰਮੀਤ ਸਿੰਘ ਕਿਸ਼ਨਪੁਰਾ, ਬਲੌਰ ਸਿੰਘ ਘੱਲ ਕਲਾਂ, ਕਾਕਾ ਸਿੰਘ ਮਾਈਕ, ਗੁਰਚਰਨ ਸਿੰਘ ਰਾਮਾ, ਇਕਬਾਲ ਸਿੰਘ ਸਿੰਘਾਵਾਲਾ, ਜਗਜੀਤ ਸਿੰਘ, ਅਮਰੀਕ ਸਿੰਘ ਘੋਲੀਆ, ਬੂਟਾ ਸਿੰਘ ਭਾਗੀਕੇ, ਗੁਰਦੇਵ ਸਿੰਘ ਕਿਸ਼ਨਪੁਰਾ ਆਦਿ ਹਾਜ਼ਰ ਸਨ।

# ਭਾਸ਼ਾ ਵਿਭਾਗ ਮੋਗਾ ਵੱਲੋਂ 'ਪੰਜਾਬੀ ਨਾਟਕ' ਸਮਾਗਮ




ਨੁੱਕੜ ਨਾਟਕ 'ਸੁਲਘਦੀ ਧਰਤੀ' ਦੇ ਕਲਾਕਾਰ ਜ਼ਿਲ੍ਹਾ ਭਾਸ਼ਾ ਅਫਸਰ ਤੇ ਹੋਰਨਾਂ ਨਾਲ।

**ਮੋਗਾ (ਅਮਰਜੀਤ ਬੱਬਰੀ)**

ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਦੀ ਅਗਵਾਈ ਵਿੱਚ ਜ਼ਿਲ੍ਹਾ ਭਾਸ਼ਾ ਦਫ਼ਤਰ ਮੋਗਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਵਿਖੇ 'ਪੰਜਾਬੀ ਨਾਟਕ' ਸਮਾਗਮ ਕਰਵਾਇਆ ਗਿਆ। ਸਕੂਲ ਦੇ ਪ੍ਰਿੰਸਪਲ ਰੁਪਿੰਦਰਜੀਤ ਕੌਰ ਵੱਲੋਂ ਇਸ ਪੰਜਾਬੀ ਨਾਟਕ ਦੇ ਆਯੋਜਨ ਲਈ ਉਚੇਚੇ ਤੌਰ 'ਤੇ ਪ੍ਰਬੰਧ ਕੀਤੇ ਗਏ।ਲੇਖਕ ਵਿਚਾਰ ਮੰਚ ਨਿਹਾਲ ਸਿੰਘ ਵਾਲਾ ਦੇ ਸਹਿਯੋਗ ਨਾਲ 'ਜੈ ਹੋ' ਰੰਗਮੰਚ ਨਿਹਾਲ ਸਿੰਘ ਵਾਲਾ ਵੱਲੋਂ ਇੱਕ ਨੁੱਕੜ ਨਾਟਕ 'ਸੁਲਘਦੀ ਧਰਤੀ' ਪੇਸ਼ ਕੀਤਾ ਗਿਆ। ਇਸ ਨਾਟਕ ਰਾਹੀਂ ਅਜੋਕੇ ਪੰਜਾਬ ਦੀ ਨਸ਼ਿਆਂ 'ਚ ਧਸਦੀ ਜਾ ਰਹੀ ਜਵਾਨੀ ਨੂੰ ਇਸ ਦਲਦਲ ਵਿੱਚੋਂ ਬਾਹਰ ਆਉਣ ਤੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਦੀ ਮੁਹਿੰਮ ਵਿੱਚ ਨਵੇਂ ਜੋਸ਼ ਨਾਲ ਸਰਗਰਮ ਹੋਣ ਲਈ ਸੰਦੇਸ਼ ਦਿੱਤਾ ਗਿਆ।ਇਸ ਮੌਕੇ ਅਦਾਰਾ 'ਤਾਸਮਨ' ਦੇ ਨਵੇਂ ਅੰਕ ਦਾ ਲੋਕ ਅਰਪਣ ਕੀਤਾ ਗਿਆ।ਕਹਾਣੀਕਾਰ ਗੁਰਮੇਲ ਸਿੰਘ ਬੌਡੇ ਵੱਲੋਂ ਭਾਸ਼ਾ ਵਿਭਾਗ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਸਮਾਜਕ ਖੇਤਰ ਵਿੱਚ ਵੱਖਰੀ ਪਛਾਣ ਬਣਾਉਣ ਵਾਲੀਆਂ ਪਿੰਡ ਬਿਲਾਸਪੁਰ ਦੀਆਂ ਨਾਮਵਰ ਸ਼ਖ਼ਸੀਅਤਾਂ ਬਾਰੇ ਚਾਨਣਾ ਪਾਇਆ।ਪ੍ਰਸਿੱਧ ਸ਼ਾਇਰ ਹਰਵਿੰਦਰ ਬਿਲਾਸਪੁਰ ਨੇ ਕਿਹਾ ਕਿ ਲੇਖਕ ਵਿਚਾਰ ਮੰਚ, ਨਿਹਾਲ ਸਿੰਘ ਵਾਲਾ ਵੱਲੋਂ ਭਾਸ਼ਾ ਵਿਭਾਗ ਨਾਲ ਮਿਲ ਕੇ ਅਗਾਂਹ ਤੋਂ ਵੀ ਅਜਿਹੀਆਂ ਉਸਾਰੂ ਗਤੀਵਿਧੀਆਂ ਜਾਰੀ ਰੱਖੀਆਂ ਜਾਣਗੀਆਂ।ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਅਜੀਤਪਾਲ ਸਿੰਘ ਨੇ ਕਿਹਾ ਕਿ ਸੂਰਬੀਰਾਂ ਦੀ ਧਰਤੀ ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਇਸ ਨੇ ਹਰ ਪ੍ਰਕਾਰ ਦੀਆਂ ਮੁਸ਼ਕਲ ਸਥਿਤੀਆਂ ਉੱਪਰ ਹਮੇਸ਼ਾ ਜਿੱਤ ਹਾਸਲ ਕੀਤੀ ਹੈ।ਉਨ੍ਹਾ 'ਜੈ ਹੋ' ਰੰਗਮੰਚ ਦੀ ਸਮੁੱਚੀ ਟੀਮ, ਲੇਖਕ ਵਿਚਾਰ ਮੰਚ, ਨਿਹਾਲ ਸਿੰਘ ਵਾਲਾ ਤੇ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ਼ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਮਾਗਮਾਂ ਲਈ ਸਹਿਯੋਗ ਦਿੰਦੇ ਰਹਿਣ ਲਈ ਕਿਹਾ। ਇਸ ਮੌਕੇ ਸਕੂਲ ਸਟਾਫ਼ ਮੈਂਬਰ ਹਰਵੀਰ ਸਿੰਘ, ਪਵਨਦੀਪ ਸਿੰਘ, ਹਰਪ੍ਰੀਤ ਸਿੰਘ, ਜੀਵਨ ਕੁਮਾਰ, ਅਸ਼ੋਕ ਕੁਮਾਰ, ਜਸਵੰਤ ਸਿੰਘ, ਸੁਖਮੰਦਰ ਸਿੰਘ, ਜਰਨੈਲ ਸਿੰਘ, ਜਗਸੀਰ ਸਿੰਘ, ਹਰਜੀਤ ਸਿੰਘ, ਚੰਦਰ ਮੋਹਨ, ਸੰਦੀਪ ਕੌਰ, ਵੀਰਪਾਲ ਕੌਰ, ਸੁਨੀਤਾ ਰਾਣੀ, ਅਮਨਦੀਪ ਕੌਰ, ਰਾਜਿੰਦਰਪਾਲ ਕੌਰ, ਰਾਜਵਿੰਦਰ ਕੌਰ, ਪ੍ਰਿਯੰਕਾ ਤੇ ਮਨਪ੍ਰੀਤ ਕੌਰ ਸ਼ਾਮਲ ਸਨ।

## ਕਾਤਰਾਂ

### ਐਡਵੋਕੇਟ ਹੈਪੀ ਗਰਗ 'ਆਪ' ਦੇ ਬਲਾਕ ਪ੍ਰਧਾਨ ਨਿਯੁਕਤ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੀ ਸੂਬਾਈ ਲੀਡਰਸ਼ਿਪ ਵੱਲੋਂ ਬਲਾਕ ਪ੍ਰਧਾਨਾਂ ਦੀਆਂ ਕੀਤੀਆਂ ਗਈਆਂ ਨਿਯੁਕਤੀਆਂ ਵਿੱਚ ਐਡਵੋਕੇਟ ਹੈਪੀ ਗਰਗ ਨੂੰ ਬਲਾਕ ਧੂਰੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਆਪਣੀ ਨਿਯੁਕਤੀ 'ਤੇ ਮੁੱਖ ਮੰਤਰੀ ਪੰਜਾਬ ਤੇ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ, ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ, ਸੂਬਾ ਵਰਕਿੰਗ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਤੇ ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਮਿਹਨਤ ਤੇ ਤਨਦੇਹੀ ਨਾਲ ਨਿਭਾਉਣਗੇ।

### ਨਜਾਇਜ਼ ਸ਼ਰਾਬ ਕੱਢਣ ਦੇ ਦੋਸ਼ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਖੇੜੀ ਨੌਧ ਸਿੰਘ ਪੁਲਸ ਵੱਲੋਂ ਪਿੰਡ ਚੜੀ ਵਿਖੇ ਇੱਕ ਘਰ 'ਚ ਸ਼ਰਾਬ ਦੀ ਚਲਦੀ ਭੱਠੀ ਫੜਨ ਦਾ ਸਮਾਚਾਰ ਹੈ। ਥਾਣਾ ਖੇੜੀ ਨੌਧ ਸਿੰਘ ਦੇ ਸਹਾਇਕ ਥਾਣੇਦਾਰ ਜਤਿੰਦਰਪਾਲ ਸਿੰਘ ਅਨੁਸਾਰ ਪਿੰਡ ਚੜੀ ਵਿਖੇ ਕੁਲਦੀਪ ਸਿੰਘ ਨਾਮਕ ਵਿਅਕਤੀ ਆਪਣੇ ਰਿਹਾਇਸ਼ੀ ਘਰ ਵਿੱਚ ਬਣੇ ਪਸ਼ੂਆਂ ਵਾਲੇ ਕਮਰੇ 'ਚ ਭੱਠੀ ਲਗਾ ਕੇ ਨਜਾਇਜ਼ ਸ਼ਰਾਬ ਅਤੇ ਲਾਹਣ ਕੱਢ ਰਿਹਾ ਹੈ। ਪੁਲਸ ਨੇ ਉਕਤ ਮਕਾਨ 'ਚ ਛਾਪੇਮਾਰੀ ਕੀਤੀ ਤਾਂ ਮੌਕੇ ਤੋਂ 100 ਲੀਟਰ ਲਾਹਣ, 20 ਬੋਤਲਾਂ ਨਜਾਇਜ਼ ਸ਼ਰਾਬ, ਇੱਕ ਪਲਾਸਟਿਕ ਡਰੰਮ, ਇੱਕ ਲੋਹਾ ਡਰੰਮ, ਗੈਸ ਭੱਠੀ ਅਤੇ ਸਿਲੰਡਰ ਆਦਿ ਸਮਾਨ ਬਰਾਮਦ ਹੋਇਆ ਜਦੋਂ ਕਿ ਸ਼ਰਾਬ ਕਸ਼ੀਦ ਰਿਹਾ ਕੁਲਦੀਪ ਸਿੰਘ ਮੌਕੇ 'ਤੇ ਪੁਲਸ ਦੇ ਹੱਥ ਨਹੀਂ ਆਇਆ ਜਿਸ ਵਿਰੁੱਧ ਥਾਣਾ ਖੇੜੀ ਨੌਧ ਸਿੰਘ 'ਚ ਮਾਮਲਾ ਦਰਜ ਕਰਕੇ ਉਸ ਦੀ ਭਾਲ ਕੀਤੀ ਜਾ ਰਹੀ ਹੈ।

### ਭਾਕਿਯੂ ਨੇ ਖੰਡ ਮਿੱਲ ਨੂੰ ਚਲਾਉਣ ਦੀ ਕੀਤੀ ਮੰਗ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਧੂਰੀ ਦੀ ਮੀਟਿੰਗ ਪ੍ਰਧਾਨ ਬਲਵਿੰਦਰ ਸਿੰਘ ਜਖਲਾਂ ਦੀ ਪ੍ਰਧਾਨਗੀ ਹੇਠ ਹੋਈ। ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਚਿੰਤਾ ਪ੍ਰਗਟ ਕੀਤੀ ਕਿ ਗੰਨੇ ਦੀ ਫ਼ਸਲ ਤਿਆਰ ਹੋ ਚੁੱਕੀ ਹੈ, ਪਰ ਅੱਜ ਤੱਕ ਖੰਡ ਮਿੱਲ ਧੂਰੀ ਨੂੰ ਚਲਾਉਣ ਸਬੰਧੀ ਕੋਈ ਵੀ ਸਪੱਸ਼ਟ ਰੂਪ-ਰੇਖਾ ਨਹੀਂ ਐਲਾਨੀ ਗਈ, ਜਿਸ ਕਾਰਨ ਕਿਸਾਨਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ। ਪ੍ਰਸ਼ਾਸਨ ਤੇ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਦੇ ਗੰਨੇ ਦੀ ਫ਼ਸਲ ਨੂੰ ਧਿਆਨ ਵਿੱਚ ਰੱਖਦਿਆਂ ਖੰਡ ਮਿੱਲ ਧੂਰੀ ਨੂੰ ਚਲਾਉਣ ਦਾ ਜਲਦੀ ਐਲਾਨ ਕੀਤਾ ਜਾਵੇ ਅਤੇ ਪਿਛਲੀ ਰਹਿੰਦੀ ਪੇਮੈਂਟ ਦੀ ਅਦਾਇਗੀ ਵੀ ਜਲਦੀ ਕੀਤੀ ਜਾਵੇ। ਇਸੇ ਦੌਰਾਨ ਐੱਸ.ਵਾਈ.ਐੱਲ. ਨਹਿਰ ਦੇ ਨਿਰਮਾਣ ਦਾ ਵਿਰੋਧ ਕਰਦਿਆਂ ਮੰਗ ਕੀਤੀ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਫਾਲਤੂ ਪਾਣੀ ਨਹੀਂ ਹੈ ਤੇ ਜਥੇਬੰਦੀ ਇਸ ਦਾ ਡੱਟਵਾਂ ਵਿਰੋਧ ਕਰੇਗੀ। ਇਸੇ ਦੌਰਾਨ ਹੀ ਯੂਥ ਵਿੰਗ ਦੇ ਪ੍ਰਧਾਨ ਬਲਵਿੰਦਰ ਸਿੰਘ ਬੱਡਰੁੱਖਾਂ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿੱਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਗਈ।

### ਛੁਟਕਾਰੇ ਦੀ ਸਭਾ ਅੱਜ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਵੇਅ ਆਫ ਫੇਥ ਚਰਚ ਰੇਤਗੜ੍ਹ ਦੇ ਪਾਸਟਰ ਗੁਰਚਰਨ ਰੇਤਗੜ੍ਹ ਵੱਲੋਂ 5 ਨਵੰਬਰ ਨੂੰ ਛੁਟਕਾਰੇ ਦੀ ਸਭਾ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਸਮਾਣਾ ਵਿਖੇ ਇੱਕ ਮੀਟਿੰਗ ਦੌਰਾਨ ਉਨ੍ਹਾ ਦੱਸਿਆ ਕਿ ਇਸ ਮੌਕੇ ਦੁਖੀਆਂ ਤੇ ਬਿਮਾਰਾਂ ਲਈ ਖਾਸ ਪ੍ਰਾਥਨਾ ਕੀਤੀ ਜਾਵੇਗੀ। ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੋ ਕੋਈ ਵੀ ਕਿਸੇ ਤਰ੍ਹਾਂ ਦੀ ਬਿਮਾਰੀ ਤੋਂ ਪੀੜਤ ਹੈ, ਇਸ ਪ੍ਰਾਰਥਨਾ ਸਭਾ ਵਿੱਚ ਆਵੇ, ਉਨ੍ਹਾਂ ਲਈ ਵੀ ਪ੍ਰਾਰਥਨਾ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਵੇਅ ਆਫ ਫੇਥ ਚਰਚ ਰੇਤਗੜ੍ਹ ਦੀ ਸਮੁੱਚੀ ਟੀਮ ਹਾਜ਼ਰ ਸੀ।

### ਪਲੇਸਮੈਂਟ ਕੈਂਪ ਭਲਕੇ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਫਤਹਿਗੜ੍ਹ ਸਾਹਿਬ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ 6 ਨਵੰਬਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਰ ਤੇ ਟ੍ਰੇਨਿੰਗ ਅਫਸਰ, ਸ੍ਰੀਮਤੀ ਰੁਪਿੰਦਰ ਕੌਰ ਨੇ ਦੱਸਿਆ ਕਿ ਇਸ ਕੈਂਪ ਵਿੱਚ ਜ਼ਿਲ੍ਹਾ ਫਤਹਿਗੜ੍ਹ ਸਾਹਿਬ 'ਚ ਸਰਕਾਰੀ ਪ੍ਰੋਜੈਕਟ ਲਈ ਆਰਜ਼ੀ ਤੌਰ 'ਤੇ ਡਾਟਾ ਐਂਟਰੀ ਉਪਰੇਟਰ ਦੀ ਜੌਬ ਲਈ ਪੜ੍ਹੇ ਲਿਖੇ ਮੁੰਡਿਆਂ ਤੇ ਕੁੜੀਆਂ ਦੀ ਲੋੜ ਹੈ। ਇਸ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਤਹਿਸੀਲ ਤੇ ਬਲਾਕਾਂ 'ਚ ਜਾ ਕੇ ਐਪ ਚਲਾਉਣੀ, ਟ੍ਰੇਨਿੰਗ ਦਿੱਤੀ ਜਾਵੇਗੀ। ਇਸ 'ਚ ਵਿੱਦਿਅਕ ਯੋਗਤਾ ਬਾਰਵੀਂ ਤੇ ਗ੍ਰੇਜੂਏਸ਼ਨ ਹੋਣੀ ਚਾਹੀਦੀ ਹੈ, ਜਿਸ ਦੀ ਉਮਰ ਹੱਦ-18 ਤੋਂ 35 ਸਾਲ, ਤਨਖਾਹ ਡੀ.ਸੀ. ਰੇਟ ਅਨੁਸਾਰ ਹੋਵੇਗੀ। ਇਸ ਲਈ ਆਧਾਰ ਕਾਰਡ, ਪੈਨ ਕਾਰਡ, ਬੈਂਕ ਪਾਸਬੁੱਕ, ਪੜ੍ਹਾਈ ਦੇ ਸਾਰੇ ਸਰਟੀਫਿਕੇਟ (ਅਸਲ ਤੇ ਫੋਟੋ ਕਾਪੀਆਂ) ਦਸਤਾਵੇਜ਼ ਜ਼ਰੂਰੀ ਹਨ।

### ਰੋਜ਼ ਗਾਰਡਨ 'ਚ ਖੋਲ੍ਹਿਆ ਬੈਂਬੋ ਸਕੂਲ

**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਭਰ 'ਚ ਆਪਣੀਆਂ ਵੱਖ-ਵੱਖ ਵਿੱਦਿਅਕ ਖੋਜਾਂ ਨੂੰ ਲਾਗੂ ਕਰਨ ਲਈ ਜ਼ਿਲ੍ਹਾ ਐਜੂਕੇਸ਼ਨ ਸੁਸਾਇਟੀ ਦਾ ਗਠਨ ਕੀਤਾ ਹੈ, ਜਿਸ ਤਹਿਤ ਰੋਜ਼ ਗਾਰਡਨ ਵਿਖੇ ਬੈਂਬੋ ਸਕੂਲ ਖੋਲ੍ਹਿਆ ਗਿਆ ਹੈ, ਜਿੱਥੇ ਸਕੂਲ ਨਾ ਜਾਣ ਵਾਲੇ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੁਸਾਇਟੀ ਨੂੰ ਇਸ ਸਕੂਲ ਵਿੱਚ ਪੜ੍ਹਾਉਣ ਲਈ ਦੋ ਅਧਿਆਪਕਾਂ ਦੀ ਲੋੜ ਹੈ। ਉਨ੍ਹਾ ਦੱਸਿਆ ਕਿ ਚਾਹਵਾਨ ਉਮੀਦਵਾਰ 5 ਨਵੰਬਰ 2023 ਤੱਕ ਅਪਲਾਈ ਕਰ ਸਕਦਾ ਹੈ।

### ਦੋ ਦਿਨਾਂ 'ਚ ਖਾਣ-ਪੀਣ ਦੀਆਂ ਵਸਤਾਂ ਦੇ ਲਏ 24 ਨਮੂਨੇ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਾਫ ਸੁਥਰੇ ਤੇ ਸ਼ੁੱਧ ਭੋਜਨ ਪਦਾਰਥਾਂ, ਮਿਠਾਈਆਂ ਆਦਿ ਦੀ ਉਪਲਬੱਧਤਾ ਯਕੀਨੀ ਬਣਾਉਣ ਲਈ ਖਾਣ-ਪੀਣ ਦੀਆਂ ਵਸਤਾਂ ਦੀ ਸੈਂਪਲਿੰਗ ਕੀਤੀ ਜਾ ਰਹੀ ਹੈ। ਜ਼ਿਲ੍ਹਾ ਸਿਹਤ ਅਫਸਰ ਡਾ: ਭੁਪਿੰਦਰ ਕੁਮਾਰ ਦੇ ਨਿਰਦੇਸ਼ਾਂ ਅਨੁਸਾਰ ਫੂਡ ਸੇਫਟੀ ਅਫਸਰ ਸ੍ਰੀ ਇਸ਼ਾਨ ਬਾਂਸਲ ਵੱਲੋਂ 1 ਤੇ 2 ਨਵੰਬਰ ਨੂੰ ਮਿਠਾਈਆਂ ਦੇ 19, ਦੁੱਧ ਦੇ 3, ਤਿਆਰ ਦਾਲ ਤੇ ਵੈਜ ਗਰੇਵੀ ਦਾ ਇੱਕ ਇੱਕ ਸੈਂਪਲ ਲਏ ਗਏ ਹਨ। ਇਸ ਤਰ੍ਹਾਂ ਦੋ ਦਿਨਾਂ ਵਿੱਚ ਸਿਹਤ ਵਿਭਾਗ ਨੇ 24 ਸੈਂਪਲ ਲਏ ਹਨ। ਇਸ ਤੋਂ ਬਿਨਾਂ ਸੈਂਪਲਿੰਗ ਤੇ ਚੈਕਿੰਗ ਦੌਰਾਨ ਇਕ ਜਾਗਰੂਕਤਾ ਕੈਂਪ ਵੀ ਲਾਇਆ ਗਿਆ, ਜਿਸ ਦੌਰਾਨ ਫੂਡ ਬਿਜ਼ਨੈੱਸ ਓਪਰੇਟਰਾਂ ਨੂੰ ਸਾਫ ਸਫਾਈ ਦੇ ਨਾਲ ਨਾਲ ਸਾਫ ਸੁਥਰੀਆਂ ਮਿਠਾਈਆਂ ਤਿਆਰ ਕਰਨ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਸਬੰਧੀ ਇੱਕ ਸੁਧਾਰ ਨੋਟਿਸ ਵੀ ਸਾਰੇ ਫੂਡ ਬਿਜ਼ਨੈੱਸ ਆਪ੍ਰੇਟਰਾਂ ਨੂੰ ਜਾਰੀ ਕੀਤਾ ਗਿਆ।

# ਸੀਵਰੇਜ ਦੇ ਗੰਦੇ ਪਾਣੀ ਕਾਰਨ ਝੋਨੇ ਦੀ ਫਸਲ ਬਰਬਾਦ

- ਮੂੰਬੇਕੇ ਦੇ ਸਰਪੰਚ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਾਰਵਾਈ ਤੇ ਨੁਕਸਾਨ ਦੀ ਭਰਪਾਈ ਕਰਨ ਦੀ ਕੀਤੀ ਮੰਗ
- ਸੰਬੰਧਤ ਸਰਪੰਚ ਨੇ ਸਾਰੇ ਦੋਸ਼ਾਂ ਨੂੰ ਨਕਾਰਿਆ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਪਿੰਡ ਬਖੂਸ਼ਾਹ ਦੇ ਰਹਿਣ ਵਾਲੇ ਕਿਸਾਨ ਦੀ ਤਿੰਨ ਏਕੜ ਝੋਨੇ ਦੀ ਫਸਲ ਸੀਵਰੇਜ ਦੇ ਗੰਦੇ ਪਾਣੀ ਕਾਰਨ ਖਰਾਬ ਹੋ ਗਈ। ਪੀੜਤ ਕਿਸਾਨ ਤੇ ਉਸ ਦੇ ਪਰਿਵਾਰ ਨੇ ਆਪਣੀ ਫਸਲ ਖਰਾਬ ਹੋਣ ਲਈ ਗ੍ਰਾਮ ਪੰਚਾਇਤ ਪਿੰਡ ਮੂੰਬੇਕੇ ਦੇ ਸਰਪੰਚ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾ ਸਰਪੰਚ ਖਿਲਾਫ ਕਾਰਵਾਈ ਕਰਨ ਤੇ ਉਨ੍ਹਾਂ ਦੀ ਨੁਕਸਾਨੀ ਫਸਲ ਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਕਿਸਾਨ ਸੁਖਦੇਵ ਸਿੰਘ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਤਿੰਨ ਏਕੜ ਜ਼ਮੀਨ ਵਿੱਚ ਝੋਨੇ ਦੀ ਫਸਲ ਬੀਜੀ ਹੋਈ ਸੀ। ਗ੍ਰਾਮ ਪੰਚਾਇਤ ਪਿੰਡ ਮੂੰਬੇਕੇ ਦੇ ਸਰਪੰਚ ਵੱਲੋਂ ਪਿੰਡ ਦੇ ਸੀਵਰੇਜ ਦੇ ਪਾਣੀ ਦੀ ਨਿਕਾਸੀ ਲਈ ਉਨ੍ਹਾਂ ਦੇ ਖੇਤਾਂ ਵਿੱਚ ਪਾਈਪ ਲਾਈਨ ਵਿਛਾਈ ਗਈ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਖੇਤਾਂ ਵਿੱਚ ਪਾਈਪ ਲਾਈਨ ਵਿਛਾਉਣ ਸਮੇਂ ਪਿੰਡ ਦੇ ਸਰਪੰਚ ਵੱਲੋਂ ਉਨ੍ਹਾਂ ਨੂੰ ਨਹੀਂ ਪੁੱਛਿਆ ਗਿਆ। ਉਨ੍ਹਾਂ ਦੱਸਿਆ ਕਿ ਕਰੀਬ 6 ਮਹੀਨੇ ਪਹਿਲਾਂ ਉਨ੍ਹਾਂ ਦੇ ਖੇਤਾਂ ਵਿੱਚ ਪਾਈ ਪਾਈਪ ਲਾਈਨ ਟੁੱਟ ਗਈ ਸੀ, ਜਿਸ ਤੋਂ ਬਾਅਦ ਵੱਡੀ ਮਾਤਰਾ ਵਿੱਚ ਸੀਵਰੇਜ ਦਾ ਗੰਦਾ ਪਾਣੀ ਉਥੋਂ ਨਿਕਲਣਾ ਸ਼ੁਰੂ ਹੋ ਗਿਆ। ਜਦੋਂ ਉਨ੍ਹਾਂ ਆਪਣੀ ਝੋਨੇ ਦੀ ਫਸਲ ਬੀਜੀ ਤਾਂ ਉਸ ਸਮੇਂ ਵੀ ਇਸ ਟੁੱਟੀ ਪਾਈਪ ਲਾਈਨ ਵਿੱਚੋਂ ਸੀਵਰੇਜ ਦਾ ਪਾਣੀ ਲੀਕ ਹੋ ਰਿਹਾ ਸੀ, ਜਿਸ ਤੋਂ ਬਾਅਦ ਲਗਾਤਾਰ ਸੀਵਰੇਜ ਦਾ ਪਾਣੀ ਉਨ੍ਹਾਂ ਦੇ ਝੋਨੇ ਵਿੱਚ ਆਉਣ ਕਾਰਨ ਉਨ੍ਹਾਂ ਦੀ ਫਸਲ ਖਰਾਬ ਹੋ ਗਈ। ਉਨ੍ਹਾਂ ਕਿਹਾ ਕਿ ਪਾਈਪ ਲਾਈਨ ਟੁੱਟਣ ਲਈ ਸਰਪੰਚ ਦਾ ਲੜਕਾ ਜ਼ਿੰਮੇਵਾਰ ਹੈ। ਪਾਈਪ ਲਾਈਨ ਉਸ ਦੇ ਹੀ ਟਰੈਕਟਰ ਨੇ ਤੋੜ ਦਿੱਤੀ ਸੀ। ਇਸ ਸਬੰਧੀ ਸਰਪੰਚ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਟੁੱਟੀ ਹੋਈ ਪਾਈਪ ਲਾਈਨ ਦੀ ਮੁਰੰਮਤ ਨਹੀਂ ਕਰਵਾਈ ਗਈ। ਇਸ ਤੋਂ ਇਲਾਵਾ ਸਰਪੰਚ ਵੱਲੋਂ ਉਲਟਾ ਉਨ੍ਹਾਂ 'ਤੇ ਹੀ ਪਾਈਪ ਲਾਈਨ ਤੋੜਨ ਦਾ ਦੋਸ਼ ਲਗਾ ਕੇ ਉਨ੍ਹਾਂ ਖਿਲਾਫ ਐੱਫ ਆਈ ਆਰ ਦਰਜ ਕਰਵਾਉਣ ਦੀ ਧਮਕੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਆਪਣੀ ਤਿੰਨ ਏਕੜ ਝੋਨੇ ਦੀ ਫਸਲ ਕਰੀਬ 4 ਲੱਖ ਰੁਪਏ ਦੀ ਹੋਣ ਦੀ ਉਮੀਦ ਸੀ, ਪਰ ਹੁਣ ਉਨ੍ਹਾਂ ਨੂੰ ਕੁਝ ਵੀ ਹੱਥ ਆਉਂਦਾ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਨੇ ਇਸ ਲਈ ਪਿੰਡ ਮੂੰਬੇਕੇ ਦੇ ਸਰਪੰਚ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਪੁਲਸ ਤੋਂ ਮੰਗ ਕੀਤੀ ਹੈ ਕਿ ਬਣਦੀ ਕਾਨੂੰਨੀ ਕਾਰਵਾਈ ਕਰਕੇ ਉਨ੍ਹਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਵਾਈ ਜਾਵੇ। ਇਸ ਸਬੰਧੀ ਜਦੋਂ ਸਰਪੰਚ ਗੁਰਦੇਵ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਸਬੰਧਤ ਕਿਸਾਨ ਦੀ ਸਹਿਮਤੀ ਨਾਲ ਹੀ ਉਨ੍ਹਾਂ ਦੇ ਖੇਤ ਵਿੱਚੋਂ ਪਾਈਪ ਲਾਈਨ ਕੱਢੀ ਗਈ ਸੀ। ਸਰਪੰਚ ਨੇ ਇਸ ਪਾਈਪ ਲਾਈਨ ਦੇ ਲੀਕ ਹੋਣ ਲਈ ਸਬੰਧਤ ਕਿਸਾਨ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਇਹ ਪਾਈਪ ਲਾਈਨ ਉਨ੍ਹਾਂ ਦੀ ਆਪਣੀ ਹੀ ਗਲਤੀ ਕਾਰਨ ਟੁੱਟੀ ਹੈ।

ਇਸ ਦੀ ਮੁਰੰਮਤ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਬਾਅਦ ਵਿੱਚ ਝੋਨੇ ਦਾ ਸੀਜ਼ਨ ਆਉਣ ਕਾਰਨ ਇਸ ਦੀ ਮੁਰੰਮਤ ਨਹੀਂ ਹੋ ਸਕੀ। ਸਰਪੰਚ ਨੇ ਹੋਰ ਸਾਰੇ ਦੋਸ਼ਾਂ ਨੂੰ ਵੀ ਸਿਰੇ ਤੋਂ ਨਕਾਰ ਦਿੱਤਾ।

## ਸੰਯੁਕਤ ਕਿਸਾਨ ਮੋਰਚਾ ਭਲਕੇ ਫੂਕੇਗਾ ਮੋਦੀ-ਸ਼ਾਹ ਦੇ ਪੁਤਲੇ



ਮੀਟਿੰਗ ਕਰਦੇ ਹੋਏ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਕਿਸਾਨ ਧਿਰਾਂ ਦੇ ਆਗੂ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਭਰ ਵਿੱਚ ਛੇ ਨਵੰਬਰ ਨੂੰ ਨਿਊਜ਼ ਕਲਿੱਕ ਦੇ ਪੱਤਰਕਾਰਾਂ ਉੱਪਰ ਯੂਏਪੀਏ ਦੀ ਧਾਰਾ 153 ਤੇ 120ਬੀ ਤਹਿਤ ਕੇਸ ਦਰਜ ਕਰਨ ਦੇ ਵਿਰੋਧ ਵਜੋਂ ਮੋਦੀ ਤੇ ਸ਼ਾਹ ਦੇ ਪੁਤਲੇ ਐੱਫ ਆਈ ਆਰ ਦੀ ਕਾਪੀਆਂ ਸਮੇਤ ਸਾੜੇ ਜਾਣ ਦੇ ਸੱਦੇ ਤਹਿਤ ਸੰਯੁਕਤ ਕਿਸਾਨ ਮੋਰਚਾ ਬਲਾਕ ਪਾਤੜਾਂ ਦੀ ਮੀਟਿੰਗ ਗੁਰਦੁਆਰਾ ਸਾਹਿਬ ਘੱਗਾ ਵਿਖੇ ਹਰਭਜਨ ਸਿੰਘ ਬੁੱਟਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਨੂੰ ਲਾਗੂ ਕਰਨ ਲਈ ਮਿੱਥੇ ਦਿਨ ਛੇ ਨਵੰਬਰ ਨੂੰ ਪਾਤੜਾਂ ਵਿਖੇ ਸਮੂਹ ਜਥੇਬੰਦੀਆਂ 11 ਵਜੇ ਪੁਰਾਣੇ ਬੱਸ ਅੱਡੇ ਤੋਂ ਮਾਰਚ ਕਰਦੇ ਹੋਏ ਐੱਸ ਡੀ ਐੱਮ ਦਫਤਰ ਪਾਤੜਾਂ ਪਹੁੰਚਣ ਉਪਰੰਤ ਮੋਦੀ-ਸ਼ਾਹ ਦਾ ਪੁਤਲਾ ਤੇ ਐੱਫ ਆਈ ਆਰ ਦੀਆਂ ਕਾਪੀਆਂ ਨੂੰ ਸਾੜਿਆ ਜਾਵੇਗਾ। ਮੁਜ਼ਾਹਰਾ ਕਰਨ ਉਪਰੰਤ ਪੱਤਰਕਾਰਾਂ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਐੱਸ ਡੀ ਐੱਮ ਪਾਤੜਾਂ ਨੂੰ ਮੰਗ ਪੱਤਰ ਵੀ ਸੌਂਪਿਆ ਜਾਵੇਗਾ। ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਕਿਸਾਨ ਆਗੂਆਂ ਹਰਭਜਨ ਸਿੰਘ ਬੁੱਟਰ, ਕੁਲਵੰਤ ਸਿੰਘ ਮੌਲਵੀਵਾਲਾ, ਗੁਰਵਿੰਦਰ ਸਿੰਘ ਦੇਧਨਾ ਤੇ ਮਲਕੀਤ ਸਿੰਘ ਨਿਆਲ ਨੇ ਦੱਸਿਆ ਕਿ ਅਭਿਸਾਰ ਸ਼ਰਮਾ, ਭਾਸ਼ਾ ਸਿੰਘ, ਉਰਮੀਲੇਸ਼, ਅਨਿੰਦੋਇ ਚੱਕਰਵਰਤੀ ਤੇ ਪ੍ਰੰਜੋਇ ਗੁਹਾ ਠਾਕੁਰਤਾ ਵਰਗੇ ਨਿਰਪੱਖ ਪੱਤਰਕਾਰਾਂ ਉੱਤੇ ਅਜਿਹੇ ਆਰੋਪ ਨਿੰਦਣਯੋਗ ਹਨ ਤੇ ਇਹ ਨਾ ਸਿਰਫ ਪੱਤਰਕਾਰੀ ਉੱਤੇ, ਬਲਕਿ ਸਮੂਹ ਭਾਰਤ ਦੀ ਹਰ ਇੱਕ ਜਾਤੀ, ਹਰ ਇੱਕ ਵਰਗ, ਘੱਟ ਗਿਣਤੀਆਂ ਤੇ ਆਪਣੇ ਹੱਕਾਂ ਲਈ ਲੜ ਰਹੇ ਹਰ ਇੱਕ ਸੰਗਠਨ ਦੇ ਆਪਣੇ ਹੱਕਾਂ ਪ੍ਰਤੀ ਸਰਕਾਰ ਦੀਆਂ ਨੀਤੀਆਂ ਦਾ ਖੰਡਨ ਕਰਨ ਦੇ ਅਧਿਕਾਰਾਂ ਉੱਪਰ ਸਿੱਧਾ ਹਮਲਾ ਹੈ। ਮੀਟਿੰਗ ਵਿੱਚ ਹਰਭਜਨ ਸਿੰਘ ਧੂਹੜ, ਜਗਜੀਤ ਸਿੰਘ ਦੁਗਾਲ ਅਮਰਜੀਤ ਸਿੰਘ ਦੁਗਾਲ, ਰਾਮ ਚੰਦ ਚੁਨਾਗਰਾ ਤੇ ਕੁਲਦੀਪ ਸਿੰਘ ਗਲੋਲੀ ਆਦਿ ਹਾਜ਼ਰ ਸਨ।

## ਗੋਲਡਨ ਡੇਜ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ



**ਸੰਗਤ ਮੰਡੀ (ਰਾਜਦੀਪ ਜੋਸ਼ੀ)**

ਬਠਿੰਡਾ-ਡੱਬਵਾਲੀ ਰਾਸ਼ਟਰੀ ਮਾਰਗ 'ਤੇ ਪੈਂਦੇ ਪਿੰਡ ਗੁਰਥੜੀ ਵਿਖੇ ਸਥਿਤ ਗੋਲਡਨ ਡੇਜ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਪ੍ਰਿੰਸੀਪਲ ਰਾਹੁਲ ਮਹਿਤਾ ਦੀ ਅਗਵਾਈ ਵਿੱਚ ਇੱਕ ਰੋਜ਼ਾ ਵਿੱਦਿਅਕ ਤੇ ਮਨੋਰੰਜਕ ਟੂਰ ਲਗਾਇਆ ਗਿਆ। ਇਸ ਟੂਰ ਦੌਰਾਨ ਬੱਚਿਆਂ ਨੂੰ ਛੱਤਬੀੜ ਦੇ ਚਿੜੀਆਘਰ ਵਿਖੇ ਅਮਰੀਕਨ, ਅਫਰੀਕਨ, ਆਸਟ੍ਰੇਲੀਅਨ, ਦੱਖਣੀ ਭਾਰਤ ਦੇ ਤੇ ਹੋਰ ਜਾਨਵਰ ਵੇਖੇ ਅਤੇ ਉਨ੍ਹਾਂ ਦੇ ਰਹਿਣ ਵਸੇਰਿਆਂ ਬਾਰੇ ਦਿਲਚਸਪ ਜਾਣਕਾਰੀ ਹਾਸਲ ਕੀਤੀ। ਇਨ੍ਹਾਂ ਜਾਨਵਰਾਂ ਵਿੱਚੋਂ ਤੇਂਦੂਆ ਤੇ ਕਈ ਹੋਰ ਜਾਨਵਰ ਬੱਚਿਆਂ ਦੀ ਖਿੱਚ ਦਾ ਕੇਂਦਰ ਬਣੇ ਰਹੇ। ਇਸ ਤੋਂ ਇਲਾਵਾ ਬੱਚਿਆਂ ਨੂੰ ਬਠਿੰਡਾ ਦੇ ਰੋਜ਼ ਗਾਰਡਨ 'ਚ ਲਿਜਾਇਆ ਗਿਆ, ਜਿੱਥੇ ਬਣੇ ਅੱਪੂ ਘਰ 'ਚ ਉਨ੍ਹਾਂ ਨੇ ਵੱਖ-ਵੱਖ ਝੂਲਿਆਂ ਦਾ ਆਨੰਦ ਮਾਣਿਆ। ਪ੍ਰਿੰਸੀਪਲ ਰਾਹੁਲ ਮਹਿਤਾ ਨੇ ਦੱਸਿਆ ਕਿ ਇਸ ਟੂਰ ਦਾ ਮੁੱਖ ਮਕਸਦ ਬੱਚਿਆਂ ਦੀ ਜਾਣਕਾਰੀ 'ਚ ਵਾਧਾ ਕਰਨਾ ਤੇ ਉਨ੍ਹਾਂ ਦਾ ਮਨੋਰੰਜਨ ਕਰਨਾ ਸੀ। ਕੈਂਪਸ ਇੰਚਾਰਜ ਜਗਵਿੰਦਰ ਸਿੰਘ ਨੇ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਟੂਰ ਲਿਜਾਏ ਜਾਣਗੇ।

ਇਸ ਮੌਕੇ ਬੱਚਿਆਂ ਦੇ ਨਾਲ ਮੈਡਮ ਕੁਲਦੀਪ ਕੌਰ, ਮੈਡਮ ਸਰੀਨਾ ਬੀਬੀ, ਮੈਡਮ ਸੁਖਮਨਪ੍ਰੀਤ ਕੌਰ, ਮੈਡਮ ਅਨੂ, ਮੈਡਮ ਮਨਦੀਪ ਕੌਰ ਰਿਸੈਪਸ਼ਨਿਸਟ ਮੌਜੂਦ ਸਨ ਤੇ ਇਨ੍ਹਾਂ ਤੋਂ ਇਲਾਵਾ ਬੱਚਿਆਂ ਦੀ ਖਾਸ ਤੌਰ 'ਤੇ ਦੇਖਭਾਲ ਲਈ ਦਰਜਾ ਚਾਰ ਦੀ ਪਰਮਜੀਤ ਕੌਰ ਤੇ ਵੀਰਪਾਲ ਕੌਰ ਨੂੰ ਵੀ ਨਾਲ ਲਿਜਾਇਆ ਗਿਆ।

## 10 ਗ੍ਰਾਮ ਚਿੱਟੇ ਸਣੇ ਦੋ ਮੁਲਜ਼ਮ ਪੁਲਸ ਅੜਿੱਕੇ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਥਾਣਾ ਸਿਟੀ ਧੂਰੀ ਦੇ ਮੁੱਖ ਅਫ਼ਸਰ ਇੰਸਪੈਕਟਰ ਰਮਨਦੀਪ ਸਿੰਘ ਬਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੁਰੇਂਦਰ ਲਾਂਬਾ, ਕਪਤਾਨ ਪੁਲਸ ਯੋਗੇਸ਼ ਸ਼ਰਮਾ ਤੇ ਉੱਪ ਕਪਤਾਨ ਪੁਲਸ ਧੂਰੀ ਤਲਵਿੰਦਰ ਸਿੰਘ ਗਿੱਲ ਵੱਲੋਂ ਸਮਾਜ ਵਿਰੋਧੀ ਅਨਸਰਾਂ ਖਿਲਾਫ ਵਿੱਢੀ ਮੁਹਿੰਮ 'ਤੇ ਕਾਰਵਾਈ ਕਰਦਿਆਂ ਥਾਣਾ ਸਿਟੀ ਧੂਰੀ ਦੀ ਪੁਲਸ ਨੇ ਨਸ਼ਾ ਵੇਚਣ ਵਾਲੇ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ।

ਉਨ੍ਹਾ ਦੱਸਿਆ ਕਿ ਪੁਲਸ ਟੀਮ ਨੂੰ ਸੂਚਨਾ ਮਿਲੀ ਸੀ ਕਿ ਸੋਨੀਆ ਤੇ ਚੀਨਾ, ਜੋ ਨਸ਼ਾ ਵੇਚਣ ਦੇ ਆਦੀ ਹਨ, ਅੱਜ ਸੋਨੀਆ ਆਪਣੇ ਗਾਹਕਾਂ ਨੂੰ ਨਸ਼ਾ ਵੇਚਣ ਲਈ ਜਾਵੇਗੀ ਤੇ ਚੀਨਾ ਉਸ ਨੂੰ ਨਸ਼ਾ ਸਪਲਾਈ ਕਰਦਾ ਹੈ ਅਤੇ ਪੁਲਸ ਵੱਲੋਂ ਕੀਤੀ ਗਈ ਰੇਡ 'ਚ ਸੋਨੀਆ ਤੇ ਚੀਨਾ ਨੂੰ ਕੁੱਲ 10 ਗ੍ਰਾਮ ਚਿੱਟੇ ਸਣੇ ਕਾਬੂ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਫੜੇ ਗਏ ਮੁਲਜ਼ਮਾਂ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ ਤੇ ਪੁੱਛਗਿੱਛ ਕੀਤੀ ਜਾ ਰਹੀ ਹੈ।

# ਜੇ ਐੱਨ ਇੰਟਰਨੈਸ਼ਨਲ ਸਕੂਲ ਵਿਖੇ ਰੋਬੋਟਿਕ ਸੈਮੀਨਾਰ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**

ਜੇ. ਐੱਨ. ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਵਿੱਚ ਜੂਨੀਅਰ ਇੰਜੀਨੀਅਰ ਮੈਕਸ ਅਕੈਡਮੀ ਹੈੱਡ ਆਫਿਸ ਦਿੱਲੀ ਦੀ ਬ੍ਰਾਂਚ ਫਿਰੋਜ਼ਪੁਰ ਕੈਂਟ ਵੱਲੋਂ ਰੋਬੋਟਿਕ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਮੈਕਸ ਅਕੈਡਮੀ ਵੱਲੋਂ ਆਏ ਹੋਏ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਵਿਗਿਆਨ ਵੱਲੋਂ ਇਜਾਦ ਕੀਤੇ ਗਏ ਰੋਬੋਟ ਬਾਰੇ ਜਾਣਕਾਰੀ ਦਿੱਤੀ। ਰੋਬੋਟ ਟੈਕਨਾਲੋਜੀ ਨੂੰ ਬੁੱਧੀਜੀਵੀ, ਵਿਗਿਆਨੀ, ਭਵਿੱਖ ਦੀ ਮਹੱਤਵਪੂਰਨ ਲੋੜ ਵਜੋਂ ਵਿਕਸਤ ਹੁੰਦੀ ਵੇਖ ਰਹੇ ਹਨ। ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਮੁੱਖ ਰੱਖਦਿਆਂ ਸਮੇਂ-ਸਮੇਂ ਉੱਪਰ ਸਕੂਲ ਕੈਂਪਸ 'ਚ ਪਾਠ ਸਹਾਇਕ ਕਿਰਿਆਵਾਂ ਕਰਵਾਈਆਂ ਜਾਂਦੀਆਂ ਹਨ ਤਾਂ ਕਿ ਵਿਦਿਆਰਥੀਆਂ ਨੂੰ ਸੰਸਾਰ ਪੱਧਰ ਦੀਆਂ ਨਵੀਆਂ ਤਕਨੀਕਾਂ ਨਾਲ ਜੋੜਿਆ ਜਾ ਸਕੇ। ਵਿਦਿਆਰਥੀਆਂ ਨੇ ਇਸ ਸੈਮੀਨਾਰ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ ਤੇ ਨਵੀਂ ਟੈਕਨਾਲੋਜੀ ਬਾਰੇ ਜਾਣਕਾਰੀ ਹਾਸਲ ਕੀਤੀ। ਪ੍ਰਿੰ. ਰਵਿੰਦਰ ਕੁਮਾਰ ਵੱਲੋਂ ਆਏ ਹੋਏ ਅਧਿਆਪਕਾਂ ਦਾ ਮੈਕਸ ਐਕਡਮੀ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਗਿਆ। ਪ੍ਰਿੰ. ਰਵਿੰਦਰ ਕੁਮਾਰ ਨੇ ਅੱਜ ਦੇ ਆਧੁਨਿਕ ਯੁੱਗ 'ਚ ਮਨੁੱਖੀ ਲੋੜਾਂ, ਨਵੀਆਂ ਕਾਢਾਂ ਤੇ ਸੰਸਾਰ ਪੱਧਰ ਉੱਪਰ ਵਿਗਿਆਨ ਦੇ ਯੁੱਗ ਦੀ ਅਹਿਮੀਅਤ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਇਸ ਸੈਮੀਨਾਰ 'ਚ ਸਕੂਲ ਦੇ ਚੇਅਰਮੈਨ ਜਨਕ ਰਾਜ ਮੁੰਜਾਲ, ਮੈਨੇਜਿੰਗ ਡਾਇਰੈਕਟਰ ਅਰਜੁਨ ਮੁੰਜਾਲ, ਮੈਨੇਜਮੈਂਟ ਮੈਂਬਰ ਏਕਤਾ ਮੁੰਜਾਲ, ਮੈਨੇਜਮੈਂਟ ਮੈਂਬਰ ਅੰਜਲੀ ਚਾਨਣਾ ਹਾਜ਼ਰ ਰਹੇ।

## 'ਵਰਸਿਟੀ ਕਾਲਜ ਬੇਨੜਾ ਵਿਖੇ ਸਵਾਗਤੀ ਪਾਰਟੀ



**ਧੂਰੀ (ਸੁਖਦੇਵ ਧੂਰੀ)**-ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪ੍ਰਿੰਸੀਪਲ ਡਾ. ਪਰਮਜੀਤ ਕੌਰ ਦੀ ਅਗਵਾਈ ਵਿੱਚ ਆਰਟਸ ਵਿਭਾਗ ਦੇ ਨਵੇਂ ਦਾਖਲ ਹੋਏ ਵਿਦਿਆਰਥੀਆ ਲਈ ਸਵਾਗਤੀ ਪਾਰਟੀ ਦਾ ਆਯੋਜਨ ਕੀਤਾ ਗਿਆ। ਪਾਰਟੀ ਦਾ ਆਰੰਭ ਯੂਨੀਵਰਸਿਟੀ ਧੁਨੀ ਨਾਲ ਹੋਣ ਉਪਰੰਤ ਵਿਦਿਆਰਥੀਆਂ ਵੱਲੋਂ ਵਨ ਸਵੰਨੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ। ਮਿਸ ਤੇ ਮਿਸਟਰ ਫਰੈਸ਼ਰ ਦੀ ਚੋਣ ਕਰਨ ਦੀ ਭੂਮਿਕਾ ਡਾ. ਰਵੀਦਿੱਤ ਸਿੰਘ ਕੰਗ, ਪ੍ਰੋ: ਗੁਰਦੀਪ ਸਿੰਘ ਤੇ ਪ੍ਰੋ: ਅਮਨਦੀਪ ਕੌਰ ਵੱਲੋਂ ਨਿਭਾਈ ਗਈ ਅਤੇ ਚੁਣੇ ਵਿਦਿਆਰਥੀਆਂ ਨੂੰ ਕਾਲਜ ਪ੍ਰਿੰਸੀਪਲ ਤੇ ਸਮੂਹ ਸਟਾਫ ਦੁਆਰਾ ਸਨਮਾਨਤ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਪਾਰਟੀ ਪ੍ਰਬੰਧਕ ਕਮੇਟੀ ਦੇ ਕਨਵੀਨਰ ਡਾ. ਜਸਬੀਰ ਸਿੰਘ ਨੇ ਕਿਹਾ ਕਿ ਪਾਰਟੀ ਦਾ ਅਯੋਜਨ ਸਮੂਹ ਅਧਿਆਪਕਾਂ ਦੇ ਸਹਿਯੋਗ ਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਸਫਲਤਾ ਸਹਿਤ ਹੋ ਸਕਿਆ ਹੈ। ਅੰਤ ਵਿੱਚ ਪ੍ਰਿੰਸੀਪਲ ਨੇ ਵਿਦਿਆਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਨ ਦੇ ਨਾਲ ਨਾਲ ਅਨੁਸ਼ਾਸਨ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ ਤੇ ਪ੍ਰਬੰਧਕਾਂ ਨੂੰ ਪਾਰਟੀ ਦੀ ਸਫਲਤਾ ਦੀ ਵਧਾਈ ਦਿੱਤੀ।

## ਬਾਬਾ ਫ਼ਰੀਦ ਕਾਲਜ ਵੱਲੋਂ ਇੱਕ ਰੋਜ਼ਾ ਐੱਨ ਐੱਸ ਐੱਸ ਕੈਂਪ ਲਗਾਇਆ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ, ਬਠਿੰਡਾ (ਇੱਕ ਮੋਹਰੀ ਬੀ-ਸਕੂਲ) ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਦਿਓਣ (ਬਠਿੰਡਾ) ਦੇ ਸਹਿਯੋਗ ਨਾਲ ਸਕੂਲ ਵਿੱਚ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਇੱਕ ਰੋਜ਼ਾ ਐੱਨ.ਐੱਸ.ਐੱਸ. ਕੈਂਪ ਲਗਾਇਆ ਗਿਆ, ਜਿਸ ਵਿੱਚ ਕਾਲਜ ਦੇ 22 ਵਿਦਿਆਰਥੀਆਂ ਨੇ ਹਿੱਸਾ ਲਿਆ। ਸਾਰੇ ਵਲੰਟੀਅਰਾਂ ਨੂੰ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ 5 ਗਰੁੱਪਾਂ ਵਿੱਚ ਵੰਡਿਆ ਗਿਆ। ਸਾਰੇ ਵਲੰਟੀਅਰਾਂ ਨੇ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਨਦੀਨਾਂ ਨੂੰ ਹਟਾਉਣਾ, ਮੈਦਾਨਾਂ ਦੀ ਸਫਾਈ, ਪੌਦੇ ਲਗਾਉਣਾ ਤੇ ਪੌਦਿਆਂ ਨੂੰ ਪਾਣੀ ਦੇਣਾ ਆਦਿ ਵਿੱਚ ਹਿੱਸਾ ਲਿਆ। ਇਸ ਉਪਰੰਤ ਹਰੇਕ ਗਰੁੱਪ ਨੇ ਸਕੂਲ ਦੇ ਵੱਖ-ਵੱਖ ਖੇਤਰਾਂ ਨੂੰ ਸਾਫ਼ ਕੀਤਾ। ਐੱਨ.ਐੱਸ.ਐੱਸ. ਵਲੰਟੀਅਰਾਂ ਵੱਲੋਂ ਕਈ ਸੱਭਿਆਚਾਰਕ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ ਵਿੱਚ ਐਲੀਮੈਂਟਰੀ ਸਕੂਲ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ ਤੇ ਛੋਟੇ ਜੇਤੂਆਂ ਨੂੰ ਇਨਾਮ ਵਜੋਂ ਚਾਕਲੇਟ ਦਿੱਤੇ ਗਏ। ਕਾਲਜ ਦੇ ਐੱਨ.ਐੱਸ.ਐੱਸ. ਕੋਆਰਡੀਨੇਟਰ ਸ੍ਰੀ ਸਾਹਿਲ ਸਿਡਾਨਾ ਨੇ ਸਾਰੇ ਵਲੰਟੀਅਰਾਂ ਨੂੰ ਸਮਾਜਿਕ ਸੇਵਾਵਾਂ ਤੇ ਐੱਨ.ਐੱਸ.ਐੱਸ. ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਹ ਸਕੂਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿਓਣ ਦੇ ਨਾਲ ਜੁੜਿਆ ਹੋਇਆ ਹੈ, ਜਿੱਥੇ ਐੱਨ.ਐੱਸ.ਐੱਸ. ਵਲੰਟੀਅਰਾਂ ਨੇ 9ਵੀਂ, 10ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕੈਰੀਅਰ ਗਾਈਡੈਂਸ ਦੇ ਕੇ ਪ੍ਰੇਰਿਤ ਕੀਤਾ ਤੇ ਉਨ੍ਹਾਂ ਨੂੰ ਵਾਤਾਵਰਣ ਦੀ ਸੁਰੱਖਿਆ ਬਾਰੇ ਜਾਗਰੂਕ ਕੀਤਾ।

ਅੰਤ 'ਚ ਸਕੂਲ ਪ੍ਰਿੰਸੀਪਲ ਨੇ ਇਸ ਕੈਂਪ ਦਾ ਆਯੋਜਨ ਕਰਨ ਵਾਲੇ ਵਿਦਿਆਰਥੀਆਂ ਦੇ ਨਾਲ-ਨਾਲ ਫੈਕਲਟੀ ਮੈਂਬਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾ ਐੱਨ.ਐੱਸ.ਐੱਸ. ਵਲੰਟੀਅਰਾਂ ਦੁਆਰਾ ਕੀਤੇ ਗਏ ਯਤਨਾਂ ਨੂੰ ਮਾਨਤਾ ਦਿੰਦੇ ਹੋਏ ਕਾਲਜ ਦੇ ਨਾਮ ਪ੍ਰਸੰਸਾ ਪੱਤਰ ਵੀ ਜਾਰੀ ਕੀਤਾ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਤੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਸਚਿਨ ਦੇਵ ਨੇ ਐੱਨ.ਐੱਸ.ਐੱਸ. ਯੂਨਿਟ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

## ਬਾਬਾ ਫਰੀਦ ਲਾਅ ਕਾਲਜ 'ਚ ਐੱਨ ਸੀ ਸੀ ਵਿੰਗ ਸ਼ੁਰੂ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਦੇ ਮਾਨਯੋਗ ਚੇਅਰਮੈਨ ਸ੍. ਇੰਦਰਜੀਤ ਸਿੰਘ ਖਾਲਸਾ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਬਾਬਾ ਫਰੀਦ ਲਾਅ ਕਾਲਜ ਵਿੱਚ ਐੱਨ.ਸੀ.ਸੀ. ਵਿੰਗ ਸ਼ੁਰੂ ਕੀਤਾ ਗਿਆ ਹੈ। ਇਸ ਸਬੰਧੀ ਲਾਅ ਕਾਲਜ ਨੂੰ ਫਿਰੋਜ਼ਪੁਰ ਕੈਂਟ-13 ਪੰਜਾਬ ਬਟਾਲੀਅਨ ਐੱਨ.ਸੀ.ਸੀ. ਵੱਲੋਂ ਅਲਾਟਮੈਂਟ ਲੈਟਰ ਜਾਰੀ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਪੰਕਜ ਕੁਮਾਰ ਗਰਗ ਨੇ ਦੱਸਿਆ ਕਿ ਕਾਲਜ ਵਿੱਚ ਐੱਨ.ਸੀ.ਸੀ. ਲਿਆਉਣ ਲਈ ਜ਼ਰੂਰੀ ਸ਼ਰਤਾਂ ਪੂਰੀਆਂ ਕੀਤੀਆਂ ਜਾ ਚੁੱਕੀਆਂ ਹਨ। ਹੁਣ ਕਾਲਜ ਦੇ 18 ਵਿਦਿਆਰਥੀ ਐੱਨ.ਸੀ.ਸੀ. ਲਈ ਸਬੰਧਤ ਆਰਮੀ ਆਫੀਸਰ ਦੁਆਰਾ ਚੁਣੇ ਜਾਣਗੇ ਤੇ ਕਾਲਜ 'ਚ ਐੱਨ.ਸੀ.ਸੀ. ਕੋਰਸ ਮੁਕੰਮਲ ਤਰੀਕੇ ਨਾਲ ਰੈਗੂਲਰ ਚਲਾਇਆ ਜਾਵੇਗਾ। ਇਸ ਉਪਰੰਤ ਇੰਚਾਰਜ ਅਕੈਡਮਿਕ ਡਾ. ਨਵਜੋਤ ਕੌਰ ਨੇ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ ਦਾ ਸੰਪੂਰਨ ਵਿਕਾਸ ਵੀ ਜ਼ਰੂਰੀ ਹੈ।

ਇਸ ਮੌਕੇ ਮਾਨਯੋਗ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਨੇ ਪ੍ਰਿੰਸੀਪਲ, ਇੰਚਾਰਜ ਅਕੈਡਮਿਕ, ਟੀਚਿੰਗ ਸਟਾਫ, ਨਾਨ-ਟੀਚਿੰਗ ਸਟਾਫ ਤੇ ਵਿਦਿਆਰਥੀਆਂ ਨੂੰ ਕਾਲਜ ਵਿੱਚ ਐੱਨ.ਸੀ.ਸੀ. ਆਉਣ 'ਤੇ ਵਧਾਈ ਦਿੱਤੀ ਤੇ ਇਸ ਨੂੰ ਸ਼ਲਾਘਾਯੋਗ ਕਦਮ ਦੱਸਿਆ। ਇਸ ਸਮੇਂ ਸ੍ਰੀ ਪੰਕਜ (ਐੱਨ.ਸੀ.ਸੀ. ਕੇਅਰਟੇਕਰ ਆਫਿਸਰ) ਵੀ ਹਾਜ਼ਰ ਰਹੇ।

# ਤਹਿਸੀਲ ਕੰਪਲੈਕਸ 'ਚ ਕਰਵਾਇਆ ਸੁਖਮਨੀ ਸਾਹਿਬ ਦਾ ਪਾਠ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਬਾਰ ਐਸੋਸੀਏਸ਼ਨ ਬਾਘਾ ਪੁਰਾਣਾ ਦੇ ਪ੍ਰਧਾਨ ਹਰਜੀਤ ਸਿੰਘ ਬਰਾੜ ਦੀ ਅਗਵਾਈ ਵਿੱਚ ਸਮੁੱਚੀ ਟੀਮ ਵੱਲੋਂ ਸਥਾਨਕ ਸ਼ਹਿਰ ਦੇ ਮੁੱਦਕੀ ਰੋਡ 'ਤੇ ਸਥਿਤ ਸਿਵਲ ਕੋਰਟਸ ਬਾਘਾ ਪੁਰਾਣਾ (ਤਹਿਸੀਲ ਕੰਪਲੈਕਸ) ਜ਼ਿਲ੍ਹਾ ਮੋਗਾ ਵਿਖੇ ਸਰਬਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਇਸ ਕਰਵਾਏ ਗਏ ਧਾਰਮਿਕ ਪ੍ਰੋਗਰਾਮ ਵਿੱਚ ਸੈਸ਼ਨ ਜੱਜ ਅਤੁਲ ਕਿਸਾਨਾ, ਜੱਜ ਰਵਨੀਤ ਸਿੰਘ, ਜੱਜ ਸੰਗਮ ਕੌਸ਼ਲ, ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਹਰਕੰਵਲਜੀਤ ਸਿੰਘ ਐੱਸ.ਡੀ.ਐੱਮ. ਨੇ ਵਿਸ਼ੇਸ਼ ਤੌਰ 'ਤੇ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਗ੍ਰੰਥੀ ਸਿੰਘਾਂ ਵੱਲੋਂ ਸ੍ਰੀ ਸੁਖਮਨੀ ਜੀ ਦੇ ਪਾਠ ਕਰ ਕੇ ਪੁੱਜੀ ਸੰਗਤ ਨੂੰ ਪ੍ਰਮਾਤਮਾ ਨਾਲ ਜੋੜਿਆ ਤੇ ਰਾਗੀ ਸਿੰਘਾਂ ਨਾਲ ਕੀਰਤਨ ਕਰ ਕੇ ਸੰਗਤਾਂ ਨੂੰ ਗੁਰੂ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਹਾਜ਼ਰੀਨ ਸਮੂਹ ਸੰਗਤਾਂ 'ਚ ਗੁਰੂ ਘਰ ਦੀ ਦੇਗ ਵਰਤਾਈ ਗਈ। ਇਸ ਮੌਕੇ ਨਾਇਬ ਤਹਿਸੀਲਦਾਰ ਭੀਮ ਸੈਨ, ਰਤੇਸ਼ ਸਿੰਗਲਾ ਪ੍ਰਧਾਨ ਬਾਰ ਐਸੋਸੀਏਸ਼ਨ ਫਰੀਦਕੋਟ, ਅਮਰਜੀਤ ਸਿੰਘ ਮੀਤ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਗੁਰਤੇਜ ਸਿੰਘ ਪ੍ਰਧਾਨ ਬਾਰ ਐਸੋਸੀਏਸ਼ਨ ਪੰਜਾਬ ਐਂਡ ਹਰਿਆਣਾ ਹਾਈ ਕੋਰਟ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦੀਪਕ ਅਰੋੜਾ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ, ਸਰਕਲ ਸਮਾਲਸਰ ਦੇ ਪ੍ਰਧਾਨ ਗੁਰਜੰਟ ਸਿੰਘ ਭੁੱਟੋ, ਪੰਜਾਬ ਟਰੇਡ ਵਿੰਗ ਦੇ ਪ੍ਰਧਾਨ ਰਿੰਪੀ ਮਿੱਤਲ ਪ੍ਰਧਾਨ, ਭੋਲਾ ਸਿੰਘ ਸਮਾਧ ਭਾਈ, ਗੁਰਪ੍ਰੀਤ ਸਿੰਘ ਮਨਚੰਦਾ, ਪਵਨ ਢੰਡ ਸ਼ਹਿਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣੀ ਹਾਜ਼ਰੀ ਭਰੀ।

ਸਮਾਗਮ ਦੇ ਅੰਤ 'ਚ ਬਾਰ ਐਸੋਸੀਏਸ਼ਨ ਬਾਘਾ ਪੁਰਾਣਾ ਦੇ ਪ੍ਰਧਾਨ ਹਰਜੀਤ ਸਿੰਘ ਬਰਾੜ ਦੀ ਅਗਵਾਈ ਵਿੱਚ ਅਮਨਪ੍ਰੀਤ ਸਿੰਘ ਗਰੇਵਾਲ ਸੈਕਟਰੀ, ਅਮਿਤ ਗੋਇਲ ਵਾਇਸ ਪ੍ਰਧਾਨ ਵੱਲੋਂ ਵਿਸ਼ੇਸ਼ ਤੌਰ 'ਤੇ ਪੁੱਜੀਆਂ ਸਖਸ਼ੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਐਡਵੋਕੇਟ ਰਵਿੰਦਰ ਸਿੰਘ ਬਰਾੜ, ਐਡਵੋਕੇਟ ਵਿਨੋਦ ਜਿੰਦਲ, ਐਡਵੋਕੇਟ ਪ੍ਰਭਜੋਤ ਕੌਰ ਮੈਡਮ, ਐਡਵੋਕੇਟ ਵੰਦਨਾ ਮੈਡਮ, ਐਡਵੋਕੇਟ ਸੋਨੀਆ ਗੋਇਲ ਮੈਡਮ, ਐਡਵੋਕੇਟ ਐਡਵੋਕੇਟ ਗੁਰਜੰਟ ਸਿੰਘ ਗਿੱਲ, ਐਡਵੋਕੇਟ ਜਗਰਾਜ ਸਿੰਘ ਚਾਹਲ, ਐਡਵੋਕੇਟ ਬਲਵਿੰਦਰ ਸਿੰਘ ਸਿੱਧੂ, ਐਡਵੋਕੇਟ ਮਨਜਿੰਦਰ ਸਿੰਘ, ਐਡਵੋਕੇਟ ਸੁਜਾਨ ਸਿੰਘ ਦੇ ਇਲਾਵਾ ਤਹਿਸੀਲ ਕੰਪਲੈਕਸ ਦਾ ਸਮੁੱਚਾ ਸਟਾਫ਼ ਹਾਜ਼ਰ ਸੀ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਬਰਾੜ ਨੇ ਪੁੱਜੀ ਸੰਗਤ ਦਾ ਧੰਨਵਾਦ ਕੀਤਾ।

## ਕਲਸਟਰ ਖੇਡਾਂ 'ਚ ਨਿਸ਼ਾਨ ਅਕੈਡਮੀ ਦੀ ਵਾਲੀਬਾਲ ਟੀਮ ਪੰਜਾਬ 'ਚੋਂ ਪਹਿਲੇ ਸਥਾਨ 'ਤੇ



**ਮਲੋਟ (ਗੁਰਮੀਤ ਸਿੰਘ ਮੱਕੜ)**

ਹਰ ਸਾਲ ਕਰਵਾਈਆਂ ਜਾਣ ਵਾਲੀਆਂ ਸੀ ਬੀ ਐੱਸ ਈ ਕਲਸਟਰ ਖੇਡਾਂ ਵਿੱਚ ਪਿਛਲੇ ਤਿੰਨ-ਚਾਰ ਸਾਲ ਤੋਂ ਪੂਰੇ ਪੰਜਾਬ ਭਰ 'ਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮ ਨੇ ਇਸ ਵਾਰ ਫਿਰ ਰਿਕਾਰਡ ਨੂੰ ਕਾਇਮ ਰੱਖਦਿਆਂ ਨਿਸ਼ਾਨ ਅਕੈਡਮੀ ਦੀ ਅੰਡਰ-19 ਲੜਕੀਆਂ ਦੀ ਵਾਲੀਬਾਲ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ। ਅਕੈਡਮੀ ਦੇ ਡਾਇਰੈਕਟਰ ਸ੍. ਇਕਓਂਕਾਰ ਸਿੰਘ ਨੇ ਦੱਸਿਆ ਕਿ ਇਸ ਵਾਰ ਦੀਆਂ ਇਹ ਖੇਡਾਂ 26, 27 ਤੇ 28 ਅਕਤੂਬਰ ਨੂੰ ਪਟਿਆਲੇ ਦੇ ਐਲੀਨਸ ਇੰਟਰਨੈਸ਼ਨਲ ਸਕੂਲ (ਬਨੂੜ) ਵਿਖੇ ਕੀਤੀਆਂ ਗਈਆਂ। ਇਨ੍ਹਾਂ ਖੇਡਾਂ ਵਿੱਚ ਪੂਰੇ ਪੰਜਾਬ ਭਰ ਵਿੱਚੋਂ 10 ਟੀਮਾਂ ਨੇ ਭਾਗ ਲਿਆ, ਜਿਸ ਵਿੱਚ ਨਿਸ਼ਾਨ ਅਕੈਡਮੀ ਅੰਡਰ-19 ਵਾਲੀਬਾਲ ਦੀਆਂ ਲੜਕੀਆਂ ਨੇ ਆਪਣੀ ਮਿਹਨਤ ਦੇ ਜੌਹਰ ਵਿਖਾ ਕੇ ਹਰ ਸਾਲ ਦੀ ਤਰ੍ਹਾਂ ਆਪਣੇ ਰਿਕਾਰਡ ਨੂੰ ਕਾਇਮ ਰੱਖਦਿਆਂ ਫਾਈਨਲ ਮੈਚ ਵਿੱਚ ਪਟਿਆਲਾ ਦੀ ਟੀਮ ਨੂੰ ਹਰਾ ਕੇ ਇਹ ਟਰਾਫੀ ਇਸ ਵਾਰ ਫਿਰ ਆਪਣੇ ਨਾਮ ਕਰ ਲਈ।

ਅਕੈਡਮੀ ਦੇ ਡਾਇਰੈਕਟਰ ਇਕਓਂਕਾਰ ਸਿੰਘ ਨੇ ਦੱਸਿਆ ਕਿ ਅਕੈਡਮੀ ਦੀ ਇਸ ਟੀਮ ਦੀਆਂ ਸਾਰੀਆਂ ਲੜਕੀਆਂ ਨੈਸ਼ਨਲ ਪੱਧਰ 'ਤੇ ਕਰਵਾਈਆਂ ਜਾਣ ਵਾਲੀਆਂ ਖੇਡਾਂ ਲਈ ਚੁਣੀਆਂ ਗਈਆਂ ਹਨ ਤੇ ਇਹ ਨੈਸ਼ਨਲ ਪੱਧਰ ਦੇ ਮੈਚ 16 ਤੋਂ 20 ਨਵੰਬਰ ਨੂੰ ਹਿਮਾਚਲ ਦੇ ਕਸੌਲੀ ਸ਼ਹਿਰ (ਸੋਲਨ) ਵਿਖੇ ਕਰਵਾਏ ਜਾਣਗੇ, ਜਿਸ ਲਈ ਅਕੈਡਮੀ ਦੀ ਟੀਮ ਹੋਰ ਮਿਹਨਤ ਕਰਕੇ ਆਪਣਾ ਨਾਮ ਕਮਾਉਣ ਵਿਚ ਰੁੱਝ ਗਈ ਹੈ। ਟੀਮ ਦੀ ਇਸ ਵੱਡੀ ਜਿੱਤ 'ਤੇ ਅਕੈਡਮੀ ਦੇ ਚੇਅਰਮੈਨ ਕਸ਼ਮੀਰ ਸਿੰਘ, ਡਾਇਰੈਕਟਰ ਇਕਓਂਕਾਰ ਸਿੰਘ, ਪ੍ਰਿੰਸੀਪਲ ਹਰਪ੍ਰੀਤ ਕੌਰ ਤੇ ਵਾਇਸ ਪ੍ਰਿੰਸੀਪਲ ਵੀਰਪਾਲ ਕੌਰ ਨੇ ਟੀਮ ਦੇ ਕੋਚ ਜਸਵਿੰਦਰ ਸਿੰਘ ਨੂੰ ਇਸ ਜਿੱਤ ਦੀਆਂ ਵਧਾਈਆਂ ਦਿੱਤੀਆਂ। ਸਕੂਲ ਪਹੁੰਚਣ 'ਤੇ ਟੀਮ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਨੈਸ਼ਨਲ ਪੱਧਰ 'ਤੇ ਹੋਣ ਵਾਲੇ ਮੈਚਾਂ ਲਈ ਹੋਰ ਮਿਹਨਤ ਕਰਨ ਲਈ ਖਿਡਾਰਨਾਂ ਨੂੰ ਪ੍ਰੇਰਿਤ ਕੀਤਾ ਗਿਆ।

5-NOV-PAGE-5.qxd 11/4/2023 10:20 PM Page 1



# ਜਮਹੂਰੀ ਅਧਿਕਾਰ ਸਭਾ ਵੱਲੋਂ ਰੈਲੀ ਤੇ ਰੋਸ ਮੁਜ਼ਾਹਰਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਜਮਹੂਰੀ ਅਧਿਕਾਰ ਸਭਾ ਤੇ ਭਰਾਤਰੀ ਜਥੇਬੰਦੀਆਂ ਨੇ ਇਜ਼ਰਾਈਲ ਦੇ ਫਲਸਤੀਨ ਉੱਪਰ ਕੀਤੇ ਜਾ ਰਹੇ ਭਿਆਨਕ ਹਮਲਿਆਂ ਤੇ ਨਿਊਜ਼ ਕਲਿੱਕ ਪੋਰਟਲ ਦੇ ਸੰਚਾਲਕਾਂ 'ਤੇ ਯੂਏਪੀਏ ਲਾ ਕੇ ਜੇਲਾਂ ਵਿੱਚ ਡੱਕਣ ਵਿਰੁੱਧ ਰੈਲੀ ਤੇ ਰੋਸ ਮੁਜ਼ਾਹਰਾ ਕੀਤਾ ਗਿਆ। ਫਲਸਤੀਨ ਦੇ ਹਸਪਤਾਲਾਂ ਸਕੂਲਾਂ ਉੱਪਰ ਬੰਬ ਸੁੱਟਣ ਤੇ ਖਾਣ ਪੀਣ, ਬਿਜਲੀ, ਪਾਣੀ ਦੀ ਸਪਲਾਈ ਰੋਕ ਕੇ ਉਨ੍ਹਾਂ ਨੂੰ ਅਣਮਨੁੱਖੀ ਤਰੀਕੇ ਨਾਲ ਨਸਲਘਾਤ ਕਰਨ ਦੇ ਅਤੀ ਅਣਮਨੁੱਖੀ ਵਰਤਾਰੇ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਅੱਜ ਦੇ ਪ੍ਰੋਗਰਾਮ ਵਿੱਚ ਪਹਿਲਾਂ ਨਗਰ ਕੌਂਸਲ ਰਾਮਪੁਰਾ ਫੂਲ ਵਿਖੇ ਇਕ ਰੈਲੀ ਕੀਤੀ ਗਈ ਤੇ ਇਸ ਤੋਂ ਬਾਅਦ ਸ਼ਹਿਰ ਦੇ ਮੁੱਖ ਬਾਜ਼ਾਰਾਂ ਤੇ ਦਾਣਾ ਮੰਡੀ ਵਿੱਚੋਂ ਦੀ ਮੁਜ਼ਾਹਰਾ ਹੁੰਦਾ ਹੋਇਆ ਸ਼ਹਿਰ ਦੇ ਬੱਸ ਅੱਡੇ ਦੇ ਮੁੱਖ ਗੇਟ ਉੱਪਰ ਸਮਾਪਤ ਕੀਤਾ ਗਿਆ। ਰੈਲੀ ਸਮੇਂ ਐਡਵੋਕੇਟ ਸੁਦੀਪ ਜਨਰਲ ਸਕੱਤਰ ਜਮਹੂਰੀ ਅਧਿਕਾਰ ਸਭਾ ਬਠਿੰਡਾ ਵੱਲੋਂ ਇਜ਼ਰਾਈਲ-ਫਲਸਤੀਨ ਮੁੱਦੇ ਉੱਪਰ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਉਨ੍ਹਾ ਦੱਸਿਆ ਕਿ ਇਜ਼ਰਾਈਲੀ ਹਮਲਾ ਦੁਨੀਆ ਦਾ ਸਾਮਰਾਜਵਾਦ ਦਾ ਹਮਲਾ ਹੈ ਤੇ ਫਲਸਤੀਨ ਦੇ ਲੋਕ ਆਪਣੇ ਹੀ ਦੇਸ਼ ਵਿੱਚ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਲੜ ਰਹੇ ਹਨ। ਪ੍ਰੋਗਰਾਮ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਅਵਤਾਰ ਸਿੰਘ ਵੱਲੋਂ ਨਿਭਾਈ ਗਈ।

ਇਸ ਮੌਕੇ ਜਗਦੇਵ ਸਿੰਘ ਰਾਮਪੁਰਾ ਫੂਲ, ਮਾਸਟਰ ਹਰਭਜਨ ਸਿੰਘ ਪੈਨਸ਼ਨਰ ਵੈੱਲਫੇਅਰ ਯੂਨੀਅਨ, ਜਗਤਾਰ ਸਿੰਘ ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ, ਜਗਜੀਤ ਸਿੰਘ ਸਾਬਕਾ ਬਿਜਲੀ ਮੁਲਾਜ਼ਮ, ਜੋਰਾ ਸਿੰਘ ਨਸਰਾਲੀ ਪੰਜਾਬ ਖੇਤ ਮਜ਼ਦੂਰ ਯੂਨੀਅਨ, ਬਲਦੇਵ ਸਿੰਘ ਤੇ ਸੁਖਦੇਵ ਸਿੰਘ ਜਵੰਦਾ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਜੰਟਾ ਸਿੰਘ ਤੇ ਲੋਕ ਰਾਜ ਮਹਿਰਾਜ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਸਰਮੁੱਖ ਸਿੰਘ ਸੇਲਬਰਾਹ ਤੇ ਜਗਦੇਵ ਸਿੰਘ ਜਮਹੂਰੀ ਅਧਿਕਾਰ ਸਭਾ, ਗਗਨ ਰਾਮਪੁਰਾ ਤੇ ਜੰਟਾ ਸਿੰਘ ਤਰਕਸ਼ੀਲ ਸੁਸਾਇਟੀ, ਅੰਮ੍ਰਿਤਪਾਲ ਸਿੰਘ ਮਾੜੀ ਵਾਟਰ ਵਰਕਸ ਯੂਨੀਅਨ ਮੁੱਖ ਬੁਲਾਰਿਆਂ ਵਜੋਂ ਸੰਬੋਧਨ ਹੋਏ। ਕੌਰ ਸਿੰਘ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤਾ ਗਿਆ।

## ਦੀ ਕੰਬਾਈਨ ਐਂਡ ਐਗਰੀਕਲਚਰ ਇੰਪਲੀਮੈਂਟਸ ਮੈਨੂੰਫੈਕਰਜ਼ ਵੈੱਲਫੇਅਰ ਐਸੋਸੀਏਸ਼ਨ 'ਚ ਵਿਸਥਾਰ

**ਨਾਭਾ (ਵਰਿੰਦਰ ਵਰਮਾ)**-ਦੀ ਕੰਬਾਈਨ ਤੇ ਐਗਰੀਕਲਚਰ ਇੰਪਲੀਮੈਂਟਸ ਮੈਨੂਫੈਕਚਰਜ਼ ਵੈੱਲਫੇਅਰ ਐਸੋਸੀਏਸ਼ਨ ਏਰੀਆ ਆਫ ਓਪਰੇਸ਼ਨ ਆਲ ਇੰਡੀਆ ਦੀ ਮੀਟਿੰਗ ਦੇ ਮਤੇ ਅਨੁਸਾਰ ਪ੍ਰਧਾਨ ਅਵਤਾਰ ਸਿੰਘ ਨੰਨੜੇ ਨੂੰ ਨਵੀਂ ਕਮੇਟੀ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਸੀ, ਜਿਸ ਅਨੁਸਾਰ ਪ੍ਰਧਾਨ ਅਵਤਾਰ ਸਿੰਘ ਨੰਨੜੇ ਵੱਲੋਂ ਐਸੋਸੀਏਸ਼ਨ 'ਚ ਵਾਧਾ ਕਰਦਿਆ ਕੁੱਝ ਨਵੇਂ ਚਿਹਰੇ ਤੇ ਕੁੱਝ ਪੁਰਾਣਿਆਂ ਨੂੰ ਪ੍ਰਮੋਟ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਸਰਪ੍ਰਸਤ ਅਮਰਜੀਤ ਸਿੰਘ ਲੋਟੇ (ਕਰਤਾਰ ਗਰੁੱਪ ਭਾਦਸੋਂ), ਇੰਦਰਜੀਤ ਸਿੰਘ ਮੁੰਡੇ (ਕੇ.ਐੱਸ. ਗਰੁੱਪ ਮਲੇਰਕੋਟਲਾ), ਚੇਅਰਮੈਨ ਹਰੀ ਸਿੰਘ ਬਮਰਾਹ (ਪ੍ਰੀਤ ਗਰੁੱਪ ਆਫ ਕੰਪਨੀਜ਼ ਨਾਭਾ), ਵਾਈਸ ਚੇਅਰਮੈਨ ਚਰਨ ਸਿੰਘ ਰਲਹਨ (ਮਲਕੀਤ ਗਰੁੱਪ ਨਾਭਾ), ਸੰਤੋਖ ਸਿੰਘ ਰਲਹਨ (ਹੀਰਾ ਗਰੁੱਪ ਨਾਭਾ), ਵਾਈਸ ਪ੍ਰੈਜ਼ੀਡੈਂਟ ਸੁਭਾਸ਼ ਸਿੰਘ ਭਾਦਸੋਂ, ਹਰਵਿੰਦਰ ਸਿੰਘ ਰਹੀਲ (ਸੁਰਿੰਦਰਾ ਕੰਬਾਈਨ), ਜਰਨਲ ਸਕੱਤਰ ਸਰਬਜੀਤ ਸਿੰਘ ਪਨੇਸਰ (ਫਾਰਮ ਲਾਈਨ ਅਮਰਗੜ੍ਹ,) ਜਰਨਲ ਸਕੱਤਰ, ਹਰਪ੍ਰੀਤ ਸਿੰਘ ਨੰਨੜੇ (ਹਰਮੀਤ ਕੰਬਾਈਨ ਨਾਭਾ), ਕੁਲਦੀਪ ਸਿੰਘ ਸਿਆਣ (ਸਿਆਣ ਕੰਬਾਈਨ ਨਾਭਾ), ਹਰਪ੍ਰੀਤ ਸਿੰਘ ਐੱਮ.ਸੀ. (ਐੱਮ.ਐੱਸ. ਕੰਬਾਈਨ ਨਾਭਾ), ਲਖਵਿੰਦਰ ਸਿੰਘ ਗਹੀਰ (ਨਿਊ ਗਹੀਰ ਕੰਬਾਈਨ ਨਾਭਾ) ਖਜ਼ਾਨਚੀ, ਦਰਸ਼ਨ ਸਿੰਘ ਸਿਆਣ (ਨਾਜ਼ਰ ਕੰਬਾਈਨ ਨਾਭਾ), ਸਹਾਇਕ ਖਜ਼ਾਨਚੀ, ਕਰਮਜੀਤ ਸਿੰਘ ਜੰਡੂ ਗਲਵੱਟੀ, ਸੈਕਟਰੀਜ਼ ਸੰਦੀਪ ਸਿੰਘ (ਹਿੰਦ ਕੰਬਾਈਨ), ਸੁਪਿੰਦਰ ਸਿੰਘ ਸਮਾਣਾ (ਵਿਰਾਟ ਕੰਬਾਈਨ ਸਮਾਣਾ), ਲਖਵੀਰ ਸਿੰਘ ਲੋਟੇ (ਪੰਜਾਬ ਗੋਲਡ ਕੰਬਾਈਨ ਨਾਭਾ) ਕਾਰਜਕਾਰਨੀ ਮੈਂਬਰ, ਪਾਖਰ ਸਿੰਘ ਹਰਦੇਵ ਕੰਬਾਈਨ ਨਾਭਾ (ਅਟੈਚ ਵਿਦ ਪ੍ਰਧਾਨ) ਜਸਪਾਲ ਸਿੰਘ (ਏ.ਐੱਸ. ਕੰਬਾਈਨ ਨਾਭਾ), ਸਤਪਾਲ ਸਿੰਘ ਅਮਰੀਆ ਉੱਤਰ ਪ੍ਰਦੇਸ਼, ਅਜੈਬ ਸਿੰਘ ਸੱਗੂ ਸੁਨਾਮ, ਗੁਰਚਰਨ ਸਿੰਘ ਰਾਮਗੜ੍ਹੀਆ ਭਾਦਸੋਂ, ਗੁਰਪ੍ਰੀਤ ਸਿੰਘ ਮਠਾੜੂ (ਫਿਰੋਜ਼ਪੁਰ), ਸੁਖਦੇਵ ਸਿੰਘ ਕੈਂਥਲ (ਹਰਿਆਣਾ), ਸਰਬਜੀਤ ਸਿੰਘ (ਜੈ ਭਾਰਤ ਕੰਬਾਈਨ ਪਟਿਆਲਾ) ਆਦਿ ਨੂੰ ਸ਼ਾਮਲ ਕੀਤਾ ਗਿਆ।

## ਮਾਲਵਾ ਸਾਹਿਤ ਸਭਾ ਵੱਲੋਂ ਸਮਾਗਮ ਅੱਜ

**ਬਰਨਾਲਾ (ਰਾਜਿੰਦਰ ਬਰਾੜ)**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈਟੀਆਈ ਹੰਡਿਆਇਆ ਰੋਡ ਬਰਨਾਲਾ ਵਿਖੇ 5 ਨਵੰਬਰ ਨੂੰ 2 ਵਜੇ ਕਰਵਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਤੇ ਜਨਰਲ ਸਕੱਤਰ ਦਰਸ਼ਨ ਸਿੰਘ ਗੁਰੂ ਨੇ ਦੱਸਿਆ ਕਿ ਇਸ ਸਮਾਗਮ ਬਿੰਦਰ ਸਿੰਘ ਖੁੱਡੀ ਕਲਾਂ ਦੇ ਕਹਾਣੀ ਸੰਗ੍ਰਹਿ ਵਾਪਸੀ ਟਿਕਟ ਤੇ ਰਘਬੀਰ ਸਿੰਘ ਗਿੱਲ ਕੱਟੂ ਦੀ ਬੋਲੀਆਂ ਦੀ ਪੁਸਤਕ ਕੱਟੂ ਵਾਲਾ ਪਾਵੇ ਬੋਲੀਆਂ ਦਾ ਲੋਕ ਅਰਪਣ ਕੀਤਾ ਜਾਵੇਗਾ। ਜੁਗਰਾਜ ਧੌਲਾ ਤੇਜਾ ਸਿੰਘ ਤਿਲਕ ਡਾ. ਭੁਪਿੰਦਰ ਸਿੰਘ ਬੇਦੀ, ਡਾ. ਹਰੀਸ਼ ਪਰਮਜੀਤ ਮਾਨ, ਤਰਸੇਮ ਭੱਠਲ, ਡਾ. ਅਮਨਦੀਪ ਸਿੰਘ ਟੱਲੇਵਾਲੀਆ ਇਨ੍ਹਾਂ ਪੁਸਤਕਾਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ, ਉਪਰੰਤ ਕਵੀ ਦਰਬਾਰ ਹੋਵੇਗਾ।

## ਆਈ ਸੀ ਆਈ ਸੀ ਆਈ ਬੈਂਕ ਲਈ ਇੰਟਰਵਿਊ ਭਲਕੇ

**ਬਰਨਾਲਾ (ਰਾਜਿੰਦਰ ਬਰਾੜ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਬਰਨਾਲਾ ਵੱਲੋਂ ਆਈ ਸੀ ਆਈ ਸੀ ਆਈ ਬੈਂਕ ਨਾਲ ਤਾਲਮੇਲ ਕਰਕੇ 06 ਨਵੰਬਰ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 01:00 ਵਜੇ ਤੱਕ ਰੀਲੇਸ਼ਨਸ਼ਿਪ ਮੈਨੇਜਰ (ਲੜਕੇ, ਲੜਕੀਆਂ ਦੋਵਾਂ ਲਈ) ਦੀ ਅਸਾਮੀ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਦੂਸਰੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਰਨਾਲਾ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਸੰਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ, ਬਰਨਾਲਾ ਨੇ ਦੱਸਿਆ ਕਿ ਰੀਲੇਸ਼ਨਸ਼ਿਪ ਮੈਨੇਜਰ ਦੀ ਅਸਾਮੀ ਲਈ ਯੋਗਤਾ ਘੱਟੋ ਘੱਟ 50 ਪ੍ਰਤੀਸ਼ਤ ਨੰਬਰਾਂ ਨਾਲ ਗਰੈਜੂਏਸ਼ਨ ਪਾਸ, ਉਮਰ ਘੱਟੋ ਘੱਟ 18 ਤੋਂ 26 ਸਾਲ ਹੋਣੀ ਚਾਹੀਦੀ ਹੈ। ਇੰਟਰਵਿਊ ਦੌਰਾਨ ਪ੍ਰਾਰਥੀ ਕੋਲ ਰਿਜ਼ਿਊਮ ਤੇ ਇੰਟਰਵਿਊ ਦੌਰਾਨ ਫਾਰਮਲ ਡਰੈੱਸ 'ਚ ਹੋਣਾ ਲਾਜ਼ਮੀ ਹੈ।

## ਡੀ ਏ ਵੀ ਸੈਂਟਨਰੀ ਸਕੂਲ 'ਚ ਨਸ਼ਾ ਮੁਕਤੀ 'ਤੇ ਨੁੱਕੜ ਨਾਟਕ




**ਹਠੂਰ (ਨਛੱਤਰ ਸੰਧੂ)**-ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਜਗਰਾਉਂ ਵਿਖੇ ਬੀਤੇ ਦਿਨ ਸ਼ਹੀਦ ਭਗਤ ਸਿੰਘ ਕਲਾ ਮੰਚ ਟੀਮ ਦੇ ਕਲਾਕਾਰਾਂ ਵੱਲੋਂ ਪ੍ਰਾਰਥਨਾ ਸਭਾ ਮੌਕੇ ਇੱਕ ਨਾਟਕ ਮੰਚਨ ਕੀਤਾ ਗਿਆ। ਇਸ ਨਾਟਕ ਸਬੰਧੀ ਪ੍ਰਿੰਸੀਪਲ ਸਾਹਿਬ ਸ੍ਰੀ ਵੇਦ ਵਰਤ ਪਲਾਹ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਦੇ ਸਮੇਂ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਬਾਰੇ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੈ। ਆਲੇ ਦੁਆਲੇ ਫੈਲ ਰਹੇ ਨਸ਼ੇ ਦੇ ਜੰਜਾਲ ਤੋਂ ਜੇ ਅੱਜ ਦੀ ਪੀੜ੍ਹੀ ਨੂੰ ਬਚਾਉਣਾ ਹੈ ਤਾਂ ਵਿਦਿਆਰਥੀਆਂ ਨੂੰ ਸੁਚੇਤ ਕਰਨ ਦੀ ਬੜੀ ਲੋੜ ਹੈ। ਇਸੇ ਬੜੇ ਸੰਵੇਦਨਸ਼ੀਲ ਮੁੱਦੇ ਲਈ ਪਹਿਲ ਕਦਮੀ ਕਰਦਿਆਂ ਪ੍ਰਿੰਸੀਪਲ ਸਾਹਿਬ ਦੇ ਦਿਸ਼ਾ ਨਿਰਦੇਸ਼ ਅਧੀਨ ਪੂਰਨ ਰੂਪ ਵਿੱਚ ਵਿਦਿਆਰਥੀਆਂ ਲਈ ਇੱਕ ਨਾਟਕ ਮੰਚਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇੱਕ ਕਿਰਸਾਨੀ ਵਰਗ ਦੀ ਤਰਜ਼ਮਾਨੀ ਕਰਦਾ ਹੋਇਆ ਇੱਕ ਪਰਿਵਾਰ ਪੇਸ਼ ਕੀਤਾ ਗਿਆ, ਜਿਸ ਦੇ ਨੌਜਵਾਨ ਪੁੱਤਰ ਨੇ ਆਪਣੀ ਜਵਾਨੀ ਨਸ਼ੇ ਦੀ ਲੱਤ 'ਚ ਲੱਗ ਕੇ ਖਰਾਬ ਕੀਤੀ ਤੇ ਵਿਧਵਾ ਮਾਂ ਦੀ ਅਤਿ ਸੰਕਟ ਨਾਲ ਜਮ੍ਹਾਂ ਕੀਤੀ ਪੂੰਜੀ ਦਾ ਵੀ ਨੁਕਸਾਨ ਕੀਤਾ। ਵਿਦਿਆਰਥੀਆਂ ਨੇ ਇਸ ਨਾਟਕ ਨੂੰ ਬੜੇ ਹੀ ਭਾਵਪੂਰਕ ਢੰਗ ਨਾਲ ਵੇਖਿਆ ਤੇ ਸਮਝਿਆ। ਅੰਤ ਵਿੱਚ ਪ੍ਰਿੰਸੀਪਲ ਸਾਹਿਬ ਸ੍ਰੀ ਵੇਦ ਵਰਤ ਪਲਾਹ ਨੇ ਵਿਦਿਆਰਥੀਆਂ ਨੂੰ ਨਸ਼ੇ ਮੁਕਤ ਜੀਵਨ ਦੇ ਮੁੱਲ ਨੂੰ ਪਛਾਣ ਕੇ ਵਧੀਆ ਜੀਵਨ ਜਿਉਣ ਦੀ ਤਕੀਦ ਵੀ ਕੀਤੀ। ਇਸ ਮੌਕੇ ਸਕੂਲ ਦੇ ਸਮੂਹ ਅਧਿਆਪਕ ਸਾਹਿਬਾਨ ਮੌਜੂਦ ਸਨ।

## ਨੈਸ਼ਨਲ ਅਬੈਕਸ ਕੰਪੀਟੀਸ਼ਨ 'ਚ ਸੰਯਮ ਬਾਂਸਲ ਰਿਹਾ ਅੱਵਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼ਹਿਰ ਦੇ ਮਲੋਟ ਰੋਡ ਸਥਿਤ ਡੇਰਾ ਭਾਈ ਮਸਤਾਨ ਸਿੰਘ ਪਬਲਿਕ ਸਕੂਲ ਦੇ ਵਿਦਿਆਰਥੀ ਸੰਯਮ ਬਾਂਸਲ ਪੁੱਤਰ ਅਮਨਦੀਪ ਬਾਂਸਲ ਨੇ ਚੰਡੀਗੜ੍ਹ ਵਿਖੇ ਹੋਏ ਨੈਸ਼ਨਲ ਅਬੈਕਸ ਕੰਪੀਟੀਸ਼ਨ 'ਚ ਥਰਡ ਟਰਮ ਸੀ ਕੈਟਾਗਿਰੀ 'ਚ ਫਸਟ ਪੁਜ਼ੀਸ਼ਨ ਹਾਸਲ ਕੀਤੀ। ਵਿਦਿਆਰਥੀ ਦੀ ਇਸ ਉਪਲਬਧੀ 'ਤੇ ਸਕੂਲ ਪ੍ਰਿੰਸੀਪਲ ਮਨੀਸ਼ ਕੁਮਾਰ ਤੇ ਪ੍ਰਬੰਧਕਾਂ ਵੱਲੋਂ ਸੰਯਮ ਬਾਂਸਲ ਨੂੰ ਸਨਮਾਨਤ ਕੀਤਾ। ਅਬੈਕਸ ਸੈਂਟਰ ਦੇ ਡਾਇਰੈਕਟਰ ਟੀਨਾ ਗਰਗ ਨੇ ਦੱਸਿਆ ਕਿ 11 ਮਿੰਟ 39 ਸੈਕਿੰਡ 'ਚ 100 ਸਮ ਕੀਤੇ ਸਨ। ਇਸ ਮੌਕੇ ਕੋਆਰਡੀਨੇਟਰ ਪ੍ਰਭਜੋਤ, ਅਮਨਦੀਪ ਬਾਂਸਲ, ਅਬੈਕਸ ਸੈਂਟਰ ਦੇ ਡਾਇਰੈਕਟਰ ਟੀਨਾ ਗਰਗ ਵੀ ਮੌਜੂਦ ਰਹੇ। ਦੱਸ ਦਈਏ ਕਿ ਇਸ ਤੋਂ ਪਹਿਲਾਂ ਸੰਯਮ ਬਾਂਸਲ ਇੰਡੀਆ ਬੁੱਕ ਆਫ ਰਿਕਾਰਡਜ਼ 'ਚ ਵੀ ਆਪਣਾ ਨਾਮ ਦਰਜ ਕਰਵਾ ਚੁੱਕਾ ਹੈ।

## ਪਾਵਰਕਾਮ ਦੇ ਮੁੱਖ ਦਫਤਰ ਪਟਿਆਲਾ 'ਚ ਕੱਲ੍ਹ ਤੋਂ ਰੋਸ ਪ੍ਰਦਰਸ਼ਨ ਦਾ ਐਲਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ ਦੀ ਮੀਟਿੰਗ ਪ੍ਰਧਾਨ ਕੇਵਲ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਮਹਿਲ ਕਲਾਂ ਵਿਖੇ ਹੋਈ। ਇਸ ਮੌਕੇ ਉਚੇਚੇ ਤੌਰ 'ਤੇ ਸ਼ਾਮਲ ਹੋਏ ਸੂਬਾ ਵਿੱਤ ਸਕੱਤਰ ਸੁਖਜੰਟ ਸਿੰਘ ਬਰਨਾਲਾ ਨੇ ਕਿਹਾ ਕਿ ਬੋਰਡ ਦੇ ਪ੍ਰਬੰਧਕਾਂ ਵੱਲੋਂ ਮੀਟਿੰਗ 'ਚ ਕੀਤੀਆਂ ਸਹਿਮਤੀਆਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ। ਪੰਜਾਬ ਸਰਕਾਰ ਪੇ-ਕਮਿਸ਼ਨਰ ਵੱਲੋਂ ਸਿਫਾਰਸ਼ ਕੀਤੇ 2.59 ਦੇ ਫਾਰਮੂਲੇ ਨਾਲ ਸਕੇਲ ਨਹੀਂ ਦੇ ਰਹੀ। ਉਨ੍ਹਾਂ ਸੂਬਾ ਸਰਕਾਰ ਦੀ ਕਰੜੀ ਅਲੋਚਨਾ ਕਰਦਿਆਂ ਕਿਹਾ ਕਿ ਡੀ ਏ ਦਾ ਬਕਾਇਆ ਤੇ ਪੇ ਸਕੇਲਾਂ ਦਾ ਏਰੀਅਰ ਕੋਰੜਾਂ ਰੁਪਏ ਪੰਜਾਬ ਸਰਕਾਰ ਦੱਬੀ ਬੈਠੀ ਹੈ। ਸੂਬਾ ਆਗੂ ਨੇ ਦੱਸਿਆ ਕਿ ਸੂਬਾ ਸਰਕਾਰ ਦੀਆਂ ਮਾਰੂ ਨੀਤੀਆਂ ਖਿਲਾਫ, ਭਖਦੀਆਂ ਮੰਗਾਂ ਦੀ ਪ੍ਰਾਪਤੀ ਲਈ 6 ਤੋਂ 10 ਨਵੰਬਰ ਤੱਕ ਲਗਾਤਾਰ ਪੰਜ ਦਿਨ ਮੁੱਖ ਦਫਤਰ ਪਟਿਆਲਾ ਮੂਹਰੇ ਕਾਲੇ ਚੋਲ਼ੇ ਪਾ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪਾਵਰਕਾਮ ਚੇਅਰਮੈਨ ਦੀ ਪਟਿਆਲਾ ਕੋਠੀ ਦਾ ਘਿਰਾਓ ਵੀ ਕੀਤਾ ਜਾਵੇਗਾ। ਉਨ੍ਹਾ ਸਮੂਹ ਆਗੂਆਂ, ਵਰਕਰਾਂ ਨੂੰ ਵੱਡੀ ਗਿਣਤੀ 'ਚ ਪਟਿਆਲਾ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਸਾਥੀ ਪਾਰਸ ਮਹਿਲ ਕਲਾਂ, ਦਰਸ਼ਨ ਸਿੰਘ ਕਲਾਲ ਮਾਜਰਾ, ਸਮਸ਼ੇਰ ਸਿੰਘ ਹਮੀਦੀ, ਬਿੱਕਰ ਸਿੰਘ ਛੀਨੀਵਾਲ, ਮਲਕੀਤ ਸਿੰਘ ਸਹੌਰ, ਹਰਬੰਸ ਸਿੰਘ ਹਮੀਦੀ, ਜਗਦੇਵ ਸਿੰਘ, ਜਗਸੀਰ ਸਿੰਘ, ਚਮਕੌਰ ਸਿੰਘ, ਜਗਮੇਲ ਸਿੰਘ ਦੀ ਅਗਵਾਈ ਹੇਠ ਸੂਬਾ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

## ਕਾਤਰਾਂ

### ਵਧੀਆ ਸੇਵਾਵਾਂ ਲਈ ਇੰਸਪੈਕਟਰ ਰਮਨਦੀਪ ਬਾਵਾ ਨੂੰ ਪ੍ਰਸ਼ੰਸਾ ਪੱਤਰ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਥਾਣਾ ਸਿਟੀ ਧੂਰੀ ਵਿਖੇ ਬਤੌਰ ਮੁੱਖ ਅਫ਼ਸਰ ਸੇਵਾਵਾਂ ਨਿਭਾਅ ਰਹੇ ਇੰਸਪੈਕਟਰ ਰਮਨਦੀਪ ਬਾਵਾ ਨੂੰ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸੁਰੇਂਦਰ ਲਾਂਬਾ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਹੈ। ਕਪਤਾਨ ਪੁਲਸ (ਹੈੱਡਕੁਆਟਰ) ਰਾਕੇਸ਼ ਕੁਮਾਰ ਤੇ ਕਪਤਾਨ ਪੁਲਸ (ਪੀਬੀਆਈ) ਨਵਰੀਤ ਸਿੰਘ ਵਿਰਕ ਦੀ ਹਾਜ਼ਰੀ ਵਿੱਚ ਪੁਲਸ ਵਿਭਾਗ 'ਚ ਨਿਭਾਈਆਂ ਜਾ ਰਹੀਆਂ ਵਧੀਆਂ ਸੇਵਾਵਾਂ ਬਦਲੇ ਇੰਸਪੈਕਟਰ ਰਮਨਦੀਪ ਸਿੰਘ ਬਾਵਾ ਨੂੰ ਪ੍ਰਸ਼ੰਸਾ ਪੱਤਰ ਨਾਲ ਸਨਮਾਨਤ ਕੀਤਾ। ਇਸ ਮੌਕੇ ਇੰਸਪੈਕਟਰ ਬਾਵਾ ਨੇ ਪੁਲਸ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਡਿਊਟੀ ਹੋਰ ਵੀ ਤਨਦੇਹੀ, ਈਮਾਨਦਾਰੀ ਤੇ ਮਿਹਨਤ ਨਾਲ ਨਿਭਾਉਣਗੇ।

### ਭੁੱਕੀ ਸਮੇਤ ਟਰੱਕ ਡਰਾਈਵਰ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਪੁਲਸ ਵੱਲੋਂ 4 ਕਿੱਲੋ ਭੁੱਕੀ ਸਮੇਤ ਟਰੱਕ ਡਰਾਈਵਰ ਬਲਵੀਰ ਸਿੰਘ ਵਾਸੀ ਪਿੰਡ ਸਰਹਾਣਾ, ਥਾਣਾ ਮੋਰਿੰਡਾ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਪੁਲ ਨਹਿਰ ਬਹਿਲੋਲਪੁਰ ਨੇੜੇ ਗਸ਼ਤ ਕੀਤੀ ਜਾ ਰਹੀ ਸੀ ਕਿ ਗੜ੍ਹੀ ਪੁਲ ਨਹਿਰ ਵਾਲੀ ਸਾਈਡ ਤੋਂ ਇੱਕ ਟਰੱਕ ਆਉਂਦਾ ਦਿਖਾਈ ਦਿੱਤਾ। ਪੁਲਸ ਪਾਰਟੀ ਨੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ, ਪਰ ਉਸ ਨੇ ਟਰੱਕ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ। ਪੁਲਸ ਕਰਮਚਾਰੀਆਂ ਵੱਲੋਂ ਟਰੱਕ ਰੋਕ ਕੇ ਕਾਬੂ ਕਰ ਲਿਆ ਗਿਆ ਤੇ ਉਸ ਦੇ ਡਰਾਇਵਰ ਦੀ ਪਹਿਚਾਣ ਬਲਵੀਰ ਸਿੰਘ ਵਜੋਂ ਹੋਈ। ਪੁਲਸ ਵੱਲੋਂ ਤਲਾਸ਼ੀ ਦੌਰਾਨ ਟਰੱਕ ਦੇ ਕੈਬਿਨ 'ਚੋਂ 4 ਕਿੱਲੋ ਭੁੱਕੀ ਬਰਾਮਦ ਹੋਈ। ਪੁਲਸ ਵੱਲੋਂ ਬਲਵੀਰ ਸਿੰਘ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

### ਜ਼ੋਨ ਸੰਗਰੂਰ-ਬਰਨਾਲਾ ਦੀ ਛਿਮਾਹੀ ਇਕੱਤਰਤਾ ਅੱਜ

**ਸੰਗਰੂਰ (ਪ੍ਰਵੀਨ ਸਿੰਘ)**-ਲੋਕਾਂ ਦਾ ਦ੍ਰਿਸ਼ਟੀਕੋਣ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਬਰਨਾਲਾ-ਸੰਗਰੂਰ ਦੇ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਤੇ ਮੀਡੀਆ ਮੁਖੀ ਸੀਤਾ ਰਾਮ ਨੇ ਦੱਸਿਆ ਕਿ ਜ਼ੋਨ ਸੰਗਰੂਰ-ਬਰਨਾਲਾ ਦੀ ਛਿਮਾਹੀ ਇਕੱਤਰਤਾ 5 ਨਵੰਬਰ ਨੂੰ ਸਵੇਰੇ 10 ਵਜੇ ਤੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਵੇਗੀ। ਇਸ ਇਕੱਤਰਤਾ ਵਿੱਚ ਜ਼ੋਨ ਦੀਆਂ ਅੱਠ ਇਕਾਈਆਂ ਭਦੌੜ, ਬਰਨਾਲਾ, ਲੌਂਗੋਵਾਲ, ਸੁਨਾਮ, ਛਾਜਲੀ, ਦਿੜ੍ਹਬਾ, ਸੰਗਰੂਰ ਤੇ ਧੂਰੀ ਇਕਾਈਆਂ ਦੀ ਆਗੂ ਟੀਮ, ਜ਼ੋਨ ਦੀ ਆਗੂ ਟੀਮ ਤੇ ਸੂਬਾ ਆਗੂ ਵੀ ਸ਼ਾਮਲ ਹੋਣਗੇ। ਇਸ ਛਿਮਾਹੀ ਇਕੱਤਰਤਾ 'ਚ ਇਕਾਈਆਂ ਵੱਲੋਂ ਬੀਤੇ ਛੇ ਮਹੀਨਿਆਂ 'ਚ ਕੀਤੇ ਕੰਮਾਂ ਦੀ ਪੂਰੀ ਜਾਣਕਾਰੀ ਸਾਂਝੀ ਕਰਨੀ ਤੇ ਅਗਲੇ ਸਮੇਂ ਲਈ ਕਾਰਜ ਵਿਉਂਤ ਉਲੀਕਣਾ ਮੁੱਖ ਮਕਸਦ ਹੈ।

# ਮੈਡੀਕਲ ਪ੍ਰੈਕਟੀਸ਼ਨਰਜ਼ ਨੂੰ ਲੋਕ ਭਲਾਈ ਕੰਮਾਂ ਲਈ ਕੀਤਾ ਸਨਮਾਨਤ

■ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਸਮਾਗਮ 'ਚ ਉਚੇਚੇ ਤੌਰ 'ਤੇ ਪੁੱਜੇ



**ਜ਼ੀਰਾ (ਨਰਿੰਦਰ ਅਨੇਜਾ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਬਲਾਕ ਜ਼ੀਰਾ ਦੇ ਪ੍ਰਧਾਨ ਡਾਕਟਰ ਗੁਰਦਿੱਤ ਦੀ ਪ੍ਰਧਾਨਗੀ ਹੇਠ ਸਨਮਾਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਜਨਰਲ ਸਕੱਤਰ ਡਾ. ਗੁਰਮੇਲ ਸਿੰਘ ਮਾਛੀ ਕੇ ਤੇ ਪ੍ਰੈੱਸ ਸਕੱਤਰ ਡਾ. ਮਲਕੀਤ ਥਿੰਦ ਸ਼ਾਮਲ ਹੋਏ। ਸੂਬਾ ਕਮੇਟੀ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਡਾ. ਹਰਭਜਨ ਕੰਬੋਜ, ਜ਼ਿਲ੍ਹਾ ਜਨਰਲ ਸਕੱਤਰ ਡਾ. ਰਾਕੇਸ਼ ਮਹਿਤਾ, ਕੈਸ਼ੀਅਰ ਡਾ. ਬਿਸ਼ਨ ਚੰਦ, ਮੀਤ ਪ੍ਰਧਾਨ ਡਾ. ਜਸਵਿੰਦਰ ਸਿੰਘ ਸ਼ਕੂਰ, ਜ਼ਿਲ੍ਹਾ ਕਮੇਟੀ ਮੈਂਬਰ ਡਾ. ਆਤਮਾ ਸਿੰਘ, ਜ਼ਿਲ੍ਹਾ ਕਮੇਟੀ ਮੈਂਬਰ ਡਾ. ਗੁਰਸੇਵਕ ਸਿੰਘ, ਬਲਾਕ ਗੁਰੂ ਹਰਸਹਾਏ ਦੇ ਪ੍ਰਧਾਨ ਡਾ. ਪੂਰਨ ਸਿੰਘ, ਬਲਾਕ ਘੱਲ ਖੁਰਦ ਦੇ ਪ੍ਰਧਾਨ ਡਾ. ਕੁਲਦੀਪ ਸਿੰਘ ਕੈਲਾਸ਼, ਬਲਾਕ ਮੁੱਦਕੀ ਦੇ ਪ੍ਰਧਾਨ ਡਾ. ਸਤਵੀਰ ਸਿੰਘ ਮਿਰਜੇ ਕੇ, ਬਲਾਕ ਜ਼ੀਰਾ ਦੇ ਪ੍ਰਧਾਨ ਡਾ. ਰਣਜੀਤ ਸਿੰਘ ਤੇ ਚੇਅਰਮੈਨ ਡਾ. ਜਸਵੰਤ ਸਿੰਘ ਭੱਟੀ ਆਦਿ ਨੇ ਵੀ ਸਨਮਾਨ ਸਮਾਰੋਹ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਬਲਾਕ ਜ਼ੀਰਾ ਵੱਲੋਂ ਯੂਨੀਅਨ ਦੇ ਉਦੇਸ਼ 'ਮਾਨਵ ਸੇਵਾ ਪਰਮੋ ਧਰਮ' ਦੇ ਤਹਿਤ ਪਿਛਲੇ ਬੀਤੇ ਸਮੇਂ ਦੌਰਾਨ ਮਾਲਬਰੋਸ਼ ਸ਼ਰਾਬ ਫੈਕਟਰੀ ਨੂੰ ਬੰਦ ਕਰਵਾਉਣ ਲਈ ਲਗਾਏ ਗਏ ਧਰਨਾ ਸਥਾਨ 'ਤੇ ਲਗਾਏ ਗਏ ਮੁਫਤ ਮੈਡੀਕਲ ਕੈਂਪ, ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲਗਾਏ ਗਏ ਮੈਡੀਕਲ ਕੈਂਪ ਤੇ ਵੱਖ ਵੱਖ ਥਾਵਾਂ 'ਤੇ ਲੱਗੇ ਖ਼ੂਨਦਾਨ ਕੈਂਪਾਂ 'ਚ ਸੇਵਾਵਾਂ ਨਿਭਾਉਣ ਬਦਲੇ ਪ੍ਰੈਕਟੀਸ਼ਨਰਾਂ ਨੂੰ ਮੌਜੂਦ ਆਗੂਆਂ ਵੱਲੋਂ ਸਨਮਾਨਤ ਕੀਤਾ ਗਿਆ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਜਨਰਲ ਸਕੱਤਰ ਡਾ. ਗੁਰਮੇਲ ਸਿੰਘ ਮਾਛੀ ਕੇ, ਜ਼ਿਲ੍ਹਾ ਪ੍ਰਧਾਨ ਡਾ. ਹਰਭਜਨ ਕੰਬੋਜ ਨੇ ਕਿਹਾ ਕਿ ਦੇਸ਼ ਅੰਦਰ ਸਰਕਾਰ ਵੱਲੋਂ ਲੋਕ ਵਿਰੋਧੀ ਨੀਤੀਆਂ ਕਾਰਨ ਹਰ ਵਰਗ ਦੁਖੀ ਹੈ। ਵਧ ਰਹੀ ਮਹਿੰਗਾਈ ਕਾਰਨ ਗਰੀਬ ਤੇ ਮਿਹਨਤਕਸ਼ ਲੋਕਾਂ ਦਾ ਜਿਊਣਾ ਔਖਾ ਹੋ ਰਿਹਾ ਹੈ। ਸਾਮਰਾਜ ਪੱਖੀ ਨਿੱਜੀਕਰਨ, ਨਿਗਮੀਕਰਨ ਤੇ ਉਦਾਰੀਕਰਨ ਨੀਤੀਆਂ ਕਾਰਨ ਸਰਕਾਰੀ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਵੇਚਿਆ ਜਾ ਚੁੱਕਾ ਹੈ। ਨਸ਼ਿਆਂ ਦੇ ਮੁੱਦੇ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਪੰਜਾਬ 'ਚ ਵਗਦੇ ਛੇਵੇਂ ਦਰਿਆ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਛੋਟੀਆਂ ਮੋਟੀਆਂ ਮੱਛੀਆਂ ਨੂੰ ਫੜਨ ਤੋਂ ਇਲਾਵਾ ਵੱਡੇ ਮਗਰਮੱਛ ਅਜੇ ਵੀ ਧੜੱਲੇ ਨਾਲ ਨਸ਼ਿਆਂ ਦਾ ਕਾਰੋਬਾਰ ਕਰ ਰਹੇ ਹਨ। ਜ਼ਿਲ੍ਹਾ ਜਨਰਲ ਸਕੱਤਰ ਡਾ. ਰਾਕੇਸ਼ ਮਹਿਤਾ, ਜ਼ਿਲ੍ਹਾ ਕੈਸ਼ੀਅਰ ਡਾ. ਬਿਸ਼ਨ ਚੰਦ, ਆਤਮਾ ਸਿੰਘ, ਗੁਰਸੇਵਕ ਸਿੰਘ, ਪੂਰਨ ਸਿੰਘ, ਕੁਲਦੀਪ ਸਿੰਘ ਕੈਲਾਸ਼, ਸਤਵੀਰ ਸਿੰਘ ਮਿਰਜੇ ਕੇ, ਜਸਵੰਤ ਸਿੰਘ ਭੱਟੀ, ਰਣਜੀਤ ਸਿੰਘ ਤੇ ਗੁਰਦਿੱਤ ਸਿੰਘ ਨੇ ਸਰਕਾਰ ਕੋਲੋਂ ਮੰਗ ਕੀਤੀ ਪਿਛਲੇ ਲੰਮੇ ਸਮੇਂ ਤੋਂ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਲਟਕਦੀ ਮੰਗ ਨੂੰ ਪੂਰਾ ਕੀਤਾ ਜਾਵੇ।

ਉਪਰੋਕਤ ਸੀਨੀਅਰ ਆਗੂਆਂ ਤੋਂ ਇਲਾਵਾ ਜਸਵਿੰਦਰ ਸਿੰਘ ਸੁੱਖੇਵਾਲਾ, ਜਸਵਿੰਦਰ ਸਿੰਘ ਸੋਢੀ ਵਾਲਾ, ਜਰਨੈਲ ਸਿੰਘ, ਅਜਮੇਰ ਸਿੰਘ ਢੇਰੂ, ਬੋਹੜ ਸਿੰਘ, ਧਰਮਿੰਦਰ ਸਿੰਘ, ਗੁਰਪ੍ਰੀਤ ਸਿੰਘ, ਕੁਲਵੀਰ ਸਿੰਘ, ਇਕਬਾਲ ਸਿੰਘ, ਹਰਬੇਲ ਸਿੰਘ, ਜਗੀਰ ਸਿੰਘ, ਰਾਜਬੀਰ ਸਿੰਘ, ਬਲਜੀਤ ਸਿੰਘ, ਪੂਰਨ ਸਿੰਘ, ਸਲਵਿੰਦਰ ਸਿੰਘ, ਸੁਰਜੀਤ ਸਿੰਘ, ਹਰਬੰਸ ਸਿੰਘ, ਸ਼ਮਸ਼ੇਰ ਸਿੰਘ, ਰਾਜਵਿੰਦਰ ਸਿੰਘ, ਗੁਰਲਾਲ ਸਿੰਘ, ਰਿੰਪੀ ਸ਼ਰਮਾ, ਕੁਲਵੰਤ ਸਿੰਘ, ਵਰਿੰਦਰ ਸਿੰਘ, ਬਚਿੱਤਰ ਸਿੰਘ, ਤਰਸੇਮ ਸਿੰਘ, ਗੁਰਮੀਤ ਸਿੰਘ, ਲਵਲੀ ਸਿੰਘ, ਵਿਜੇ ਕੁਮਾਰ, ਸੰਜੀਵ ਕੁਮਾਰ, ਕੁਲਵਿੰਦਰ ਸਿੰਘ, ਮੁਖਤਿਆਰ ਸਿੰਘ, ਗੁਰਵਿੰਦਰ ਸਿੰਘ ਲਹੁਕੇ ਖੁਰਦ, ਗੁਰਵਿੰਦਰ ਸਿੰਘ ਢਿੱਲੋਂ, ਸੋਨੂੰ, ਸ਼ਿੰਦਰਪਾਲ ਸਿੰਘ, ਗੁਰਭੇਜ ਸਿੰਘ, ਰਾਜਨਦੀਪ ਸਿੰਘ, ਮਨਜੀਤ ਸਿੰਘ, ਮਨਪ੍ਰੀਤ ਸਿੰਘ ਚੁਚਕਵਿੰਡ, ਮਨਪ੍ਰੀਤ ਸਿੰਘ ਜ਼ੀਰਾ, ਹਰਜਿੰਦਰ ਸਿੰਘ, ਸੁਖਬੀਰ ਸਿੰਘ ਖਾਲਸਾ, ਸੁਖਦੀਪ ਸਿੰਘ, ਲਖਵਿੰਦਰ ਸਿੰਘ, ਹਰਦੀਪ ਸਿੰਘ, ਸੰਦੀਪ ਸਿੰਘ, ਜੋਗਿੰਦਰ ਸਿੰਘ, ਉਂਕਾਰ ਸਿੰਘ, ਸਰਬਜੀਤ ਸ਼ਰਮਾ, ਗਗਨਦੀਪ ਸ਼ਰਮਾ, ਪਵਨਵੀਰ ਸ਼ਰਮਾ, ਵਰਿਆਮ ਸਿੰਘ, ਗੁਰਬਖਸ਼ ਸਿੰਘ, ਦਲਜੀਤ ਸਿੰਘ, ਜਸਵੰਤ ਸਿੰਘ, ਸੁਰਜੀਤ ਸਿੰਘ, ਸਤਪਾਲ ਸਿੰਘ, ਸੁਖਵਿੰਦਰ ਸਿੰਘ ਆਦਿ ਸ਼ਾਮਲ ਹੋਏ। ਸਟੇਜ ਸਕੱਤਰ ਦੀ ਭੂਮਿਕਾ ਸੰਤੋਖ ਸਿੰਘ ਤੇ ਗੁਰਜੀਤ ਸਿੰਘ ਪੰਡੋਰੀ ਨੇ ਬਾਖੂਬੀ ਨਿਭਾਈ।

## ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਦੇ ਆਗੂ ਬਲਦੇਵ ਸਿੰਘ ਜੇ ਈ ਦਾ ਸੇਵਾ ਮੁਕਤੀ 'ਤੇ ਸਨਮਾਨ



**ਜ਼ੀਰਾ (ਨਰਿੰਦਰ ਅਨੇਜਾ)**-ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਦੇ ਸੀਨੀਅਰ ਆਗੂ ਬਲਦੇਵ ਸਿੰਘ ਜੇ ਈ ਆਪਣੀ 58 ਸਾਲ ਦੀ ਉਮਰ ਵਿੱਚ ਸਬ ਡਵੀਜ਼ਨ ਜ਼ੀਰਾ ਵਿਖੇ ਰਿਟਾਇਰਮੈਂਟ ਹੋਣ 'ਤੇ ਉਨ੍ਹਾਂ ਦੀ ਵਿਦਾਇਗੀ ਪਾਰਟੀ ਵਿੱਚ ਵੱਡੀ ਗਿਣਤੀ 'ਚ ਪੀਐਸਈਬੀ ਫੈਡਰੇਸ਼ਨ ਪੰਜਾਬ ਦੇ ਆਗੂ ਸਬ ਡਵੀਜ਼ਨ ਜ਼ੀਰਾ ਦੇ ਆਗੂ ਤੇ ਪਿੰਡਾਂ ਦੇ ਪੰਚ ਸਰਪੰਚ ਤੇ ਉਨ੍ਹਾਂ ਦੇ ਰਿਸ਼ਤੇਦਾਰ ਉਨ੍ਹਾਂ ਦੇ ਜੱਦੀ ਪਿੰਡ ਬੁਰਜ ਹਮੀਰਾ ਤੋਂ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋ ਕੇ ਉਨ੍ਹਾਂ ਨੂੰ ਸਨਮਾਤਿ ਕੀਤਾ। ਜ਼ੋਨ ਪ੍ਰਧਾਨ ਬਲਕਾਰ ਸਿੰਘ ਭੁੱਲਰ ਨੇ ਬਲਦੇਵ ਸਿੰਘ ਜੇ ਈ ਦੀ ਵਿਦਾਇਗੀ ਪਾਰਟੀ 'ਤੇ ਲੋਕਾਂ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਜਿੱਥੇ ਉਨ੍ਹਾਂ ਨੇ ਮਹਿਕਮੇ ਦੀ ਨੌਕਰੀ ਇਮਾਨਦਾਰੀ ਨਾਲ ਨਿਭਾਈ, ਉੱਥੇ ਉਹ ਜਥੇਬੰਦੀ ਦੀ ਵੀ ਸੇਵਾ ਲਈ ਵੀ ਹਰ ਸਮੇਂ ਤਿਆਰ ਰਹਿੰਦੇ ਸਨ, ਕੋਈ ਵੀ ਉਨ੍ਹਾਂ ਨੂੰ ਜ਼ਿੰਮੇਦਾਰੀ ਦਿੱਤੀ ਜਾਂਦੀ ਸੀ ਤਾਂ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਉਂਦੇ ਸਨ। ਪੰਜਾਬ ਭਰ ਵਿੱਚੋਂ ਜਥੇਬੰਦੀ ਦੇ ਆਗੂਆਂ ਨੇ ਭਰੇ ਮਨ ਨਾਲ ਉਨ੍ਹਾਂ ਨੂੰ ਗਲੇ ਵਿੱਚ ਮਾਲਾ ਪਾ ਕੇ ਸਨਮਾਨਤ ਕੀਤਾ। ਵਿਦਾਇਗੀ ਪਾਰਟੀ ਸਮੇਂ ਪੰਜਾਬ ਆਗੂ ਲਖਬੀਰ ਸਿੰਘ ਸੁੱਖੇਵਾਲਾ, ਜਸਵਿੰਦਰ ਸਿੰਘ ਬਰਗਾੜੀ, ਸਤੀਸ਼ ਕੁਮਾਰ, ਜ਼ੋਨ ਆਗੂ ਬਲਕਾਰ ਸਿੰਘ ਭੁੱਲਰ, ਸੁਖਦੇਵ ਸਿੰਘ ਬੱਗੀ ਪਤਨੀ, ਸਰਕਲ ਪ੍ਰਧਾਨ ਅਸ਼ਵਨੀ ਕੁਮਾਰ, ਰਾਜੇਸ਼ ਦੱਤਾ, ਸੁਖਦੇਵ ਸਿੰਘ ਸਟੋਰ, ਪ੍ਰਗਟ ਸਿੰਘ ਮੱਲਾਂਵਾਲਾ, ਸਰਕਲ ਪ੍ਰਧਾਨ ਗੁਰਪ੍ਰੀਤ ਸਿੰਘ ਡਾਲਾ, ਪੈਨਸ਼ਨਰਜ਼ ਆਗੂ ਗੁਰਮੇਲ ਸਿੰਘ ਨਾਹਰ, ਅਵਤਾਰ ਸਿੰਘ ਟੀ ਐੱਸ ਯੂ, ਤਰਸੇਮ ਸਿੰਘ ਜ਼ੀਰਾ, ਦਿਲਬਾਗ ਸਿੰਘ, ਗੱਬਰ ਸਿੰਘ, ਦਰਸ਼ਨ ਲਾਲ ਏਟਕ, ਅਮਰੀਕ ਸਿੰਘ ਲੋਹਕਾ, ਜਗਦੇਵ ਸਿੰਘ ਜੇ ਈ, ਜਗਦੇਵ ਸਿੰਘ ਮੱਖੂ ਪ੍ਰਧਾਨ, ਵੱਸਣ ਸਿੰਘ ਮੱਖੂ, ਜਗੀਰ ਸਿੰਘ, ਹਰਬੰਤ ਸਿੰਘ ਤਲਵੰਡੀ, ਐਕਸੀਅਨ ਜ਼ੀਰਾ, ਗੁਰਪ੍ਰੀਤ ਸਿੰਘ ਆਦਿ ਨੇ ਵੱਡੀ ਗਿਣਤੀ 'ਚ ਹਾਜ਼ਰੀ ਭਰੀ। ਸਟੇਜ ਦੀ ਕਾਰਵਾਈ ਸੁਖਦੇਵ ਸਿੰਘ ਬੱਗੀ ਪਤਨੀ ਨੇ ਬਾਖੂਬੀ ਨਿਭਾਈ।

# ਅੱਤਵਾਦੀ ਗਰੋਹ ਦੇ 4 ਮੈਂਬਰ ਅਸਲੇ ਸਮੇਤ ਗ੍ਰਿਫਤਾਰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਪੁਲਸ ਵੱਲੋਂ ਅੱਤਵਾਦੀ ਗਿਰੋਹ ਨੂੰ ਟਰੇਸ ਕਰਕੇ 04 ਮੁਲਜ਼ਮ ਗ੍ਰਿਫਤਾਰ ਕਰਕੇ ਉਨ੍ਹਾ ਕੋਲੋਂ 5 ਪਿਸਟਲ, 9 ਮੈਗਜ਼ੀਨ ਤੇ 23 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਸ੍ਰੀ ਮਨਜੀਤ ਸਿੰਘ ਸੀਨੀਅਰ ਕਪਤਾਨ ਪੁਲਸ ਫਾਜ਼ਿਲਕਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਨਯੋਗ ਡਾਇਰੈਕਟਰ ਜਨਰਲ ਆਫ ਪੁਲਸ ਪੰਜਾਬ ਤੇ ਸ੍ਰੀ ਰਣਜੀਤ ਸਿੰਘ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਸ ਫਿਰੋਜ਼ਪੁਰ ਰੇਂਜ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਸ੍ਰੀ ਮਨਜੀਤ ਸਿੰਘ ਕਪਤਾਨ ਪੁਲਸ ਇੰਨਵੈਸਟੀਗੇਸ਼ਨ ਫਾਜ਼ਿਲਕਾ ਦੀ ਨਿਗਰਾਨੀ ਹੇਠ ਜ਼ਿਲ੍ਹਾ ਪੁਲਸ ਫਾਜ਼ਿਲਕਾ ਵੱਲੋਂ ਦੇਸ਼ ਵਿਰੋਧੀ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਸ੍ਰੀ ਅਰੁਣ ਮੁੰਡਨ ਉਪ ਕਪਤਾਨ ਪੁਲਸ ਅਬੋਹਰ ਦੀ ਅਗਵਾਈ ਵਿੱਚ ਇੰਸ: ਪਰਮਜੀਤ ਕੁਮਾਰ ਮੁੱਖ ਅਫਸਰ ਥਾਣਾ ਖੂਈਆਂ ਸਰਵਰ ਵੱਲੋਂ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸਬੰਧਤ ਅੱਤਵਾਦੀ ਗਿਰੋਹ ਨੂੰ ਟਰੇਸ ਕਰਨ 'ਚ ਅਹਿਮ ਸਫਲਤਾ ਹਾਸਲ ਕੀਤੀ।

ਉਨ੍ਹਾਂ ਦੱਸਿਆ ਕਿ 10-09-2023 ਨੂੰ ਇੰਸ: ਪਰਮਜੀਤ ਕੁਮਾਰ ਮੁੱਖ ਅਫਸਰ ਥਾਣਾ ਖੂਈਆਂ ਸਰਵਰ ਸਮੇਤ ਸਾਥੀ ਕ੍ਰਮਚਾਰੀਆਂ ਵੱਲੋਂ ਇੰਟਰ ਸਟੇਟ ਨਾਕਾਬੰਦੀ ਗੁੰਮਜਾਲ ਬੈਰੀਅਰ 'ਤੇ ਚੈਕਿੰਗ ਦੌਰਾਨ ਦੋ ਨੌਜਵਾਨ ਸ਼ਰਨਜੀਤ ਸਿੰਘ ਪੁੱਤਰ ਸਰੂਪ ਸਿੰਘ ਵਾਸੀ ਮਾਨ ਥਾਣਾ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਤੇ ਵਿਲੀਅਮ ਮਸੀਹ ਉਰਫ ਗੋਲੀ ਪੁੱਤਰ ਕਸ਼ਮੀਰ ਮਸੀਹ ਪੁੱਤਰ ਸ੍ਰ. ਮਸੀਹ ਵਾਸੀ ਧਰਮਕੋਟ ਪੱਤਣ, ਥਾਣਾ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਨੂੰ ਕਾਬੂ ਕਰਕੇ ਉਨ੍ਹਾ ਪਾਸੋਂ 02 ਪਿਸਟਲ, 03 ਮੈਗਜ਼ੀਨ ਤੇ 20 ਜ਼ਿੰਦਾ ਕਾਰਤੂਸ ਬ੍ਰਾਮਦ ਕੀਤੇ, ਜਿਸ 'ਤੇ ਮੁਕੱਦਮਾ ਥਾਣਾ ਖੂਈਆ ਸਰਵਰ ਦਰਜ ਕੀਤਾ ਗਿਆ, ਜਿਨ੍ਹਾਂ ਦੀ ਪੁੱਛਗਿੱਛ ਤੋਂ ਦੋਸ਼ੀ ਸਹਿਜ ਪ੍ਰੀਤ ਸਿੰਘ ਉਰਫ ਨਿਰਵੈਰ ਸਿੰਘ ਉਰਫ ਸੰਨੀ ਪੁੱਤਰ ਮੱਖਣ ਸਿੰਘ ਵਾਸੀ ਕੋਠਾ ਥਾਣਾ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਤੇ ਕੈਲਾਸ਼ ਖਿੱਚਣ ਪੁੱਤਰ ਜਗਦੀਸ਼ ਖਿੱਚਣ ਵਾਸੀ ਸ਼ਹੀਦ ਬੀਰਬਲ ਖਿੱਚਣ ਢਾਣੀ ਤਹਿ. ਫਲੌਦੀ ਜ਼ਿਲ੍ਹਾ ਜੋਧਪੁਰ ਨੂੰ ਨਾਮਜ਼ਦ ਕੀਤਾ ਗਿਆ। ਬੀਤੀ 27 ਅਕਤੂਬਰ 2023 ਨੂੰ ਮੁਲਜ਼ਮ ਸਹਿਜਪ੍ਰੀਤ ਨੂੰ ਫਾਜ਼ਿਲਕਾ ਪੁਲਸ ਵੱਲੋਂ ਗ੍ਰਿਫਤਾਰ ਕੀਤਾ ਗਿਆ, ਜਿਸ ਪਾਸੋਂ 3 ਪਿਸਟਲ, 6 ਮੈਗਜ਼ੀਨ ਤੇ 03 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਸਹਿਜਪ੍ਰੀਤ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਕੰਮ ਕਰਦਾ ਹੈ, ਜਿਸ ਦਾ ਮੁਖੀ ਹਰਿੰਦਰ ਸਿੰਘ ਉਰਫ ਰਿੰਦਾਂ ਪੁੱਤਰ ਚਰਨ ਸਿੰਘ ਵਾਸੀ ਨਾਂਦੇੜ, ਮਹਾਰਾਸ਼ਟਰ, ਜੋ ਇਸ ਸਮੇਂ ਪਾਕਿਸਤਾਨ ਵਿੱਚ ਰਹਿੰਦਾ ਹੈ। ਇਸ ਦੇ ਨਾਲ ਹਰਪ੍ਰੀਤ ਸਿੰਘ ਉਰਫ ਹੈਪੀ ਪਾਸੀਆ ਵਾਸੀ ਪਿੰਡ ਪਾਸੀਆਨਾ ਥਾਣਾ ਰਾਮਦਾਸ ਜ਼ਿਲ੍ਹਾ ਅੰਮ੍ਰਿਤਸਰ ਸਾਹਿਬ (ਹੁਣ ਅਮਰੀਕਾ), ਨਿਸ਼ਾਨ ਸਿੰਘ ਵਾਸੀ ਪਿੰਡ ਜੋੜੀਆ ਥਾਣਾ ਡੇਰਾ ਬਾਬਾ ਨਾਨਕ, ਗੁਰਦਾਸਪੁਰ (ਹੁਣ ਯੂ.ਕੇ), ਜੋ ਕਿ ਆਈ.ਐੱਸ.ਆਈ. ਨਾਲ ਰਲ ਕੇ ਪੰਜਾਬ ਰਾਜ ਤੇ ਭਾਰਤ ਦੇ ਹੋਰ ਰਾਜਾਂ ਵਿੱਚ ਦੇਸ਼ ਵਿਰੋਧੀ ਅੱਤਵਾਦੀ ਗਤੀਵਿਧੀਆਂ ਚਲਾ ਕੇ ਦੇਸ਼ ਦੀ ਏਕਤਾ ਤੇ ਆਖੰਡਤਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਨੇ ਦੱਸਿਆ ਕਿ ਇਹ ਹਥਿਆਰ ਬਾਰਡਰ ਤੋਂ ਡਰੋਨ ਰਾਹੀਂ ਪੰਜਾਬ ਵਿੱਚ ਪਹੁੰਚਦੇ ਹਨ, ਇਨ੍ਹਾਂ ਹਥਿਆਰਾਂ ਨਾਲ ਭਾਰਤੀ ਜਾਲ੍ਹੀ ਕਰੰਸੀ ਵੀ ਭੇਜੀ ਜਾਂਦੀ ਹੈ, ਜੋ ਇਹ ਵਿਦੇਸ਼ੀ ਅਸਲੇ ਦੀ ਵਰਤੋਂ ਨਾਲ ਇਨ੍ਹਾਂ ਨੇ ਪੰਜਾਬ ਦੇ ਧਮਕੀਗ੍ਰਸਤ ਵਿਅਕਤੀਆਂ ਦਾ ਕਤਲ ਕਰਨ ਤੇ ਪੰਜਾਬ 'ਚ ਸ਼ਾਂਤੀ ਭੰਗ ਕਰਨ ਦੀ ਯੋਜਨਾ ਸੀ। ਇਨ੍ਹਾਂ ਦੀ ਪੁੱਛਗਿੱਛ ਤੋਂ ਬਾਅਦ 06 ਹੋਰ ਦੋਸ਼ੀਆਨ ਨੂੰ ਨਾਮਜ਼ਦ ਕੀਤਾ ਗਿਆ ਹੈ। ਮੁਕੱਦਮਾ ਵਿੱਚ ਹੁਣ ਤੱਕ ਕੁੱਲ 04 ਦੋਸ਼ੀਆਨ ਦੀ ਗ੍ਰਿਫਤਾਰੀ ਹੋ ਚੁੱਕੀ ਹੈ, ਬਾਕੀ ਦੋਸ਼ੀਆਨ ਦੀ ਗ੍ਰਿਫਤਾਰੀ ਬਾਕੀ ਹੈ।

## ਸਰਕਾਰ ਸਹੀ ਰਾਹ 'ਤੇ ਨਾ ਆਈ ਤਾਂ ਵਿੱਢਾਂਗੇ ਸੰਘਰਸ਼ : ਪੈਨਸ਼ਨਰ



**ਮੂਨਕ (ਰਾਜਪਾਲ ਸਿੰਗਲਾ)**-ਪੈਨਸ਼ਨਰ ਐਸੋਸੀਏਸ਼ਨ ਡਵੀਜ਼ਨ ਲਹਿਰਾਗਾਗਾ ਇਕਾਈ ਮੂਨਕ ਦੀ ਮੀਟਿੰਗ ਪ੍ਰਧਾਨ ਸੋਮ ਚੰਦ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਵਿੱਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੰਗਤ ਸਿੰਘ, ਪੂਰਨ ਸਿੰਘ, ਜੋਗਿੰਦਰ ਸਿੰਘ, ਜਗਰੂਪ ਸਿੰਘ ਸੀਨੀਅਰ ਮੀਤ ਪ੍ਰਧਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੀਆਂ ਮੰਗਾਂ ਮਨਾਉਣ ਲਈ ਸੰਘਰਸ਼ ਕੀਤਾ ਜਾ ਰਿਹਾ ਹੈ ਤੇ ਪੰਜਾਬ ਸਰਕਾਰ ਮੀਟਿੰਗ ਦੇ ਕੇ ਜਥੇਬੰਦੀਆਂ ਨੂੰ ਮੀਟਿੰਗ ਦੇਣ ਲਈ ਸਮਾਂ ਅੱਗੇ ਪਾ ਰਹੀ ਹੈ, ਕੋਈ ਵੀ ਮੰਗ ਨੂੰ ਪੂਰਾ ਕਰਨ 'ਤੇ ਆਨਾਕਾਨੀ ਕਰ ਰਹੀ ਹੈ, ਇਸ ਲਈ ਦੀਵਾਲੀ ਨੂੰ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ ਕਰ ਰਹੀ ਹੈ। ਡੀ ਏ ਦੀਆਂ ਕਿਸ਼ਤਾਂ 1 ਜਨਵਰੀ 2016 ਤੋਂ ਪਹਿਲਾਂ, ਰਿਟਾਇਰ ਪੈਨਸ਼ਨ ਨੂੰ 2.59 ਨਾਲ ਪੈਨਸ਼ਨ ਦੇਣਾ, ਕੈਸ਼ਲੈਸ ਸਕੀਮ ਨੂੰ ਲਾਗੂ ਕਰਨਾ ਤੇ ਮੈਡੀਕਲ ਭੱਤਾ 2 ਹਜ਼ਾਰ ਰੁਪਏ ਕਰਨ ਲਈ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਹੋਰ ਮੰਗਾਂ ਮਨਾਉਣ ਲਈ ਪੰਜਾਬ ਸਰਕਾਰ ਤੇ ਬਿਜਲੀ ਵਿਭਾਗ ਵੱਲ ਜਥੇਬੰਦੀਆਂ ਵੱਲੋਂ ਵਹੀਰਾਂ ਘੱਤੀਆਂ ਹੋਈਆਂ ਹਨ, ਜੇਕਰ ਸਰਕਾਰ ਸਹੀ ਰਾਹ 'ਤੇ ਨਾ ਆਈ ਤਾਂ ਸੰਘਰਸ਼ ਕੀਤਾ ਜਾਵੇਗਾ।

## ਸ੍ਰੀ ਰਾਮ ਕਾਲਜ ਡੱਲਾ ਨੇ ਕੁਸ਼ਤੀ 'ਚ ਜਿੱਤਿਆ ਗੋਲਡ ਮੈਡਲ



**ਹਠੂਰ (ਨਛੱਤਰ ਸੰਧੂ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਹੋਏ ਇੰਟਰ ਕਾਲਜ ਫ੍ਰੀ ਸਟਾਈਲ ਕੁਸ਼ਤੀ ਮੁਕਾਬਲੇ 'ਚ ਭਾਰ 74 ਕਿੱਲੋ ਵਿੱਚ ਸ੍ਰੀ ਰਾਮ ਕਾਲਜ ਡੱਲਾ ਦੇ ਵਿਦਿਆਰਥੀ ਪ੍ਰਦੀਪ ਨੇ ਪਹਿਲਾ ਸਥਾਲ ਹਾਸਲ ਕਰਦਿਆਂ ਗੋਲਡ ਮੈਡਲ ਪ੍ਰਾਪਤ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਪ੍ਰੋਫੈਸਰ ਸਤਵਿੰਦਰ ਕੌਰ, ਚੇਅਰਮੈਨ ਦੇਵੀ ਚੰਦ ਸ਼ਰਮਾ ਤੇ ਮੈਂਬਰਜ਼ ਮਾਸਟਰ ਅਵਤਾਰ ਸਿੰਘ, ਮਾਸਟਰ ਭਗਵੰਤ ਸਿੰਘ, ਕਿਰਨਜੀਤ ਸਿੰਘ ਵੱਲੋਂ ਜੇਤੂ ਵਿਦਿਰਆਥੀ ਪ੍ਰਦੀਪ ਤੇ ਡੀ ਪੀ ਪ੍ਰੋ. ਗੁਰਜੀਤ ਸਿੰਘ ਨੂੰ ਵਧਾਈ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।

## ਡੈਮੋਕ੍ਰੇਟਿਕ ਈ.ਟੀ.ਟੀ. ਟੈਟ ਪਾਸ ਯੂਨੀਅਨ ਦੀ ਸਿੱਖਿਆ ਮੰਤਰੀ ਨਾਲ ਮੀਟਿੰਗ



**ਬਰੇਟਾ/ਬੁਢਲਾਡਾ (ਗੋਬਿੰਦ ਸ਼ਰਮਾ, ਅਸ਼ੋਕ ਲਾਕੜਾ)**-ਡੈਮੋਕ੍ਰੇਟਿਕ ਈ.ਟੀ.ਟੀ. ਟੈੱਟ ਪਾਸ ਯੂਨੀਅਨ ਦੀ ਮੀਟਿੰਗ ਮਾਨਯੋਗ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਈ। ਮੀਟਿੰਗ ਦਾ ਏਜੰਡਾ ਵਿਭਾਗ ਵਿੱਚ ਪਈਆਂ ਈ.ਟੀ.ਟੀ. ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਤੁਰੰਤ ਭਰਨ ਤੇ ਉਨ੍ਹਾ ਦਾ ਨੋਟੀਫਿਕੇਸ਼ਨ ਜਾਰੀ ਕਰਨ ਤੇ ਹਰ ਸਾਲ, ਜਿਸ ਤਰ੍ਹਾਂ ਪੰਜਾਬ ਪੁਲਸ ਦੀ ਭਰਤੀ ਲਈ ਕੈਲੰਡਰ ਜਾਰੀ ਕੀਤਾ ਗਿਆ ਹੈ, ਉਸੇ ਤਰ੍ਹਾਂ ਹੀ ਸਿੱਖਿਆ ਵਿਭਾਗ ਵਿੱਚ ਵੀ ਈ.ਟੀ.ਟੀ. ਦੀਆਂ ਅਸਾਮੀਆਂ ਦਾ ਵੀ ਕਲੰਡਰ ਜਲਦ ਤੋਂ ਜਲਦ ਜਾਰੀ ਕਰਨ ਲਈ ਮੰਗ ਪੱਤਰ ਦਿੱਤਾ ਗਿਆ। ਮਾਨਯੋਗ ਮੰਤਰੀ ਸ. ਹਰਜੋਤ ਸਿੰਘ ਬੈਂਸ ਵੱਲੋਂ ਯੂਨੀਅਨ ਦੀਆਂ ਮੰਗਾਂ ਨੂੰ ਬਿਲਕੁਲ ਜਾਇਜ਼ ਠਹਰਾਇਆ ਤੇ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਖਾਲੀ ਪਈਆਂ ਅਸਾਮੀਆਂ ਨੂੰ ਜਲਦੀ ਹੀ ਭਰਿਆ ਜਾਵੇਗਾ। ਯੂਨੀਅਨ ਦੇ ਸੂਬਾ ਪ੍ਰਧਾਨ ਨਿਖਿਲ ਨੇ ਦੱਸਿਆ ਕਿ ਜੇ ਜਲਦ ਪੰਜਾਬ ਸਰਕਾਰ ਯੂਨੀਅਨ ਦੀਆਂ ਮੰਗਾਂ ਦਾ ਹੱਲ ਨਹੀਂ ਕਰਦੀ ਤਾਂ ਯੂਨੀਅਨ ਵੱਲੋਂ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਲਈ ਯੂਨੀਅਨ ਦਾ ਵੱਧ ਤੋਂ ਵੱਧ ਸਾਥ ਦਿਓ ਤਾਂ ਜੋ ਯੂਨੀਅਨ ਮਜ਼ਬੂਤੀ ਨਾਲ ਆਪਣਾ ਹੱਕ ਲੈ ਸਕੇ।

# ਘਾਹ ਮਾਰਨ ਵਾਲੀ ਦਵਾਈ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕਤਾ ਸੈਮੀਨਾਰ

**ਪੰਜਾਬ ਸਰਕਾਰ ਇਸ ਦਵਾਈ 'ਤੇ ਪੂਰਨ ਪਾਬੰਦੀ ਲਾਏ : ਡਾ. ਹਰਗੁਰਪ੍ਰਤਾਪ ਸਿੰਘ**



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**

ਬੀਤੇ ਦਿਨ 'ਦੀਪ ਹਸਪਤਾਲ' ਨਿਹਾਲ ਸਿੰਘ ਵਾਲਾ ਵੱਲੋਂ ਘਾਹ ਮਾਰਨ ਵਾਲੀ ਦਵਾਈ/ਜ਼ਹਿਰ ਦੇ ਪੰਜਾਬੀਆਂ ਦੀ ਸਿਹਤ ਉੱਤੇ ਪੈ ਰਹੇ ਮਾੜੇ ਪ੍ਰਭਾਵਾਂ ਸੰਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਇਲਾਕੇ ਦੀਆਂ ਕਿਸਾਨ ਮਜ਼ਦੂਰ ਜਥੇਬੰਦੀਆਂ, ਆਮ ਸ਼ਹਿਰੀਆਂ, ਡਾਕਟਰਾਂ ਤੇ ਇਸ ਨਾਮੁਰਾਦ ਜ਼ਹਿਰ "ਪੈਰਾਕੁਆਇਟ" ਤੋਂ ਪੀੜਤ ਵਿਅਕਤੀਆਂ ਨੇ ਭਾਗ ਲਿਆ।

ਸੈਮੀਨਾਰ ਵਿੱਚ ਸੰਬੋਧਤ ਕਰਦਿਆਂ ਡਾ. ਹਰਗੁਰਪ੍ਰਤਾਪ ਨੇ ਕਿਹਾ ਕਿ ਇਹ "ਪੈਰਾਕੁਆਇਟ" ਜ਼ਹਿਰ ਜਿਹੜੀ ਕਿ ਘਾਹ ਮਾਰਨ ਵਾਲੀ ਦਵਾਈ ਦੇ ਰੂਪ ਵਿੱਚ ਪੰਜਾਬ 'ਚ ਵਰਤੀ ਜਾ ਰਹੀ ਹੈ, ਬਹੁਤ ਹੀ ਖਤਰਨਾਕ ਕੈਮੀਕਲ ਹੈ। ਇਹ "ਮੋਨੋਸਿਲ" ਤੇ "ਸਲਫਾਸ" ਨਾਲੋਂ ਵੀ ਬਹੁਤ ਘਾਤਕ ਹੈ। ਜੇਕਰ ਕੋਈ ਵਿਅਕਤੀ ਗਲਤੀ ਨਾਲ ਜਾਂ ਆਪਣਾ ਜੀਵਨ ਸਮਾਪਤ ਕਰਨ ਦੀ ਕੋਸ਼ਿਸ਼ ਵਿੱਚ ਇਸ ਜ਼ਹਿਰ ਨੂੰ ਪੀ ਲੈਂਦਾ ਹੈ ਤਾਂ ਉਸ ਨੂੰ 95% ਚਾਂਸ ਹਨ ਕਿ ਦਰਦਨਾਕ ਤੇ ਤਕਲੀਫਦੇਹ ਮੌਤ ਆਉਣੀ ਹੈ। ਇਹ ਜ਼ਹਿਰ ਕੈਂਸਰ ਵੀ ਕਰ ਸਕਦੀ ਹੈ। ਦਿਮਾਗ ਵੀ ਖਰਾਬ ਕਰ ਸਕਦੀ ਹੈ। ਗੁਰਦੇ ਵੀ ਖਰਾਬ ਕਰ ਸਕਦੀ ਹੈ। ਪੰਜਾਬ ਸਰਕਾਰ ਇਸ ਦੀ ਪੰਜਾਬ ਵਿੱਚ ਹਰ ਪ੍ਰਕਾਰ ਦੀ ਵਰਤੋਂ ਅਤੇ ਵਿੱਕਰੀ 'ਤੇ ਇੱਕ ਆਰਡੀਨੈਂਸ ਲਿਆ ਕੇ ਤੁਰੰਤ ਬੈਨ ਲਗਾਵੇ। ਇਹੀ ਨਹੀਂ ਜਿੰਨੇ ਵੀ ਵੀਰ, ਭੈਣਾਂ ਇਸ ਜ਼ਹਿਰ ਕਰਕੇ ਪਿਛਲੇ ਡੇਢ ਸਾਲ ਵਿੱਚ ਮਰੇ ਹਨ, ਉਨ੍ਹਾਂ ਨੂੰ ਪੰਜਾਬ ਸਰਕਾਰ 5-5 ਲੱਖ ਰੁਪਏ ਮੁਆਵਜ਼ਾ ਤੇ ਇੱਕ ਜੀ ਨੂੰ ਸਰਕਾਰੀ ਨੌਕਰੀ ਵੀ ਦੇਵੇ, ਕਿਉਂਕਿ ਇਹ ਪੰਜਾਬ ਵਿੱਚ ਵਿਕਦਾ ਹੈ ਤੇ ਇਹ ਕੋਈ ਪਾਕਿਸਤਾਨ ਤੋਂ ਡਰੋਨਾਂ ਰਾਹੀਂ ਨਹੀਂ ਸੁੱਟਿਆ ਜਾਂਦਾ ਤੇ ਨਾ ਹੀ ਚਿੱਟੇ ਵਾਂਗ ਸਮਗਲਰਾਂ ਦੁਆਰਾ ਪੰਜਾਬ 'ਚ ਲਿਆਂਦਾ ਜਾਂਦਾ ਹੈ।

ਸੈਮੀਨਾਰ ਵਿੱਚ ਵਿਚਾਰ ਚਰਚਾ 'ਚ ਸ੍ਰੀ ਮੰਗਾ ਸਿੰਘ ਵੈਰੋਕੇ ਸੂਬਾ ਕਮੇਟੀ ਮੈਂਬਰ ਪੇਂਡੂ ਮਜ਼ਦੂਰ ਯੂਨੀਅਨ, ਡਾ. ਗੁਰਮੇਲ ਸਿੰਘ ਮਾਛੀਕੇ ਸੂਬਾ ਮੀਤ ਪ੍ਰਧਾਨ ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ ਪੰਜਾਬ, ਸ੍ਰੀ ਜਗਸੀਰ ਸਿੰਘ ਖੁੱਡੀਕੇ ਸੀਨੀਅਰ ਕਿਸਾਨ ਆਗੂ ਨੇ ਵੀ ਭਾਗ ਲਿਆ। ਇਸ ਤੋਂ ਇਲਾਵਾ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਗਿੰਦਰ ਸਿੰਘ ਰੋਡੇ, ਦਲਿਤ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਜੀਵਨ ਸਿੰਘ ਬਿਲਾਸਪੁਰ, ਡਾ. ਮਨਪ੍ਰੀਤ ਸਿੰਘ ਅਪੋਲੋ, ਡਾ. ਨਾਜਰ ਸਿੰਘ ਚੱਕਰ, ਡਾ. ਨਵਜੋਤ ਚੱਕਰ ਨੇ ਵੀ ਸ਼ਿਰਕਤ ਕੀਤੀ। ਪੱਤਰਕਾਰ ਵੀਰਾਂ ਦਾ ਸਹਿਯੋਗ ਵੀ ਅਤਿ ਸ਼ਲਾਘਾਯੋਗ ਰਿਹਾ। "ਪੈਰਾਕੁਆਇਟ" ਜ਼ਹਿਰ ਤੋਂ ਪੀੜਤ ਪਰਵਾਰਾਂ ਨਾਲ ਉਨ੍ਹਾਂ ਦੀ ਸਾਰਥਕ ਮਿਲਣੀ ਨੇ ਸੈਮੀਨਾਰ ਨੂੰ ਸਫਲਤਾ ਬਖਸ਼ੀ।

ਇਸ ਮੌਕੇ "ਸਵਿਟਜ਼ਰਲੈਂਡ" ਤੋਂ ਸੀਨੀਅਰ ਪੱਤਰਕਾਰ ਸ੍ਰੀਮਤੀ ਕਿਆਰਾ ਗੀਡ ਵੀ ਸੈਮੀਨਾਰ ਨੂੰ ਕਵਰ ਕਰਨ ਲਈ ਵਿਸ਼ੇਸ਼ਕ ਤੌਰ 'ਤੇ ਪਹੁੰਚੇ ਹੋਏ ਸਨ।

# ਮੋਟਰਸਾਈਕਲ ਸਵਾਰ ਲੁਟੇਰੇ ਵਪਾਰੀ ਤੋਂ ਲੱਖਾਂ ਦੀ ਨਗਦੀ ਖੋਹ ਕੇ ਫਰਾਰ

**ਤਫਤੀਸ਼ ਕਰ ਰਹੇ ਹਾਂ, ਮੁਲਜ਼ਮਾਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ : ਥਾਣਾ ਮੁਖੀ**



**ਭਗਤਾ ਭਾਈ ਕਾ (ਰਾਜੀਵ ਗੋਇਲ)**

ਸ਼ਨੀਵਾਰ ਸਵੇਰੇ ਤੜਕਸਾਰ ਕਰੀਬ ਛੇ ਵਜੇ ਘਰ ਤੋਂ ਆਪਣੀ ਦੁਕਾਨ 'ਤੇ ਜਾ ਰਹੇ ਨੇੜਲੇ ਪਿੰਡ ਮਲੂਕਾ ਦੇ ਇੱਕ ਵਪਾਰੀ ਪਾਸੋਂ ਮੋਟਰਸਾਈਕਲ 'ਤੇ ਸਵਾਰ ਤਿੰਨ ਅਣਪਛਾਤੇ ਲੁਟੇਰੇ ਵਪਾਰੀ ਨੂੰ ਜ਼ਖਮੀ ਕਰਕੇ ਲੱਖਾਂ ਰੁਪਏ ਲੁੱਟ ਕੇ ਫਰਾਰ ਹੋ ਗਏ।ਘਟਨਾ ਦੀ ਜਾਣਕਾਰੀ ਦਿੰਦਿਆਂ ਪੀੜਤ ਵਪਾਰੀ ਲੱਖੀ ਚੰਦ ਦੇ ਪੁੱਤਰ ਦੀਪਕ ਚੰਦ ਨੇ ਦੱਸਿਆ ਕਿ ਉਹਨਾਂ ਦੇ ਪਿਤਾ ਕਰੀਬ ਛੇ ਵਜੇ ਤੜਕਸਾਰ ਘਰ ਤੋਂ ਆਪਣੀ ਦੁਕਾਨ ਵੱਲ ਜਾ ਰਹੇ ਸਨ,ਜਿਹਨਾਂ ਦੇ ਹੱਥ ਵਿੱਚ ਪੈਸਿਆਂ ਵਾਲਾ ਬੈਗ ਸੀ,ਜਿਸ ਵਿੱਚ ਕਰੀਬ ਪੌਣੇ ਪੰਜ ਲੱਖ ਰੁਪਏ ਸਨ ਉਹਨਾਂ ਦੱਸਿਆ ਕਿ ਉਹਨਾਂ ਦੇ ਪਿਤਾ ਨੂੰ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਵੱਲੋਂ ਰਸਤੇ,ਚ ਘੇਰ ਕੇ ਮਾਰੂ ਹਥਿਆਰਾਂ ਨਾਲ ਜਖਮੀ ਕਰਕੇ ਉਹਨਾਂ ਦਾ ਪੈਸਿਆਂ ਵਾਲਾ ਬੈਗ ਖੋਹ ਕੇ ਲੈ ਗਏ। ਪੀੜਤ ਵਪਾਰੀ ਨੂੰ ਜਖਮੀ ਹਾਲਾਤ ਵਿੱਚ ਨੇੜਲੇ ਹਸਪਤਾਲ ਭਰਤੀ ਕਰਵਾਇਆ ਗਿਆ। ਉਧਰ ਦੂਜੇ ਪਾਸੇ ਘਟਨਾ ਨੂੰ ਲੈ ਕੇ ਥਾਣਾ ਦਿਆਲਪੁਰਾ ਦੇ ਮੁਖੀ ਜਗਦੀਪ ਸਿੰਘ ਦਾ ਕਹਿਣਾ ਸੀ ਕਿ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ ਤੇ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ। ਇਸ ਮਸਲੇ ਤੇ' ਗਹਿਰਾ ਦੁੱਖ ਜਤਾਉਂਦਿਆਂ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਸੂਬੇ ਅੰਦਰ ਵਾਪਰ ਰਹੀਆਂ ਘਟਨਾਵਾਂ ਮਾੜੀਆਂ ਹਨ,ਉਹਨਾਂ ਕਿਹਾ ਕਿ ਘਟਨਾ ਚਾਹੇ ਗਰੀਬ ਨਾਲ ਵਾਪਰੇ,ਚਾਹੇ ਅਮੀਰ ਨਾਲ,ਮਾੜੀ ਹੀ ਹੁੰਦੀਂ ਹੈ।ਵਾਪਰ ਰਹੀਆਂ ਘਟਨਾਵਾਂ ਨੂੰ ਲੈ ਕੇ 'ਉਹਨਾਂ ਕਿਹਾ ਕਿ "ਤੁਸੀਂ ਪੱਤਰਕਾਰ ਹੀ ਸਰਕਾਰ ਨੂੰ ਕਹਿ ਕੇ ਦੇਖ ਲਵੋ,ਸਾਡੀ ਤਾਂ ਸਰਕਾਰ ਸੁਣਦੀ ਨਹੀਂ ਸਾਨੂੰ ਤਾਂ ਵਿਰੋਧੀ ਕਹਿ ਕੇ ਸਾਰ ਦੇਂਦੀ ਹੈ।ਇਸ ਮਸਲੇ ਨੂੰ ਲੈ ਕੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਵੀ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ ਹੈ।

ਇਸ ਘਟਨਾ ਨੂੰ ਲੈ ਕੇ ਵਪਾਰੀਆਂ ਵਿੱਚ ਸਹਿਮ ਦਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ ਤੇ ਸਥਾਨਿਕ ਆੜਤੀਆ ਯੂਨੀਅਨ ਦੇ ਪ੍ਰਧਾਨ ਵਿਜੈ ਕੁਮਾਰ 'ਤੇ ਸਮੂਹ ਯੂਨੀਅਨ ਵੱਲੋਂ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਗਈ ਹੈ ਕਿ ਤਿਉਹਾਰਾਂ ਦੇ ਮੱਦੇਨਜਰ ਸ਼ਹਿਰ ਵਿੱਚ ਪੀ.ਸੀ.ਆਰ ਦੀ ਟੀਮ ਤਾਇਨਾਤ ਕੀਤੀ ਜਾਵੇ ਅਤੇ ਪੁਲਿਸ ਵਿੱਚ ਗਸ਼ਤ ਤੇਜ ਕੀਤੀ ਜਾਵੇ ਤਾਂ ਕਿ ਇਹਨਾਂ ਸ਼ਰਾਰਤੀ ਅਨਸਾਰਾਂ ਤੇ ਨੱਥ ਪਾਈ ਜਾਵੇ।

## ਰਿਵਾਲਵਰ ਤੇ ਦਾਤ ਦਿਖਾ ਕੇ ਦੁਕਾਨਦਾਰ ਤੋਂ ਖੋਹੀ ਨਕਦੀ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੋਟਰਸਾਈਕਲ ਸਵਾਰ ਲੁਟੇਰਿਆਂ ਵੱਲੋਂ ਹਥਿਆਰਾਂ ਦੀ ਨੋਕ 'ਤੇ ਬੀਤੀ ਰਾਤ ਸਰਹਿੰਦ ਵਿਖੇ ਇੱਕ ਦੁਕਾਨਦਾਰ ਤੋਂ ਨਕਦੀ ਖੋਹ ਲੈ ਜਾਣ ਦਾ ਸਮਾਚਾਰ ਹੈ। ਸਰਹਿੰਦ ਦੇ ਸਾਨੀਪੁਰ ਰੋਡ 'ਤੇ ਪਲਾਸਟਿਕ ਦੇ ਸਾਮਾਨ ਦੀ ਦੁਕਾਨ ਕਰਨ ਵਾਲੇ ਸਰੋਜ ਕੁਮਾਰ ਨਾਮਕ ਵਿਅਕਤੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੋਟਰਸਾਈਕਲ 'ਤੇ ਸਵਾਰ ਹੋ ਕੇ ਤਿੰਨ ਵਿਅਕਤੀ, ਜਿਨ੍ਹਾਂ ਦੇ ਮੂੰਹ ਬੰਨ੍ਹੇ ਹੋਏ ਸਨ, ਬੀਤੀ ਰਾਤ ਉਸ ਦੀ ਦੁਕਾਨ ਦੇ ਬਾਹਰ ਆਏ। ]

ਇਨ੍ਹਾਂ 'ਚੋਂ ਇੱਕ ਵਿਅਕਤੀ ਮੋਟਰਸਾਈਕਲ 'ਤੇ ਬੈਠਾ ਰਿਹਾ, ਜਦੋਂਕਿ ਉਸ ਦੇ ਦੂਸਰੇ ਦੋ ਸਾਥੀ, ਜਿਨ੍ਹਾਂ 'ਚੋਂ ਇੱਕ ਦੇ ਹੱਥ 'ਚ ਰਿਵਾਲਵਰ ਸੀ ਤੇ ਇੱਕ ਦੇ ਹੱਥ 'ਚ ਤੇਜ਼ਧਾਰ ਦਾਤ ਸੀ, ਨੇ ਹਥਿਆਰਾਂ ਦੀ ਨੋਕ 'ਤੇ ਉਸ ਕੋਲੋਂ ਕਰੀਬ ਢਾਈ-ਤਿੰਨ ਹਜ਼ਾਰ ਦੀ ਨਕਦੀ ਤੇ ਮੋਬਾਈਲ ਖੋਹ ਲਿਆ ਤੇ ਉਕਤ ਵਿਅਕਤੀ ਜਾਂਦੇ ਹੋਏ ਉਸ ਦਾ ਮੋਬਾਈਲ ਉੱਥੇ ਹੀ ਛੱਡ ਕੇ ਮੋਟਰਸਾਈਕਲ 'ਤੇ ਫਰਾਰ ਹੋ ਗਏ। ਦੁਕਾਨਦਾਰ ਨੇ ਦੱਸਿਆ ਕਿ ਘਟਨਾ ਸਥਾਨ ਨੇੜੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਦੀ ਫੁਟੇਜ 'ਚ ਲੁਟੇਰੇ ਵਾਰਦਾਤ ਨੂੰ ਅੰਜਾਮ ਦਿੰਦੇ ਹੋਏ ਸਾਫ ਦਿਖਾਈ ਦੇ ਰਹੇ ਹਨ, ਜਿਸ ਸਬੰਧੀ ਪੁਲਸ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ।

# ਲਿਟਲ ਫਲਾਵਰ ਕਾਨਵੈਂਟ ਸਕੂਲ ਪੁਰਾਣਾ ਸ਼ਾਲਾ ਵਿਖੇ ਸੰਸਥਾ ਦਿਵਸ ਮਨਾਇਆ






ਗੁਰਦਾਸਪੁਰ (ਜਨਕ ਮਹਾਜਨ)-ਲਿਟਲ ਫਲਾਵਰ ਕਾਨਵੈਂਟ ਸਕੂਲ ਪੁਰਾਣਾ ਸ਼ਾਲਾ ਵਿਖੇ ਸੰਸਥਾ ਦਿਵਸ ਮਨਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਵਜੋਂ ਜੋਸ ਪਦਿਤੇ ਲਿਟਲ ਫਲਾਵਰ ਸਕੂਲ ਧਾਰੀਵਾਲ ਸ਼ਾਮਿਲ ਹੋਏ। ਉਨ੍ਹਾਂ ਦੇ ਨਾਲ ਡਾਇਰੈਕਟਰ ਫਾਦਰ ਪੋਲ ਤੇ ਪ੍ਰਿੰਸੀਪਲ ਬੈਨਸੀ ਵੀ ਸ਼ਾਮਿਲ ਸਨ। ਇਸ ਮੌਕੇ ਮੁੱਖ ਮਹਿਮਾਨ ਨੇ ਸੰਬੋਧਨ ਵਿਚ ਕਿਹਾ ਕਿ ਇਸ ਸੰਸਥਾ ਦਾ ਮੁੱਖ ਮਕਸਦ ਬੱਚਿਆਂ ਨੂੰ ਚੰਗੀ ਪੜ੍ਹਾਈ ਦੇ ਨਾਲ ਨਾਲ ਉਚ ਮਿਆਰ ਰੱਖਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਖੇਡਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਨਸ਼ਿਆ ਤੋਂ ਦੂਰ ਰਹਿ ਕੇ ਨਿਰੋਏ ਸਮਾਜ ਦੀ ਸਿਰਜਣਾ ਹੋ ਸਕੇ। ਪ੍ਰਿੰ. ਬੈਨਸੀ ਅਤੇ ਡਾਇਰੈਕਟਰ ਫਾਦਰ ਪੋਲ ਨੇ ਸਕੂਲ ਵਿਖੇ ਪਹੁੰਚੇ ਮੁੱਖ ਮਹਿਮਾਨ ਜੋਸ ਪਦਿਤੇ ਨੂੰ ਜੀ ਆਇਆਂ ਆਖਿਆ ਤੇ ਭਰੋਸਾ ਦਿੱਤਾ ਕਿ ਇਹ ਸੰਸਥਾ ਇਲਾਕੇ ਦੇ ਬੱਚਿਆਂ ਦੀ ਪੜ੍ਹਾਈ ਦੇ ਨਾਲ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੀ ਹੈ। ਸਕੂਲ ਪ੍ਰਿੰਸੀਪਲ ਨੇ ਕਿਹਾ ਕਿ ਸਕੂਲ ਵਿਚ ਬੱਚਿਆਂ ਦੀ ਪੜ੍ਹਾਈ ਵਾਸਤੇ ਵਧੀਆ ਸਟਾਫ਼ ਲੈਬਾਰਟਰੀ ਅਤੇ ਖੇਡਾਂ ਦਾ ਸਮਾਨ ਉਪਲੱਬਧ ਹੈ। ਇਸ ਮੌਕੇ ਸਕੂਲ ਸਟਾਫ਼ ਤੇ ਬੱਚਿਆਂ ਦੇ ਮਾਪੇ ਵੀ ਹਾਜ਼ਰ ਸਨ।

# ਕਲਗੀਧਰ ਪਬਲਿਕ ਸਕੂਲ ਭਿੱਖੀਵਿੰਡ ਦੇ ਵਿਦਿਆਰਥੀਆਂ ਵੱਲੋਂ ਸੈਮੀਨਾਰ 'ਚ ਸ਼ਿਰਕਤ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕਲਗੀਧਰ ਪਬਲਿਕ ਸਕੂਲ ਭਿੱਖੀਵਿੰਡ ਦੇ ਵਿਦਿਆਰਥੀਆਂ ਨੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ (ਗੁਰਦਾਸਪੁਰ) ਵੱਲੋਂ 'ਅਣਉੱਚਿਤ ਸਾਧਨ ਅਤੇ ਨਕਲ' ਵਿਸ਼ੇ 'ਤੇ ਕਰਵਾਏ ਸੈਮੀਨਾਰ 'ਚ ਭਾਗ ਲਿਆ।

ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਸਰਵਨ ਸਿੰਘ ਵਿਰਕ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੁਝ ਕੁ ਵਿੱਦਿਅਕ ਸੰਸਥਾਵਾਂ ਵੱਲੋਂ ਅਣਉੱਚਿਤ ਸਾਧਨਾਂ ਦੀ ਵਰਤੋਂ ਕਰਕੇ ਬੱਚਿਆਂ ਦੀ ਜ਼ਿੰਦਗੀ ਨਾਲ ਖਿਲਵਾੜ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਨੂੰ ਵਪਾਰਕ ਧੰਦਾ ਬਣਾ ਕੇ ਇਨ੍ਹਾਂ ਲੋਕਾਂ ਵੱਲੋਂ ਬੱਚਿਆਂ ਨੂੰ ਨਕਲ ਕਰਵਾ ਕੇ ਉਨ੍ਹਾਂ ਦੀ ਜ਼ਿੰਦਗੀ ਖਰਾਬ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਣਉੱਚਿਤ ਸਾਧਨਾਂ ਦੀ ਵਰਤੋਂ ਕਰਕੇ ਪਾਸ ਹੋਣ ਵਾਲੇ ਵਿਦਿਆਰਥੀ ਜ਼ਿੰਦਗੀ ਵਿੱਚ ਕਾਮਯਾਬ ਨਹੀਂ ਹੁੰਦੇ। ਇਸ ਮੌਕੇ ਆਪਣੇ ਸੰਬੋਧਨ ਵਿੱਚ ਕਲਗੀਧਰ ਪਬਲਿਕ ਸਕੂਲ ਦੇ ਐੱਮਡੀ ਬੁੱਢਾ ਨੇ ਕਿਹਾ ਕਿ ਨਕਲ ਅਤੇ ਨਸ਼ੇ ਵਿੱਚ ਕੋਈ ਅੰਤਰ ਨਹੀਂ ਹੈ। ਉਨ੍ਹਾਂ ਕਿਹਾ ਕਿ ਨਕਲ ਕਰਕੇ ਪ੍ਰੀਖਿਆ ਵਿੱਚੋਂ ਪਾਸ ਹੋਣ ਵਾਲੇ ਵਿਦਿਆਰਥੀ ਜ਼ਿੰਦਗੀ ਦੇ ਬਾਕੀ ਇਮਤਿਹਾਨਾਂ ਵਿੱਚੋਂ ਫੇਲ੍ਹ ਹੋ ਜਾਂਦੇ ਹਨ।

ਅੰਤ ਵਿੱਚ ਉਨ੍ਹਾਂ ਨੇ ਸੈਮੀਨਾਰ ਰਾਹੀਂ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਪ੍ਰਿੰਸੀਪਲ ਸਰਵਨ ਸਿੰਘ ਵਿਰਕ ਦਾ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸੈਮੀਨਾਰ ਆਯੋਜਿਤ ਕਰਕੇ ਬੱਚਿਆਂ ਨੂੰ ਚੰਗੀ ਸਿੱਖਿਆ ਦਿੰਦੇ ਰਹਿਣਗੇ।

# ਕੈਪਟਨ ਵਾਸੂ ਕੈਂਥ ਬੁੱਢਾ ਦਲ ਛਾਉਣੀ ਵਿਖੇ ਸਨਮਾਨਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਅੰਮ੍ਰਿਤਸਰ ਸਾਹਿਬ ਦੀ ਧਰਤੀ ਤੇ ਸਾਖਸ਼ਾਤ ਰੱਬ ਵਸਦਾ ਹੈ। ਏਥੋਂ ਦੇ ਗੁਰਧਾਮਾਂ ਵਿਖੇ ਕੀਤੀ ਸੱਚੇ ਦਿਲੋਂ ਅਰਦਾਸ ਬੇਨਤੀ ਨੂੰ ਪੂਰਨ ਰੂਪ ਵਿੱਚ ਫਲ ਲੱਗਦਾ ਹੈ। ਸੰਸਾਰ ਭਰ ਦੇ ਦੇਸ਼ਾਂ ਦੀ ਯਾਤਰਾ ਕੀਤੀ ਹੈ ਪਰ ਜੋ ਮਿੱਠੀ-ਠੰਡੀ ਤੇ ਖੁਸ਼ਬੋਦਾਰ ਮਹਿਕ ਅੰਮ੍ਰਿਤਸਰ ਸਾਹਿਬ ਦੀ ਹੈ ਹੋਰ ਕਿਤੇ ਨਹੀਂ ਮਿਲਦੀ। ਇਹ ਵਿਚਾਰ ਮੁੰਬਈ ਨਿਵਾਸੀ ਭਾਰਤੀ ਨੇਵੀ ਮਰਚੈਂਟ ਦੇ ਕੈਪਟਨ ਵਾਸੂ ਕੈਂਥ ਨੇ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ, ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਨਤਮਸਤਕ ਹੋਣ ਉਪਰੰਤ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਮੈਂ ਜੋ ਵੀ ਅਰਦਾਸ ਕੀਤੀ ਉਹ ਪੂਰੀ ਹੋਈ ਹੈ। ਉਨ੍ਹਾਂ ਨੂੰ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ, ਮਹੰਤ ਬਾਬਾ ਭਗਤ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੀ ਹੋਈ ਤਰੱਕੀ ਦੇ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ। ਇਸ ਸਮੇਂ ਬਾਬਾ ਅਮਰੀਕ ਸਿੰਘ, ਤਰਸੇਮ ਲਾਲ ਸਿੰਘ, ਡਾ. ਮਵਲੀਨ ਕੌਰ, ਬੀਬੀ ਵਰਿੰਦਰ ਕੌਰ ਅਤੇ ਐੱਸ. ਪੀ. ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਮਾਤਾ ਸਾਹਿਬ ਕੌਰ ਦਾ ਜਨਮ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਿੱਖ ਧਰਮ ਵਿੱਚ ਸਤਿਕਾਰ ਵਜੋਂ ਖਾਲਸੇ ਦੀ ਮਾਤਾ ਦੇ ਰੂਪ ਵਿੱਚ ਜਾਣੀ ਜਾਂਦੀ ਸ਼ਖ਼ਸੀਅਤ ਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਗੁਰਦੁਆਰਾ ਸਾਹਿਬ ਦੇ ਮੈਨੇਜਰ ਗੁਰਬਖ਼ਸ਼ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਨਾਲ ਮਨਾਏ ਗਏ ਮਾਤਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਸ਼ਾਮ ਨੂੰ ਰਹਿਰਾਸ ਤੋਂ ਬਾਅਦ ਕਥਾ ਕੀਰਤਨ ਦਾ ਪ੍ਰਵਾਹ ਚਲਾਇਆ ਗਿਆ, ਜਿਸ ਵਿੱਚ ਪਹਿਲਾਂ ਹਜ਼ੂਰੀ ਰਾਗੀ ਭਾਈ ਭੁਪਿੰਦਰ ਸਿੰਘ, ਹਰਵਿੰਦਰ ਸਿੰਘ, ਮਨਜੋਤ ਸਿੰਘ ਤੇ ਗੁਰਜੰਟ ਸਿੰਘ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਇਸ ਤੋਂ ਬਾਅਦ ਪੰਥ ਦੇ ਪ੍ਰਸਿੱਧ ਕਥਾਵਾਚਕ ਭਾਈ ਸਰਬਜੀਤ ਸਿੰਘ ਲੁਧਿਆਣੇ ਵਾਲਿਆਂ ਨੇ ਕਥਾ ਦਾ ਪ੍ਰਵਾਹ ਚਲਾਇਆ, ਜਿਨ੍ਹਾਂ ਵੱਲੋਂ ਮਾਤਾ ਸਾਹਿਬ ਕੌਰ ਦੀ ਜੀਵਨੀ ਨਾਲ ਸਬੰਧਤ ਕਈ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਕੀਤਾ। ਉਨ੍ਹਾ ਦੱਸਿਆ ਕਿ ਮਾਤਾ ਜੀ ਦਾ ਭਾਵੇਂ ਕੋਈ ਬਿੰਦੀ ਪੁੱਤਰ ਨਹੀਂ ਸੀ, ਪਰ ਉਨ੍ਹਾਂ ਨੂੰ ਖਾਲਸੇ ਦੀ ਮਾਤਾ ਹੋਣ ਦਾ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਰਦਾਨ ਦਿੱਤਾ ਹੈ, ਜਿਸ ਕਰਕੇ ਮਾਤਾ ਸਾਹਿਬ ਕੌਰ ਜੀ ਸਮੁੱਚੇ ਖਾਲਸੇ ਦੀ ਮਾਤਾ ਹਨ। ਉਨ੍ਹਾ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸ ਕਤਲ ਨਾ ਕਰਵਾਉਣ, ਸਗੋਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਬਾਣੀ ਤੇ ਬਾਣੇ ਦੇ ਧਾਰਨੀ ਬਣਨ। ਉਨ੍ਹਾ ਬੀਬੀਆਂ ਨੂੰ ਅਪੀਲ ਕੀਤੀ ਕਿ ਉਹ ਕੋਈ ਮਨਮੱਤ ਨਾ ਕਰਨ, ਸਗੋਂ ਮਾਤਾ ਸਾਹਿਬ ਕੌਰ ਜੀ ਦਾ ਧਿਆਨ ਧਰ ਕੇ ਸਿੱਖੀ ਨੂੰ ਕਮਾਉਣ। ਇਸ ਮੌਕੇ ਬਾਬਾ ਮੋਹਣ ਸਿੰਘ, ਜਸਵੀਰ ਸਿੰਘ ਢਿੱਲੋਂ, ਜਸਵੀਰ ਸਿੰਘ ਗਿੱਲ, ਹੈੱਡ ਗ੍ਰੰਥੀ ਹਰਪਾਲ ਸਿੰਘ ਗੁਰਮੁਖ, ਅਕਾਊਂਟੈਂਟ ਸੁਖਦੇਵ ਸਿੰਘ, ਰਿਕਾਰਡ ਕੀਪਰ ਭੁਪਿੰਦਰ ਸਿੰਘ, ਰਵੀਇੰਦਰ ਸਿੰਘ ਮੱਕੜ, ਠੇਕੇਦਾਰ ਸਤਨਾਮ ਸਿੰਘ, ਗੁਰਨਾਮ ਸਿੰਘ ਖਾਲਸਾ, ਸ਼ੇਰ ਸਿੰਘ ਸ਼ੇਰਾ, ਹਰਜਿੰਦਰ ਸਿੰਘ ਗਿੱਲ, ਜਰਨੈਲ ਸਿੰਘ, ਹਰਦੀਪ ਸਿੰਘ ਗੁਰੂਗੜ੍ਹ, ਦਰਸ਼ਪ੍ਰੀਤ ਸਿੰਘ ਬੱਤਰਾ, ਬੱਗਾ ਸਿੰਘ ਗਿੱਲ ਆਦਿ ਮੌਜੂਦ ਸਨ।

# ਰੈਗੂਲਰ ਪਾਲਸੀ ਨੂੰ ਅਮਲੀਜਾਮਾ ਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੀਵਾਲੀ ਤੋਂ ਪਹਿਲਾਂ ਰਿਲੀਜ਼ ਕਰਨ ਦੀ ਮੰਗ



ਸੰਗਰੂਰ (ਪ੍ਰਵੀਨ ਸਿੰਘ)-ਭਗਵੰਤ ਮਾਨ ਸਰਕਾਰ ਸਿਹਤ ਵਿਭਾਗ ਦੇ 10 ਪਾਲਸੀ ਅਧੀਨ ਕੰਟਰੈਕਟ ਮੁਲਾਜ਼ਮਾਂ ਦੀ ਚੱਲ ਰਹੀ ਰੈਗੂਲਰ ਪ੍ਰਕਿਰਿਆ ਅਤੇ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ 12 ਫੀਸਦੀ ਡੀ ਏ ਦੇਣ ਦੀ ਚੁੱਪ ਤੋੜ ਕੇ ਦੀਵਾਲੀ ਤੋਂ ਪਹਿਲਾਂ ਕੋਈ ਐਲਾਨ ਕਰਕੇ ਮੁਲਾਜ਼ਮ ਵਰਗ ਨਾਲ ਕੀਤੇ ਵਾਅਦੇ ਪੂਰੇ ਕਰੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ/ਫੀਮੇਲ ਯੂਨੀਅਨ ਪੰਜਾਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ਤੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਗੰਢੂਆ ਨੇ ਕੀਤਾ। ਉਨ੍ਹਾਂ ਕਿਹਾ ਕਿ ਮਈ 2023 ਤੋਂ ਸਿਹਤ ਵਿਭਾਗ ਦੇ ਮੁਲਾਜ਼ਮਾਂ ਲਈ ਰੈਗੂਲਰ ਪਾਲਸੀ ਅਧੀਨ 10 ਸਾਲਾ ਸਰਵਿਸ ਵਾਲਿਆਂ ਦਾ ਰਿਕਾਰਡ ਮਹਿਕਮੇ ਨੇ ਚੈੱਕ ਕਰ ਲਿਆ ਹੈ, ਹੁਣ ਪੰਜਾਬ ਸਰਕਾਰ ਦੀਵਾਲੀ ਤੋਂ ਪਹਿਲਾਂ ਇਸ ਨੂੰ ਅਮਲੀਜਾਮਾ ਦੇਵੇ। ਇਸੇ ਤਰ੍ਹਾਂ ਡੀ ਏ ਦੀਆਂ ਜੁਲਾਈ 2022, ਜਨਵਰੀ 2023 ਤੇ ਜੁਲਾਈ 2023 ਦੀਆਂ ਤਿੰਨ ਕਿਸ਼ਤਾਂ ਕ੍ਰਮਵਾਰ 4 ਫੀਸਦੀ ਬਕਾਇਆ ਖੜੀਆਂ ਹਨ, ਪਰ ਪੰਜਾਬ ਸਰਕਾਰ ਇਸ ਬਾਰੇ ਵੀ ਐਲਾਨ ਕਰੇ। ਜਥੇਬੰਦੀ ਦੇ ਆਗੂਆਂ ਮੰਗਵਾਲ ਤੇ ਗੰਢੂਆ ਨੇ ਅਫਸੋਸ ਪ੍ਰਗਟ ਕੀਤਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕੋਲ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਇੱਕ ਮਿੰਟ ਦਾ ਸਮਾਂ ਵੀ ਨਹੀਂ ਹੈ, ਪਰ ਹੁਣ ਉਹ 6 ਨਵੰਬਰ ਦੀ ਕੈਬਨਿਟ ਮੀਟਿੰਗ 'ਚ ਮੁਲਾਜ਼ਮ ਪੱਖੀ ਫੈਸਲੇ ਲੈ ਕੇ ਕੁਝ ਰਾਹਤ ਦੇਣ। ਇਸ ਮੌਕੇ ਜ਼ਿਲ੍ਹਾ ਬਲਾਕ ਆਗੂ ਰਾਵਿੰਦਰ ਸ਼ਰਮਾ, ਦਲਜੀਤ ਢਿੱਲੋਂ, ਕੁਲਵਿੰਦਰ ਸਿੱਧੂ, ਗੁਰਪ੍ਰੀਤ ਸਿੰਘ ਵਾਲੀਆ, ਯਾਦਵਿੰਦਰ ਸਿੰਘ, ਮਨਜਿੰਦਰ ਸਿੰਘ, ਮਨਜੀਤ ਲੱਡਾ, ਇੰਦਰਜੀਤ ਸਿੰਘ, ਦਵਿੰਦਰ ਸਿੰਘ ਜਸਵੀਰ ਸਿੰਘ, ਮਨਜਿੰਦਰ ਸਿੰਘ ਤੋਂ ਇਲਾਵਾ ਹੋਰ ਆਗੂ ਹਾਜ਼ਰ ਸਨ।

# ਅੱਗ ਸਾੜਨ ਵਾਲੇ 7 ਕਿਸਾਨਾਂ ਦੇ ਜ਼ਮੀਨੀ ਰਿਕਾਰਡ 'ਚ ਕੀਤੀ ਰੈੱਡ ਐਂਟਰੀ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਤੇ ਕਿਸਾਨਾਂ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਪੱਬਾਂ ਭਾਰ ਹੋ ਗਿਆ ਹੈ। ਹੁਣ ਤੱਕ ਅੱਗ ਲਗਾਉਣ ਵਾਲੇ 7 ਲੋਕਾਂ ਦੇ ਜ਼ਮੀਨੀ ਰਿਕਾਰਡ ਵਿੱਚ ਲਾਲ ਐਂਟਰੀ ਕਰ ਦਿੱਤੀ ਗਈ ਹੈ, ਜਦਕਿ ਪਰਾਲੀ ਸਾੜਨ ਵਾਲਿਆਂ ਦੇ ਚਲਾਨ ਕਰਨ ਸਬੰਧੀ ਵੀ ਵਿਭਾਗ ਨੂੰ ਹਦਾਇਤ ਕੀਤੀ ਗਈ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਡਾ: ਰੂਹੀ ਦੁੱਗ ਨੇ ਐਸ ਡੀ ਐਮ, ਸਰਕਲ ਮਾਲ ਅਫਸਰਾਂ, ਕਲਸਟਰ ਅਫਸਰਾਂ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਬੈਠਕ ਦੀ ਪ੍ਰਧਾਨਗੀ ਕਰਦਿਆਂ ਦਿੱਤੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਆਉਣ ਵਾਲੇ ਕੁਝ ਦਿਨ ਸਾਰੇ ਕਲਸਟਰ ਅਫਸਰ, ਨੋਡਲ ਅਫਸਰ ਤੇ ਹੋਰ ਸੀਨੀਅਰ ਅਧਿਕਾਰੀ ਲਗਾਤਾਰ ਪਿੰਡਾਂ ਦੇ ਦੌਰੇ ਕਰਨ, ਜੇਕਰ ਕਿਤੇ ਅੱਗ ਲੱਗੀ ਪਾਈ ਜਾਵੇ ਤਾਂ ਤੁਰੰਤ ਅੱਗ ਬੁਝਾਉਣ ਦੇ ਯਤਨ ਕੀਤੇ ਜਾਣ ਤੇ ਸਰਕਾਰੀ ਹਦਾਇਤਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾ ਕਿਹਾ ਕਿ ਕਿਸਾਨਾਂ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕਰਨ ਲਈ ਵੱਧ ਤੋਂ ਵੱਧ ਕਿਸਾਨਾਂ ਨੂੰ ਮਿਲਿਆ ਜਾਵੇ ਤੇ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਉਪਰਾਲੇ ਕੀਤੇ ਜਾਣ।

# ਸੋਨੀ ਇੰਡੀਆ ਵੱਲੋਂ ਅਲਫਾ 7ਸੀ ਸੀਰੀਜ਼ ਦੇ ਦੋ ਨਵੇਂ ਕੈਮਰੇ ਲਾਂਚ

**ਚੰਡੀਗੜ੍ਹ**: ਸੋਨੀ ਇੰਡੀਆ ਨੇ ਅੱਜ ਅਲਫਾ 7ਸੀ ਸੀਰੀਜ਼ ਦੇ ਦੋ ਨਵੇਂ ਕੈਮਰੇ ਅਲਫਾ 7ਸੀ ਅਤੇ ਅਲਫਾ 7 ਸੀਆਰ ਲਾਂਚ ਕੀਤੇ। ਇਹ ਕੰਪੈਕਟ ਆਕਾਰ ਵਾਲੇ ਫੁੱਲ-ਫ੍ਰੇਮ ਅਤੇ ਇੰਟਰਚੇਂਜਏਬਲ ਲੈਂਜ਼ ਦੇ ਨਾਲ ਆਉਂਦੇ ਹਨ। ਅਲਫਾ 7ਸੀ ਦੀਆਂ ਮੁੱਖ ਵਿਸੇਸਤਾਵਾਂ-ਸ਼ਾਨਦਾਰ ਇਮੇਜ਼ਿੰਗ ਪਰਫਾਰਮੈਂਸ ਪ੍ਰਾਪਤ ਕਰਨ ਲਈ ਲਗਭਗ 33.0 ਪ੍ਰਭਾਵੀ ਮੈਗਾਪਿਕਸਲ ਅਤੇ ਨਵੀਨਤਮ ਬਾਓਜ ਐਕਸਆਰ ਇਮੇਜ ਪ੍ਰੋਸੈਸਿੰਗ ਇੰਜਨ ਦੇ ਨਾਲ ਇੱਕ ਫੁੱਲ-ਫ੍ਰੇਮ ਬੈਕ-ਇਲੂਮੀਨੇਟਿਡ ਐਕਸਮੋਰ ਆਰ ਸੀਐੱਮਓਐੱਸ ਸੈਂਸਰ ਨਾਲ ਲੈਸ ਹੈ। ਅਲਫਾ 7 ਦੀ ਤੁਲਨਾ ਵਿਚ ਜੋ ਕਿ ਲਗਭਗ 131.3 ਐੱਮਐੱਮ 96.4 ਐੱਮਐੱਮ 79.8 ਐੱਮਐੱਮ ਅਤੇ ਵਜਨ ਵਿਚ ਲਗਭਗ 658 2 ਹੈ, ਅਲਫ਼ਾ 7ਸੀ 22 ਫੀਸਦੀ ਤੱਕ ਹਲਕਾ ਹੈ ਅਤੇ ਇਸਦਾ ਵਾਲੀਅਮ 45% ਤੱਕ ਘੱਟ ਹੈ। ਅਲਫਾ 7 ਸੀਆਰ ਦੀਆਂ ਮੁੱਖ ਵਿਸ਼ੇਸ਼ਤਾਵਾਂ-ਹਾਈ -ਰੈਜ਼ੋਲੂਸ਼ਨ ਅਤੇ ਹਾਈ-ਡੈਫੀਨੇਸ਼ਨ ਇਮੇਜਿੰਗ ਪ੍ਰਦਰਸ਼ਨ ਨੂੰ ਪ੍ਰਾਪਤ ਕਰਨ ਲਈ ਲਗਭਗ 61.0 ਸ਼ਾਨਦਾਰ ਮੈਗਾਪਿਕਸਲ ਅਤੇ ਨਵੀਨਤਮ ਬਾਈਓਨਜ਼ ਐਕਸ ਆਰ ਇਮੇਜ ਪ੍ਰੋਸੈਸਿੰਗ ਇੰਜਨ ਦੇ ਨਾਲ ਇੱਕ ਫੁੱਲ-ਫ੍ਰੇਮ ਬੈਕ-ਇਲੂਮੀਨੇਟਿਡ ਐਕਸਮੋਰ ਸੀਐੱਮਓਐੱਸ ਸੈਂਸਰ ਨਾਲ ਲੈਸ ਹੈ।

# ਜ਼ੀਰੋ ਬਰਨਿੰਗ ਅਮਰਗੜ੍ਹ ਬਲਾਕ ਮੁਹਿੰਮ ਦਾ ਆਗਾਜ਼

**ਮਲੇਰਕੋਟਲਾ**-ਪੰਜਾਬ ਦੇ ਮਲੇਰਕੋਟਲਾ ਜ਼ਿਲ੍ਹੇ ਵਿੱਚ ਪਰਾਲੀ ਸਾੜਨ ਨੂੰ ਘੱਟ ਕਰਨ ਲਈ ਸੀਆਈਆਈ ਨੇ ਫਿਡੈਲਿਟੀ ਇੰਟਰਨੈਸ਼ਨਲ ਅਤੇ ਬਿਰਲਾ ਸਾਫਟ ਨਾਲ ਸਾਂਝੇਦਾਰੀ ਵਿੱਚ 2020 ਵਿੱਚ 21 ਪਿੰਡਾਂ ਨੂੰ ਕਵਰ ਕਰਦੇ ਹੋਏ ਇੱਕ ਕਰਾਪ ਰੈਜ਼ੇਡਿਊ ਮੈਨੇਜਮੈਂਟ ਪਹਿਲ ਸ਼ੁਰੂ ਕੀਤੀ। ਇਸ ਯੋਜਨਾ ਰਾਹੀਂ ਕਿਸਾਨਾਂ ਨੂੰ ਖੇਤਰ ਸਿਖਲਾਈ ਸੈਸ਼ਨ, ਮਸ਼ੀਨਰੀ ਸਹਾਇਤਾ ਅਤੇ ਤਕਨੀਕੀ ਸਿਖਲਾਈ ਅਤੇ ਹੈਂਡਹੋਲਡਿੰਗ ਦੁਆਰਾ ਸਮਰਥਨ ਅਤੇ ਸਹਾਇਤਾ ਦਿੱਤੀ ਜਾਂਦੀ ਹੈ। ਮਾਲੇਰਕੋਟਲਾ ਦੇ ਖੇਤੀਬਾੜੀ ਵਿਕਾਸ ਅਫਸਰ ਕੁਲਦੀਪ ਕੌਰ, ਸਹਾਇਕ ਉਪ-ਨਿਰੀਖਕ, ਇੰਦਰਦੀਪ ਕੌਰ, ਮਾਲਟਰਕੋਟਲਾ ਦੇ ਸਹਿਕਾਰੀ ਨਿਰੀਖਕ, ਰੌਬਿਨ ਵਰਮਾ ਅਤੇ ਗੁਰਸਿਮਰਨ ਸਿੰਘ, ਫਿਡੈਲਿਟੀ ਇੰਟਰਨੈਸ਼ਨਲ ਦੇ ਇੰਡੀਆ ਲੀਗਲ ਅਤੇ ਏਸ਼ੀਆ ਪੈਕ ਕੋਸੈਕ ਦੇ ਮੁਖੀ ਅਮਿਤ ਨਾਇਕ, ਅਮਿਤ ਹਾਂਡੂ, ਇੰਡੀਆ ਰਿਸਕ ਓਵਰਸਾਈਟ ਲੀਡ, ਫਿਡੈਲਿਟੀ ਇੰਟਰਨੈਸ਼ਨਲ ਇੰਡੀਆ ਸ਼੍ਰੀ ਵਿਕਾਸ ਦੀਵਾਨ ਇਸ ਆਊਟਰੀਚ ਪ੍ਰੋਗਰਾਮ ਦਾ ਹਿੱਸਾ ਬਣੇ।

# ਸਨਾਈਡਰ ਇਲੈਕਟ੍ਰਿਕ ਦੀ 'ਇਨੋਵੇਸ਼ਨ ਯਾਤਰਾ' ਲੁਧਿਆਣਾ ਪਹੁੰਚੀ

**ਲੁਧਿਆਣਾ** ਸਨਾਈਡਰ ਇਲੈਕਟ੍ਰਿਕ ਊਰਜਾ ਪ੍ਰਬੰਧਨ ਅਤੇ ਅਗਲੀ ਪੀੜ੍ਹੀ ਦੇ ਆਟੋਮੇਸ਼ਨ ਸਮਾਧਾਨਾਂ ਦੇ ਡਿਜੀਟਲ ਪਰਿਵਰਤਨ ਵਿੱਚ ਭਾਰਤ ਵਿੱਚ ਕੰਪਨੀ ਦੇ ਸੰਚਾਲਨ ਦੀ 60ਵੀਂ ਵਰ੍ਹੇਗੰਢ ਮਨਾਉਣ ਲਈ ਸਨਾਈਡਰ ਇਲੈਕਟ੍ਰਿਕ ਇਨੋਵੇਸਨ ਯਾਤਰਾ ਦੀ ਸ਼ੁਰੂਆਤ ਕੀਤੀ ਹੈ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੀਪਕ ਸ਼ਰਮਾ ਜ਼ੋਨ ਪ੍ਰੈਜ਼ੀਡੈਂਟ-ਗ੍ਰੇਟਰ ਇੰਡੀਆ ਅਤੇ ਐਮਡੀ ਅਤੇ ਸੀਈਓ ਸਨਾਈਡਰ ਇਲੈਕਟ੍ਰਿਕ ਇੰਡੀਆ ਨੇ ਕਿਹਾ ਕਿ ਭਾਰਤ ਵਿੱਚ ਸਾਡੀ 60 ਸਾਲਾਂ ਦੀ ਮੌਜੂਦਗੀ ਦੇਸ਼ ਦੀ ਪ੍ਰਗਤੀ ਦੇ ਲਈ ਸਾਡੀ ਸਥਾਨਕ ਵਚਨਬੱਧਤਾ ਦਾ ਪ੍ਰਮਾਣ ਹੈ। ਰਜਤ ਅੱਬੀ ਵਾਈਸ ਪ੍ਰੈਜ਼ੀਡੈਂਟ-ਗਲੋਬਲ ਮਾਰਕੀਟਿੰਗ ਚੀਫ ਮਾਰਕੀਟਿੰਗ ਅਫਸਰ ਸਨਾਈਡਰ ਇਲੈਕਟ੍ਰਿਕ ਇੰਡੀਆ ਨੇ ਕਿਹਾ 'ਕਿ ਇਹ ਕਾਰਬਨ ਨਿਊਟਰਲ ਯਾਤਰਾ ਸਸਟੇਨੇਬਿਲਟੀ ਅਤੇ ਡਿਜੀਟਲਾਈਜੇਸ਼ਨ ਦੇ ਬਾਰੇ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਦੇਸ਼ ਭਰ ਦੀ ਯਾਤਰਾ ਕਰੇਗੀ। ਨਾਲ ਹੀ ਸਨਾਈਡਰ ਇਲੈਕਟ੍ਰਿਕ ਦੁਆਰਾ ਪੇਸ਼ ਕੀਤੇ ਜਾਣ ਵਾਲੇ ਆਟੋਮੇਸ਼ਨ ਸਲਿਊਸ਼ਨਜ਼ ਦੇ ਬਾਰੇ ਵੀ ਲੋਕਾਂ ਨੂੰ ਜਾਣਕਾਰੀ ਉਪਲਬਧ ਕਰਵਾਏਗੀ। ਇਹ ਵਿਲੱਖਣ ਅਭਿਆਨ ਸਾਡੀ ਪ੍ਰਮੁੱਖ ਗ੍ਰੀਨ ਵਾਰੀਅਰਜ਼ ਪਹਿਲਕਦਮੀ ਦਾ ਵਿਸਥਾਰ ਹੈ।

# ਕ੍ਰੋਮਾ ਵਿੱਚ 'ਫੈਸਟੀਵਲ ਆਫ ਡਰੀਮਜ਼' ਕੈਂਪੇਨ ਸ਼ੁਰੂ

ਬਠਿੰਡਾ: ਇਸ ਦਿਵਾਲੀ ਸੁਪਨਾ ਦੇ ਸੱਚੇ ਹੋਣ ਦੀ ਖ਼ੁਸ਼ੀ ਦਾ ਆਨੰਦ ਲਓ, ਕ੍ਰੋਮਾ ਵਿੱਚ ਸ਼ੁਰੂ ਹੋਇਆ ਹੈ। 'ਫੈਸਟੀਵਲ ਆਫ ਡਰੀਮਜ਼' ਕੈਂਪੇਨ। 15 ਨਵੰਬਰ ਤੱਕ ਚਲਣ ਵਾਲੇ ਇਸ ਕੈਂਪੇਨ ਵਿੱਚ ਸਾਰੇ ਕ੍ਰੋਮਾ ਸਟੋਰਜ਼ ਅਤੇ croma.com ਵੈੱਬਸਾਈਟ ਤੇ ਸਾਰੀਆਂ ਸਾਈਟਾਂ ਵਿੱਚ ਆਕਰਸ਼ਕ ਅਤੇ ਬਹੁਪ੍ਰਤੀਕ੍ਰਿਤ ਪੇਸ਼ ਕੀਤੀਆਂ ਗਈਆਂ ਹਨ। ਸਮਾਰਟ ਟੀਵੀ ਤੋਂ ਕਈਂ ਸੀਟਾਂ, ਵਾਸ਼ਿੰਗ ਮਸ਼ੀਨ, ਐਸ. ਆਈ., ਰੈਫਰੀਜਰੇਟਰ, ਸਮਾਰਟਫੋਨ ਅਤੇ ਉਤਪਾਦਾਂ 'ਤੇ ਇਨ ਆਫਰਸ ਦਾ ਲਾਭ ਟਾਟਾ ਨੇਊ ਤੇ ਲਿਆ ਜਾ ਸਕਦਾ ਹੈ। ਜੇਕਰ ਤੁਸੀਂ ਘਰ 'ਤੇ ਸ਼ਾਨਦਾਰ ਮਨੋਰੰਜਨ ਦਾ ਅਨੁਭਵ ਕਰਦੇ ਹੋ ਤਾਂ ਆਨੰਦ ਲੈਣਾ ਚਾਹੁੰਦੇ ਹੋ ਤਾਂ ਕ੍ਰੋਮਾ ਤੋਂ 55", 65" ਅਤੇ 75" 4 ਲੀਡ ਟੀਵੀ, ਸਿਰਫ 2990 ਰੁਪਏ ਪ੍ਰਤੀ ਮਹੀਨਾ ਦੀ ਆਸਾਨ ਈਐੱਮਆਈ ਸਹੂਲਤ ਦੇ ਨਾਲ। ਟੈਕ ਗੇਮ ਅਤੇ ਹੋਰ ਵੀ ਬਹੁਤ ਸਾਰੀਆਂ ਮਜ਼ੇ ਲੈਣ ਲਈ ਕ੍ਰੋਮਾ ਆਕਰਸ਼ਕ ਈਐੱਮਆਈ ਡੀਲਸ ਦੀ ਪੇਸ਼ਕਸ਼ ਕਰ ਰਹੀ ਹੈ।

## ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰਬਰ ਐੱਨ ਕੇ 1272 ਜੋ ਹਰਭਜਨ ਸਿੰਘ ਪੁੱਤਰ ਮਿਲਖਾ ਸਿੰਘ ਦੇ ਨਾਂਅ 'ਤੇ ਪਿੰਡ ਭਾਨਕੀ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਚੱਲਦਾ ਹੈ, ਹੁਣ ਸਰਬਜੀਤ ਸਿੰਘ ਪੁੱਤਰ ਲੇਟ ਹਰਭਜਨ ਸਿੰਘ ਵਾਸੀ ਚਾਚੋਕੀ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਬਦਲੀ ਹੋਣ ਜਾ ਰਿਹਾ ਹੈ। ਜੇਕਰ ਇਸ ਸੰਬਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਫਗਵਾੜਾ ਵਿਖੇ ਦਰਜ ਕਰਵਾ ਸਕਦਾ ਹੈ।

# ਕਲਾਸੀਫਾਈਡ ਇਸ਼ਤਿਹਾਰ

## Public Notice

I, Harshvardhan Saini s/o Varinder Kumar Saini r/o 253A/6 Improvement Trust Colony, Scheme No. 5, Jail Road, Gurdaspur inform that I am severing my relationship with my father Varinder Kumar Saini, mother Bimala Saini and brother Manish Saini. I have no relation with them now. I will not be responsible for any of their good or bad deeds.

We,Rajan Babbar S/O Parmod Kumar and Radhika Rani W/O Rajan Babbar both R/O H.No.B-42/36/3,Mohalla Dolla Nangal,Nehru Gate Batala inform that Manoj Sharma is the husband of Rashmi brother of Radhika Rani,Rashmi is the wife of Manoj Sharma. brother and bhabhi both are out of our control and living separately and don't respect to us and we are not happy towards them.So we relinquish all our relations with Manoj Sharma and Rashmi and are having no concern of any kind with them.We shall not be responsible for any act or deed done by them.They themselves will be responsible for it.

I, Sushil Kumar S/o Nanak Chand R/o Vill. Dumana, P.O. Nathupur, Tehsil Dasuya (Hoshiarpur), Punjab, declare that in my Passport No. U7764572 My wife name is written Geeta that is wrong, But my wife correct name is Gita Bali. Please correct it in my Passport.

I, Amandeep Singh S/o Balkar Singh R/o Village Mattenangal Tehsil Ajnala District Amritsar have declare that one Document in the name of Narinder Singh S/o Surain Singh Bearing Document No.7230 Jild No.1 Page No.910, Dated 17.11.2010 and Second Sale Deed Belonging to Ashok Kumar Sharma S/o Hans Raj Sharma Bearing Sale Deed No.1625 Jild No.1, Page No.6569 Dated 15.05.2008 has been Lost if any body found send me above address

## Lost & Found

It is notified for the information that (1) Sale Deed dated 30/5/2011 having document No. 1008 executed by Rakesh Gupta S/o Ram Parkash in favour of Rajan Kumar S/o Naresh Kumar Alias Nathu Regarding Plot measuring 5 Marle (2) Sale Deed dated 30/5/2011 having document No 1009 executed by Rakesh Gupta S/o Ram Parkash in favour of Rajan Kumar S/o Naresh Kumar Alias Nathu Regarding Plot measuring 5 Marle. Actually Lost at Gurdaspur, L.R.No. 402288/2023, Lost date 01/08/2023 . Candidate Name Bharat Mahajan S/o Vijay Kumar R/o 4/187 Opp. Gurudwara G.T. Road Mandi Gurdaspur. Mobile 7508834003

## Disinherit Notice

I, Manju Bala @ Manju Sharma W/O Harsh Vardhan R/O 38/164, Aullan Mohalla, Batala, Distt.Gurdaspur now at Amritsar inform that my son Manoj Sharma and his wife Rashmi both are out of my control and living separately from us and don't respect me and my family. So I disinherit both of them from my all moveable and immoveable properties.I and my family shall not be responsible for any act or deed done by them.They themselves will be responsible for it.I and my family will have no relation with them.

## ਆਮ ਸੂਚਨਾ

ਮੈਂ, ਰਣਜੀਤ ਸਿੰਘ ਨੇ ਵਾਈ ਏਕੜ ਜ਼ਮੀਨ ਸਮੇਤ ਮੋਟਰ ਪਿੰਡ ਰਾਣੀਪੁਰ ਰਾਜਪੂਤਾਂ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਖਰੀਦੀ ਹੈ। ਇਸ ਮੋਟਰ ਦਾ ਕੁਨੈਕਸ਼ਨ ਨੰਬਰ ਏ ਪੀ 11-1479 ਏ ਹੈ। ਮੈਂ ਆਪਣੇ ਨਾਂਅ 'ਤੇ ਤਬਦੀਲ ਕਰਵਾ ਰਿਹਾ ਹਾਂ। ਇਸ ਸੰਬੰਧੀ ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ ਇਸ ਦੀ ਜਾਣਕਾਰੀ 15 ਦਿਨਾਂ ਦੇ ਅੰਦਰ ਐੱਸ ਡੀ ਓ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ (ਲਿਮ:) ਉਪ ਮੰਡਲ ਚਹੇੜੂ ਵਿਖੇ ਦੇ ਸਕਦਾ ਹੈ। (8783)

## ਬੇਦਖਲੀ ਨੋਟਿਸ

ਮੈਂ, ਕਰਮਜੀਤ ਕੌਰ ਪਤਨੀ ਗੁਰਮੇਲ ਸਿੰਘ ਵਾਸੀ ਦਸਮੇਸ਼ ਨਗਰ, ਰਣਸੀਂਹ ਖੁਰਦ ਰੋਡ, ਨੇੜੇ ਐੱਫ ਸੀ ਆਈ ਗੋਦਾਮ ਨਿਹਾਲ ਸਿੰਘ ਵਾਲਾ, ਤਹਿ: ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਮੇਰਾ ਲੜਕਾ ਧਰਮਵੀਰ ਸਿੰਘ ਅਤੇ ਮੇਰੀ ਨੂੰਹ ਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਮਲਜੀਤ ਕੌਰ ਵਿਧਵਾ ਲਖਵੀਰ ਸਿੰਘ ਵਾਸੀ ਵਾਰਡ ਨੰਬਰ 28, ਨੇੜੇ ਡੇਰਾ ਬਾਬਾ ਮੱਲ ਸਿੰਘ, ਪੁਰਾਣਾ ਮੋਗਾ, ਤਹਿ: ਵਾ ਜ਼ਿਲ੍ਹਾ ਮੋਗਾ ਮੇਰਾ ਲੜਕਾ ਨਵਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ, ਘਰ, ਬੈਂਕ ਬੈਲੇਂਸ ਆਦਿ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਸੁਰੇਸ਼ ਕੁਮਾਰ ਪੁੱਤਰ ਰਾਮ ਦੁਲਾਰੇ ਅਤੇ ਨੀਲਮ ਪਤਨੀ ਸੁਰੇਸ਼ ਕੁਮਾਰ ਦੋਵੇਂ ਵਾਸੀਆਨ ਮਕਾਨ ਨੰ: 14432, ਗਲੀ ਨੰ: 01, ਵਾਰਡ ਨੰ: 08, ਨਿਊ ਪੰਜਾਬੀ ਬਾਗ, ਟਿੱਬਾ ਰੋਡ, ਬਸਤੀ ਜੋਧੇਵਾਲ, ਲੁਧਿਆਣਾ ਸਾਡਾ ਲੜਕਾ ਸੂਰਜ ਕੁਮਾਰ ਅਤੇ ਉਸ ਦੀ ਪਤਨੀ ਮਾਨਸੀ ਰਾਣੀ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਸਤਨਾਮ)

ਮੈਂ, ਦਰਸ਼ਨ ਕੁਮਾਰ ਪੁੱਤਰ ਸ਼ਿਵ ਦਿਆਲ ਵਾਸੀ ਮਕਾਨ ਨੰ: 1112, ਮੁਹੱਲਾ ਸੋਢੀਆਂ, ਮੋਗਾ ਮੇਰਾ ਲੜਕਾ ਸੰਨੀ ਕੁਮਾਰ ਅਤੇ ਉਸ ਦੀ ਪਤਨੀ ਹੀਮਾਂਸ਼ੀ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਪਤਨੀ ਨਾਲ ਆਪਣੇ ਸਹੁਰੇ ਘਰ ਰਹਿ ਰਿਹਾ ਹੈ। ਸਾਡਾ ਉਸ ਨਾਲ ਕੋਈ ਸੰਬੰਧ ਨਹੀਂ ਹੈ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੇ ਕਿਸੇ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਰਵਿੰਦਰ ਸਿੰਘ ਪੁੱਤਰ ਸ੍ਰੀ ਜਗਤਾਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਬਿਛੋਹੀ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪੰਕਜ਼ ਮੇਰੇ ਕਹਿਣੇ ਵਿੱਚ ਨਹੀ ਹੈ । ਇਸ ਕਰਕੇ ਮੈ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਅਸੀਂ, ਕਰਮਵੀਰ ਪੁੱਤਰ ਸ੍ਰੀ ਰਾਮ ਲਾਲ ਅਤੇ ਰਜਨੀ ਪਤਨੀ ਕਰਮਵੀਰ ਵਾਸੀ 1313/ਏ, ਮੇਨ ਬਜ਼ਾਰ, ਵਾਰਡ ਨੰ. 41, ਚੌਂਕ ਪਰਾਗਦਾਸ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸਲਿਲ ਅਤੇ ਉਸ ਦੀ ਪਤਨੀ ਸ਼ਵੇਤਾ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਚਰਨ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਨਬੀਪੁਰ, ਡਾਕਖਾਨਾ/ ਤਹਿਸੀਲ/ ਜ਼ਿਲ੍ਹਾ ਗੁਰਦਾਸਪੁਰ । ਮੇਰਾ ਲੜਕਾ ਪਰਮਵੀਰ ਸਿੰਘ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

## ਬੇਦਖਲੀ ਨੋਟਿਸ

ਅਸੀਂ , ਰਮੇਸ਼ ਸ਼ਰਮਾ ਪੁੱਤਰ ਕਰਮ ਦਾਸ ਅਤੇ ਨੀਲਮ ਸ਼ਰਮਾ ਪਤਨੀ ਰਮੇਸ਼ ਸ਼ਰਮਾ ਵਾਸੀ 2065, 1, ਹਰੀ ਸਿੰਘ ਨਗਰ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸਾਹਿਲ ਸ਼ਰਮਾ ਅਤੇ ਉਸ ਦੀ ਪਤਨੀ ਕਵਿਤਾ ਕੁਮਾਰੀ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਸੁਭਾਸ਼ ਚੰਦਰ ਪੁੱਤਰ ਜਗੀਰੀ ਲਾਲ ਵਾਸੀ ਮਕਾਨ ਨੰ.22, ਗਲੀ ਨੰ.4, ਗੋਕਲ ਐਵੀਨਿਊ, ਮਜੀਠਾ ਰੋਡ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਸ਼ਾਲ ਸੋਬਤੀ ਅਤੇ ਉਸਦੀ ਪਤਨੀ ਸੋਨੀਆ ਤੇ ਇਸਦੀ ਪੁੱਤਰੀ ਕ੍ਰਿਸ਼ਾ ਉਕਤ ਤਿੰਨੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਆਪਣੀ ਮਨਮਰਜ਼ੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਾਲੁਕ-ਵਾਸਤਾ ਨਹੀ ਹੋਵੇਗਾ।

ਮੈਂ ਉਰਮਿਲ ਕੁਮਾਰੀ ਪਤਨੀ ਸੁਭਾਸ਼ ਚੰਦਰ ਵਾਸੀ ਮਕਾਨ ਨੰ.22, ਗਲੀ ਨੰ.4, ਗੋਕਲ ਐਵੀਨਿਊ, ਮਜੀਠਾ ਰੋਡ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਸ਼ਾਲ ਸੋਬਤੀ ਅਤੇ ਉਸਦੀ ਪਤਨੀ ਸੋਨੀਆ ਤੇ ਇਸਦੀ ਪੁੱਤਰੀ ਕ੍ਰਿਸ਼ਾ ਉਕਤ ਤਿੰਨੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਆਪਣੀ ਮਨਮਰਜ਼ੀ ਕਰਦੇ ਹਨ। ਇਸ ਲਈ ਮੈ ਇਨ੍ਹਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ। ਮੇਰਾ ਇਨਾ ਨਾਲ ਕੋਈ ਤਾਲੁਕ-ਵਾਸਤਾ ਨਹੀ ਹੋਵੇਗਾ।

## Change of Name

I, Ranbir Kaur Jassal W/o Tarnjeet Singh Jassal R/o H.No. B 04, GNDU Campus, Guru Nanak Dev University, Amritsar have changed my name From RANBIR KAUR JASSAL to RANBIR KAUR. Concerned Note. (Arora)

I, Pavitter Singh Rayat S/o Kishan Singh R/o H.No. 669, Street No. 13, Tibba Sahib Distt. Hoshiarpur Punjab have changed my name to Pavitter Singh. Concerned note. (Hitesh)

I, Satvinder Kaur W/o Kanwar Satnam Singh R/o 52-L Model Town Hoshiarpur Punjab have changed my name from Satvinder Kaur to Satwinder Kaur. Concerned note. (Hitesh)

I, Valtej Kaur W/o Balwinder Singh R/o Mohamadpur, Distt. Sangrur, changed my name Baltej Kaur. All note. (Arun)

I, Surinder Kumar Chalotra S/o Sh. Dhian Chand R/o Near Govt. Primary School, Basti Bawa Khel, Jalandhar, have changed my minor daughter's name from Samaira to Samaira Chalotra. Concerned note please.

I, Ruby D/o Manoj Kumar R/o H.No. 274, New Hardial Nagar, P.O. Shekhe Jalandhar, changed my name from Ruby to Ruby Soni. Please note. (8784)

I, Priya W/o Manoj Kumar R/o B-9/49/274, New Hardiyal Nagar, Jalandhar, changed my name from Priya to Priya Soni. Please note. (8784)

I, Harjeet Singh S/o Nasib Singh R/o Village Theh Naushera PO Margindpura Tehsil Patti District Tarn Taran have changed my name from Harjeet Singh to Harjit Singh

I, Mandeep Kaur W/o Ranjit Singh R/o Opp Army Gate No.3. Baba Jiwan Singh Colony, Byepass Amritsar have declare that my Daughte's Ashmeet Kaur School Record my husband name mistakenly Written as Sardar Ranjit Singh Instead of Ranjit Singh

I Deepti Varmani W/o Sunil Vermani Resident of 3825, Gali Jassa Singh, Chowk Moni, Amritsar I have changed my name from Deepti Varmani to Deepti.

I Sunil Varmani S/o Kishori Lal Resident of 3825, Gali Jassa Singh, Chowk Moni, Amritsar I have changed my name from Sunil Varmani to Sunil Vermani.

I, KIRANDEEP KAUR AHLUWALIA Daughter of Mohinder Singh Ahluwalia, Resident of H.No. 123, Street No. 10, Santpura, Kapurthala, Punjab, declare that "KIRANDEEP KAUR AHLUWALIA" & "MILI AHLUWALIA" both name belong to one and the same person i.e. mine. All Concerned please noted.

I,Amarjit Singh S/O Hazara Singh R/O S-7/1099,Bazar Gujran,Chowk Chabutra,Near Post Office,Amritsar, Punjab have changed my name from Amarjit Singh to Chohan Amarjit Singh.Concerned note.

I,Sukhjit Kaur W/O Sukhwinder Singh R/O Village Kathunangal,Tehsil Majitha Distt.Amritsar, Punjab have changed my name from Sukhjit Kaur to Sukhjeet Kaur. Concerned note.

I, Rakesh Kumar s/o Mahinder Pal r/o B-1/1800, Nagra Road, Mohalla Boharwala, Maqsudan, Jalandhar have changed my name Rakesh kumar to Rakesh Kumar Alias Singh. Concerned Note.

I, Arvinder Kaur W/o Amarjit Singh Harsh R/o H.No. 83, First Floor MIG Flats, Guru Gobind Singh Avenue, Jalandhar, Punjab, India have changed my name from Arvinder Kaur to Arvinder Kaur Harsh. All concerned please note.

# ਖਾਲਸਾ ਕਾਲਜ ਆਫ ਲਾਅ ਵਿਖੇ ਕਵਿਤਾ ਪਾਠ ਮੁਕਾਬਲਾ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਖ਼ਾਲਸਾ ਕਾਲਜ ਆਫ਼ ਲਾਅ ਵਿਖੇ ਕਵਿਤਾ ਪਾਠ ਮੁਕਾਬਲਾ ਕਰਵਾਇਆ ਗਿਆ। ਕਾਲਜ ਡਾਇਰੈਕਟਰ-ਕਮ-ਪ੍ਰਿੰਸੀਪਲ ਪ੍ਰੋ. (ਡਾ.) ਜਸਪਾਲ ਸਿੰਘ ਦੀ ਅਗਵਾਈ ਹੇਠ ਕਾਲਜ ਦੇ ਓਰੇਟਰੀ ਕਲੱਬ ਦੇ ਡਾ. ਰਾਸ਼ੀਮਾ ਚੰਗੋਤਰਾ ਅਤੇ ਡਾ. ਅਨੀਤਾ ਸ਼ਰਮਾ (ਕੋਆਰਡੀਨੇਟਰ) ਵੱਲੋਂ ਕਰਵਾਏ ਇਸ ਮੁਕਾਬਲੇ 'ਚ 28 ਵਿਦਿਆਰਥੀਆਂ ਨੇ ਵੱਖ-ਵੱਖ ਭਾਸ਼ਾਵਾਂ 'ਚ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਮੁਕਾਬਲੇ ਦੇ ਵਿਦਿਆਰਥੀਆਂ ਦਾ ਨਿਰਣਾ ਡਾ. ਸੁਖਮਨਪ੍ਰੀਤ ਕੌਰ, ਪ੍ਰੋ. ਬਲਗੇਰ ਸਿੰਘ ਅਤੇ ਪ੍ਰੋ. ਗੁਰਪ੍ਰੀਤ ਕੌਰ ਵੱਲੋਂ ਕੀਤਾ ਗਿਆ। ਇਸ ਸਬੰਧੀ ਡਾ. ਜਸਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਮੁਕਾਬਲੇ 'ਚ ਅਰਸ਼ਦੀਪ ਕੌਰ, ਰਵਨੀਤ ਕੌਰ ਅਤੇ ਰਾਗਿਨੀ ਨੇ ਕ੍ਰਮਵਾਰ ਇੰਗਲਿਸ਼, ਪੰਜਾਬੀ ਅਤੇ ਹਿੰਦੀ ਭਾਸ਼ਾਵਾਂ 'ਚ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਟਵਿੰਕਲ, ਅਵਨੀਤ ਕੌਰ ਅਤੇ ਦਿਸ਼ਾ ਨੇ ਇੰਗਲਿਸ਼, ਪੰਜਾਬੀ ਅਤੇ ਹਿੰਦੀ ਭਾਸ਼ਾਵਾਂ 'ਚ ਦੂਜਾ ਸਥਾਨ ਪ੍ਰਾਪਤ ਕੀਤਾ ਜਦਕਿ ਤੀਸਰਾ ਸਥਾਨ ਤਨੂ ਅਤੇ ਵੰਸ਼ੀਕਾ ਨੇ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ 'ਚ ਹਾਸਲ ਕੀਤਾ। ਇਸ ਮੌਕੇ ਪ੍ਰਿੰ: ਡਾ. ਜਸਪਾਲ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸਮੂਹ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਕਿ ਉਹ ਕਾਲਜ 'ਚ ਹੋਰ ਵੀ ਹੋਣ ਵਾਲੇ ਵੱਖ-ਵੱਖ ਮੁਕਾਬਲਿਆਂ 'ਚ ਵੱਧ ਚੜ੍ਹ ਕੇ ਹਿੱਸਾ ਲੈਣ।

ਇਸ ਮੌਕੇ ਪ੍ਰਿੰ: ਡਾ. ਜਸਪਾਲ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਸਰਟੀਫਿਕੇਟ ਤਕਸੀਮ ਕੀਤੇ ਗਏ। ਇਸ ਮੌਕੇ ਡਾ. ਗੁਨੀਸ਼ਾ ਸਲੂਜਾ, ਡਾ. ਪੂਰਨਿਮਾ ਖੰਨਾ, ਡਾ. ਪਵਨਦੀਪ ਕੌਰ, ਡਾ. ਨਿਧੀ, ਡਾ. ਸ਼ਿਵਨ ਸਰਪਾਲ, ਡਾ. ਪ੍ਰੀਤਇੰਦਰ ਕੌਰ, ਪ੍ਰੋ. ਉਤਕਰਸ਼ ਸੇਠ, ਪ੍ਰੋ. ਹਰਜੋਤ ਕੌਰ, ਪ੍ਰੋ. ਹਰਕੰਵਲ ਕੌਰ, ਪ੍ਰੋ. ਰਿਚਾ ਜੋਸ਼ੀ, ਪ੍ਰੋ. ਜੋਬਨਜੀਤ ਸਿੰਘ, ਪ੍ਰੋ. ਸੁਗਮ ਅਤੇ ਪ੍ਰੋ. ਹੇਮਾ ਮੌਜੂਦ ਸਨ।

# ਪਰਾਲੀ ਨੂੰ ਲੱਗੀ ਅੱਗ ਬੁਝਾਉਣ ਖੇਤਾਂ 'ਚ ਪੁੱਜੇ ਐੱਸਡੀਐੱਮ ਤੇ ਡੀਐੱਸਪੀ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਵੱਲੋਂ ਪਰਾਲੀ ਦਾ ਪ੍ਰਬੰਧਨ ਮੁਕੰਮਲ ਨਾ ਹੋਣ ਤੱਕ ਸਾਰੇ ਅਧਿਕਾਰੀਆਂ ਨੂੰ ਖੇਤਾਂ ਉਤੇ ਪਹਿਰਾ ਦੇਣ ਦੇ ਦਿੱਤੇ ਨਿਰਦੇਸ਼ਾਂ ਤਹਿਤ ਛੁੱਟੀ ਦੇ ਬਾਵਜੂਦ ਐੱਸਡੀਐੱਮ ਅੰਮ੍ਰਿਤਸਰ-2 ਨਿਕਾਸ ਕੁਮਾਰ ਅਤੇ ਡੀਐੱਸਪੀ ਆਪਣੀਆਂ ਟੀਮਾਂ ਨਾਲ ਸ਼ਹਿਰ ਦੇ ਨੇੜੇ ਪੈਂਦੇ ਪਿੰਡਾਂ ਵਿਚ ਦੌਰੇ ਉੱਤੇ ਰਹੇ। ਖਾਸਾ ਪਿੰਡ ਨੇੜੇ ਖੇਤਾਂ ਵਿਚ ਪਰਾਲੀ ਨੂੰ ਲੱਗੀ ਅੱਗ ਬੁਝਾਉਣ ਖੁਦ ਪਹੁੰਚੇ।

ਉਨ੍ਹਾਂ ਕਿਸਾਨਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਵਾਤਾਵਰਣ ਅਤੇ ਜ਼ਮੀਨ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਂਭਣਾ ਸਾਡੀ ਸਾਰਿਆਂ ਦੀ ਲੋੜ ਹੈ, ਸੋ ਤੁਸੀਂ ਇਸ ਆਉਣ ਵਾਲੇ ਭਿਆਨਕ ਸੰਕਟ ਨੂੰ ਸਮਝਦੇ ਹੋਏ ਪਰਾਲੀ ਨੂੰ ਅੱਗ ਲਗਾਉਣ ਤੋਂ ਗੁਰੇਜ਼ ਕਰੋ। ਉਨ੍ਹਾਂ ਕਿਹਾ ਕਿ ਜੇਕਰ ਇਹ ਮਸਲਾ ਇੰਨਾ ਗੰਭੀਰ ਜਾਂ ਖਤਰਨਾਕ ਨਾ ਹੋਵੇ ਤਾਂ ਮਾਣਯੋਗ ਸੁਪਰੀਮ ਕੋਰਟ ਅਤੇ ਗ੍ਰੀਨ ਟ੍ਰਿਬਿਊਨਲ ਵਰਗੇ ਅਹਿਮ ਅਦਾਰਿਆਂ ਨੂੰ ਇਸ ਵਿਚ ਦਖਲ ਦੇਣ ਦੀ ਲੋੜ ਨਾ ਪਵੇ।

ਉਨ੍ਹਾਂ ਕਿਹਾ ਕਿ ਸਾਡੀਆਂ ਪੀੜ੍ਹੀਆਂ ਦਾ ਭਵਿੱਖ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਵਾਤਾਵਰਣ ਦੀ ਸ਼ੁਧਤਾ ਉਤੇ ਹੀ ਟਿਕਿਆ ਹੋਇਆ ਹੈ, ਪਰ ਤੁਸੀਂ ਪਰਾਲੀ ਨੂੰ ਅੱਗ ਲਗਾ ਕੇ ਦੋਵਾਂ ਚੀਜ਼ਾਂ ਦਾ ਵੱਡਾ ਨੁਕਸਾਨ ਕਰ ਰਹੇ ਹੋ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜੋ ਵੀ ਕਿਸਾਨ ਪਰਾਲੀ ਨੂੰ ਅੱਗ ਲਗਾਵੇਗਾ ਉਸ ਉਤੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

## PUBLIC NOTICE

Under the Instructions of IDFC First Bank Limited, I hereby infomed the general public that I, Payal Anand (Aadhar Card no. 526137451337) Wo Nikhil Kumar Sio Ravi Kumar resident of 49, Preet Nagar, Bharariwal, Amritsar-1, Amritsar, Punjab-143001 have become owner for Property bearing Private no.49 min, measuring 50 square yards, comprised in Khasra nos. 10/28, 11/26, 10/30, 10/29, 262, 3/272, 3/26, 41123/2, 2412, 9//112, 5//11/1, 7115/3, 8/10, 11, 7/6, 5/62, 12/1, 13/1/1, 8/22, 9/1, 5/2/2, 9/1, 8//912, 12, 5//912, 9/16 min, 9/144, 10//11/4, 9/16 min, 4//8/1, 8/2/1, 9/145, 46, 38, 5//7/1, 13/2, 14, 9//9/2, 9/3, 10/1, 11/5, 12, 5/17/1, 18/1, 4//1/2, 9/141, 8/16, 712, 14/2, 15, 16/1, 9/104, 11/1, 5//7/2, 24, 8/4/1, 5/512. 9/14, 15/1, 17, 42, 47, 4/13/2, 14, 15, 17, 18/1, 23/1, 2411, 16, 8/16/2, 9/12, 91. 10/3, 113, 11/4, 1012, 8/8/5/1, 13/1, 14/1, 9/272, 27/5, 2713, 27/4, 4/?/, 5/412, 413, 414, 5/1, 4//10/1, 11/2, 12, 13/1, 31, 5//16 min, 25/1, 9//3, 8/1, 13/2, 28, 4 min, Khata Khatoni no.3/6 to 9, 4/1, 5//11 to 14, 8/19 to 55 as per the Jamabandi for the year 2013-14 situated within revenue estate of Bharadiwal Guru Sub Urban, Tehsil and District Amritsar vide Transfer of Ownership Deed Dated: 31-10-2023 as Document no. 2023-24/89/1/6289 executed by Nikhil Kumar S/o Ravi Kumar. I further submit that in the jamabandi for the year 2008-2009 with regard to ownership of afore said property in the Ownership Column no.3 of Jamabandi for the year 2008-09 Shamlat Tarf Samra is coming recorded. However in the succeeding jamabands for the year 2013-14 & 2018-19 there is no such entry and I am fully liable and accountable for the same with regard to my ownership and title over the afore said property and I would fully liable in future also regarding my title over afore said property.

If anybody have any objection or any claim against afore said property or if afore said property is mortgaged with any Bank or Financial Institution or if there is any third party dispute or claim over the title of afore said property then they may contact to Advocate Dinesh Arora within a period of 07 days from date of publication otherwise IDFC First Bank Limited will proceed to mortgage said property. Phone: 9779304041.

## COURT NOTICE

In the Court of
**Ms. Baljinder Sidhu**
Principal Judge, Family Court, Moonak.
CNR No. PBSGF5-000053-2023
Next Date : 1.12.2023
Harpreet Kaur
Versus
Upkar Singh

Publication issued to : Upkar Singh F/o Ravinder Singh Flat No. 407, H.No. L/26/32-A, Street No. 05, Mahipalpur Extension, South West Delhi-110037

In above titled case, the accused could not be served. It is ordered that accused should appear in person or through counsel on 1.12.2023 at 10.00 a.m.

For details logon to https://highcourtchd.gov.in/?trs=district notice & district=Sangrur

Principal Judge, Family Court, Moonak
Dated, this day of 3.11.2023

## ਨਾਂਅ ਦੀ ਬਦਲੀ

ਮੈਂ, ਰਚਨਾ ਕੁਮਾਰੀ ਉੱਪਲ ਪੁੱਤਰੀ ਸੁਰਿੰਦਰ ਮੋਹਣ ਉੱਪਲ, ਪਤਨੀ ਸੁਭਾਸ ਕੁਮਾਰ, ਵਾਸੀ 13355, ਨਾਮਦੇਵ ਮਾਰਗ, ਗਲੀ ਨੰਬਰ 7, ਬਠਿੰਡਾ ਨੇ ਆਪਣਾ ਨਾਮ ਬਦਲ ਕੇ ਰਚਨਾ ਰੱਖ ਲਿਆ ਹੈ।

ਮੈ ਸਵਰਨ ਕੌਰ ਪਤਨੀ ਮਹਿੰਦਰ ਸਿੰਘ ਹਾਊਸ ਨੰਬਰ 379 ਪਿੰਡ ਧੱਲੇਕੇ ਮੋਗਾ ਸਵਰਨ ਕੌਰ ਉਰਫ ਸਵਰਨਜੀਤ ਕੌਰ ਮੈਨੂੰ ਇਨ੍ਹਾਂ ਦੋਨੋਂ ਨਾਂਮ ਨਾਲ ਜਾਣਿਆ ਜਾਵੇ।

ਮੈਂ, ਵੰਦਨਾ ਬਾਹਰੀ ਪਤਨੀ ਨਰੇਸ਼ ਕੁਮਾਰ ਵਾਸੀ ਪਲਾਟ ਨੰ. 70, ਗਲੀ ਨੰ. 3, ਵਿਸ਼ਾਲ ਵਿਹਾਰ, ਬਟਾਲਾ ਰੋਡ, ਅੰਮ੍ਰਿਤਸਰ, ਪੰਜਾਬ ਨੇ ਆਪਣਾ ਨਾਂਅ ਵੰਦਨਾ ਬਾਹਰੀ ਤੋਂ ਬਦਲ ਕੇ ਵੰਦਨਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਜਤਿੰਦਰ ਖੈੜਾ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਪਿੰਡ ਤੇ ਡਾਕ: ਖੈੜਾ ਦੋਨਾ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੈਨੂੰ ਜਤਿੰਦਰ ਖੈੜਾ ਸਿੰਘ ਅਤੇ ਜਤਿੰਦਰ ਸਿੰਘ ਦੋਵੇਂ ਨਾਵਾਂ ਨਾਲ ਜਾਣਿਆਂ ਜਾਂਦਾ ਹੈ। ਇਹ ਦੋਵੇਂ ਨਾਂਅ ਮੇਰੇ ਅਤੇ ਇੱਕੋ ਹੀ ਵਿਅਕਤੀ ਦੇ ਹਨ। ਸੰਬੰਧਿਤ ਨੋਟ ਕਰਨ।

# ਬ੍ਰਹਮਲੀਨ ਸ਼੍ਰੀ 108 ਮਹੰਤ ਰਵਿੰਦਰਾ ਗਿਰੀ ਜੀ ਮਹਾਰਾਜ ਦਾ ਪਹਿਲਾ ਭੰਡਾਰਾ ਅੱਜ



ਲੋਹੀਆਂ ਖਾਸ (ਰੀਨਾ ਸ਼ਰਮਾ, ਯੋਗੇਸ਼ਵਰ) : ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ 'ਚ ਬ੍ਰਹਮਲੀਨ ਸ਼੍ਰੀ 108 ਮਹੰਤ ਰਵਿੰਦਰਾ ਗਿਰੀ ਜੀ ਦਾ ਪਹਿਲਾ ਭੰਡਾਰਾ ਦਿਨ ਐਤਵਾਰ 5 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਮੰਦਿਰ ਦੇ ਗੱਦੀਨਸ਼ੀਨ ਸੁਆਮੀ ਸ਼ਿਪਰਾ ਗਿਰੀ ਨੇ ਸਮੂਹ ਲੋਹੀਆਂ ਵਾਸੀਆਂ ਤੇ ਇਲਾਕਾ ਨਿਵਾਸੀਆਂ ਨੂੰ ਸੱਦਾ ਦਿੱਤਾ ਕਿ ਸੰਗਤ ਬਿਨਾਂ ਕਿਸੇ ਉਚ-ਨੀਚ ਤੇ ਗਰੀਬ-ਅਮੀਰ ਦੇ ਵਿਤਕਰੇ ਤੋਂ ਰਹਿਤ ਮੰਦਿਰ ਪੁੱਜ ਕੇ ਸਾਧੂ-ਸੰਤਾਂ ਦਾ ਆਸ਼ੀਰਵਾਦ ਪ੍ਰਾਪਤ ਕਰੋ। ਐਤਵਾਰ ਨੂੰ ਸਵੇਰੇ 7.30 ਵਜੇ ਸ਼੍ਰੀ ਰਾਮਾਇਣ ਜੀ ਦੇ ਪਾਠ ਰੱਖੇ ਜਾਣਗੇ, ਉਪਰੰਤ ਕੀਰਤਨ ਹੋਵੇਗਾ ਤੇ ਲੰਗਰ ਵੀ ਲੱਗੇਗਾ। ਉਸ ਤੋਂ ਇਲਾਵਾ ਲੋਹੀਆਂ 'ਚ ਸ਼੍ਰੀ ਰਾਧਾ ਦੀ ਮੂਰਤੀ ਦੀ ਸਥਾਪਨਾ ਲਈ ਪੂਰੇ ਲੋਹੀਆਂ 'ਚ ਕਲਸ਼ ਯਾਤਰਾ ਕੱਢੀ ਜਾਵੇਗੀ ਤੇ ਸ਼੍ਰੀ ਰਾਧਾ ਜੀ ਦੀ ਮੂਰਤੀ ਦੀ ਸਥਾਪਨਾ ਸਲਾਣੀ ਮੰਦਿਰ 'ਚ ਕੀਤੀ ਜਾਵੇਗੀ। ਸਾਰਾ ਦਿਨ ਅੱਤੁਟ ਲੰਗਰ ਵਰਤੇਗਾ।

## ਜਨਮ ਦਿਨ ਮੁਬਾਰਕ



ਕਾਸ਼ਵੀ, ਮਲੋਟ



ਪਵਨੀਤ ਕੌਰ ਬਾਜਵਾ



ਸਾਹਿਬ ਸਿੰਘ, ਕਪੂਰਥਲਾ

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

5-Nov-PAGE-7.qxd 11/4/2023 10:26 PM Page 1



# ਸੁਖਬੀਰ ਬਾਦਲ ਨੇ ਕਬੂਲਿਆ ਕਿ ਬਾਲਾਸਰ ਫਾਰਮ ਤੇ ਗੁੜਗਾਉਂ ਦਾ ਪਲਾਟ ਉਨ੍ਹਾ ਦਾ ਹੈ : ਕੰਗ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਿਆਨ 'ਤੇ ਪ੍ਰਤੀਕਰਿਆ ਦਿੰਦਿਆਂ ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕਿਹਾ ਕਿ ਸੁਖਬੀਰ ਬਾਦਲ ਨੇ ਆਪਣੇ ਬਿਆਨ 'ਚ ਬਾਲਾਸਰ ਫਾਰਮ, ਨਹਿਰ ਅਤੇ ਗੁੜਗਾਓਂ ਪਲਾਟ ਬਾਰੇ ਤੱਥਾਂ ਨੂੰ ਸਵੀਕਾਰ ਕੀਤਾ ਹੈ। 'ਆਪ' ਨੇ ਕਿਹਾ ਕਿ ਬਾਦਲ ਪਰਿਵਾਰ ਦਹਾਕਿਆਂ ਤੋਂ ਪੰਜਾਬੀਆਂ ਨੂੰ ਗੁੰਮਰਾਹ ਕਰਦਾ ਆ ਰਿਹਾ ਹੈ ਪਰ ਹੁਣ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਓਨਾਂ ਦੇ ਸੂਬੇ ਦੇ ਨਾਲ ਕੀਤੇ ਧੋਖੇ ਦੇ ਦਸਤਾਵੇਜ ਸਾਹਮਣੇ ਲਿਆਂਦੇ ਹਨ, ਤਾਂ ਸੁਖਬੀਰ ਬਾਦਲ ਵੀ ਪੁਰਾਣੇ ਦਸਤਾਵੇਜ ਪੁੱਟਣ ਲਈ ਮਜਬੂਰ ਹਨ।

ਚੰਡੀਗੜ੍ਹ ਸਥਿਤ ਪਾਰਟੀ ਦਫਤਰ ਤੋਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਸੁਖਬੀਰ ਬਾਦਲ 'ਤੇ ਹਮਲਾ ਬੋਲਦਿਆਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੀ 4 ਜੁਲਾਈ 1978 ਦੀ ਚਿੱਠੀ ਰਿਕਾਰਡ 'ਤੇ ਮੌਜੂਦ ਹੈ, ਜਿਸ 'ਚ ਉਨ੍ਹਾਂ ਨੇ ਹਰਿਆਣਾ ਤੋਂ ਐਸ ਵਾਈ ਐਲ ਨਹਿਰ ਬਣਾਉਣ ਲਈ ਪੈਸੇ ਮੰਗੇ ਸਨ। ਸੁਪਰੀਮ ਕੋਰਟ ਨੇ ਪ੍ਰਕਾਸ਼ ਸਿੰਘ ਬਾਦਲ ਦੀਆਂ ਚਿੱਠੀਆਂ ਦੀ ਤਸਦੀਕ ਕਰਦਿਆਂ ਆਪਣੇ ਫੈਸਲੇ 'ਚ ਕਿਹਾ ਕਿ ਪੰਜਾਬ ਸਰਕਾਰ ਐਸ ਵਾਈ ਐਲ ਨਹਿਰ ਦੀ ਉਸਾਰੀ ਲਈ ਤਿਆਰ ਹੈ। ਬਾਦਲ ਪਰਵਾਰ ਕਾਰਨ ਪੰਜਾਬ ਸਰਕਾਰ ਸੁਪਰੀਮ ਕੋਰਟ 'ਚ ਕੇਸ ਹਾਰ ਗਈ। ਅਕਾਲੀ ਦਲ ਬਾਦਲ 'ਤੇ ਚੁਟਕੀ ਲੈਂਦਿਆਂ ਕੰਗ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਨੂੰ ਬਚਾਉਣ 'ਚ ਉਨ੍ਹਾਂ ਦੀ ਕੁਰਬਾਨੀ ਦਾ ਕਮਾਲ ਹੈ ਕਿ ਜਦੋਂ ਪੰਜਾਬੀਆਂ ਨੇ ਸੂਬੇ ਦੇ ਰਿਪੇਰੀਅਨ ਹੱਕਾਂ ਲਈ ਲੜਦਿਆਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਤਾਂ ਬਾਦਲ ਪਰਵਾਰ ਨੇ ਆਪਣੇ ਬੱਚਿਆਂ ਨੂੰ ਅਮਰੀਕਾ ਭੇਜ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਅਕਾਲੀ ਦਲ ਕਹਿ ਰਿਹਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਹਰ ਰੋਜ ਮੋਰਾਰਜੀ ਦੇਸਾਈ ਕੋਲ ਜਾ ਰਹੇ ਸੀ ਤਾਂ ਫਿਰ ਉਹ ਐਸ ਵਾਈ ਐਲ ਬਣਾਉਣ ਲਈ ਹਰਿਆਣਾ ਤੋਂ ਫੰਡਾਂ ਦੀ ਮੰਗ ਕਰਨ ਲਈ ਪੱਤਰ ਕਿਉਂ ਲਿਖ ਰਹੇ ਸਨ ਅਤੇ ਮਾਣਯੋਗ ਅਦਾਲਤ ਨੇ ਕਿਉਂ ਨੋਟ ਕੀਤਾ ਕਿ ਪੰਜਾਬ ਸਰਕਾਰ ਐਸ ਵਾਈ ਐਲ ਬਣਾਉਣਾ ਚਾਹੁੰਦੀ ਹੈ।

ਕੰਗ ਨੇ ਕਿਹਾ ਕਿ ਗਿਆਨੀ ਜੈਲ ਸਿੰਘ ਨੇ ਨਹਿਰ ਬਣਾਉਣ ਲਈ ਹਰਿਆਣਾ ਤੋਂ 1 ਕਰੋੜ ਦਾ ਪਹਿਲਾ ਚੈੱਕ ਸਵੀਕਾਰ ਕੀਤਾ, ਫਿਰ ਜੁਲਾਈ 1978 ਵਿਚ ਬਾਦਲ ਸਰਕਾਰ ਨੇ 3 ਕਰੋੜ ਰੁਪਏ ਹਰਿਆਣਾ ਨੂੰ ਲਿਖ ਕੇ 31 ਮਾਰਚ 1979 ਨੂੰ 1.5 ਕਰੋੜ ਰੁਪਏ ਪ੍ਰਾਪਤ ਕੀਤੇ। ਕੰਗ ਨੇ ਅੱਗੇ ਕਿਹਾ ਕਿ ਭਾਖੜਾ ਮੇਨ ਲਾਈਨ ਸੀ ਜੋ ਕਿ 1955 'ਚ ਬਣੀ ਇਹ ਸੱਚ ਹੈ ਪਰ ਬਾਲਾਸਰ ਨਹਿਰ 2004 ਤੱਕ ਸੁੱਕੀ ਚੁੱਕੀ ਸੀ। ਇਹ ਬਾਦਲ ਪਰਿਵਾਰ ਦਾ ਹਰਿਆਣਾ ਦੇ ਚੌਟਾਲਿਆਂ ਨਾਲ ਅਣਲਿਖਤ ਸਮਝੌਤਾ ਸੀ ਕਿ ਉਸ ਤੋਂ ਬਾਅਦ ਉਨ੍ਹਾਂ ਦੇ ਖੇਤਾਂ ਨੂੰ ਪਾਣੀ ਮਿਲ ਗਿਆ। ਕੰਗ ਨੇ ਸਿੱਟਾ ਕੱਢਿਆ ਕਿ ਬਾਦਲ ਪਰਵਾਰ ਐਸ ਵਾਈ ਐਲ ਲਈ ਜ਼ਮੀਨ ਐਕਵਾਇਰ ਕਰਨ, ਸੁਪਰੀਮ ਕੋਰਟ 'ਚ ਕੇਸ ਹਾਰਨ, ਪੰਜਾਬ ਦੇ ਰਿਪੇਰੀਅਨ ਹੱਕਾਂ 'ਤੇ ਡਾਕਾ ਮਾਰਨ ਲਈ ਜ਼ਿੰਮੇਵਾਰ ਹੈ। ਉਨ੍ਹਾਂ ਨੂੰ ਇਸ ਲਈ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

# ਢਾਹਾਂ ਕਲੇਰਾਂ 'ਚ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ





**ਬਹਿਰਾਮ (ਅਵਤਾਰ ਕਲੇਰ)**- ਸਮੂਹ ਸਾਧ ਸੰਗਤ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਢਾਹਾਂ ਕਲੇਰਾਂ ਵਿਖੇ ਮਨਾਇਆ ਗਿਆ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਪਾਏ ਗਏ । ਉਪਰੰਤ ਸਜੇ ਦੀਵਾਨ ਵਿਚ ਭਾਈ ਬਲਵਿੰਦਰ ਸਿੰਘ ਲਾਡੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਦੇ ਕੀਰਤਨੀ ਜਥੇ ਨੇ ਇਕੱਤਰ ਸੰਗਤਾਂ ਨੂੰ ਗੁਰੂ ਰਾਮ ਦਾਸ ਜੀ ਦੀ ਉਚਾਰਣ ਕੀਤੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ । ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਜਥਾ ਗੁ: ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਅਤੇ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੇ ਵਿਦਿਆਰਥੀਆਂ ਦੇ ਕੀਰਤਨੀ ਜਥੇ ਨੇ ਵੀ ਹਾਜ਼ਰੀਆਂ ਭਰੀਆਂ । ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀਆਂ ਹਾਰਦਿਕ ਵਧਾਈਆਂ ਦਿੱਤੀਆਂ। ਸਟੇਜ ਸੰਚਾਲਨ ਕਰਦਿਆਂ ਜਥੇਦਾਰ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ ਨੇ ਗੁਰੂ ਰਾਮਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਬਾਰੇ ਚਾਨਣਾ ਪਾਇਆ । ਗੁਰਮਤਿ ਸਮਾਗਮ ਵਿਚ ਹਰਦੇਵ ਸਿੰਘ ਕਾਹਮਾ ਪ੍ਰਧਾਨ, ਮਲਕੀਅਤ ਸਿੰਘ ਬਾਹੜੋਵਾਲ ਸੀਨੀਅਰ ਮੀਤ ਪ੍ਰਧਾਨ, ਜਥੇਦਾਰ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਅਮਰਜੀਤ ਸਿੰਘ ਕਲੇਰਾਂ, ਜਥੇਦਾਰ ਸਤਨਾਮ ਸਿੰਘ ਲਾਦੀਆਂ, ਪ੍ਰੋ. ਹਰਬੰਸ ਸਿੰਘ ਬੋਲੀਨਾ, ਡਾ. ਬਲਵਿੰਦਰ ਸਿੰਘ, ਮਹਿੰਦਰਪਾਲ ਸਿੰਘ, ਵਨੀਤਾ ਚੋਟ ਪ੍ਰਿੰਸੀਪਲ, ਰਮਨਦੀਪ ਕੌਰ ਵਾਈਸ ਪ੍ਰਿੰਸੀਪਲ, ਭਾਈ ਜੋਗਾ ਸਿੰਘ, ਭਾਈ ਮਨਜੀਤ ਸਿੰਘ, ਸਮੂਹ ਸਟਾਫ਼ ਅਤੇ ਵਿਦਿਆਰਥੀ ਵੀ ਹਾਜ਼ਰ ਸਨ ।

# ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ 'ਚ ਜਲਦ ਭਰੀਆਂ ਜਾਣਗੀਆਂ 269 ਅਸਾਮੀਆਂ : ਅਮਨ ਅਰੋੜਾ



**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਦੇ ਪ੍ਰਿੰਟਿੰਗ ਅਤੇ ਸਟੇਸ਼ਨਰੀ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਸੂਬਾ ਸਰਕਾਰ ਦੀਆਂ ਪ੍ਰਿੰਟਿੰਗ ਅਤੇ ਸਟੇਸ਼ਨਰੀ ਸੰਬੰਧੀ ਲੋੜਾਂ ਨੂੰ ਸਰਕਾਰੀ ਪ੍ਰਿੰਟਿੰਗ ਪ੍ਰੈੱਸ ਤੋਂ ਹੀ ਪੂਰਾ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ 'ਚ 269 ਆਸਾਮੀਆਂ ਭਰਨ ਦੇ ਨਾਲ-ਨਾਲ ਸਰਕਾਰੀ ਪ੍ਰੈੱਸ ਦੀ ਸਮਰੱਥਾ ਨੂੰ ਵੀ ਵਧਾਇਆ ਜਾਵੇਗਾ। ਕੈਬਨਿਟ ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਵਿਭਾਗ ਵਿੱਚ ਤਰੱਕੀਆਂ ਅਤੇ ਨਵੀਂ ਭਰਤੀ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਜਲਦ ਤੋਂ ਜਲਦ ਵਿਭਾਗ ਦੇ ਸੇਵਾ ਨਿਯਮਾਂ ਨੂੰ ਅੰਤਿਮ ਰੂਪ ਦੇਣ ਦੇ ਨਿਰਦੇਸ ਵੀ ਦਿੱਤੇ ਹਨ। ਸ੍ਰੀ ਅਮਨ ਅਰੋੜਾ ਇੱਥੇ ਵਿਭਾਗ ਦੇ ਪ੍ਰਮੁੱਖ ਸਕੱਤਰ ਵੀ.ਕੇ.ਮੀਨਾ, ਕੰਟਰੋਲਰ ਹਰਪ੍ਰੀਤ ਸਿੰਘ ਸੂਦਨ ਅਤੇ ਵਿਭਾਗ ਦੇ ਹੋਰ ਅਧਿਕਾਰੀਆਂ ਨਾਲ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਦੇ ਕੰਮਕਾਜ ਦਾ ਜਾਇਜ਼ਾ ਲੈ ਰਹੇ ਸਨ। ਕੈਬਨਿਟ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਬੁਨਿਆਦੀ ਢਾਂਚਾ ਲੋੜਾਂ ਖਾਸ ਕਰਕੇ ਨਵੀਂ ਮਸੀਨਰੀ ਅਤੇ ਉਪਕਰਨ ਸਥਾਪਤ ਕਰਨ ਲਈ ਇਮਾਰਤ ਅਤੇ ਜਗ੍ਹਾ ਦੀ ਪਛਾਣ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਆਪਣੀ ਕਾਰਜਕੁਸ਼ਲਤਾ ਨੂੰ ਵਧਾਉਣ ਲਈ ਸੂਬਾ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਹੈ।

## ਮਮਤਾ ਦਿਵਸ ਮਨਾਇਆ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪਿੰਡ ਅਮਰਗੜ੍ਹ ਵਿਖੇ ਮਮਤਾ ਦਿਵਸ ਮਨਾਇਆ ਗਿਆ ਜਿਸ ਵਿਚ ਸਿਹਤ ਅਧਿਕਾਰੀ ਸੀ ਐਚ ਓ ਲਖਵਿੰਦਰ ਕੌਰ ਏ ਐਨ ਐਮ ਗੁਰਦੇਵ ਕੌਰ, ਪ੍ਰਵੀਨ ਕੌਰ ਮਮਤਾ ਦਿਵਸ ਮੌਕੇ ਵੱਖ-ਵੱਖ ਬਿਮਾਰੀਆਂ ਤੋਂ ਬਚਾਅ ਲਈ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਗਿਆ। ਗਰਵਤੀ ਮਾਵਾਂ ਦਾ ਚੈੱਕਅੱਪ ਤੇ ਬੱਚਿਆਂ ਦਾ ਟੀਕਾਕਰਣ ਕੀਤਾ ਗਿਆ ਤੇ ਲੋਕਾਂ ਨੂੰ ਸਹਿਤ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ।

## ਰਿਆਤ ਬਾਹਰਾ ਦੇ ਵਿਦਿਆਰਥੀਆਂ ਨੇ ਹਿਮਾਚਲ ਪ੍ਰਦੇਸ਼ ਦੀ ਇੰਡਸਟਰੀ ਦਾ ਕੀਤਾ ਦੌਰਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਇੰਜੀਨੀਅਰਿੰਗ ਕਾਲਜ ਦੇ ਮਕੈਨੀਕਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼) ਦੇ ਗੋਂਦਪੁਰ ਜੈਚੰਦ ਵਿਖੇ ਸਥਿਤ ਵੱਡੀ ਇੰਡਸਟਰੀ ਦਾ ਦੌਰਾ ਕੀਤਾ। ਕਾਲਜ ਪ੍ਰਿੰਸੀਪਲ ਡਾ: ਜੋਤਸਨਾ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਉਦਯੋਗਿਕ ਕੰਪਲੈਕਸ ਵਿਚ ਲਗਾਏ ਗਏ ਟੈਂਕ ਜਾਰ, ਡੀ.ਐਫ.ਓ ਪਲਾਂਟ, ਬਾਇਲਰ, ਆਇਲ ਪ੍ਰੀ-ਟਰੀਟਮੈਂਟ ਪਲਾਂਟ, ਸਾਬਣ ਨੂਡਲ ਪਲਾਂਟ ਅਤੇ ਹੋਰ ਮਸ਼ੀਨਾਂ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੁਲਾਕਾਤ ਦੌਰਾਨ ਪ੍ਰੋ: ਕੁਲਦੀਪਕ ਨੇ ਦੱਸਿਆ ਕਿ ਉਨ੍ਹਾਂ ਨੂੰ ਵਿਦਿਆਰਥੀਆਂ ਦੇ ਵਿਹਾਰਕ ਜੀਵਨ ਅਤੇ ਭਵਿੱਖ ਨੂੰ ਬਿਹਤਰ ਬਣਾਉਣ ਲਈ ਉਦਯੋਗਿਕ ਦੌਰੇ 'ਤੇ ਲਿਆਂਦਾ ਗਿਆ ਹੈ। ਇਸ ਤਰ੍ਹਾਂ ਦੇ ਦੌਰੇ ਨਾਲ ਬੱਚਿਆਂ ਦਾ ਕੰਮ ਪ੍ਰਤੀ ਆਤਮ ਵਿਸ਼ਵਾਸ਼ ਵਧਦਾ ਹੈ। ਇਸ ਮੌਕੇ ਵਿਭਾਗ ਦੇ ਇੰਚਾਰਜ ਡਾ: ਗੌਰਵ ਪਰਾਸ਼ਰ ਨੇ ਦੱਸਿਆ ਕਿ ਕਾਲਜ ਸਮੇਂ-ਸਮੇਂ 'ਤੇ ਵਿਦਿਆਰਥੀਆਂ ਨੂੰ ਵੱਖ-ਵੱਖ ਉਦਯੋਗਿਕ ਇਕਾਈਆਂ ਦੇ ਦੌਰੇ 'ਤੇ ਲੈ ਕੇ ਜਾਂਦਾ ਹੈ। ਇਸ ਮੌਕੇ ਉਦਯੋਗਿਕ ਯੂਨਿਟ ਦੇ ਮੈਨੇਜਰ ਜੀ ਐਮ ਐਸ ਜੇ ਮਜੂਮਦਾਰ, ਮੈਨੇਜਰ ਕਮਲ ਦੇਵ ਸਰਮਾ, ਐਚ ਆਰ ਮਨੀਸ਼ ਕੁਮਾਰ, ਡੀ ਐਫ ਓ ਇੰਚਾਰਜ ਸੁਸ਼ੀਲ ਡੋਗਰਾ, ਆਨੰਦ ਸਿੰਘ, ਸਹਾਇਕ ਪ੍ਰੋਫੈਸਰ ਤਰਨਜੀਤ ਕੌਰ, ਪਰਮਜੀਤ ਸਿੰਘ ਅਤੇ ਹੋਰ ਵੀ ਹਾਜ਼ਰ ਸਨ।

## ਪੰਜਾਬੀ ਬੋਲੀ ਓਲੰਪੀਅਡ ਦਾ ਸ਼ਲਾਘਾ



**ਮੋਹਾਲੀ (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਸੇਵਾ ਮੁਕਤ ਆਫੀਸਰ ਵੈਲਫੇਅਰ ਐਸੋਸੀਏਸ਼ਨ ਦੀ ਵਿਸ਼ੇਸ਼ ਮੀਟਿਗ ਰਣਜੀਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਇਕ ਮਤਾ ਪਾਸ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਚੇਅਰਪਰਸਨ ਡਾ. ਸਤਬੀਰ ਬੇਦੀ ਪੰਜਾਬ ਮਾਂ ਬੋਲੀ ਨੂੰ ਪ੍ਰਫੁਲਤ ਕਰਨ ਲਈ ਕਰਵਾਏ ਜਾ ਰਹੇ ਅੰਤਰਰਾਸ਼ਟਰੀ ਪੰਜਾਬੀ ਬੋਲੀ ਓਲੰਪਿਅਡ ਦਾ ਸ਼ਲਾਘਾ ਕੀਤੀ ਗਈ। ਸ੍ਰੀ ਮਾਨ ਨੇ ਦੱਸਿਆ ਕਿ ਮੀਟਿੰਗ 'ਚ 15 ਨਵੰਬਰ ਨੂੰ 11 ਵਜੇ ਬੋਰਡ ਦੇ ਆਡੀਟੋਰਅਮ 'ਚ ਪੰਜਾਬ ਸਕੂਲ ਸਿੱਖਿਆ ਬੋਰਡ ਸੇਵਾ ਮੁਕਤ ਆਫੀਸਰ ਸੰਮੇਲਨ ਦੀਆਂ ਤਿਆਰੀਆਂ ਸੰਬੰਧੀ ਵਿਸ਼ੇਸ਼ ਵਿਚਾਰਾਂ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਜਿੱਥੇ ਪੈਨਸਨਰਜ਼ ਨੂੰ ਪੇਸ਼ ਪੈਨਸ਼ਨ, ਮੈਡੀਕਲ ਬਿਲ ਅਤੇ ਐਲ ਟੀ ਸੀ ਸੰਬੰਧੀ ਸਮੱਸਿਆਵਾਂ 'ਤੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਸੰਮੇਲਨ 'ਚ ਸਿੱਖਿਆ ਬੋਰਡ ਦੀ ਚੇਅਰਪਰਸਨ ਡਾ. ਸਤਿਬੀਰ ਬੇਦੀ ਸੇਵਾ ਮੁਕਤ ਆਈ ਏ ਐਸ, ਬੋਰਡ ਦੇ ਸਕੱਤਰ ਅਵਿਕੇਸ਼ ਗੁਪਤਾ, ਪੀ ਸੀ ਐਸ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ। ਮੀਟਿੰਗ 'ਚ ਰਣਜੀਤ ਸਿੰਘ ਮਾਨ, ਗੁਰਦੀਪ ਸਿੰਘ ਢਿਲੋਂ, ਗੁਰਮੀਤ ਸਿੰਘ ਰੰਧਾਵਾ, ਹਰਬੰਸ ਬਾਗੜੀ, ਗੁਰਦੇਵ ਸਿੰਘ, ਮੇਘ ਰਾਜ ਗੋਇਲ, ਮਲੂਕ ਸਿੰਘ, ਹਰਵਿੰਦਰ ਸਿੰਘ, ਜਤਿੰਦਰਪਾਲ ਸਿੰਘ, ਜਸਬੀਰ ਸਿੰਘ, ਜਗਦੀਸ ਸ਼ਾਰਦਾ, ਰਾਮ ਨਾਥ ਗੋਇਲ ਅਤੇ ਵਰਿੰਦਰ ਸਿੰਘ ਆਦਿ ਸ਼ਾਮਲ ਸਨ।

## ਨਰੂੜ 'ਚ ਪਹਿਲਾ ਮੁਫਤ ਅੱਖਾਂ ਦਾ ਅਪ੍ਰੇਸ਼ਨ ਕੈਂਪ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਨਰੂੜ ਵਿਖੇ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵਲੋਂ ਚਲਾਈ ਜਾ ਰਹੀ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬਾਰਟਰੀ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਪਹਿਲਾ ਮੁਫਤ ਅੱਖਾਂ ਦਾ ਆਪ੍ਰੇਸ਼ਨ ਕੈਂਪ ਆਪਣੀਆਂ ਨਿਵੇਕਲੀਆਂ ਯਾਦਾਂ ਦੀ ਛਾਪ ਛੱਡਦਾ ਸਮਾਪਤ ਹੋਇਆ। ਇਸ ਕੈਂਪ ਦਾ ਉਦਘਾਟਨ ਸੰਸਥਾ ਮੁਖੀ ਹਰਵਿੰਦਰ ਸਿੰਘ ਖਾਲਸਾ ਦੇ ਮਾਤਾ ਭੁਪਿੰਦਰ ਕੌਰ ਅਜਨੋਹਾ ਨੇ ਕੀਤਾ। ਲਾਇਨਜ਼ ਕਲੱਬ ਆਦਮਪੁਰ ਅਤੇ ਲਾਇਨਜ਼ ਆਈ ਹਸਪਤਾਲ ਦੀ ਦੇਖ ਰੇਖ ਹੇਠ ਅਤੇ ਇਲਾਕਾ ਨਿਵਾਸੀ, ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੰਸਥਾ ਵਲੋਂ ਲਗਾਏ ਗਏ ਇਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਅੱਖਾਂ ਦੇ ਮਾਹਰ ਡਾਕਟਰ ਕੁਲਦੀਪ ਸਿੰਘ, ਲਾਇਨ ਅਮਰਜੀਤ ਸਿੰਘ ਭੋਗਪੁਰ, ਹਰਵਿੰਦਰ ਸਿੰਘ ਪਰਹਾਰ ਨੇ ਦੱਸਿਆ ਕਿ ਇਸ ਕੈਂਪ ਵਿੱਚ 210 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦਾ ਨਿਰੀਖਣ ਕੀਤਾ ਗਿਆ ਅਤੇ ਦਵਾਈਆਂ ਦਿੱਤੀਆਂ ਗਈਆਂ ਅਤੇ 60 ਦੇ ਕਰੀਬ ਲੋੜਵੰਦ ਮਰੀਜ਼ਾਂ ਦੀ ਅੱਖਾਂ ਦੇ ਲੈਨਜ਼ ਲਾਇਨਜ਼ ਆਈ ਹਸਪਤਾਲ ਆਦਮਪੁਰ ਵਿਖੇ 20 ਨਵੰਬਰ ਨੂੰ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ ਮਰੀਜ਼ਾਂ ਨੂੰ ਹਸਪਤਾਲ ਤੱਕ ਲੈ ਕੇ ਆਉਣ ਜਾਣ ਦੀ ਜ਼ਿੰਮੇਵਾਰੀ ਸੰਸਥਾ ਦੀ ਹੋਵੇਗੀ ਅਤੇ ਮਰੀਜ਼ਾਂ ਦਾ ਸਾਰਾ ਇਲਾਜ ਮੁਫ਼ਤ ਹੋਵੇਗਾ। ਇਸ ਸਬੰਧੀ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸੰਸਥਾ ਅਜਨੋਹਾ ਦੇ ਮੁੱਖ ਸੇਵਾਦਾਰ ਹਰਵਿੰਦਰ ਸਿੰਘ ਖਾਲਸਾ ਨੇ ਇਲਾਕਾ ਵਾਸੀ ਸੰਗਤਾਂ ਦੇ ਸਹਿਯੋਗ ਨਾਲ ਲਾਇਨਜ਼ ਕਲੱਬ ਆਦਮਪੁਰ ਅਤੇ ਲਾਇਨਜ਼ ਆਈ ਹਸਪਤਾਲ ਦੀ ਦੇਖ ਰੇਖ ਹੇਠ ਲਗਾਏ ਇਸ ਮੁਫਤ ਅੱਖਾਂ ਦੇ ਨਿਰੀਖਣ ਕੈਂਪ ਵਿੱਚ ਆਏ ਡਾਕਟਰਾਂ, ਮੈਡੀਕਲ ਸਟਾਫ ਮਰੀਜ਼ਾਂ ਅਤੇ ਆਏ ਹੋਏ ਮਹਿਮਾਨਾਂ ਦਾ ਦਿਲੋਂ ਧੰਨਵਾਦ ਕਰਦਿਆਂ ਸਹਿਯੋਗੀ ਸੱਜਣਾਂ, ਡਾਕਟਰਾਂ ਅਤੇ ਮੈਡੀਕਲ ਸਟਾਫ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਸੰਸਥਾ ਮੁਖੀ ਹਰਵਿੰਦਰ ਸਿੰਘ ਖਾਲਸਾ,ਮਾਤਾ ਭੁਪਿੰਦਰ ਕੌਰ ਅਜਨੋਹਾ, ਸੁਖਦੇਵ ਸਿੰਘ, ਜਤਿੰਦਰ ਸਿੰਘ, ਸੁਰਿੰਦਰ ਪਾਲ ਸਿੰਘ ਅਜਨੋਹਾ, ਗੁਰਪ੍ਰੀਤ ਸਿੰਘ ਗੁਗਲੀ, ਮਨਪ੍ਰੀਤ ਸਿੰਘ, ਸੰਦੀਪ ਕੌਰ ਅਜਨੋਹਾ,ਨੰਬਰਦਾਰ ਪਰਮਜੀਤ ਸਿੰਘ ਜਲਵੇਹੜਾ, ਡਾਕਟਰ ਟੀਮ ਹਰਵਿੰਦਰ ਸਿੰਘ ਪਰਹਾਰ ਕਾਲਰਾ, ਡਾਕਟਰ ਕੁਲਦੀਪ ਸਿੰਘ, ਅਮਰਜੀਤ ਸਿੰਘ, ਰਾਹੁਲ ਸ਼ਰਮਾ, ਰੇਖਾ ਅਤੇ ਰਾਜਵਿੰਦਰ ਕੌਰ ਹਾਜ਼ਰ ਸਨ।

## ਆਮ ਆਦਮੀ ਪਾਰਟੀ ਦਾ ਭਾਜਪਾ 'ਤੇ ਜਵਾਬੀ ਹਮਲਾ

*ਹਰਿਆਣਾ ਦੇ 20 ਜ਼ਿਲ੍ਹੇ ਦੇਸ਼ ਦੇ 52 ਸਭ ਤੋਂ ਵੱਧ ਪ੍ਰਦੂਸ਼ਤ ਜ਼ਿਲ੍ਹਿਆਂ 'ਚ ਸ਼ਾਮਲ*



**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ (ਆਪ) ਨੇ ਪਰਾਲੀ ਸਾੜਨ ਅਤੇ ਇਸ ਨਾਲ ਹੋਣ ਵਾਲੇ ਹਵਾ ਪ੍ਰਦੂਸ਼ਣ ਬਾਰੇ ਭਾਜਪਾ ਆਗੂਆਂ ਦੇ ਬਿਆਨਾਂ 'ਤੇ ਪਲਟਵਾਰ ਕੀਤਾ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਬੁਲਾਰੇ ਨੀਲ ਗਰਗ ਨੇ ਤਾਜ਼ਾ ਏਅਰ ਕੁਆਲਿਟੀ ਇੰਡੈਕਸ (ਏ ਕਿਊ ਆਈ) ਦੇ ਅੰਕੜਿਆਂ ਰਾਹੀਂ ਹਰਿਆਣਾ ਦੀ ਭਾਜਪਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਹਰਿਆਣਾ ਦੇ 20 ਜ਼ਿਲ੍ਹੇ ਦੇਸ਼ ਦੇ 52 ਸਭ ਤੋਂ ਵੱਧ ਪ੍ਰਦੂਸ਼ਤ ਜ਼ਿਲ੍ਹਿਆਂ ਵਿੱਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਹਰਿਆਣਾ 'ਚ ਪ੍ਰਦੂਸ਼ਣ ਖਤਰਨਾਕ ਪੱਧਰ 'ਤੇ ਪਹੁੰਚ ਗਿਆ ਹੈ ਅਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਆਪਣੇ ਸੂਬੇ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਦੀ ਬਜਾਏ ਰਾਜਨੀਤੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਰਾਜਨੀਤੀ ਕਰਨ ਦੀ ਬਜਾਏ ਹਰਿਆਣਾ ਵਿੱਚ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਰਾਲੀ ਸਾੜਨ ਨੂੰ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਹਨ, ਜਿਸ ਕਾਰਨ ਪੰਜਾਬ ਵਿੱਚ ਪਰਾਲੀ ਸਾੜਨ ਦੀ ਗਿਣਤੀ ਵਿੱਚ ਕਾਫੀ ਕਮੀ ਆਈ ਹੈ। ਹਰਿਆਣਾ ਸਰਕਾਰ ਨੂੰ ਸਲਾਹ ਦਿੰਦਿਆਂ ਨੀਲ ਗਰਗ ਨੇ ਕਿਹਾ ਕਿ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਵੀ ਹਰਿਆਣਾ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਾਂਗ ਸਾਰਥਕ ਉਪਰਾਲੇ ਕਰਨੇ ਚਾਹੀਦੇ ਹਨ।

# ਚਰੰਜੀ ਲਾਲ ਕੰਗਣੀਵਾਲ ਦੇ ਸਪੁੱਤਰ ਦੇ ਦਰਦਨਾਕ ਵਿਛੋੜੇ 'ਤੇ ਹੋਈ ਸ਼ੋਕ ਸਭਾ

## ਸ਼ਰਧਾਂਜਲੀ ਸਮਾਗਮ 10 ਨੂੰ

**ਜਲੰਧਰ (ਕੇਸਰ)**- ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਦੇ ਬੇਟੇ ਨਵਦੀਪ ਕੁਮਾਰ ਦੇ ਅਸਹਿ ਵਿਛੋੜੇ 'ਤੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ 'ਚ ਸ਼ੋਕ ਸਭਾ ਕੀਤੀ ਗਈ। ਇਸ ਸ਼ੋਕ ਸਭਾ 'ਚ ਚਰੰਜੀ ਲਾਲ ਕੰਗਣੀਵਾਲ ਨੇ ਵੀ ਸ਼ਿਰਕਤ ਕੀਤੀ। ਚਰੰਜੀ ਲਾਲ ਨੇ ਭਰੇ ਮਨ ਨਾਲ ਕਿਹਾ ਕਿ ਮੇਰੇ ਪੁੱਤ ਦੇ ਵਿਛੋੜੇ ਦੀ ਪੀੜ ਸਮਾਜ ਅੰਦਰ ਧੁਖ਼ਦੇ ਸੁਆਲਾਂ ਨਾਲ ਜੁੜੀ ਹੋਈ ਹੈ। ਉਨ੍ਹਾ ਕਿਹਾ ਕਿ ਸਮਾਜ ਨੂੰ ਨਰੋਈ ਸੇਧ ਦੇਣ ਅਤੇ ਤਿਲ-ਤਿਲ ਕਰਕੇ ਜਿਉਂਦੇ ਜੀਅ ਮਰਨ ਦੀ ਬਜਾਏ ਜ਼ਿੰਦਗੀ ਨੂੰ ਗਲ ਲੱਗ ਮਿਲਣ ਦੀ ਲੋੜ ਹੈ। ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਦਰਦ ਸਾਂਝਾ ਕਰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਹਰ ਦੁੱਖ ਦੀ ਘੜੀ ਉਨ੍ਹਾ ਦੇ ਪਰਵਾਰ, ਸਾਕ-ਸਬੰਧੀਆਂ ਅਤੇ ਸੰਗੀ-ਸਾਥੀਆਂ ਦੇ ਅੰਗ-ਸੰਗ ਰਹੇਗੀ। ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਜੋਬਨ ਰੁੱਤੇ ਸਾਥੋਂ ਵਿਛੜ ਗਏ ਨਵਦੀਪ ਕੁਮਾਰ ਵਰਗੇ ਨੌਜਵਾਨਾਂ ਦੀਆਂ ਬੇਮੌਕਾ ਮੌਤਾਂ ਸਾਡੇ ਲਈ ਤਿੱਖੜੇ ਸੁਆਲ ਖੜ੍ਹੇ ਕਰ ਰਹੀਆਂ ਹਨ, ਜਿਹੜੇ ਸੁਆਲ ਸਾਥੋਂ ਸੰਜੀਦਾ ਵਿਚਾਰ-ਚਰਚਾ ਉਪਰੰਤ ਜਵਾਬ ਮੰਗਦੇ ਹਨ। ਉਨ੍ਹਾਂ ਕਿਹਾ ਕਿ ਇਹ ਵੇਲਾ ਮਿਲ ਬੈਠਣ ਅਤੇ ਚਿੰਤਨ ਦਾ ਵੇਲਾ ਹੈ, ਨਹੀਂ ਉਦਾਸ ਰੁੱਤ ਦੀ ਧੁੰਦ ਲੋਕ ਮਨਾਂ 'ਤੇ ਛਾ ਜਾਵੇਗੀ। ਇਸ ਮੌਕੇ ਇਤਿਹਾਸ ਸਬ-ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ ਨੇ ਕਿਹਾ ਕਿ ਦਰਦਾਂ ਦੇ ਦਰਿਆਵਾਂ ਸਮੇਂ ਅਜਿਹੀ ਸ਼ੋਕ ਮਿਲਣੀ ਦੁੱਖਾਂ ਦੇ ਪਹਾੜਾਂ ਹੇਠ ਆਈ ਜ਼ਿੰਦਗੀ ਨੂੰ ਊਰਜਾ ਪ੍ਰਦਾਨ ਕਰਦੀ ਹੈ। ਸਮੂਹ ਬੁਲਾਰਿਆਂ ਨੇ ਚਰੰਜੀ ਲਾਲ ਕੰਗਣੀਵਾਲ ਵੱਲੋਂ ਆਪਣੇ ਪਰਵਾਰਕ ਦਰਦ ਵਾਲੇ ਸਮਾਜਕ ਦਰਦ ਦੇ ਗਹਿਰੇ ਸਰੋਕਾਰ ਦੀ ਚਿੰਤਾ ਕਰਨ 'ਤੇ ਮਾਣ ਮਹਿਸੂਸ ਕੀਤਾ। ਉੱਘੇ ਚਿੰਤਕ ਡਾ. ਸੇਵਾ ਸਿੰਘ ਨੇ ਸਮਾਜਕ ਸਰੋਕਾਰਾਂ ਬਾਰੇ ਨਿਰੰਤਰ ਚਿੰਤਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਸਮੇਤ ਕਮੇਟੀ ਮੈਂਬਰਾਂ ਦੇ ਸ਼ੋਕ ਸੁਨੇਹੇ ਵੀ ਸਾਂਝੇ ਕੀਤੇ ਗਏ। ਇਸ ਮੌਕੇ ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਦੇਵਰਾਜ ਨਯੀਅਰ, ਡਾ. ਸੈਲੇਸ਼ ਤੋਂ ਇਲਾਵਾ ਸੁਖਵਿੰਦਰ ਬਾਗ਼ਪੁਰ, ਗੁਰਦੇਵ ਚੰਦ, ਗੁਰਦੀਪ, ਕੇਸਰ, ਕੁਲਵੰਤ ਕਾਕਾ, ਭੁਵਨ, ਰਾਜੂ ਵੀ ਹਾਜ਼ਰ ਸਨ। ਨਵਦੀਪ ਕੁਮਾਰ ਦੀ ਯਾਦ 'ਚ ਅੰਤਿਮ ਅਰਦਾਸ 10 ਨਵੰਬਰ ਦੁਪਹਿਰ 12 ਵਜੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਕੰਗਣੀਵਾਲ (ਨੇੜੇ ਜੰਡੂ ਸਿੰਘਾ) ਵਿਖੇ ਹੋਏਗੀ।





# ਪੰਜਾਬ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ 11 ਨੂੰ ਹੋਵੇਗੀ ਅਨੰਦਪੁਰ ਸਾਹਿਬ ਵਿਖੇ ਰੈਲੀ



**ਜਲੰਧਰ ( ਰਾਜੇਸ਼ ਥਾਪਾ )**-ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਰਕਾਰ ਦੀ ਕੰਪਿਊਟਰ ਅਧਿਆਪਕਾਂ ਪ੍ਰਤੀ ਟਾਲ ਮਟੋਲ ਦੀ ਨੀਤੀ ਅਤੇ 18 ਸਾਲਾਂ ਤੋਂ ਲਟਕਦੀਆਂ ਮੰਗਾਂ ਖਾਤਰ 11 ਨਵੰਬਰ ਨੂੰ ਦੀਵਾਲੀ ਮੌਕੇ ਸੂਬਾ ਪੱਧਰੀ ਰੈਲੀ ਕਰਕੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦਾ 15 ਸਤੰਬਰ 2022 ਨੂੰ "ਕੰਪਿਊਟਰ ਅਧਿਆਪਕਾਂ ਨੂੰ ਦੀਵਾਲੀ 'ਤੇ ਤੋਹਫਾ ਦੇਣ" ਦਾ ਐਲਾਨ ਯਾਦ ਕਰਵਾਇਆ ਜਾਵੇਗਾ। ਬੀਤੇ ਸਾਲ ਸਿੱਖਿਆ ਮੰਤਰੀ ਨੇ ਕੰਪਿਊਟਰ ਅਧਿਆਪਕਾਂ ਨੂੰ 6ਵਾਂ ਤਨਖਾਹ ਕਮਿਸ਼ਨ ਅਤੇ ਸਿਵਲ ਸਰਵਿਸ ਦੇ ਨਿਯਮ ਅਤੇ ਹੋਰ ਵਿਭਾਗੀ ਮਸਲੇ ਦੀਵਾਲੀ 'ਤੇ ਹੱਲ ਕਰਨ ਦਾ ਐਲਾਨ ਅਖ਼ਬਾਰਾਂ ਅਤੇ ਆਮ ਆਦਮੀ ਪਾਰਟੀ ਦੇ ਵੱਖ ਮੰਚਾਂ 'ਤੇ ਕੀਤਾ ਸੀ ਜੋ ਕਿ ਇੱਕ ਸਾਲ ਬੀਤ ਜਾਣ ਉਪਰੰਤ ਵੀ ਵਫ਼ਾ ਨਹੀ ਹੋਇਆ। ਜ਼ਿਲਾ ਜਲੰਧਰ ਰਮਨ ਕੁਮਾਰ ਪ੍ਰਧਾਨ ਅਤੇ ਹਰਜਿੰਦਰ ਮਹਿਸਮ ਸੂਬਾ ਪ੍ਰੈਸ ਸਕੱਤਰ ਨੇ ਸਾਂਝੇ ਤੌਰ 'ਤੇ ਪ੍ਰੈਸ ਬਿਆਨ ਜਾਰੀ ਕਰਦਿਆ ਦੱਸਿਆ ਕਿ ਜਥੇਬੰਦੀ ਸਬ-ਕਮੇਟੀ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਨਾਲ 40 ਕਰੀਬ ਵਿਭਾਗੀ ਮੀਟਿੰਗਾਂ ਕਰ ਚੁੱਕੀ ਹੈ, ਪਰ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਹੱਲ ਨਹੀ ਕੀਤਾ ਜਾ ਰਿਹਾ ਜਦਕਿ ਕਿ 90 ਦੇ ਕਰੀਬ ਕੰਪਿਊਟਰ ਅਧਿਆਪਕਾਂ ਦੀ ਮੌਤ ਹੋ ਚੁੱਕੀ ਹੈ ਜਿਨ੍ਹਾਂ ਦੇ ਆਸ਼ਰਿਤਾਂ ਦੀ ਪੰਜਾਬ ਸਰਕਾਰ ਨੇ ਕਿਸੇ ਤਰ੍ਹਾਂ ਦੀ ਵਿੱਤੀ ਸਹਾਇਤਾ ਨਹੀਂ ਕੀਤੀ, ਨਾ ਹੀ ਉਨ੍ਹਾਂ ਦੇ ਆਸ਼ਰਿਤਾਂ ਨੂੰ ਮੌਤ ਉਪਰੰਤ ਨੌਕਰੀ ਦਿੱਤੀ ਗਈ ਜਿਸ ਕਾਰਨ ਉਨ੍ਹਾਂ ਦੇ ਪਰਵਾਰ ਸੜਕਾਂ 'ਤੇ ਰੁਲਣ ਲਈ ਮਜਬੂਰ ਹਨ । ਆਮ ਲੋਕਾਂ ਦੀ ਕਹਾਉਣ ਵਾਲੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਕੰਪਿਊਟਰ ਅਧਿਆਪਕਾਂ ਦੀਆਂ ਜਾਇਜ਼ ਅਤੇ ਹੱਕੀ ਮੰਗਾਂ 6ਵਾਂ ਤਨਖਾਹ ਕਮਿਸ਼ਨ, ਏ.ਸੀ.ਪੀ., ਮੌਤ ਉਪਰੰਤ ਆਸ਼ਰਿਤਾਂ ਨੂੰ ਨੌਕਰੀ ਅਤੇ ਹੋਰ ਵਿਭਾਗੀ ਮਸਲੇ ਹੱਲ ਨਹੀ ਕਰ ਰਹੀ। ਜਿਸ ਕਾਰਨ ਸਮੂਹ ਕੰਪਿਊਟਰ ਅਧਿਆਪਕ ਆਮ ਆਦਮੀ ਪਾਰਟੀ ਪੰਜਾਬ ਸਰਕਾਰ ਤੋਂ ਨਿਰਾਸ਼ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 11 ਨਵੰਬਰ ਨੂੰ ਦੀਵਾਲੀ ਤੋਂ ਇੱਕ ਦਿਨ ਪਹਿਲਾਂ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਕੇ ਸਰਕਾਰ ਦੀਆਂ ਕੰਪਿਊਟਰ ਅਧਿਆਪਕਾਂ ਵਿਰੋਧੀ ਨੀਤੀਆਂ, ਪੰਜਾਬ ਸਰਕਾਰ ਦੇ ਕੀਤੇ ਚੋਣ ਮਨੋਰਥ ਵਾਅਦੇ ਅਤੇ ਆਪ ਵਿਧਾਇਕਾਂ ਵਲੋਂ ਵੋਟਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਆਮ ਲੋਕਾਂ ਵਿੱਚ ਪ੍ਰਚਾਰਿਆ ਜਾਵੇਗਾ। ਪੰਜਾਬ ਸਰਕਾਰ ਨੂੰ ਜਥੇਬੰਦੀ ਵਲੋਂ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਜੇਕਰ ਕੰਪਿਊਟਰ ਅਧਿਆਪਕਾਂ ਦੇ ਫਿਰ ਵੀ ਮਸਲੇ ਹੱਲ ਨਹੀਂ ਕਰਦੀ ਤਾਂ ਪੰਜਾਬ ਸਰਕਾਰ ਦੇ ਰਾਜਨੀਤਿਕ ਅਤੇ ਸਰਕਾਰੀ ਫੰਕਸ਼ਨਾਂ ਵਿੱਚ ਘੁਸਪੈਠ ਕਰਕੇ ਜਥੇਬੰਦੀ ਦੀਆਂ ਮੰਗਾਂ ਨੂੰ ਆਮ ਜਨਤਾ ਅੱਗੇ ਲਿਆਂਦਾ ਜਾਵੇਗਾ।

# 'ਆਪ' ਸਰਕਾਰ ਨੇ ਪੀ ਡਬਲਯੂ ਡੀ ਪ੍ਰੋਜੈਕਟਾਂ 'ਚ 72 ਕਰੋੜ ਦੀ ਬੱਚਤ ਕੀਤੀ : ਸੰਘੇੜਾ



**ਚੰਡੀਗੜ੍ਹ (ਗੁਰਜੀਤ ਸਿੰਘ ਬਿੱਲਾ)**- ਆਮ ਆਦਮੀ ਪਾਰਟੀ (ਆਪ) ਪੰਜਾਬ ਨੇ 55 ਪੀ ਡਬਲਯੂ ਡੀ ਪ੍ਰੋਜੈਕਟਾਂ ਵਿੱਚ 72 ਕਰੋੜ ਦੀ ਬੱਚਤ ਕਰਨ ਲਈ ਇਮਾਨਦਾਰ ਅਤੇ ਪਾਰਦਰਸ਼ੀ ਮਾਨ ਸਰਕਾਰ ਦੀ ਸ਼ਲਾਘਾ ਕੀਤੀ। ਇੱਕ ਸਾਲ ਸੱਤ ਮਹੀਨਿਆਂ ਤੋਂ ਸੂਬੇ ਦੀ ਮਾਨ ਸਰਕਾਰ ਬਹੁਤ ਹੀ ਕੁਸ਼ਲਤਾ ਨਾਲ ਕੰਮ ਕਰ ਰਹੀ ਹੈ ਅਤੇ ਪੰਜਾਬ ਦੇ ਖਜ਼ਾਨੇ ਦੇ ਪੈਸੇ ਦੀ ਬਰਬਾਦੀ ਨੂੰ ਰੋਕ ਰਹੀ ਹੈ। ਸ਼ਨੀਵਾਰ ਨੂੰ ਚੰਡੀਗੜ੍ਹ ਸਥਿਤ ਪਾਰਟੀ ਦਫਤਰ ਤੋਂ ਪ੍ਰੈੱਸ ਕਾਨਫਰੰਸ ਦੌਰਾਨ 'ਆਪ' ਪੰਜਾਬ ਦੇ ਬੁਲਾਰੇ ਅਤੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਨੇ ਕਿਹਾ ਕਿ ਮਾਨ ਸਰਕਾਰ ਨੇ ਸੂਬੇ ਅਤੇ ਸਰਕਾਰੀ ਸਿਸਟਮ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਈ ਹੈ। ਜਿਸ ਕਾਰਨ ਹੁਣ ਠੇਕੇਦਾਰਾਂ ਅਤੇ ਵਿਕਰੇਤਾਵਾਂ ਨੂੰ ਪਤਾ ਹੈ ਕਿ ਉਨ੍ਹਾਂ ਨੂੰ ਠੇਕੇ ਲੈਣ ਲਈ ਕੋਈ ਰਿਸ਼ਵਤ ਨਹੀਂ ਦੇਣੀ ਪਵੇਗੀ ਅਤੇ ਨਾ ਹੀ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਸਿਆਸੀ ਨੇਤਾਵਾਂ ਨਾਲ ਕਿਸੇ ਤਰ੍ਹਾਂ ਦੇ ਸਬੰਧਾਂ ਦੀ ਲੋੜ ਹੈ।

ਇਸ ਲਈ ਉਹ ਈ-ਟੈਂਡਰਾਂ ਅਤੇ ਬੋਲੀ ਵਿੱਚ ਉਤਸ਼ਾਹ ਨਾਲ ਹਿੱਸਾ ਲੈਂਦੇ ਹਨ। ਸੰਘੇੜਾ ਨੇ ਅੱਗੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਅਸੀਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਅਤੇ ਪਾਰਦਰਸ਼ੀ ਪ੍ਰਣਾਲੀ ਦਾ ਵਾਅਦਾ ਕੀਤਾ ਸੀ। ਹੁਣ ਡੇਢ ਸਾਲ ਬਾਅਦ ਇਨ੍ਹਾਂ ਇਮਾਨਦਾਰ ਨੀਤੀਆਂ ਦੇ ਪੰਜਾਬ ਲਈ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਸਾਡੀ ਸਰਕਾਰ ਵਿਚ ਕੋਈ ਕਮਿਸ਼ਨ ਅਤੇ ਵਿਚੋਲੇ ਨਹੀਂ ਹਨ ਕਿਉਂਕਿ ਅਸੀਂ ਸੰਗਠਿਤ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਹੈ। ਸੰਘੇੜਾ ਨੇ ਕਿਹਾ ਕਿ ਸਾਨੂੰ ਸਾਡੀਆਂ ਗਾਰੰਟੀਆਂ 'ਤੇ ਪਹੁੰਚਾਉਣ ਅਤੇ ਜਨਤਾ ਦੇ ਪੈਸੇ ਦੀ ਬੱਚਤ ਕਰਨ ਲਈ ਸਾਡੀ ਸਰਕਾਰ 'ਤੇ ਮਾਣ ਹੈ। ਸੰਘੇੜਾ ਨੇ ਅੱਗੇ ਕਿਹਾ ਕਿ ਲੋਕ ਨਿਰਮਾਣ ਵਿਭਾਗ, ਮੰਤਰੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਉਨ੍ਹਾਂ ਦੇ ਚੰਗੇ ਕੰਮ ਲਈ ਸ਼ਲਾਘਾ ਦੇ ਹੱਕਦਾਰ ਹਨ। ਲੋਕ ਨਿਰਮਾਣ ਵਿਭਾਗ (ਪੀ ਡਬਲਯੂ ਡੀ) ਦੁਆਰਾ ਸੜਕਾਂ ਦੇ ਨਵੀਨੀਕਰਨ ਲਈ ਅਲਾਟ ਕੀਤੇ ਗਏ ਟੈਂਡਰਾਂ ਨੇ ਲਗਭਗ 430 ਕਿਲੋਮੀਟਰ ਸੜਕਾਂ ਦੇ 55 ਸੜਕੀ ਕੰਮਾਂ ਦੇ ਨਿਰਮਾਣ ਲਈ 72 ਕਰੋੜ ਰੁਪਏ (ਲਗਭਗ 21 ਪ੍ਰਤੀਸ਼ਤ) ਦੀ ਬਚਤ ਕੀਤੀ। ਅਨੁਮਾਨਿਤ ਲਾਗਤ 342 ਕਰੋੜ ਰੁਪਏ ਸੀ ਅਤੇ 270 ਕਰੋੜ ਦੇ ਠੇਕੇ ਦਿੱਤੇ ਗਏ। ਠੇਕੇ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ ਜੋ ਘੱਟੋ-ਘੱਟ ਲਾਗਤ 'ਤੇ ਵੱਧ ਤੋਂ ਵੱਧ ਗੁਣਵੱਤਾ ਪ੍ਰਦਾਨ ਕਰਨਗੇ। ਸੰਘੇੜਾ ਨੇ ਕਿਹਾ ਕਿ ਵਿਭਾਗ ਵੱਲੋਂ ਪ੍ਰਾਪਤ ਕੀਤੀ ਬੱਚਤ ਨੂੰ ਪੰਜਾਬ ਦੇ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਵਰਤਿਆ ਜਾਵੇਗਾ।

# ਪਬਲਿਕ ਸਕੂਲ 'ਚ ਸਹੁੰ ਚੁੱਕ ਸਮਾਗਮ ਕਰਵਾਇਆ



**ਕਰਤਾਰਪੁਰ (ਹਰਮੇਸ਼ ਦੱਤ)**- ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਕਰਤਾਰਪੁਰ ਵਿਖੇ ਵਿਦਿਆਰਥੀਆਂ ਨੇ ਸਤਰਕਤਾ ਜਾਗਰੂਕਤਾ ਹਫਤਾ ਦੇ ਤਹਿਤ ਭ੍ਰਿਸ਼ਟਾਚਾਰ ਮੁਕਤ ਰਾਸ਼ਟਰ ਦੇ ਪ੍ਰਤੀ ਸਮਰਪਿਤ ਰਹਿਣ ਲਈ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਸਕੂਲ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਕਿ ਦੇਸ਼ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨਾ ਸਾਰਿਆਂ ਦੀ ਜ਼ਿੰਮੇਵਾਰੀ ਹੈ। ਇਸ ਮੌਕੇ ਚੇਅਰਪਰਸਨ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਕਮੇਟੀ ਮੈਂਬਰ ਸਤਨਾਮ ਸਿੰਘ, ਪ੍ਰਿੰਸੀਪਲ ਕੰਵਲਜੀਤ ਕੌਰ, ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਸੁਤੰਤਰਤਾ ਸੈਨਾਨੀਆਂ ਦੀ ਯਾਦ 'ਚ ਲੇਖ ਲੇਖਨ ਮੁਕਾਬਲਾ



**ਜਲੰਧਰ (ਇਕਬਾਲ ਸਿੰਘ ਉਭੀ)** -'ਏਕ ਭਾਰਤ ਸਰਵੋਤਮ ਭਾਰਤ' ਨਾਮਕ ਰਾਸ਼ਟਰੀ ਪ੍ਰੋਗਰਾਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਪੀ ਸੀ ਐਮ ਐਸ ਡੀ ਕਾਲਜ ਲੜਕੀਆਂ ਦੇ ਆਈ-ਸੋਸ਼ਲ ਕਲੱਬ ਨੇ 'ਸੰਘਰਸ਼ ਦੇ ਵਿਚਕਾਰ ਸਾਹਸ: ਬੰਗਾਲੀ ਆਜ਼ਾਦੀ ਘੁਲਾਟੀਆਂ ਦੀ ਯਾਦ' ਵਿਸ਼ੇ 'ਤੇ ਇੱਕ ਲੇਖ ਲੇਖਨ ਮੁਕਾਬਲਾ ਕਰਵਾਇਆ। ਬੰਗਾਲ ਦਾ ਇਤਿਹਾਸ ਅਦੁੱਤੀ ਸਾਹਸ, ਦ੍ਰਿੜ੍ਹ ਭਾਵਨਾ ਅਤੇ ਅਟੁੱਟ ਦ੍ਰਿੜਤਾ ਦੀਆਂ ਕਹਾਣੀਆਂ ਨਾਲ ਬੁਣਿਆ ਹੋਇਆ ਹੈ, ਕਿਉਂਕਿ ਅਣਗਿਣਤ ਵਿਅਕਤੀਆਂ ਨੇ ਦਮਨਕਾਰੀ ਬਸਤੀਵਾਦੀ ਸ਼ਾਸਨ ਵਿਰੁੱਧ ਰੈਲੀ ਕੀਤੀ ਸੀ। ਵਿਦਿਆਰਥੀਆਂ ਨੇ ਇਨ੍ਹਾਂ ਬੰਗਾਲੀ ਆਜ਼ਾਦੀ ਘੁਲਾਟੀਆਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਬਹਾਦਰੀ ਨੇ ਆਜ਼ਾਦੀ ਦੀਆਂ ਲਾਟਾਂ ਨੂੰ ਜਗਾਇਆ। ਜੀਤੇਨ ਬੈਨਰਜੀ, ਬਾਘਾ ਜਤਿਨ, ਡਾ. ਅਮੂਲਿਆ ਉਕੀਲ, ਜੀਤੇਨ ਚੌਧਰੀ, ਪ੍ਰਫੁੱਲਾ ਚਾਕੀ ਕਨਹੈਲਾਲ ਅਤੇ ਸਤਯੇਨ ਬੋਸ ਕੁਝ ਕ੍ਰਾਂਤੀਕਾਰੀ ਸ਼ਖ਼ਸੀਅਤਾਂ ਦੀਆਂ ਕੁਰਬਾਨੀਆਂ ਇਤਿਹਾਸਕ ਪੁਰਾਲੇਖਾਂ ਵਿੱਚ ਅਣਜਾਣ ਰਹਿ ਗਈਆਂ ਹਨ।

ਇਸ ਮੌਕੇ ਬੀ ਏ ਸਮੈਸਟਰ ਪੰਜਵਾਂ ਦੀ ਪੱਲਵੀ ਨੇ ਪਹਿਲਾ, ਬੀ ਏ ਦੀ ਨਿਆਤੀ ਨੇ ਪਹਿਲਾ ਇਨਾਮ ਪ੍ਰਾਪਤ ਕੀਤਾ। ਬੀ.ਐਡ ਸਮੈਸਟਰ ਪੰਜਵਾਂ ਨੇ ਦੂਜਾ ਅਤੇ ਬੀ ਏ ਸਮੈਸਟਰ ਪੰਜਵਾਂ ਦੀ ਕ੍ਰਿਸ਼ਮਾ ਨੇ ਤੀਜਾ ਸਥਾਨ ਹਾਸਲ ਕੀਤਾ। ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ ਅਤੇ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਨੇ ਰਾਸ਼ਟਰ ਹਿੱਤ ਵਿੱਚ ਅਜਿਹੀ ਗਤੀਵਿਧੀ ਕਰਵਾਉਣ ਲਈ ਕਲੱਬ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਮਾਨ ਸਰਕਾਰ ਇੱਕ-ਇੱਕ ਚੋਣ ਗਾਰੰਟੀ ਨੂੰ ਪੂਰਾ ਕਰ ਰਹੀ : ਪ੍ਰਿੰਸੀਪਲ ਬੁੱਧ ਰਾਮ



**ਚੰਡੀਗੜ੍ਹ (ਗੁਰਜੀਤ ਸਿੰਘ ਬਿੱਲਾ)**-ਆਮ ਆਦਮੀ ਪਾਰਟੀ (ਪੰਜਾਬ) ਨੇ ਮਾਨ ਸਰਕਾਰ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਨਾਂਅ ਸ਼ਹੀਦ ਸੈਨਿਕਾਂ ਅਤੇ ਅਜ਼ਾਦੀ ਘੁਲਾਟੀਆਂ ਦੇ ਨਾਂਅ 'ਤੇ ਰੱਖਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ। 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਮਾਨ ਸਰਕਾਰ ਹਰ ਚੋਣ ਗਾਰੰਟੀ ਨੂੰ ਪੂਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦਾ ਨਾਂਅ ਅਜ਼ਾਦੀ ਘੁਲਾਟੀਆਂ ਅਤੇ ਸ਼ਹੀਦ ਸੈਨਿਕਾਂ ਦੇ ਨਾਂਅ 'ਤੇ ਰੱਖਣ ਨਾਲ ਲੋਕ ਇਨ੍ਹਾਂ ਸ਼ਖਸੀਅਤਾਂ ਅਤੇ ਉਨ੍ਹਾਂ ਵੱਲੋਂ ਦੇਸ਼ ਅਤੇ ਸੂਬੇ ਲਈ ਦਿੱਤੀਆਂ ਕੁਰਬਾਨੀਆਂ ਬਾਰੇ ਜਾਣ ਸਕਣਗੇ। ਵਿਰੋਧੀ ਪਾਰਟੀਆਂ ਦੀ ਆਲੋਚਨਾ ਕਰਦਿਆਂ ਬੁੱਧ ਰਾਮ ਨੇ ਕਿਹਾ ਕਿ ਪੰਜਾਬ 'ਤੇ ਦਹਾਕਿਆਂ ਤੋਂ ਰਾਜ ਕਰ ਰਹੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਨੇ ਸ਼ਹੀਦਾਂ ਅਤੇ ਉਨ੍ਹਾਂ ਦੇ ਪਰਵਾਰਾਂ ਵੱਲ ਕਦੇ ਧਿਆਨ ਨਹੀਂ ਦਿੱਤਾ। ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਸ਼ਹੀਦਾਂ ਦੇ ਪਰਵਾਰਾਂ ਦੀ ਹਰ ਸੰਭਵ ਮਦਦ ਕਰ ਰਹੀ ਹੈ। ਸਰਕਾਰ ਵੱਲੋਂ ਸ਼ਹੀਦਾਂ ਦੇ ਪਰਵਾਰਾਂ ਨੂੰ 1 ਕਰੋੜ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਜਾ ਰਹੀ ਹੈ ਅਤੇ ਹੁਣ ਸ਼ਹੀਦਾਂ ਦਾ ਸਨਮਾਨ ਵਧਾਉਣ ਲਈ ਸਰਕਾਰ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਨਾਂਅ ਸ਼ਹੀਦਾਂ ਦੇ ਨਾਂਅ 'ਤੇ ਰੱਖਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਪੰਜਾਬ ਦੇ ਕਈ ਸਰਕਾਰੀ ਸਕੂਲਾਂ ਦੇ ਨਾਂਅ ਵੀ ਬਦਲ ਦਿੱਤੇ ਹਨ ਜਿਨ੍ਹਾਂ ਦੇ ਨਾਂ ਜਾਤੀ ਆਧਾਰਿਤ ਸਨ। ਪ੍ਰਿੰਸੀਪਲ ਬੁੱਧ ਰਾਮ ਨੇ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਹ ਆਪਣੇ ਇਲਾਕੇ ਦੇ ਸਕੂਲ ਦਾ ਨਾਂਅ ਕਿਸੇ ਪ੍ਰਸਿੱਧ ਸ਼ਖ਼ਸੀਅਤ ਦੇ ਨਾਂਅ 'ਤੇ ਰੱਖਣਾ ਚਾਹੁੰਦੇ ਹਨ ਤਾਂ ਉਹ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਨਾਲ ਸੰਪਰਕ ਕਰਨ।

# ਸੰਤ ਬਾਬਾ ਬਿਸ਼ਨ ਸਿੰਘ ਨਮਿਤ ਬਰਸੀ ਤੇ ਸਮਾਗਮ

**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਕੰਧਾਲਾ ਜੱਟਾਂ ਵਿੱਚ ਸਥਿਤ ਬ੍ਰਹਮਗਿਆਨੀ ਧੰਨ ਧੰਨ ਬਾਬਾ ਬਿਸ਼ਨ ਸਿੰਘ ਦੀ 123 ਵੀਂ ਸਾਲਾਨਾ ਬਰਸੀ ਅਤੇ ਕੀਰਤਨ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਕਰਵਾਇਆ ਗਿਆ । ਸ੍ਰੀ ਅਖੰਡ ਪਾਠ ਸਾਹਿਬ ਭੋਗ ਉਪਰੰਤ ਕੀਰਤਨ ਦਰਬਾਰ ਦੀਵਾਨਾਂ ਦੀ ਅਰੰਭਤਾ ਕੀਤੀ ਗਈ। ਕੀਰਤਨ ਦਰਬਾਰ ਵਿਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਅਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ। ਜਿਨ੍ਹਾਂ ਵਿੱਚ ਸੰਤ ਬਾਬਾ ਮੱਖਣ ਸਿੰਘ, ਭਾਈ ਗੁਰਮੁਖ ਸਿੰਘ ਜੀ ਐਮ ਏ ਕਵੀਸ਼ਰੀ ਜਥਾ, ਭਾਈ ਕੇਵਲ ਸਿੰਘ ਮਹਿਤਾ ਕਵੀਸ਼ਰੀ ਜਥਾ, ਭਾਈ ਗੁਰਕੀਰਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਭਜਨ ਸਿੰਘ ਸੋਤਲਾ ਵਾਲੇ, ਭਾਈ ਦਾਤਾਰ ਸਿੰਘ ਕੰਧਾਲਾ ਜੱਟਾਂ ਵਾਲੇ, ਢਾਡੀ ਜਥਾ ਭਾਈ ਗੁਰਪ੍ਰਤਾਪ ਸਿੰਘ, ਪਦਮ ਢਾਡੀ ਜਥਾ, ਭਾਈ ਬਲਵੀਰ ਸਿੰਘ ਪਾਰਸ ਢਾਡੀ ਜਥਾ, ਭਾਈ ਗੁਰਮੁਖ ਸਿੰਘ ਕੰਧਾਲਾ ਜੱਟਾਂ, ਭਾਈ ਹਰਚਰਨ ਸਿੰਘ ਕੰਧਾਲਾ ਜੱਟਾਂ, ਬੀਬੀ ਖੁਸ਼ਪ੍ਰੀਤ ਕੌਰ ਕੰਧਾਲਾ ਜੱਟਾਂ ਅਤੇ ਹੋਰ ਬਹੁਤ ਸਾਰੇ ਜਥਿਆਂ ਨੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ। ਸਟੇਜ ਸਕੱਤਰ ਦੀ ਸੇਵਾ ਭਾਈ ਸਰਤਾਜ ਸਿੰਘ ਬਸਰਾਵਾਂ ਵੱਲੋਂ ਨਿਭਾਈ ਗਈ। ਇਸ ਮੌਕੇ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ, ਸੰਤ ਬਾਬਾ ਹਰਚਰਨ ਸਿੰਘ ਖਾਲਸਾ ਰਮਦਾਸਪੁਰ, ਆਮ ਪਾਰਟੀ ਦੇ ਹਲਕਾ ਵਿਧਾਇਕ ਜਸਵੀਰ ਰਾਜਾ ਗਿੱਲ, ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਵੀ ਨਤਮਸਤਕ ਹੋਏ । ਇਸ ਤੋਂ ਇਲਾਵਾ ਪ੍ਰਬੰਧਕ ਕਮੇਟੀ ਪ੍ਰਧਾਨ ਅੰਮ੍ਰਿਤਪਾਲ ਸਿੰਘ, ਸੀ ਏ ਕੈਪਟਨ ਸੁਰਿੰਦਰ ਸਿੰਘ, ਮਨਜੀਤ ਸਿੰਘ ਖਜ਼ਾਨਚੀ, ਪਲਵਿੰਦਰ ਸਿੰਘ ਬਿੱਟੀ, ਸੁਰਿੰਦਰ ਸਿੰਘ ਗੁਗਲੀ, ਇੰਦਰਜੀਤ ਸਿੰਘ ਰਾਜਾ, ਅੰਮ੍ਰਿਤਪਾਲ ਸਿੰਘ, ਅਜੀਤ ਸਿੰਘ, ਮੋਹਣ ਸਿੰਘ, ਜੱਥੇਦਾਰ ਅਵਤਾਰ ਸਿੰਘ ਸਮੂਹ ਨਗਰ ਦੀਆਂ ਸੰਗਤਾਂ ਅਤੇ ਇਲਾਕੇ ਦੀਆਂ ਸੰਗਤਾਂ ਦੇ ਹਾਜ਼ਰ ਸਨ।

# ਖੇਡਾਂ ਅਨੁਸ਼ਾਸਨ ਤੇ ਆਪਸੀ ਭਾਈਚਾਰੇ ਨੂੰ ਉਤਸ਼ਾਹਤ ਕਰਦੀਆਂ : ਐੱਨ ਆਰ ਆਈ



**ਨਵਾਂਸ਼ਹਿਰ (ਮਨੋਜ ਲਾਡੀ)** ਸਰਕਾਰੀ ਪ੍ਰਾਇਮਰੀ ਸਕੂਲ ਭਗੌਰਾਂ ਵਿਖੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੀਆਂ ਚੱਲ ਰਹੀਆਂ ਜਿਲ੍ਹਾ ਪੱਧਰੀ ਖੇਡਾਂ ਦਾ ਦੂਜੇ ਦਿਨ ਲੜਕੀਆਂ ਦੇ ਵੱਖ-ਵੱਖ ਖੇਡਾਂ ਦੇ ਸ਼ਾਨਦਾਰ ਮੁਕਾਬਲੇ ਹੋਏ। ਇਨ੍ਹਾਂ ਮੁਕਾਬਲਿਆਂ ਵਿੱਚ ਐਨ ਆਰ ਆਈਜ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਸਰੀਰਿਕ ਤੰਦਰੁਸਤੀ ਅਤੇ ਆਪਸੀ ਭਾਈਚਾਰੇ ਨੂੰ ਉਤਸਾਹਿਤ ਕਰਦੀਆਂ ਹਨ। ਇਸ ਲਈ ਸਾਨੂੰ ਖੇਡਾਂ 'ਚ ਭਾਗ ਜਰੂਰ ਲੈਣਾ ਚਾਹੀਦਾ ਹੈ। ਬੀਤੇ ਦਿਨ ਲੜਕਿਆਂ ਦੇ ਹੋਏ ਕਬੱਡੀ ਨੈਸ਼ਨਲ ਸਟਾਇਲ ਮੁਕਾਬਲਿਆਂ ਵਿੱਚ ਬਲਾਕ ਬਲਾਚੌਰ-2 ਨੇ ਪਹਿਲਾ ਅਤੇ ਸੜੋਆ ਨੇ ਦੂਜਾ ਸਥਾਨ, ਕਬੱਡੀ ਸਰਕਲ ਵਿੱਚ ਬਲਾਚੌਰ-1 ਨੇ ਪਹਿਲਾ ਤੇ ਸੜੋਆ ਨੇ ਦੂਜਾ, ਬੈਡਮਿੰਟਨ 'ਚ ਸੜੋਆ ਨੇ ਪਹਿਲਾ, ਨਵਾਂਸ਼ਹਿਰ ਨੇ ਦੂਜਾ, ਰੱਸਾ ਕੱਸੀ 'ਚ ਬਲਾਚੌਰ-1 ਨੇ ਪਹਿਲਾ ਸਥਾਨ ਤੇ ਔੜ ਨੇ ਦੂਜਾ, ਸ਼ਤਰੰਜ 'ਚ ਸੜੋਆ ਨੇ ਪਹਿਲਾ, ਨਵਾਂਸ਼ਹਿਰ ਨੇ ਦੂਜਾ, ਗਰੁੱਪ ਯੋਗਾ 'ਚ ਨਵਾਂਸ਼ਹਿਰ ਨੇ ਪਹਿਲਾ, ਬਲਾਚੌਰ-2 ਨੇ ਦੂਜਾ ਸਥਾਨ, ਆਰਟਸਿਟਿਕ ਯੋਗਾ 'ਚ ਬਲਾਚੌਰ-1 ਨੇ ਪਹਿਲਾ, ਮੁਕੰਦਪੁਰ ਨੇ ਦੂਜਾ, ਰਿਦਮਿਕ ਯੋਗਾ 'ਚ ਨਵਾਂਸ਼ਹਿਰ ਨੇ ਪਹਿਲਾ, ਬਲਾਚੌਰ-2 ਨੇ ਦੂਜਾ, ਮਿਨੀ ਹੈਂਡਬਾਲ ਵਿੱਚ ਸੜੋਆ ਨੇ ਪਹਿਲਾ, ਬਲਾਚੌਰ-2 ਨੇ ਦੂਜਾ, ਫੁਟਬਾਲ ਵਿੱਚ ਮੁਕੰਦਪੁਰ ਨੇ ਪਹਿਲਾ, ਨਵਾਂਸ਼ਹਿਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਐੱਨ. ਆਈ.ਆਈ. ਜੁਝਾਰ ਸਿੰਘ, ਕੁਲਵਿੰਦਰ ਸਿੰਘ ਸਾਬਕਾ ਸੈਂਟਰ ਹੈੱਡ ਟੀਚਰ, ਪਰਮਿੰਦਰ ਸਿੰਘ ਯੂ.ਐੱਸ.ਏ. ਵਲੋਂ ਬੱਚਿਆਂ ਦੇ ਖਾਣ-ਪੀਣ ਲਈ ਰੀਫਰੇਸ਼ਮੈਂਟ ਅਤੇ ਲੰਗਰ ਦਾ ਖਾਸ ਤੌਰ 'ਤੇ ਪ੍ਰਬੰਧ ਕੀਤਾ ਗਿਆ। ਟੂਰਨਾਮੈਂਟ ਕਮੇਟੀ ਵਲੋਂ ਐਨ.ਆਰ.ਆਈ. ਸੱਜਣਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਇਸ ਮੌਕੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਜਿਲ੍ਹਾ ਸਿੱਖਿਆ ਅਫ਼ਸਰ ਆਸ਼ਿਸ਼ ਕੁਮਾਰ ਸ਼ਰਮਾ, ਉੱਪ ਜਿਲ੍ਹਾ ਸਿੱਖਿਆ ਅਫ਼ਸਰ ਵਰਿੰਦਰ ਕੁਮਾਰ, ਬੀ.ਪੀ.ਈ. ਓ. ਗੁਰਪਾਲ ਸਿੰਘ, ਰਣਜੀਤ ਸਿੰਘ, ਜਸਵਿੰਦਰ ਸਿੰਘ ਵਲੋਂ ਕੀਤੀ ਗਈ। ਇਸ ਮੌਕੇ ਗੁਰਪਾਲ ਸਿੰਘ ਚੇਅਰਮੈਨ ਐੱਸ.ਐੱਮ.ਸੀ.ਗੁਰਦਿਆਲ ਮਾਨ, ਰਾਮ ਲਾਲ ਚੂਹੜਪੁਰ,ਬਲਕਾਰ ਚੰਦ,ਰਮਨ ਕੁਮਾਰ,ਅਸ਼ਵਨੀ ਕੁਮਾਰ, ਅੰਮਿਤ ਜਗੋਤਾ,ਭੁਪਿੰਦਰ ਲਾਲ,ਜਸਵਿੰਦਰ ਕੌਰ, ਕਮਲਜੀਤ ਕੌਰ, ਹਰਵਿੰਦਰ ਕੌਰ, ਪਰਮਜੀਤ ਕੌਰ, ਡੌਲੀ ਧੀਮਾਨ, ਮਨਪ੍ਰੀਤ ਸੋਢੀਆ, ਬਲਵਿੰਦਰ ਕੌਰ, ਸੁਨੀਤਾ, ਗੀਨਾ ਚੌਧਰੀ,ਸੁਖਵਿੰਦਰ ਕੌਰ,ਨਰਿੰਦਰ ਕੌਰ,ਕਿਰਪਾਲ ਕੌਰ ਅਤੇ ਮਨਜੀਤ ਕੌਰ ਆਦਿ ਹਾਜ਼ਰ ਸਨ।

# ਸੰਤ ਸੁਖਦੇਵ ਸਿੰਘ ਦੀ ਅੰਤਿਮ ਅਰਦਾਸ ਮੌਕੇ ਸੰਤ ਸਮਾਜ ਵੱਲੋਂ ਸ਼ਰਧਾ ਦੇ ਫੁੱਲ ਭੇਟ

**ਆਦਮਪੁਰ (ਪਰਮਜੀਤ ਸਿੰਘ)**-ਮਹਾਨ ਕੀਰਤਨੀਏ ਸਾਂਝੀਵਾਲਤਾ ਦੇ ਪ੍ਰਤੀਕ, ਮਨੁੱਖਤਾ ਨੂੰ ਸਮਰਪਤ



ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਵਾਲੀ ਧਾਰਮਿਕ ਸ਼ਖ਼ਸੀਅਤ ਸੰਤ ਸੁਖਦੇਵ ਸਿੰਘ ( 69) ਕੁਝ ਦਿਨ ਪਹਿਲਾਂ ਸੰਖੇਪ ਬਿਮਾਰੀ ਕਰਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗੁਰੂ ਚਰਨਾਂ ਚ ਜਾ ਬਿਰਾਜੇ ਸਨ। ਉਨ੍ਹਾ ਦੀ ਅੰਤਿਮ ਅਰਦਾਸ 'ਤੇ ਅੱਜ ਉਨ੍ਹਾ ਦੇ ਗ੍ਰਹਿ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਸੰਤ ਅਵਤਾਰ ਸਿੰਘ ਧੂਲਕੋਟ, ਭਾਈ ਕਰਮ ਸਿੰਘ, ਭਾਈ ਪਰਮਜੀਤ ਸਿੰਘ ਗੜ੍ਹੀਬਖਸ਼ਸ਼ਾ, ਬਾਬਾ ਬਲਵਿੰਦਰ ਸਿੰਘ ਰੰਧਾਵਾ ਬਰੋਟਾ, ਭਾਈ ਜਸਪ੍ਰੀਤ ਸਿੰਘ ਸੂਸਾਂ, ਭਾਈ ਸੁਰਜਣ ਸਿੰਘ ਦੇ ਕੀਰਤਨੀ ਜਥਿਆਂ ਵਲੋਂ ਗੁਰਬਾਣੀ ਕੀਰਤਨ ਸਰਵਣ ਕੀਤਾ ਗਿਆ। ਦੂਰ -ਦੂਰ ਤੋਂ ਪਹੁੰਚੇ ਉਨ੍ਹਾ ਦੇ ਚਹੇਤੇ ਤੇ ਸੰਤਾਂ ਮਹਾਂਪੁਰਸ਼ਾਂ ਖਾਸ ਕਰਕੇ ਸੰਤ ਅਵਤਾਰ ਸਿੰਘ ਧੂਲਕੋਟ ਵਾਲੇ ਸਮੇਤ ਜਥੇ, ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ, ਬਾਬਾ ਪਵਨ ਦੀਪ ਸਿੰਘ ਕੜਿਆਲ, ਬਾਬਾ ਹਰਵਿੰਦਰ ਸਿੰਘ ਰੋੜੀ ਵਾਲੇ, ਬਾਬਾ ਸਿਕੰਦਰ ਸਿੰਘ ਮੱਲਪੁਰ ਸਰੀਫ, ਬਾਬਾ ਚਰਨਜੀਤ ਸਿੰਘ ਊਨਾ, ਬਾਬਾ ਜੋਗਿੰਦਰ ਸਿੰਘ ਲੱਲ ਕਲਾਂ, ਬਾਬਾ ਕੇਵਲ ਸਿੰਘ ਚਾਕਰ ਮੁੱਖ ਸੇਵਾਦਾਰ ਸ੍ਰੀ ਗੁਰੂ ਰਵਿਦਾਸ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ, ਪ੍ਰਬੰਧਕ ਮੈਂਬਰ ਹੈਡ ਗ੍ਰੰਥੀ ਨਰੇਸ਼ ਸਿੰਘ, ਬਾਬਾ ਸੇਵਾ ਸਿੰਘ ਸ੍ਰੀ ਮਾਛੀਵਾੜਾ ਸਾਹਿਬ, ਸ੍ਰੀ ਨਾਭ ਕਮਲ ਰਾਜਾ ਸਾਹਿਬ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਸ਼ਹੀਦ ਭਗਤ ਸਿੰਘ ਨਗਰ, ਗੁਰਦੁਆਰਾ ਬਾਬਾ ਗੁਰਦਿੱਤਾ ਪ੍ਰਬੰਧਕ ਕਮੇਟੀ ਸਮੂਹ ਨਗਰ ਨਿਵਾਸੀ ਪਿੰਡ ਚਾਂਦਪੁਰ ਰੁੜਕੀ ਜ਼ਿਲਾ ਸਹੀਦ ਭਗਤ ਨਗਰ,ਆਦਿ ਸਭਨਾਂ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਪਰਵਾਰ ਵਲੋਂ ਆਏ ਸਭ ਸੰਤਾਂ ਮਹਾਂਪੁਰਸ਼ਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਹਰਵਿੰਦਰ ਸਿੰਘ ਵੀਰ ਹੁਰਾਂ ਵਲੋਂ ਨਿਭਾਈ ਗਈ। ਇਸ ਮੌਕੇ ਅਮਨਦੀਪ ਸਿੰਘ ਸਾਬਕਾ ਸਰਪੰਚ ਤੋਂ ਇਲਾਵਾ ਤੁਲਸੀ ਰਾਮ ਸਾਬਕਾ ਸਰਪੰਚ ਖੋਜਕੀਪੁਰ, ਬਲਜੀਤ ਸਿੰਘ, ਹਰਭਜਨ ਸਿੰਘ, ਅਵਤਾਰ ਸਿੰਘ ਖੁਰਾਲਗੜ੍ਹ ਸਾਹਿਬ, ਬਲਦੇਵ ਸਿੰਘ ਤੇ ਸਮੂਹ ਨਗਰ ਨਿਵਾਸੀ ਸ਼ਾਮਲ ਰਹੇ।

# 7 ਸਾਲ ਤੋਂ ਸਕੂਲ ਦੀਆਂ ਨੀਹਾਂ 'ਚ ਪੈਂਦਾ ਪਾਣੀ ਜਥੇਬੰਦੀਆਂ ਨੇ ਰੁਕਵਾ ਕੇ ਇਤਿਹਾਸ ਸਿਰਜਿਆ : ਪੱਬਵਾਂ / ਸੰਧੂ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**-3 ਮਈ ਨੂੰ ਨਗਰ ਕੌਂਸਲ ਦੇ ਈ.ਓ ਕਰਮਿੰਦਰ ਪਾਲ ਸਿੰਘ ਅਤੇ ਹਲਕਾ ਵਿਧਾਇਕ ਇੰਦਰਜੀਤ ਕੌਰ ਖਿਲਾਫ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ (ਉਸਾਰੀ ਅਧੀਨ) ਦੀ ਬਿਲਡਿੰਗ ਨੂੰ ਗਰਕਾਉਣ ਦੀ ਸਾਜਿਸ਼ ਦੇ ਮੱਦੇਨਜ਼ਰ ਧਰਨਾ ਪ੍ਰਦਰਸ਼ਨ ਕਰਨਾ ਸੀ ਪਰ ਈ.ਓ ਸਾਹਿਬ ਵੱਲੋਂ ਮੌਕਾ ਸੰਭਾਲਦੇ ਹੋਏ ਮੌਕਾ ਦੇਖਿਆ ਅਤੇ ਤੁਰੰਤ ਪ੍ਰਭਾਵ ਨਾਲ ਸਕੂਲ ਦੀਆਂ ਨੀਹਾਂ ਵਿੱਚ ਲਗਾਤਾਰ ਪੈ ਰਿਹਾ ਨਗਰ ਕੌਂਸਲ ਨੂਰਮਹਿਲ ਦਾ ਪਾਣੀ ਰੋਕਿਆ। ਇਸ ਪ੍ਰਾਪਤੀ ਨੂੰ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਹੰਸ ਰਾਜ ਪੱਬਵਾਂ ਅਤੇ ਨੰਬਰਦਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਅੰਸ਼ਕ ਜਿੱਤ ਦੱਸਿਆ। ਪਾਣੀ ਰੋਕੇ ਜਾਣ ਉਪਰੰਤ ਇੱਕ ਹੋਰ ਗੰਭੀਰ ਸਮੱਸਿਆ ਪੈਦਾ ਹੋਈ ਕਿ ਈ.ਓ ਵੱਲੋਂ ਰੋਕਿਆ ਹੋਇਆ ਗੰਦਾ ਪਾਣੀ ਲੋਕਾਂ ਦੇ ਘਰਾਂ ਮੂਹਰੇ ਆ ਗਿਆ। ਕਿਸਾਨ ਯੂਨੀਅਨ ਦੇ ਸੰਤੋਖ ਸਿੰਘ ਸੰਧੂ, ਪੇਂਡੂ ਮਜ਼ਦੂਰ ਯੂਨੀਅਨ ਦੇ ਚੰਨਣ ਸਿੰਘ ਕੰਦੋਲਾ, ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਰਛਪਾਲ ਸਿੰਘ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਪੂਰਨ ਸਿੰਘ ਸਮੇਤ ਹੋਰ ਆਗੂਆਂ ਅਤੇ ਵਰਕਰਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਨਗਰ ਕੌਂਸਲ ਨੇ ਗਿਣੀ ਮਿਥੀ ਸਾਜਿਸ਼ ਤਹਿਤ ਸਕੂਲ ਅਤੇ ਲੋਕਾਂ ਵੱਲ ਜਾਂਦਾ ਗੰਦਾ ਪਾਣੀ ਸੁਚੱਜੇ ਢੰਗ ਨਾਲ ਨਾ ਰੋਕਿਆ ਤਾਂ ਮੁੜ ਧਰਨਾ ਲਗਵਾਉਣ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਜਥੇਬੰਦੀਆਂ ਨੇ ਤੁਰੰਤ ਫੈਸਲਾ ਲਿਆ ਕਿ ਨਗਰ ਕੌਂਸਲ ਪ੍ਰਸ਼ਾਸਨ ਨੂੰ ਪਾਣੀ ਨੂੰ ਸੁਚੱਜੇ ਢੰਗ ਰੋਕਣ ਲਈ ਕਿਹਾ ਜਾਵੇ ਜਿਸ ਤਹਿਤ ਅੱਜ ਜਥੇਬੰਦੀਆਂ ਦਾ ਵਫਦ ਨਗਰ ਕੌਂਸਲ ਪਹੁੰਚਿਆ ਜਿੱਥੇ ਈ.ਓ ਨੂਰਮਹਿਲ ਤਾਂ ਨਹੀਂ ਮਿਲੇ ਪਰ ਨਗਰ ਕੌਂਸਲ ਦੇ ਜੂਨੀਅਰ ਅਸਿਸਟੈਂਟ ਸ਼ਿਵ ਕੁਮਾਰ ਮਿਲੇ ਜਿਨ੍ਹਾਂ ਨੇ ਗੌਰ ਨਾਲ ਗੱਲ ਸੁਣੀ। ਆਗੂਆਂ ਵਿੱਚ ਕਿਰਤੀ

# ਡਾ. ਬਲਜੀਤ ਕੌਰ ਨੇ ਤਰਸ ਦੇ ਆਧਾਰ 'ਤੇ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ )**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਤਰਸ ਦੇ ਆਧਾਰ 'ਤੇ ਨੌਕਰੀਆਂ ਨਾਲ ਸਬੰਧਤ ਮਾਮਲੇ ਜਲਦ ਹੱਲ ਕਰਨ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਆਪਣੇ ਸਿਵਲ ਸਕੱਤਰੇਤ ਸਥਿਤ ਦਫ਼ਤਰ ਵਿਖੇ ਤਰਸ ਦੇ ਆਧਾਰ 'ਤੇ ਨਿਯੁਕਤੀ ਪੱਤਰ ਦਿੱਤੇ। ਸੇਵਾਦਾਰ ਅਰਸ਼ਪ੍ਰੀਤ ਸਿੰਘ ਨੂੰ ਮੁੱਖ ਦਫ਼ਤਰ, ਮਨਪ੍ਰੀਤ ਸ਼ਰਮਾ ਨੂੰ ਜ਼ਿਲ੍ਹਾ ਪ੍ਰੋਗਰਾਮ ਅਫਸਰ ਫਿਰੋਜ਼ਪੁਰ, ਗੁਰਪ੍ਰੀਤ ਸਿੰਘ ਨੂੰ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਮਜੀਠਾ ਅਤੇ ਸਫਾਈ ਸੇਵਕ ਇੰਦਰਜੀਤ ਸਿੰਘ ਨੂੰ ਸੁਪਰਡੰਟ ਸਟੇਟ ਆਫਟਰ ਕੇਅਰ ਹੋਮ ਲੁਧਿਆਣਾ ਵਿਖੇ ਤੈਨਾਤ ਕੀਤਾ ਗਿਆ ਹੈ। ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਚਾਰਾਂ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ। ਉਨ੍ਹਾਂ ਨਵ-ਨਿਯੁਕਤ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਸਮਰਪਣ ਭਾਵਨਾ ਅਤੇ ਈਮਾਨਦਾਰੀ ਨਾਲ ਕੰਮ ਕਰਨ ਲਈ ਕਿਹਾ। ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਵਿਭਾਗ ਵਿੱਚ ਤਰਸ ਦੇ ਆਧਾਰ 'ਤੇ ਅਧਵਾਟੇ ਪਏ ਕੇਸਾਂ ਨੂੰ ਤੁਰੰਤ ਨਿਪਟਾਇਆ ਜਾਵੇ ਤਾਂ ਜੋ ਸਬੰਧਤਾਂ ਨੂੰ ਸਮੇ ਸਿਰ ਨੌਕਰੀ ਮੁਹੱਈਆ ਕਰਵਾਈ ਜਾ ਸਕੇ। ਇਸ ਮੌਕੇ ਡਿਪਟੀ ਡਾਇਰੈਕਟਰ ਸੁਖਦੀਪ ਸਿੰਘ ਝੱਜ ਵੀ ਹਾਜ਼ਰ ਸਨ।

5-Nov-Sunday.qxd 11/4/2023 10:01 PM Page 1




ਧੀਮੇ ਬੋਲਾਂ ਦਾ ਬੁਲੰਦ ਕਵੀ ਸੋਹਣ ਸਿੰਘ ਮੀਸ਼ਾ
ਆਖਰੀ ਸਫ਼ੇ 'ਤੇ

# ਨਵਾਂ ਜ਼ਮਾਨਾ ਐਤਵਾਰਤਾ

ਇੱਕ ਸਮੁੰਦਰ ਗਾਗਰਾਂ ਦੀ ਕੈਦ
ਵਿੱਚ ਭਰਨੋਂ ਰਿਹਾ
ਮੈਂ ਕਿਸੇ ਤਲਵਾਰ ਤੋਂ ਡਰ ਕੇ
ਤਾਂ ਚੁੱਪ ਕਰਨੋਂ ਰਿਹਾ।
- ਜਗਵਿੰਦਰ ਜੋਧਾ

Regd. No : Pb/JL-123/2021-2023, (R.N.I.)-00068/57 | ਜਲੰਧਰ : ਐਤਵਾਰ, 5 ਨਵੰਬਰ 2023 | www.nawanzamana.in | ਕੀਮਤ 5.00 ਰੁਪਏ


## ਫਲਸਫ਼ੇ ਦੀ ਪ੍ਰਸੰਗਿਕਤਾ

# ਮਾਰਕਸਵਾਦ ਸਦਾ ਰਾਹ-ਦਸੇਰਾ

**ਜਗਰੂਪ**

**ਭਾਗ-21**

ਇਸ ਤੱਥ ਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ ਕਿ ਆਪਣੇ ਆਪ ਨੂੰ 'ਮਾਰਕਸਵਾਦੀ' ਐਲਾਨ ਕਰਨ ਵਾਲਿਆਂ ਵਿਚ ਬਹੁਤ ਸਾਰੇ ਇਸ ਧਾਰਨਾ ਦੇ ਹਨ ਕਿ ਅਮਲ ਵਿੱਚੋਂ ਸਿਧਾਂਤ ਬਣਦਾ ਹੈ। ਉਹ ਅਮਲ ਨੂੰ ਪਹਿਲ ਦਿੰਦੇ ਹਨ। ਉਹ ਜ਼ਿਦ ਕਰਦੇ ਹਨ, ਇੱਥੋਂ ਤੱਕ ਕਿ ਉਹ ਗਲਤ ਢੰਗ ਨਾਲ, ਤਰਕ ਦਾ ਕੁਤਰਕ ਬਣਾ ਕੇ, ਮਾਓ-ਜੇ-ਤੁੰਗ ਦੇ "ਅਭਿਆਸ ਬਾਰੇ" (on practice) ਲੇਖ ਵਿੱਚੋਂ ਧੁੰਦਲੇ ਹਵਾਲੇ ਪੇਸ਼ ਕਰਨ ਤੱਕ ਚਲੇ ਜਾਂਦੇ ਹਨ। ਉਹ ਮਾਓ ਦਾ ਹੇਠ ਦਰਜ ਸਪੱਸ਼ਟ ਹਵਾਲਾ ਨਜ਼ਰਅੰਦਾਜ਼ ਕਰਦੇ ਹਨ:

"ਜੇ ਕੋਈ ਮਨੁੱਖ ਆਪਣੇ ਕੰਮ ਵਿਚ ਸਫਲ ਹੋਣਾ ਭਾਵ ਅਨੁਮਾਨੇ ਸਿੱਟੇ ਹਾਸਲ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਵਿਚਾਰ ਜ਼ਰੂਰੀ ਹੀ ਬਾਹਰਮੁਖੀ ਸੰਸਾਰ ਦੇ ਨਿਯਮਾਂ ਅਨੁਸਾਰ ਢਾਲਣੇ ਚਾਹੀਦੇ ਹਨ। ਜੇ ਉਸਦੇ ਵਿਚਾਰ ਉਹਨਾਂ ਨਿਯਮਾਂ ਨਾਲ ਮੇਲ ਨਹੀਂ ਖਾਂਦੇ ਤਾਂ ਉਹ ਆਪਣੇ ਅਭਿਆਸ ਵਿਚ ਅਸਫਲ ਹੋ ਜਾਵੇਗਾ। ਅਸਫਲ ਹੋਣ ਪਿਛੋਂ, ਉਹ ਆਪਣੇ ਸਬਕ ਕੱਢਦਾ ਹੈ, ਬਾਹਰੀ ਸੰਸਾਰ ਦੇ ਨਿਯਮਾਂ ਨਾਲ ਇਕਸੁਰ ਕਰਨ ਲਈ ਆਪਣੇ ਵਿਚਾਰਾਂ ਨੂੰ ਦਰੁਸਤ ਕਰਦਾ ਹੈ ਅਤੇ ਇਸ ਤਰ੍ਹਾਂ ਅਸਫਲਤਾ ਨੂੰ ਸਫਲਤਾ ਵਿਚ ਬਦਲ ਸਕਦਾ ਹੈ। (ਮਾਓ ਜੇ ਤੁੰਗ, ਫਲਸਫਾਨਾ ਲਿਖਤਾਂ, ਸਫਾ 22) ਉਹ ਸਿਧਾਂਤ ਨੂੰ, ਅਮਲ ਦੀ ਉਪਜ ਦਾ ਪ੍ਰਚਾਰ ਕਰਦੇ ਹਨ। ਉਦਾਹਰਨ ਵਜੋਂ ਤੁਸੀਂ (ਪੰਜਾਬ ਵਿੱਚ)

**ਬਹੁਤ ਸਾਰੇ ਬੁਲਾਰੇ, ਆਪਣੇ ਭਾਸ਼ਣ ਦੀ ਸਮਾਪਤੀ**

"ਜਿੱਤ ਲੜਦੇ ਲੋਕਾਂ ਦੀ" ਦੇ ਫਿਕਰੇ ਨਾਲ ਕਰਦੇ ਸੁਣੇ ਹੋਣਗੇ। ਉਹ ਆਪਣਾ ਤਰਕ ('ਮੇਰਾ ਮਤਲਵ ਆਹ ਨਹੀਂ ਆਹ ਹੈ') ਭਾਵੇਂ ਕੁਝ ਵੀ ਦੇਣ, ਸਰੋਤੇ, 'ਅਮਲ ਦੀ ਪ੍ਰਮੁੱਖਤਾ' ਦੇ ਨੇਮ ਦੇ ਧਾਰਨੀ ਬਣਨਗੇ। ਸਿਧਾਂਤ ਨੂੰ ਨਜ਼ਰਅੰਦਾਜ਼ ਕਰਨਗੇ ਜਾਂ ਦੂਜੀ ਥਾਂ, (ਅਮਲ 'ਚੋਂ ਸਿਧਾਂਤ ਜਨਮੇਗਾ) ਅਤੇ ਅਮਲ ਦੀ ਪ੍ਰਮੁੱਖਤਾ, ਕੁਤਰਕ ਦੇ ਧਾਰਨੀ ਹੀ ਬਣਨਗੇ।

ਇਸ ਵਿੱਚੋਂ ਇਹ ਅਰਥ ਹਰਗਿਜ਼ ਨਹੀਂ ਲੈਣੇ ਚਾਹੀਦੇ ਕਿ ਅਮਲ ਦਾ ਕੋਈ ਮਹੱਤਵ ਨਹੀਂ ਹੈ। ਸਿਧਾਂਤ ਹੀਣ ਅਮਲ ਅਖੀਰ ਸਿਧਾਂਤ ਵੱਲ ਮੁੜਦਾ ਹੈ। ਅਮਲ, ਸਿਧਾਂਤ ਨੂੰ ਅਮੀਰ ਕਰਦਾ ਹੈ। ਅਮਲ ਰਾਹੀਂ ਸਿਧਾਂਤ ਦਾ ਵਿਕਾਸ ਹੁੰਦਾ ਹੈ। ਪਰ ਸਿਧਾਂਤ ਦੀ ਥਾਂ ਪ੍ਰਮੁੱਖ ਹੈ। ਸਿਧਾਂਤਕ-ਸੇਧ ਵਾਲਾ ਅਮਲ ਮਹੱਤਵਪੂਰਨ ਹੈ।

ਪਦਾਰਥਵਾਦੀ ਸਿਧਾਂਤ ਅਨੁਸਾਰ, ਸਮਾਜ ਵਿਚ ਪਦਾਰਥਕ-ਗਤੀ ਦੀ ਅਨੁਸਾਰਤਾ ਦਾ ਅਮਲ ਹੈ। ਇਸ ਤੋਂ ਉਲਟ ਅਮਲ, ਚੱਕਰ ਕੱਟ ਕੇ, ਅਨੁਸਾਰੀ ਬਣਦਾ ਹੈ। ਇਸ ਦੇ ਇਹ ਅਰਥ ਨਹੀਂ ਬਣਦੇ ਕਿ ਅਮਲ ਸਿਧਾਂਤ ਸਿਰਜਕ ਹੈ। ਅਮਲ ਕੋਈ ਨਵਾਂ ਸਿਧਾਂਤ ਨਹੀਂ ਸਿਰਜਦਾ, ਕੇਵਲ ਲੱਭਦਾ ਹੈ। ਲੱਭੀਦਾ ਉਹੀ ਹੈ, ਜੋ ਪਹਿਲਾਂ ਮੌਜੂਦ ਹੁੰਦਾ ਹੈ। ਗੈਰ-ਸਿਧਾਂਤਕ ਅਮਲ, ਸਿਧਾਂਤਕ ਅਮਲ ਵੱਲ ਪਰਤਦਾ ਹੈ, ਨਾ ਕਿ ਸਿਧਾਂਤ ਸਿਰਜਦਾ ਹੈ।

'ਪਰੋਲਤਾਰੀਆ ਆਪਣੀ ਮੁਕਤੀ ਦੇ ਰੂਹਾਨੀ-ਹਥਿਆਰ ਫਲਸਫੇ (ਸੂਝ ਦੀ ਸਿਖਰ) ਵਿੱਚੋਂ ਲੈਂਦਾ ਹੈ, ਫਲਸਫਾ ਆਪਣੇ ਪਦਾਰਥਕ-ਹਥਿਆਰ ਪਰੋਲਤਾਰੀਆ ਤੋਂ ਲੈਂਦਾ ਹੈ।'

**ਇਹ ਸਭੇ ਸਵਾਲ ਫਲਸਫੇ ਦੇ ਨਜਿੱਠੇ ਹੋਏ ਹਨ**

ਪਦਾਰਥ ਅਤੇ ਚੇਤਨਾ ਸੰਬੰਧ ; 'ਪਦਾਰਥ ਚੇਤਨਾ ਦਾ ਨਿਰਧਾਰਨ ਕਰਦਾ ਹੈ, ਚੇਤਨਾ ਪਦਾਰਥ ਨੂੰ ਪ੍ਰਭਾਵਤ ਕਰਦੀ ਹੈ'। 'ਸਮਾਜਕ ਪ੍ਰਸਥਿਤੀਆਂ ਸਮਾਜਕ ਚੇਤਨਾ ਸਿਰਜਦੀਆਂ ਹਨ'। ਸਮਾਜਕ-ਚੇਤਨਾ ਮੋੜਵੇਂ ਰੂਪ ਵਿਚ ਨਵੀਆਂ ਪ੍ਰਸਥਿਤੀਆਂ ਦੀ ਉਸਾਰੀ ਕਰਦੀ ਹੈ। "ਮਨੁੱਖ ਹਾਲਤਾਂ ਅਤੇ ਪਾਲਣ-ਪੋਸ਼ਣ ਦੀ ਉਪਜ ਹੈ, ਬਦਲੇ ਹੋਏ ਮਨੁੱਖ ਬਦਲੀਆਂ ਸਮਾਜਕ ਹਾਲਤਾਂ ਦੀ ਉਪਜ ਹੁੰਦੇ ਹਨ"-(ਮਾਰਕਸ)

ਗੈਰ ਮਾਰਕਸਵਾਦੀ ਦਰਸ਼ਨ ਦੀ ਧਾਰਨਾ ਸੀ ਕਿ ਨੇਕ-ਸੋਚ, (ਜਾਂ ਮੁਕੰਮਲ-ਵਿਚਾਰ) ਮਨੁੱਖੀ ਅਮਲ ਦੀ ਅਗਵਾਈ ਕਰਦੀ ਹੈ। ਉਹ ਨੇਕ-ਸੋਚ ਦਾ ਸਰੋਤ ਦਰਸਾਉਣ ਵਿਚ ਅਸਮਰੱਥ ਸਨ ਕਿ ਮਨੁੱਖੀ-ਮਨ ਵਿਚ ਵਿਚਾਰ ਕਿਥੋਂ ਆਉਂਦੇ ਹਨ? ਮਾਰਕਸ ਨੇ ਦਰਸਾਇਆ ਕਿ 'ਪਦਾਰਥਕ ਜਗਤ ਮਨੁੱਖੀ ਮਨ 'ਤੇ ਪ੍ਰਤੀਬਿੰਬਤ ਹੁੰਦਾ ਹੈ, ਜੋ ਵਿਚਾਰਾਂ ਦਾ ਰੂਪ ਧਾਰਦਾ ਹੈ।'

ਮਾਰਕਸ ਤੋਂ ਕਰੀਬ ਸਵਾ ਤਿੰਨ ਸੌ ਸਾਲ ਪਹਿਲਾਂ (ਸ਼ਾਇਦ ਸਭ ਤੋਂ ਪਹਿਲਾਂ) ਮਹਾਨ ਫਲਾਸਫਰ, ਗੁਰੂ ਬਾਬਾ ਨਾਨਕ ਨੇ "ਮਨ" ਨੂੰ ਪਰਭਾਸ਼ਤ ਕਰਦਿਆਂ ਲਿਖਿਆ:

"ਇਹ ਮਨੁ ਕਰਮਾ ਇਹ ਮਨੁ ਧਰਮਾ।।
ਇਹ ਮਨੁ ਪਾਚ ਤਤੁ ਤੇ ਜਨਮਾ।।" [ਭਾਵ 'ਮਨ', ਪੰਜ ਭੌਤਿਕ ਤੱਤਾਂ ; ਹਵਾ, ਪਾਣੀ, ਅੱਗ, ਮਿੱਟੀ ਅਤੇ ਆਕਾਸ਼ ਦੀ ਉਤਪਤੀ (ਤੋਂ ਜਨਮਾ) ਹੈ।]

ਮਨ ਪਦਾਰਥਕ ਉਪਜ ਹੈ। ਪਦਾਰਥਕ-ਹਰਕਤ ਦੀ ਪ੍ਰਮੁੱਖਤਾ, ਸਿਧਾਂਤਕ ਪ੍ਰਮੁੱਖਤਾ (ਉਹਦੀ ਰਜ਼ਾ 'ਚ) ਹੈ।

ਅਮਲ ਪਦਾਰਥਕ-ਗਤੀ ਦੀ ਰਜ਼ਾ ਵਿਚ ਚੱਲਣਾ ਹੈ। ਇਹ "ਪਦਾਰਥਵਾਦ" ਹੈ, ਜੋ ਪਦਾਰਥਕ-ਗਤੀ ਨਹੀਂ ਪਰਵਾਨਦੇ, ਉਹ ਪਦਾਰਥਵਾਦੀ ਕਿੱਦਾਂ ਹੋਏ?

ਮਾਰਕਸਵਾਦੀ ਹੋਣ ਲਈ ਪਦਾਰਥਵਾਦੀ-ਦਵੰਦਵਾਦੀ ਹੋਣਾ ਪੂਰਵ-ਸ਼ਰਤ ਹੈ।

ਮਾਰਕਸਵਾਦ ਦੇ 'ਗੈਰ ਮਾਰਕਸਵਾਦੀ' ਵਿਆਖਿਆਕਾਰਾਂ ਨੇ "ਆਧਾਰ ਅਤੇ ਉਸਾਰ" ਦੇ ਵਿਰੋਧਵਿਕਾਸ ਨੂੰ ਵੀ ਭੁਲਾਂਦਰਾਵਾਦੀ (ਚੌਂਗ-ਮੱਤੀ) ਬਣਾ ਦਿੱਤਾ ਹੈ।

ਮਾਰਕਸਵਾਦੀ- 'ਪਦਾਰਥਵਾਦ' ਦੀ ਧਾਰਨਾ ਹੈ ਕਿ 'ਆਧਾਰ' (Base) ਅਨੁਸਾਰ 'ਉਸਾਰ' (Superstructure) ਰੂਪ ਧਾਰਦਾ ਹੈ, ਅਤੇ ਉਸਾਰ, ਆਧਾਰ ਨੂੰ ਪ੍ਰਭਾਵਤ ਕਰਦਾ ਹੈ।

ਅਸਲ ਵਿਚ ਇਹ ਪਦਾਰਥਵਾਦ ਦੀ ਮੂਲ ਧਾਰਨਾ

[Matter determines consciousness, consciousness influences matter.] ਕਿ 'ਪਦਾਰਥ, ਚੇਤੰਨਤਾ ਦਾ ਨਿਰਧਾਰਨ ਕਰਦਾ ਹੈ ਅਤੇ ਚੇਤੰਨਤਾ, ਪਦਾਰਥ ਨੂੰ ਪ੍ਰਭਾਵਤ ਕਰਦੀ ਹੈ', ਦਾ ਸਮਾਜਕ- ਵਰਤਾਰਾ ਹੈ; ਸਮਾਜਕ ਹਾਲਤਾਂ, ਸਮਾਜਕ ਵਿਚਾਰਾਂ ਨੂੰ ਜਨਮ ਦਿੰਦੀਆਂ ਹਨ। ਸਮਾਜਕ-ਵਿਚਾਰ, ਸਮਾਜਕ ਹਾਲਤਾਂ ਦੀ ਉਪਜ ਹੁੰਦੇ ਹਨ। ਫਲਸਫਈ

ਨਿਖਾਰ-ਵਿਕਾਸ ਓੜਕਾਂ ਦਾ ਹੋਇਆ ਹੈ। ਮਾਰਕਸ ਜੋ ਮੋਢੀ ਹੈ ਉਹ ਖ਼ੁਦ ਲਿਖਦੇ ਹਨ:

"ਮੈਂ ਜਿਹੜੇ ਆਮ ਸਿੱਟਿਆਂ 'ਤੇ ਪੁੱਜਿਆ, ਜਿਹੜੇ ਬਾਅਦ ਵਿੱਚ ਮੇਰੇ ਸਾਰੇ ਅਧਿਐਨ ਦੇ ਅਗਵਾਈ ਦੇਣ ਵਾਲੇ ਅਸੂਲ ਬਣ ਗਏ, ਉਹਨਾਂ ਦਾ ਸੰਖੇਪ ਇਸ ਤਰ੍ਹਾਂ ਹੈ। ਆਪਣੀ ਹੋਂਦ ਦੇ ਸਮਾਜਕ ਉਤਪਾਦਨ ਵਿਚ ਮਨੁੱਖ ਅਟੱਲ ਤੌਰ 'ਤੇ ਨਿਸਚਤ ਸੰਬੰਧਾਂ ਵਿਚ ਪੈਦਾ ਹੁੰਦੇ ਹਨ ਜਿਹੜੇ ਉਹਨਾਂ ਦੀ ਇੱਛਾ ਤੋਂ ਆਜ਼ਾਦ ਹੁੰਦੇ ਹਨ; ਜਿਹੜੇ ਉਤਪਾਦਨ ਦੀਆਂ ਪਦਾਰਥਕ ਸ਼ਕਤੀਆਂ ਦੇ ਵਿਕਾਸ ਦੇ ਕਿਸੇ ਦਿੱਤੇ ਪੜਾਅ ਅਨੁਸਾਰ ਹੁੰਦੇ ਹਨ। ਇਹਨਾਂ ਸਬੰਧਾਂ ਦਾ ਸਮੁੱਚਾ ਢਾਂਚਾ, ਸਮਾਜ ਦਾ ਆਰਥਕ ਢਾਂਚਾ ਬਣਦਾ ਹੈ ਤੇ ਅਸਲ ਆਧਾਰ ਹੈ ਜਿਸ ਉਤੇ ਕਾਨੂੰਨੀ ਤੇ ਰਾਜਸੀ ਉਪਰਲਾ ਢਾਂਚਾ ਉਸਾਰਿਆ ਜਾਂਦਾ ਹੈ ਤੇ ਜਿਸ ਨਾਲ ਸਮਾਜੀ ਚੇਤੰਨਤਾ ਦੇ ਨਿਸਚਤ ਰੂਪ ਮੇਲ ਖਾਂਦੇ ਹੁੰਦੇ ਹਨ। ਸਮਾਜੀ, ਰਾਜਸੀ ਤੇ ਬੌਧਿਕ ਜੀਵਨ ਦੀ ਆਮ ਕਿਰਿਆ ਪਦਾਰਥਕ ਜੀਵਨ ਦੇ ਉਤਪਾਦਨ ਦੇ ਢੰਗ ਨਾਲ ਜੁੜੀ ਹੁੰਦੀ ਹੈ। ਇਹ ਮਨੁੱਖ ਦੀ ਚੇਤੰਨਤਾ ਨਹੀਂ, ਜਿਹੜੀ ਮਨੁੱਖ ਦੀ ਹੋਂਦ ਦਾ ਨਿਰਮਾਣ ਕਰਦੀ ਹੈ, ਸਗੋਂ ਉਹਨਾਂ ਦੀ ਸਮਾਜਕ ਹੋਂਦ ਹੈ, ਜਿਹੜੀ ਚੇਤੰਨਤਾ ਦਾ ਨਿਰਮਾਣ ਕਰਦੀ ਹੈ।....ਆਰਥਕ ਆਧਾਰ ਵਿੱਚ ਆਉਂਦੀਆਂ ਤਬਦੀਲੀਆਂ ਥੋੜ੍ਹੇ ਜਾਂ ਬਹੁਤੇ ਸਮੇਂ ਵਿਚ ਸਮੁੱਚੇ ਤੇ ਭਾਰੀ ਉਪਰਲੇ ਢਾਂਚੇ ਵਿੱਚ ਵੀ ਤਬਦੀਲੀਆਂ ਲਿਆਉਂਦੀਆਂ ਹਨ।....... ਕੋਈ ਵੀ ਸਮਾਜਕ ਪ੍ਰਬੰਧ ਉਦੋਂ ਤੱਕ ਤਬਾਹ ਨਹੀਂ ਕੀਤਾ ਜਾ ਸਕਦਾ, ਜਦ ਤੱਕ ਕਿ ਉਹ ਸਾਰੀਆਂ ਉਤਪਾਦਨ ਸ਼ਕਤੀਆਂ ਜਿਹਨਾਂ ਲਈ ਉਹ ਕਾਫੀ ਹੁੰਦਾ ਹੈ, ਪੂਰੀਆਂ ਵਿਕਸਤ ਨਹੀਂ ਕਰ ਲਈਆਂ ਜਾਂਦੀਆਂ, ਅਤੇ ਉਤਪਾਦਨ ਦੇ ਨਵੇਂ ਅਤੇ ਉਚੇਰੇ ਸੰਬੰਧ ਉਦੋਂ ਤੱਕ ਪੁਰਾਣੀਆਂ ਦੀ ਥਾਂ ਨਹੀਂ ਲੈ ਸਕਦੇ, ਜਦ ਤੱਕ ਉਹਨਾਂ ਦੇ ਹੋਂਦ ਵਿਚ ਆਉਣ ਲਈ ਜ਼ਰੂਰੀ ਆਰਥਕ ਹਾਲਤਾਂ ਪੁਰਾਣੇ ਢਾਂਚੇ ਵਿੱਚ ਹੀ ਤਿਆਰ ਨਹੀਂ ਹੋ ਜਾਂਦੀਆਂ। ਇਸ ਲਈ ਮਨੁੱਖਤਾ ਆਪਣੇ ਉਹੀ ਕਰਤਵ ਹੀ ਮਿੱਥਦੀ ਹੈ, ਜਿਹੜੇ ਉਹ ਪੂਰੇ ਕਰ ਸਕਦੀ ਹੈ, ਕਿਉਂਕਿ ਜੇ ਹੋਰ ਗਹਿਰੀ ਜਾਂਚ-ਪੜਤਾਲ ਕਰੀਏ ਤਾਂ ਇਹ ਗੱਲ ਦਿਸ ਜਾਂਦੀ ਹੈ, ਕਿ ਕੋਈ ਸਮੱਸਿਆ ਆਪ ਵੀ ਉਦੋਂ ਪੈਦਾ ਹੁੰਦੀ ਹੈ, ਜਦ ਇਸ ਨੂੰ ਹੱਲ ਕਰਨ ਦੀਆਂ ਪਦਾਰਥਕ ਹਾਲਤਾਂ ਪਹਿਲਾਂ ਹੀ ਕਾਇਮ ਹੋਣ ਜਾਂ ਘੱਟੋ-ਘੱਟ ਇਹ ਪ੍ਰਪੱਕ ਹੋਣ ਦੀ ਪ੍ਰਕਿਰਿਆ ਵਿਚ ਹੋਣ।"....(ਰਾਜਸੀ ਆਰਥਕਤਾ ਦੀ ਆਲੋਚਨਾ ਨੂੰ ਯੋਗਦਾਨ ਦੀ ਭੂਮਿਕ-ਵਿੱਚੋਂ)

ਇਸ ਦੀ ਹੋਰ ਪੁਸ਼ਟੀ ਲਈ: "ਇਸ ਗੱਲ ਨੂੰ ਮੰਨ ਲੈਣ ਪਿੱਛੋਂ ਕਿ ਆਰਥਕ ਵਿਵਸਥਾ ਹੀ ਉਹ ਨੀਂਹ ਹੁੰਦੀ ਹੈ, ਜਿਸ ਉਪਰ ਰਾਜਨੀਤੀ ਦਾ ਉਪਰੀ-ਢਾਂਚਾ ਖੜਾ ਹੁੰਦਾ ਹੈ, ਮਾਰਕਸ ਨੇ ਸਭ ਤੋਂ ਵੱਧ ਧਿਆਨ ਇਸੇ ਆਰਥਕ ਵਿਵਸਥਾ ਦੇ ਅਧਿਅਨ 'ਤੇ ਲਾਇਆ।-" (ਮਾਰਕਸਵਾਦ ਦੇ ਤਿੰਨ ਸੋਮੇ ਅਤੇ ਤਿੰਨ ਅਟੁੱਟ ਅੰਗ-ਲੈਨਿਨ, ਸਫਾ-405)

ਕੁਝ ਗੈਰ-ਮਾਰਕਸੀ ਅਤੇ ਕੁਝ ਕੁ ਕੱਚ-ਘਰੜ ਮਾਰਕਸਵਾਦੀਆਂ ਨੇ, ਮਾਰਕਸ-ਏਂਗਲਜ ਉਪਰ, ਆਰਥਕ-ਆਧਾਰ ਨੂੰ ਪ੍ਰਮੁੱਖ ਬਣਾਉਣ ਅਤੇ ਉਸਾਰ ਨੂੰ ਘੱਟ ਮਹੱਤਵ ਦੇਣ ਦਾ ਇਸ ਢੰਗ ਨਾਲ ਘਚੋਲਾ ਖੜਾ ਕੀਤਾ ਕਿ ਕੱਚ-ਘਰੜ ਮਾਰਕਸਵਾਦੀ, ਉਸਾਰ (ਸਟੇਟ) ਦੇ ਰੋਲ ਨੂੰ ਪ੍ਰਮੁੱਖ ਸਮਝਣ ਦੀ ਭੁੱਲ ਕਰ ਬੈਠੇ ਹਨ। ਉਦਾਹਰਨ ਵਜੋਂ, ਉਹ "ਛੁਟੇਰੀ ਕੰਮ ਦਿਹਾੜੀ" ਦੇ ਅਮਲ ਬਾਰੇ ਕਹਿਣਗੇ, "ਹਾਂ ਅਸੀਂ ਕਰਾਂਗੇ ਜਦੋਂ ਸਾਡੇ ਕੋਲ ਰਾਜ (ਸਟੇਟ) ਹੋਵੇਗਾ"।

ਇਸ ਜਵਾਬ ਦੀਆਂ ਜੜ੍ਹਾਂ, ਆਧਾਰ ਵਿੱਚ ਤਬਦੀਲੀ ਦੇ ਘੋਲ ਤੋਂ ਬਚਣ ਅਤੇ ਕੇਵਲ ਉਸਾਰ (ਇਨਕਲਾਬ ਕਰਕੇ) ਰਾਹੀਂ ਮਸਲੇ ਹੱਲ ਕਰਨ ਦੇ ਕੁਤਰਕੀ ਰਾਹ ਪੈਣਾ ਹੈ। ਇਹ ਗੈਰ-ਸਿਧਾਂਤਕ ਹੋ ਜਾਣਾ ਹੈ।" ਇਨਕਲਾਬੀ-ਸਿਧਾਂਤ ਬਗੈਰ ਕੋਈ ਇਨਕਲਾਬ ਨਹੀਂ ਹੋ ਸਕਦਾ", ਦੇ ਕਥਨ ਨੂੰ ਛੱਡ ਦੇਣਾ ਹੈ। ਇਹ ਮਿਕਦਾਰੀ ਤਬਦੀਲੀਆਂ ਦੇ ਸਿਫਤੀ ਤਬਦੀਲੀਆਂ ਵਿਚ ਵਟ ਜਾਣ ਦੇ ਨੇਮ ਤੋਂ ਪਾਸਾ ਵੱਟਣਾ ਹੈ। ਇਹ, "ਰਾਜਸੱਤਾ 'ਤੇ ਜਾਵਾਂਗੇ ਅਤੇ ਸਮੱਸਿਆਵਾਂ ਦਾ ਸਮਾਧਾਨ ਕਰਾਂਗੇ", ਦਾ ਯੂਟੋਪੀਆ ਪਾਲਣਾ ਅਤੇ ਸਮਾਜ ਸਮੇਤ ਖੁਦ ਨੂੰ ਵੀ ਧੋਖਾ ਦੇਣਾ ਹੈ। ਇਹ ਵਿਰੋਧਵਿਕਾਸ ਨੂੰ ਛੱਡ ਜਾਣਾ ਅਤੇ ਨੀਵੀਂ ਪੱਧਰ ਦਾ ਮੌਕਾਪ੍ਰਸਤ ਹੋ ਜਾਣਾ, ਸਰਗਰਮੀ ਵਿੱਚ ਅਧਿਆਤਮਵਾਦੀ ਹੋ ਜਾਣਾ ਹੈ। ਇਹ ਪਹੁੰਚ, ਚੱਕਰੀ-ਸਰਗਰਮੀ (ਰਾਜਨੀਤਕ-ਅਧਿਆਤਮਵਾਦ) ਨੂੰ ਜਨਮ ਦਿੰਦੀ ਹੈ।....



**ਭਾਗ-22**

ਮਾਰਕਸਵਾਦ ਦਾ ਉਦੇਸ਼ ਉਜਰਤੀ-ਗੁਲਾਮੀ ਦਾ ਖਾਤਮਾ ਹੈ, ਫਿਰ ਉਹ ਕਿਹੜਾ ਪੈਦਾਵਾਰੀ ਢੰਗ ਹੈ ਜੋ ਸਰਮਾਏਦਾਰਾ ਪੈਦਾਵਾਰੀ ਢੰਗ ਦੀ ਥਾਂ ਲੈ ਸਕਦਾ ਹੈ?

* ਮਾਰਕਸਵਾਦ ਦੇ ਪਰਤੱਖ ਅਤੇ ਲੁਕੇ ਵਿਰੋਧੀ ਇਕੋ ਰਟ ਦੁਹਰਾਉਂਗੇ ਕਿ "ਮਾਰਕਸਵਾਦ ਹਾਰ ਗਿਆ"

ਹੁਣ ਨਵਾਂ ਕੁਝ ਨਹੀਂ ਹੋ ਸਕਦਾ। ਉਹ ਪਰਚਾਰ ਕਰਦੇ ਹਨ; "ਸਰਮਾਏਦਾਰੀ ਸਦੀਵੀ ਹੈ"। ਉਹ ਵਧੇਰੇ ਸ਼ੋਰ ਕਰਦੇ ਹਨ ਤਾਂ ਕਿ ਲੋਕ ਭੁਲਾਂਦਰਾਵਾਦੀ ਬਣਾਏ ਜਾਣ।

* ਮਾਰਕਸਵਾਦ ਦੇ 'ਕੱਚ-ਘਰੜ ਅਨੁਆਈ' ਕਹਿੰਦੇ ਸੁਣਾਂਗੇ, "ਇਕੱਲਾ ਮਾਰਕਸਵਾਦ ਕਾਫੀ ਨਹੀਂ", ਇਸ ਦੀਆਂ ਕਮੀਆਂ ਪੂਰਨ ਲਈ, ਪੂਰਕ ਵਜੋਂ ਹੋਰ ਸਮਾਜਿਕ ਹਸਤੀਆਂ ਦੇ ਮੱਤ ਨੂੰ ਨਾਲ ਜੋੜਨਾ ਜ਼ਰੂਰੀ ਬਣ ਗਿਆ ਹੈ। ਜਿਵੇਂ ਭਾਰਤ ਵਿੱਚ ਬੀ ਆਰ ਅੰਬੇਡਕਰਵਾਦ ਆਦਿ ਨੂੰ ਅਤੇ ਕੁਝ ਕੁ ਉਸਾਰ (ਰਾਜ; ਵਿਧਾਨ, ਕਾਨੂੰਨ, ਸੱਭਿਆਚਾਰ; ਰਸਮੋ-ਰਿਵਾਜ, ਸਾਹਿਤ, ਵਿਚਾਰਧਾਰਾ; ਧਰਮ, ਰਾਜਨੀਤੀ, ਦਰਸ਼ਨ ਆਦਿ) ਵਿਚਲੇ ਵਿਗਾੜ ਗਿਣਾਉਣਗੇ।

* ਜਿਨ੍ਹਾ ਨੂੰ ਮਾਰਕਸਵਾਦੀ ਦਰਸ਼ਨ, ਰਾਜਨੀਤਕ ਆਰਥਕਤਾ ਅਤੇ ਵਿਗਿਆਨਕ ਸਾਂਝੀਵਾਲ ਸਮਾਜ

ਉਸਾਰੀ (ਜਮਾਤੀ-ਘੋਲ), ਭਾਵ; ਪਦਾਰਥਵਾਦ-ਵਿਰੋਧਵਿਕਾਸੀ ਦੀ ਬੁਨਿਆਦੀ ਸਮਝ ਹੈ, ਉਹ ਇਸ ਕਥਨ ; "ਮਾਰਕਸਵਾਦ ਸਰਬ-ਸ਼ਕਤੀਮਾਨ (omnipotent) ਹੈ ਕਿਉਂਕਿ ਇਹ ਸੱਚ ਹੈ", ਉਪਰ ਵਿਗਿਆਨਕ ਟੇਕ ਰੱਖ ਕੇ, ਸੱਚ ਦੀਆਂ ਅਗਲੀਆਂ ਪਰਤਾਂ (ਵਿਕਾਸ ਅਰੁੱਕ ਹੈ) ਜਾਨਣ ਅਤੇ ਸਮੱਸਿਆਵਾਂ ਹੱਲ ਕਰਨ ਲਈ ਯਤਨਸ਼ੀਲ ਹੋਣਗੇ। ਉਹਨਾਂ ਦੀ ਕਾਮਯਾਬੀ ਦੇ ਅਮਲ ਲਈ ਹਾਲਾਤ ਪੱਕ ਰਹੇ ਹਨ।

ਮਾਰਕਸਵਾਦ, ਕਿਸੇ ਸਮਾਜ ਦਾ ਨਾਮਕਰਨ, ਉਸ ਦੇ "ਪੈਦਾਵਾਰੀ-ਢੰਗ" ਨਾਲ ਕਰਦਾ ਹੈ। ਜਿਵੇਂ ਵਰਤਮਾਨ ਦਾ ਨਾਮਕਰਨ "ਸਰਮਾਏਦਾਰੀ ਪੈਦਾਵਾਰੀ-ਢੰਗ" ਹੈ। ਇਸ ਤੋਂ ਪਹਿਲਿਆਂ ਕਰਮਵਾਰ, ਜਗੀਰੂ, ਗੁਲਾਮਦਾਰੀ ਅਤੇ ਕਬੀਲਾਈ ਪੈਦਾਵਾਰੀ-ਢੰਗ ਨਾਲ ਵਿਗਿਆਨਕ ਪੇਸ਼ਕਾਰੀ ਕਰਦਾ ਹੈ। ਜਿਵੇਂ ਪਹਿਲੇ ਬਦਲਦੇ ਆਏ ਹਨ, ਉਵੇਂ ਹੀ ਵਰਤਮਾਨ; 'ਸਰਮਾਏਦਾਰੀ ਪੈਦਾਵਾਰੀ ਢੰਗ' ਵੀ ਆਪਣੇ ਤੋਂ ਉਚੇਰੇ, ਚੰਗੇਰੇ 'ਪੈਦਾਵਾਰੀ-ਢੰਗ' ਨੂੰ ਥਾਂ ਦੇਵੇਗਾ। ਨਵਾਂ ਪੈਦਾਵਾਰੀ-ਢੰਗ, ਆਪਣੇ ਤੋਂ ਪਹਿਲੇ ਪੈਦਾਵਾਰੀ-ਢੰਗ ਦੇ ਗਰਭ ਅੰਦਰ ਹੀ ਰੂਪ ਧਾਰਨ ਕਰਦਾ ਹੈ। ਉਹ ਕਿਤੋਂ ਬਾਹਰੋਂ, ਅੰਬਰੋਂ ਅਚਨਚੇਤੀ, ਬਣਿਆ ਬਣਾਇਆ ਨਹੀਂ ਡਿੱਗਦਾ, ਉਸ ਦਾ ਵਿਕਾਸ ਵੀ ਮਿਕਦਾਰੀ ਅਤੇ ਸਿਫਤੀ ਤਬਦੀਲੀਆਂ ਦੇ ਨੇਮ ਰਾਹੀਂ ਪਰਪੱਕਤਾ ਵੱਲ ਵਧਦਾ ਹੈ।

ਇਹ ਸਮਾਜਕ ਵਿਕਾਸ ਦਾ ਮਾਮਲਾ ਹੈ, ਇੱਥੇ ਇੱਛਾ ਦੀ ਬੇਸਬਰੀ ਨਾਲ ਕੰਮ ਨਹੀਂ ਚਲਦਾ, ਸਗੋਂ ਸਮਾਜਕ ਵਿਰੋਧਵਿਕਾਸ ਦੀ ਸੂਝ ਕੰਮ ਕਰਦੀ ਹੈ। ਲੈਨਿਨ ਨੇ ਇਹ ਸਮਝਾਉਣ ਲਈ ਕਿਹਾ ਰਾਜਨੀਤੀ ਗਿਣਤ ਨਾਲ ਨਹੀਂ, ਅਲਜ਼ਬਰੇ ਦੇ ਢੰਗ ਨਾਲ ਵਿਕਾਸ ਕਰਦੀ ਹੈ।

ਮਾਰਕਸ ਨੇ ਸਮਾਜਕ ਗਤੀਸ਼ੀਲਤਾ ਦਾ ਵਿਖਿਆਨ ਕਰਦਿਆਂ ਕਿਹਾ: [["...ਸਾਰੇ ਦੇਸ਼ਾਂ ਤੇ ਸਾਰੀਆਂ ਜਮਾਤਾਂ ਨੂੰ ਅਚੱਲ ਤੌਰ 'ਤੇ ਨਹੀਂ, ਸਗੋਂ ਗਤੀਸ਼ੀਲ ਤੌਰ 'ਤੇ ਲਿਆ ਜਾਂਦਾ ਹੈ, ਭਾਵ ਗਤੀਹੀਣਤਾ ਦੀ ਅਵਸਥਾ ਵਿਚ ਨਹੀਂ, ਸਗੋਂ ਹਰਕਤ ਵਿਚ (ਹਰਕਤ ਨੂੰ, ਆਪਣੀ ਥਾਂ, ਸਿਰਫ ਬੀਤੇ ਦੀ ਨਹੀਂ, ਸਗੋਂ ਭਵਿੱਖ ਦੇ ਦ੍ਰਿਸ਼ਟੀਕੋਣ ਤੋਂ ਵੀ ਲਿਆ ਜਾਂਦਾ ਹੈ), ਤੇ ਉਹ ਵੀ ਗੰਵਾਰੂ ਅਰਥਾਂ ਵਿਚ ਨਹੀਂ, ਜਿਨ੍ਹਾਂ ਵਿੱਚ 'ਕਰਮ-ਵਿਕਾਸਵਾਦੀਆਂ' ਵੱਲੋਂ ਇਸ ਨੂੰ ਸਮਝਿਆ ਜਾਂਦਾ ਹੈ, ਜਿਹੜੇ ਸਿਰਫ ਹੋਈਆਂ ਤਬਦੀਲੀਆਂ ਨੂੰ ਹੀ ਦੇਖਦੇ ਹਨ, ਸਗੋਂ ਵਿਰੋਧਵਿਕਾਸੀ ਤੌਰ 'ਤੇ ਇਹੋ ਜਿਹੇ ਪੈਮਾਨੇ ਦੀਆਂ ਘਟਨਾਵਾਂ ਵਿਚ ਵੀਹ ਸਾਲ ਇਕ ਦਿਨ ਨਾਲੋਂ ਜ਼ਿਆਦਾ ਨਹੀਂ ਹੁੰਦੇ,... ਮਗਰੋਂ ਜਾ ਕੇ ਐਸੇ ਦਿਨ ਵੀ ਆ ਸਕਦੇ ਹਨ, ਜਿਨ੍ਹਾਂ ਵਿੱਚ ਇਕ-ਇਕ ਵਿਚ ਵੀਹ-ਵੀਹ ਸਾਲ ਸਾਕਾਰ ਹੋਏ ਹੋਣ"।]]

ਅਜਿਹੇ ਸਮਿਆਂ ਵਿਚ 20 ਵਰ੍ਹਿਆਂ ਦਾ ਕੰਮ ਇਕੋ ਦਿਨ ਵਿੱਚ ਹੋ ਜਾਂਦਾ ਹੈ। ਸਿਫਤੀ ਤਬਦੀਲੀਆਂ ਛਾਲਾਂ ਨਾਲ ਹੁੰਦੀਆਂ ਹਨ। ਬਸ! ਲੋੜਾਂ ਦੀ ਲੋੜ, "ਸਹੀ" ਵਿਸ਼ਲੇਸ਼ਣ ਅਤੇ ਸੰਸਲੇਸ਼ਨ ਦੀ "ਏਕਤਾ" ਦੇ ਨੇਮ ਧਾਰਨ ਦੀ ਹੈ।

ਇਕ ਹੋਰ ਵਿਵਾਦ ਹੈ। ਸਾਡੇ ਯੂਨੀਵਰਸਿਟੀਆਂ ਵਿਚਲੇ ਆਪੂੰ ਬਣੇ "ਮਾਰਕਸਵਾਦੀ -ਵਿਦਵਾਨ", ਵਰਤਮਾਨ ਸੰਕਟ ਨੂੰ ਬਿਆਨ ਕਰਦਿਆਂ ਕਹਿੰਦੇ ਹਨ; 'ਇਹ "ਪ੍ਰਭਾਵੀ-ਮੰਗ" (Effective demand) ਦਾ ਸੰਕਟ ਹੈ। ਇਹੀ ਨੀਮ ਬੁਰਜੂਆ ਸਿਧਾਂਤਕਾਰ ਪਹਿਲਾਂ ਪਰਚਾਰਦੇ ਰਹੇ ਹਨ ਕਿ ਪੂਰਤੀ (Supply) ਆਪਣੀ ਮੰਗ ਪੈਦਾ ਕਰ ਲੈਂਦੀ ਹੈ। ਉਦਾਹਰਨ ਵਜੋਂ ਜਦੋਂ ਪੂਰਤੀ (ਪੈਦਾ ਕਰਨਾ) ਕਰੋਗੇ ਤਾਂ ਉਜਰਤਾਂ, ਖਰੀਦ ਸ਼ਕਤੀ ਪੈਦਾ ਕਰਕੇ ਮੰਗ ਨੂੰ ਵਧਾ ਦੇਣਗੀਆਂ। ਇਹ ਮੱਧਵਰਗੀ ਸੋਚ ਸਰਮਾਏਦਾਰੀ ਨੂੰ ਵਿਕਾਸ ਵਿਚ ਨਹੀਂ, ਸਗੋਂ ਖੜੋਤ ਵਿਚ ਰੱਖ ਕੇ, ਬਦਲਾਓ ਰਹਿਤ ਬਣੇ ਨਿਯਮਾਂ ਅਨੁਸਾਰ ਫਤਵੇ ਦਿੰਦੇ ਹਨ। ਜਦ ਕਿ ਸਰਮਾਏਦਾਰੀ ਵਿਕਾਸ ਉਤਪਾਦਕਤਾ ਦੇ ਵਾਧੇ ਨਾਲ ਅਮਲ ਧਾਰਦਾ ਹੈ। ਜਿਸ ਨਾਲ ਬੁਰਜੂਆ ਸਮਾਜ, ਸਮੂਹਕ-ਪੱਧਰ (Macro-level) ਉਪਰ ਬਦਲਦੇ-ਸਰਮਾਏ (Variable Capital) ਦਾ ਅਨੁਪਾਤ ਘਟਾਉਂਦਾ ਹੈ। ਜਿਸ ਨਾਲ ਸਮਾਜਕ ਰੂਪ ਵਿਚ ਖਰੀਦ-ਸ਼ਕਤੀ ਘਟਦੀ ਹੈ ਅਤੇ ਪ੍ਰਭਾਵੀ ਮੰਗ ਡਿੱਗ ਜਾਂਦੀ ਹੈ। ਸਰਮਾਏਦਾਰੀ ਦਾ ਆਪਸੀ ਮੁਕਾਬਲਾ ਆਪਣੇ ਮਾਲ ਦੀ ਵਿਕਰੀ ਵਧਾਉਣ ਲਈ ਇਸ਼ਤਿਹਾਰਬਾਜ਼ੀ 'ਤੇ ਖਰਚ ਕਰਕੇ ਆਰਜ਼ੀ-"ਮੰਗ" ਪੈਦਾ ਕਰਨ ਲੱਗਦਾ ਹੈ। ਇਹ ਸੰਕਟ ਇਸ਼ਤਿਹਾਰਬਾਜ਼ੀ ਦਾ ਝੱਖੜ ਝਲਾ ਦਿੰਦਾ ਹੈ, ਪਰ ਪ੍ਰਭਾਵੀ-ਮੰਗ ਵਧਣ ਦੀ ਥਾਂ ਘਟਣ ਦਾ ਰੁਝਾਨ ਰੱਖਦੀ ਹੈ, ਕਿਉਂਕਿ ਇਸ ਦੀਆਂ ਜੜ੍ਹਾਂ ਬਦਲਦੇ-ਸਰਮਾਏ (✂✲) ਦੀ ਘਟਦੀ ਮਾਤਰ ਵਿਚ ਹਨ।

ਸਵਾਲਾਂ ਦਾ ਸਵਾਲ ਅਤੇ ਹੱਲ ; ਉਤਪਾਦਕਤਾ ਦੇ ਵਾਧੇ ਨਾਲ ਮੇਲ ਖਾਂਦਾ, ਬਦਲਦੇ-ਸਰਮਾਏ (Variable Capital ) ਦੇ ਅਨੁਪਾਤ ਨੂੰ ਵੱਡਾ ਕਰਨ ਦੇ ਸੂਤਰ ਉਪਰ ਕੇਂਦਰਤ ਕਰਨਾ ਹੈ।

ਜੋ ਅਖੌਤੀ ਪ੍ਰਭਾਵੀ-ਮੰਗ ਨੂੰ ਵੀ ਵਧਾ ਦੇਵੇਗਾ ਅਤੇ ਨਵੇਂ ਪੈਦਾਵਾਰੀ-ਢੰਗ ਨੂੰ ਵੀ ਹੋਂਦ ਅਤੇ ਵਿਕਾਸ ਵਿਚ ਲੈ ਆਵੇਗਾ।

ਸਰਮਾਏ ਦੀ ਜੁੱਟ-ਬਣਤਰ (Organic composition of Capital) ਵਿਚ, ਅਬਦਲ ਸਰਮਾਇਆ: ਬਦਲਦਾ-ਸਰਮਾਇਆ ਵਿਚ, ਬਦਲਦੇ-ਸਰਮਾਏ ਦੇ ਅਨੁਪਾਤ ਨੂੰ ਵੱਡਾ ਕਰਨ ਦਾ ਹੋਰ ਕੋਈ ਰਸਤਾ ਨਹੀਂ ਹੈ, ਸਵਾਏ ਮਾਰਕਸਵਾਦ (ਮਾਰਕਸ-ਏਂਗਲਜ-ਲੈਨਿਨ) ਦੇ ਦਰਸਾਏ, ਸੁਝਾਏ; ਜੰਗਜੂ-ਹਥਿਆਰ, "ਛੁਟੇਰੀ ਕੰਮ ਦਿਹਾੜੀ" ਦੇ ਸੰਗਰਾਮ ਤੋਂ।

ਅਜਿਹੇ ਵਿਰੋਧੀਆਂ ਅਤੇ ਊਣੇ, ਬੌਣੇ ਮਾਰਕਸਵਾਦੀਆਂ ਦੀ ਕੋਈ ਕਮੀ ਨਹੀਂ, ਜਿਨ੍ਹਾਂ ਨੂੰ ਇਸ ਦਾ ਭੈਅ (proletarian phobia) ਸਤਾਉਂਦਾ ਹੈ। ਕੁਝ ਕੁ ਦਾ ਬੇਲੋੜਾ ਡਰ, 'ਵਿਅਕਤੀ ਅਤੇ ਸਮੂਹਕ' (MICRO & MACRO) ਨੂੰ ਇਕੋ ਪੱਧਰ 'ਤੇ ਸਮਝਣ ਨਾਲ ਉਲਝਿਆ ਹੋਇਆ ਹੈ। ਉਹ ਤਰਕ ਦਿੰਦੇ ਹਨ ਕਿ 'ਹਰ ਕਿਰਤੀ ਵੱਧ ਘੰਟੇ ਕੰਮ ਕਰਨਾ ਚਾਹੁੰਦਾ ਹੈ', ਫਿਰ 'ਛੁਟੇਰੀ ਕੰਮ ਦਿਹਾੜੀ' ਦਾ ਅਮਲ ਕਿਵੇਂ ਸੰਭਵ ਹੈ ਜਾਂ ਹੋਵੇਗਾ?

ਇਸ ਦਾ ਕਾਰਨ ਹੈ ਕਿ ਉਹ ਵਿਅਕਤੀ ਨੂੰ ਨਿਖੜੇ ਰੂਪ ਵਿਚ ਲੈਂਦੇ ਹਨ। ਕਿਉਂਕਿ ਉਸ ਦੀਆਂ ਉਜਰਤਾਂ, ਘੱਟੋ-ਘੱਟ ਸਤਰ 'ਤੇ ਹੋਣ ਕਾਰਨ ਅਤੇ ਬੇਰੁਜ਼ਗਾਰੀ ਕਾਰਨ ਪੁੱਤ-ਧੀ ਨੂੰ ਰੁਜ਼ਗਾਰ ਨਾ ਮਿਲਣ ਕਾਰਨ, ਉਹ ਘਰ ਦੀ ਆਮਦਨ ਵਧਾਉਣ ਲਈ, ਓਵਰ ਟਾਈਮ ਕੰਮ ਕਰਕੇ, ਪਰਵਾਰਕ ਖਰਚੇ ਪੂਰੇ ਕਰਨ ਦਾ ਉਦਮ ਕਰਦਾ ਹੈ, ਉਸ ਦੀ ਮਜਬੂਰੀ ਹੈ, ਜਿਸ ਤੋਂ ਅਜਿਹੇ 'ਹਮਦਰਦ' ਉਸ ਦਾ ਵੱਧ ਘੰਟੇ ਕੰਮ ਕਰਨ ਦੀ ਰੁਚੀ ਦਾ ਪ੍ਰਭਾਵ ਲੈ ਕੇ ਇਸ ਗਲਤ ਧਾਰਨਾ ਦਾ ਸ਼ਿਕਾਰ ਹੁੰਦੇ ਅਤੇ ਪਰਚਾਰ ਕਰਦੇ ਹਨ।

ਜਦੋਂ ਇਹ ਸਮੂਹਕ-ਪੱਧਰ (ਸਮਾਜਕ ਪੱਧਰ) 'ਤੇ ਹੋਵੇਗਾ ਤਾਂ ਉਸ ਦੀਆਂ ਉਜਰਤਾਂ ਕਾਇਮ ਰਹਿੰਦਿਆਂ, ਉਸ ਨੂੰ ਸੁਤੰਤਰ ਸਮਾਂ (ਆਪਣੀ ਇੱਛਾ ਅਨੁਸਾਰ ਵਰਤੋਂ ਦਾ ਸਮਾਂ) ਪ੍ਰਾਪਤ ਹੋਵੇਗਾ, ਉਸ ਨੂੰ ਉਹ ਲੋੜਾਂ ਦੀ ਪੂਰਤੀ ਲਈ ਹੀ ਵਰਤੋਂ ਕਰੇਗਾ ਜਾਂ ਆਰਾਮ ਕਰੇਗਾ। ਜਦੋਂ ਸਮਾਜਕ ਲੋੜਾਂ ਦੀ ਪੂਰਤੀ ਲਈ, ਸਮਾਜਕ ਜ਼ਰੂਰੀ ਕਿਰਤ ਸਮੇਂ ਦੀ ਪੂਰਤੀ, ਨਵੇਂ ਕਿਰਤੀਆਂ ਰਾਹੀਂ ਕੀਤੀ ਜਾਵੇਗੀ ਤਾਂ ਬੇਰੁਜ਼ਗਾਰ ਪੁੱਤ-ਧੀ ਨੂੰ ਮਿਲਿਆ ਕੰਮ, ਪਰਵਾਰਕ ਲੋੜਾਂ ਦੀ ਪੂਰਤੀ ਕਰਨ ਲੱਗੇਗਾ। ਸਮਾਜਕ ਪੱਧਰ (Macro-level) 'ਤੇ ਇਹ ਬਦਲਦੇ-ਸਰਮਾਏ (VC) ਦਾ ਅਨੁਪਾਤ ਵੱਡਾ ਕਰਨ ਦਾ ਅਮਲ ਹੈ। ਇਹ ਮੱਧ-ਵਰਗੀ ਅਰਥਾਂ ਵਿਚ 'ਪ੍ਰਭਾਵੀ-ਮੰਗ' ਪੈਦਾ ਕਰਨ ਦਾ ਅਮਲ ਵੀ ਹੈ।

ਇਹ "ਸਰਮਾਏਦਾਰੀ-ਪੈਦਾਵਾਰੀ-ਢੰਗ" ਦੇ ਗਰਭ ਅੰਦਰ ਨਵੇਂ, ਉਚੇਰੇ, ਪੈਦਾਵਾਰੀ-ਢੰਗ ਦੀ ਸ਼ੁਰੂਆਤ ਹੈ। ਇਸ ਦੀ ਸਮਝਦਾਰੀ ਅਤੇ ਅਮਲ ਵਿੱਚੋਂ ਸਾਂਝੀਵਾਲ ਸਮਾਜ (communist society) ਦਾ ਉਦੇ ਹੁੰਦਾ ਹੈ।

ਗੋਥਾ ਪ੍ਰੋਗਰਾਮ ਦੀ ਅਲੋਚਨਾ ਵਿਚ ਮਾਰਕਸ, "ਘੱਟ ਕੀਤੇ ਬਿਨਾਂ ਕਿਰਤ ਦੇ ਫਲ" ਦੀ "ਨਿਆਂਇਕ ਵੰਡ" ਬਾਰੇ ਵਿਗਿਆਨਕ ਵਿਸ਼ਲੇਸ਼ਨ ਪੇਸ਼ ਕਰਦਿਆਂ ਲਿਖਦੇ ਨੇ : "ਕਮਿਊਨਿਸਟ ਸਮਾਜ ਵਿਚ....

...."ਤਦ ਅਨੁਸਾਰ, ਵਿਅਕਤੀਗਤ ਉਪਜਕਾਰ ਨੂੰ ਸਮਾਜ ਤੋਂ—ਕਾਟਾਂ ਕਟ ਲਏ ਜਾਣ ਪਿੱਛੋਂ — ਐਨ ਓਨਾ ਮਿਲਦਾ ਹੈ, ਜਿੰਨਾ ਉਹ ਦੇਂਦਾ ਹੈ। ਉਹਨੇ ਜੋ ਕੁਝ ਸਮਾਜ ਨੂੰ ਦਿੱਤਾ, ਉਹ ਉਹਦੀ ਕਿਰਤ ਦੀ ਵਿਅਕਤੀਗਤ ਮਾਤਰਾ ਹੈ। ਉਦਾਹਰਨ ਵਜੋਂ ਸਮਾਜੀ ਕਿਰਤ ਦਿਹਾੜੀ, ਵਿਅਕਤੀਗਤ ਕਿਰਤ ਘੰਟਿਆਂ ਦੇ ਜੋੜ ਤੋਂ ਬਣਦੀ ਹੈ, ਵਿਅਕਤੀਗਤ ਉਪਜਕਾਰ ਦਾ ਵਿਅਕਤੀਗਤ ਕਿਰਤ ਸਮਾਂ ਸਮਾਜੀ ਕਿਰਤ ਦਿਨ ਦਾ ਹਿੱਸਾ, ਇਹਦੇ ਵਿਚ ਉਹਦਾ ਹਿੱਸਾ ਹੈ, ਜਿਹੜਾ ਉਹਨੇ ਪਾਇਆ ਹੈ। ਉਸ ਨੂੰ ਸਮਾਜ ਤੋਂ ਇਕ ਸਨਦ ਮਿਲਦੀ ਹੈ ਕਿ (ਸਾਂਝੀਆਂ ਨਿਧੀਆਂ ਲਈ ਉਹਦੀ ਕਾਟ ਕਰ ਲੈਣ ਪਿੱਛੋਂ) ਉਹਨੇ ਕਿਰਤ ਦੀ ਅਮਕੀ ਅਤੇ ਢਮਕੀ ਮਾਤਰਾ ਦਿੱਤੀ ਹੈ, ਅਤੇ ਇਸ ਸਨਦ ਨਾਲ ਉਹ ਖਪਤ ਦੇ ਸਾਧਨਾਂ ਦੇ ਸਮਾਜੀ ਭੰਡਾਰ ਵਿੱਚੋਂ ਓਨਾ ਲੈ ਲੈਂਦਾ, ਜਿੰਨੇ ਉਤੇ ਕਿਰਤ ਦੀ ਉਹੋ ਮਾਤਰਾ ਲੱਗਦੀ ਹੈ। ਉਹਨੇ ਸਮਾਜ ਨੂੰ ਇਕ ਰੂਪ ਵਿਚ ਕਿਰਤ ਦੀ ਜਿੰਨੀ ਮਾਤਰਾ ਦਿੱਤੀ ਹੈ, ਉਹਨੂੰ ਇਕ ਹੋਰ ਰੂਪ ਵਿਚ ਓਨੀ ਹੀ ਵਾਪਸ ਮਿਲ ਜਾਂਦੀ ਹੈ।" ਇਸ ਅਲੋਚਨਾ ਦੀ ਵੱਡੀ ਦੇਣ ਹੈ ਕਿ ਉਹਨਾ

'ਨਿਆਂਇਕ ਵੰਡ' ਦਾ ਖਾਕਾ ਪੇਸ਼ ਕਰ ਦਿੱਤਾ, ਜਿਸ ਨਾਲ "ਉਤਪਾਦਨ ਅਤੇ ਵੰਡ ਢੰਗ" (mode of production and distribution) ਮੁਕੰਮਲ ਰੂਪ ਵਿੱਚ ਪੇਸ਼ ਹੋ ਗਿਆ।

ਮਾਰਕਸਵਾਦ "ਛੁਟੇਰੀ ਕੰਮ ਦਿਹਾੜੀ" ਦੀ ਸਿਧਾਂਤਕੀ ਬਾਰੇ ਕਿਸੇ ਭੁਲੇਖੇ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੇ, ਉਹ ਲਿਖਦੇ ਨੇ :

"ਕੰਮ ਦੇ ਘੰਟਿਆਂ ਦੀ ਕਾਨੂੰਨੀ ਸੀਮਾ ਬਾਰੇ ਇਹ ਸੰਘਰਸ਼ ਹੋਰ ਵੀ ਤਿੱਖਾ ਤੇ ਪਰਚੰਡ ਹੋ ਗਿਆ, ਡਰ ਅਤੇ ਲੋਭ ਦੇ ਇਲਾਵਾ ਜਦੋਂ ਇਹ ਪੂਰਤੀ ਅਤੇ ਮੰਗ ਦੇ ਅੰਨ੍ਹੇ ਸ਼ਾਸਨ ਜੋ ਮੱਧ-ਵਰਗ ਦੀ ਰਾਜਨੀਤਕ ਆਰਥਕਤਾ ਬਣਾਉਂਦਾ ਹੈ ਅਤੇ ਸਮਾਜਕ ਦੂਰਅੰਦੇਸ਼ੀ ਨਾਲ ਨਿਯੰਤਰਤ ਕੀਤਾ ਸਮਾਜਕ ਉਤਪਾਦਨ ਜੋ ਕਿਰਤੀ ਵਰਗ ਦੀ ਰਾਜਨੀਤਕ ਆਰਥਿਕਤਾ ਦਾ ਰੂਪ ਧਾਰਦਾ ਹੈ, ਵਿਚਕਾਰ ਮਹਾਂ-ਮੁਕਾਬਲਾ ਮੰਨਿਆ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਯਾਦਗਾਰੀ ਫਿਲਮ ਉਸਕੀ ਰੋਟੀ

**ਤਰਸੇਮ ਬਸ਼ਰ**

ਅੱਜ ਜਿਸ ਫਿਲਮ ਦੀ ਚਰਚਾ ਕਰ ਰਿਹਾ ਹਾਂ, ਉਹ ਚਰਚਿਤ ਤਾਂ ਰਹੀ, ਪਰ ਇਹ ਸਫਲਤਾ-ਅਸਫਲਤਾ ਦੇ ਸੰਦਰਭ ਤੋਂ ਵੱਖ ਰੱਖ ਕੇ ਬਣੀ ਸੀ। ਇਹ ਇੱਕ ਨਿਰੋਲ ਕਲਾ ਫਿਲਮ ਸੀ। ਫਿਲਮ ਦਾ ਨਾਂਅ ਹੈ 'ਉਸਕੀ ਰੋਟੀ'

1969 ਵਿੱਚ ਰਿਲੀਜ਼ ਹੋਈ ਮਨੀ ਕੌਲ ਦੀ ਇਹ ਫਿਲਮ ਭਾਰਤੀ ਸਿਨੇਮਾ ਦੀਆਂ ਪ੍ਰਾਪਤੀਆਂ ਵਿੱਚੋਂ ਇਕ ਮੰਨੀ ਜਾਂਦੀ ਫ਼ਿਲਮ ਹੈ। ਫਿਲਮ ਵਿੱਚ ਨਾਮਵਰ ਕਲਾਕਾਰ ਨਹੀਂ ਸਨ। ਮਨੀ ਕੌਲ ਜਾਣਦੇ ਸਨ ਕਿ ਫਿਲਮ ਦੀ ਅਸਲੀ ਤਾਕਤ ਫਿਲਮ ਦੀ ਕਹਾਣੀ ਹੈ, ਜੋ ਮੋਹਨ ਰਾਕੇਸ਼ ਦੁਆਰਾ ਲਿਖੀ ਗਈ ਸੀ।

ਮੋਹਨ ਰਾਕੇਸ਼ ਦੀ ਗੱਲ ਕਰਨੀ ਬਹੁਤ ਜ਼ਰੂਰੀ ਹੈ। ਇਸ ਉਪਰੰਤ ਫਿਲਮ ਦੀ ਕਹਾਣੀ ਬਾਰੇ ਗੱਲ ਕਰਾਂਗੇ. ਮੋਹਣ ਰਕੇਸ਼ ਹਿੰਦੀ ਸਾਹਿਤ ਦੇ ਉਨ੍ਹਾਂ ਲੇਖਕਾਂ ਵਿਚ ਸ਼ਾਮਲ ਰਹੇ ਹਨ, ਜਿਨ੍ਹਾਂ ਘੱਟ ਲਿਖਿਆ, ਪਰ ਜਿੰਨਾ ਲਿਖਿਆ ਪਾਏਦਾਰ ਲਿਖਿਆ, ਬਦਕਿਸਮਤੀ ਨਾਲ ਮੋਹਣ ਰਕੇਸ਼ ਦਾ ਨਾਂਅ ਉਨ੍ਹਾਂ ਪੰਜਾਬੀਆਂ ਵਿਚ ਸ਼ਾਮਲ ਨਹੀਂ ਕੀਤਾ ਗਿਆ, ਜਿਨ੍ਹਾਂ ਬਾਰੇ ਇਹ ਚਰਚਾ ਚਲਦੀ ਰਹੀ ਹੈ ਕਿ ਉਹ ਭਾਵੇਂ ਹੋਰ ਭਾਸ਼ਾ ਦੇ ਲੇਖਕ ਸਨ, ਪਰ ਉਹ ਪੰਜਾਬੀ ਸਨ, ਜਿਵੇਂ ਮੰਟੋ, ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ ਤੇ ਹੋਰ।

ਮੋਹਨ ਰਾਕੇਸ਼ ਦਾ ਜਨਮ ਅੰਮ੍ਰਿਤਸਰ ਹੋਇਆ। ਉਨ੍ਹਾ ਦੀ ਕਰਮ ਭੂਮੀ ਪੰਜਾਬ ਦਾ ਮਾਝਾ ਅਤੇ ਦੋਆਬਾ ਖੇਤਰ ਕਹੀ ਜਾਂਦੀ ਹੈ।

'ਉਸਕੀ ਰੋਟੀ' ਉਨ੍ਹਾ ਦੀਆਂ ਰਚਨਾਵਾਂ ਵਿੱਚੋਂ ਇੱਕ ਪ੍ਰਸਿੱਧ ਰਚਨਾ ਹੈ, ਜਿਸ ਦੀ ਕਹਾਣੀ ਪੰਜਾਬ ਦੇ ਮੱਧ ਵਿਚ ਜਲੰਧਰ ਤੋਂ ਨਕੋਦਰ ਰੋਡ 'ਤੇ ਵਾਪਰਦੀ ਹੈ। ਬਾਲੋ ਆਪਣੀ ਛੋਟੀ ਭੈਣ ਨਾਲ ਇਕ ਪਿੰਡ ਵਿਚ ਰਹਿੰਦੀ ਹੈ। ਸੁੱਚਾ ਸਿੰਘ, ਜੋ ਕਿ ਉਸ ਦਾ ਘਰ ਵਾਲਾ ਹੈ, ਉਹ ਉਸ ਬੱਸ ਦਾ ਡਰਾਈਵਰ ਹੈ, ਜੋ ਜਲੰਧਰ ਤੋਂ ਨਕੋਦਰ ਤੱਕ ਗੇੜਾ ਕੱਢਦੀ ਹੈ ਤੇ ਇਸੇ ਸੜਕ 'ਤੇ ਉਨ੍ਹਾਂ ਦਾ ਪਿੰਡ ਹੈ। ਸੁੱਚਾ ਸਿੰਘ ਕਦੇ-ਕਦਾਈਂ ਘਰ ਆਉਂਦਾ ਹੈ, ਨਹੀਂ ਤਾਂ ਉਸ ਦੀ ਬੱਸ ਰਾਤ ਨੂੰ ਨਕੋਦਰ ਰੁਕਦੀ ਹੈ ਤੇ ਉਹ ਉੱਥੇ ਹੀ ਸੌਂਦਾ ਹੈ।

ਬਾਲੋ ਵਿਚ ਅਸੁਰੱਖਿਆ ਦੀ ਭਾਵਨਾ ਹੈ, ਉਹ ਇਕੱਲੇ ਰਹਿਣ ਕਰਕੇ ਡਰੀ ਹੋਈ ਹੈ, ਪਰ ਉਸ ਨੂੰ ਹੌਸਲਾ ਹੈ ਕਿ ਉਹ ਰੋਟੀ ਦੇ ਬਹਾਨੇ ਰੋਜ਼ ਸੁੱਚਾ ਸਿੰਘ ਨੂੰ ਮਿਲ ਲੈਂਦੀ ਹੈ ਅਤੇ ਉਸ ਨੂੰ ਇਹ ਅਹਿਸਾਸ ਰਹਿੰਦਾ ਹੈ ਕਿ ਉਸ ਦਾ ਘਰਵਾਲਾ ਹੈ, ਉਸ ਦਾ ਘਰ ਹੈ। ਉਹ ਹਰ ਰੋਜ਼ ਦੁਪਹਿਰੇ ਸੁੱਚਾ ਸਿੰਘ ਦੀ ਰੋਟੀ ਲੈ ਕੇ ਜਾਂਦੀ ਹੈ ਤੇ ਇੱਕ ਊਰਜਾ ਲੈ ਕੇ ਵਾਪਸ ਆਉਂਦੀ ਹੈ। ਕੋਈ ਉਸ ਦਾ ਆਪਣਾ ਹੈ, ਉਸ ਦਾ ਘਰ ਹੈ, ਇੱਜ਼ਤ ਵੀ ਤੇ ਇਕ ਪਛਾਣ ਵੀ।

ਸੁੱਚਾ ਸਿੰਘ ਥੋੜ੍ਹੀ ਜਿਹੀ ਦੇਰ ਬੱਸ ਰੋਕ ਕੇ ਰੋਟੀ ਲੈਂਦਾ ਹੈ ਤੇ ਇੱਕ ਦੋ ਪਲ ਗੱਲਾਂ ਕਰਕੇ ਅੱਗੇ ਨੂੰ ਚੱਲ ਪੈਂਦਾ ਹੈ। ਰੋਟੀ ਦੇਣ ਦੀ ਪ੍ਰਕਿਰਿਆ ਅਸਲ ਵਿੱਚ ਬਾਲੋ ਲਈ ਮਨੋਵਿਗਿਆਨਕ ਤੌਰ 'ਤੇ ਹੌਸਲਾ ਦੇਣ ਵਾਲੀ ਕਿਰਿਆ ਹੈ।

ਭਾਵੇਂ ਉਹ ਔਰਤ ਦੇ ਤੌਰ 'ਤੇ ਸਮਾਜ ਵਿੱਚ ਅਸੁਰੱਖਿਅਤ ਮਹਿਸੂਸ ਕਰਨ ਵਾਲੇ ਡਰ ਤੋਂ ਵੀ ਪ੍ਰਭਾਵਤ ਹੈ, ਪਰ ਉਹ ਉਨ੍ਹਾਂ ਗੱਲਾਂ ਤੋਂ ਵੀ ਡਰਦੀ ਹੈ, ਜੋ ਸੁੱਚਾ ਸਿੰਘ ਬਾਰੇ ਕਈ ਵਾਰ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ। ਕਦੇ ਕੋਈ ਕਹਿੰਦਾ ਹੈ ਕਿ ਉਸ ਨੇ ਤਾਂ ਆਪਣੀ ਗ੍ਰਹਿਸਤੀ ਨਕੋਦਰ ਵੀ ਵਸਾ ਰੱਖੀ ਹੈ। ਇਕ ਔਰਤ ਨੂੰ ਘਰ ਕਿਰਾਏ 'ਤੇ ਲੈ ਕੇ ਦਿੱਤਾ ਹੈ ਅਤੇ ਰਾਤਾਂ ਉਥੇ ਹੀ ਕੱਢਦਾ ਹੈ।

ਇਨ੍ਹਾਂ ਗੱਲਾਂ ਨਾਲ ਬਾਲੋ ਡਰ ਜਾਂਦੀ ਹੈ ਅਤੇ ਅਕਸਰ ਸੋਚਦੀ ਰਹਿੰਦੀ ਹੈ ਕਿ ਜੇ ਕਿਸੇ ਦਿਨ ਸੁੱਚਾ ਸਿੰਘ ਨੇ ਘਰ ਆਉਣਾ ਬੰਦ ਕਰ ਦਿੱਤਾ ਤਾਂ .......

ਇੱਕ ਦਿਨ ਪਿੰਡ ਦਾ ਹੀ ਇਕ ਬਦਮਾਸ਼ ਬਾਲੋ ਦੀ ਛੋਟੀ ਭੈਣ, ਜੋ ਕੇ ਬਾਲੋ ਦੇ ਘਰ ਹੀ ਰਹਿੰਦੀ ਹੈ, ਨਾਲ ਸ਼ਰਾਰਤ ਕਰਦਾ ਹੈ ਤੇ ਜਦੋਂ ਬਾਲੋ ਦੀ ਉਹ ਭੈਣ ਉਸ ਨੂੰ ਇਥੇ ਆ ਕੇ ਦੱਸਦੀ ਹੈ ਤਾਂ ਉਹ ਤਰ੍ਹਾਂ-ਤਰ੍ਹਾਂ ਦੀਆਂ ਸ਼ੰਕਾਵਾਂ ਨਾਲ ਘਿਰ ਜਾਂਦੀ ਹੈ। ਸ਼ੰਕਾਵਾਂ ਵਿੱਚ ਘਿਰੀ ਹੋਈ ਤੇ ਡਰੀ ਹੋਈ ਬਾਲੋ ਰੋਟੀ ਲਿਜਾਣ ਵਿੱਚ ਲੇਟ ਹੋ ਜਾਂਦੀ ਹੈ। ਬਦਮਾਸ਼ ਵੱਲੋਂ ਸ਼ਰਾਰਤ ਕਰਨ ਵੇਲੇ ਵੀ ਉਸ ਨੂੰ ਸੁੱਚਾ ਸਿੰਘ ਦੀ ਯਾਦ ਆਉਂਦੀ ਹੈ, ਉਹ ਸੋਚਦੀ ਹੈ ਕਿ ਜੇ ਸੁੱਚਾ ਸਿੰਘ ਨੂੰ ਇਸ ਦਾ ਪਤਾ ਲੱਗਿਆ ਤਾਂ ਉਹ ਬਦਮਾਸ਼ ਨੂੰ ਸਿੱਧਾ ਕਰ ਦੇਵੇਗਾ। ਉਹ ਦੱਸਣ ਜਾਂ ਨਾ ਦੱਸਣ ਦੀ ਦੁਚਿੱਤੀ 'ਚ ਹੈ ਅਤੇ ਲੇਟ ਹੋ ਜਾਂਦੀ ਹੈ।

ਉਸ ਨੂੰ ਆਪਣੀ ਛੋਟੀ ਭੈਣ ਦਾ ਫ਼ਿਕਰ ਵੀ ਹੈ ਤੇ ਡਰ ਵੀ, ਪਰ ਫਿਰ ਵੀ ਉਹ ਰੋਟੀ ਲੈ ਕੇ ਜਰਨੈਲੀ ਸੜਕ ਵੱਲ ਤੁਰ ਪੈਂਦੀ ਹੈ, ਕਿਉਂਕਿ ਉਸ ਦੇ ਅੰਦਰ ਦਾ ਡਰ ਉਸ ਨੂੰ ਆਰਾਮ ਨਾਲ ਬੈਠਣ ਨਹੀਂ ਦਿੰਦਾ। ਉਹ ਜਾਣਦੀ ਹੈ ਕਿ ਬੱਸ ਨਿਕਲ ਗਈ ਹੈ ਤੇ ਹੁਣ ਨਕੋਦਰ ਤੋਂ ਵਾਪਸ ਆ ਰਹੀ ਬਸ ਦੋ-ਤਿੰਨ ਘੰਟਿਆਂ ਬਾਅਦ ਆਵੇਗੀ, ਪਰ ਉਹ ਫਿਰ ਵੀ ਘਰੋਂ ਇਸ ਲਈ ਚੱਲ ਪੈਂਦੀ ਹੈ। ਉਹ ਜਾਣ ਚੁੱਕੀ ਹੁੰਦੀ ਹੈ ਕਿ ਸੁੱਚਾ ਸਿੰਘ ਅੱਜ ਕਿੰਨਾ ਨਾਰਾਜ਼ ਹੋਇਆ ਹੋਵੇਗਾ, ਪਰ ਦੇਰੀ ਹੋਈ ਦੇ ਮਨ ਵਿੱਚ ਤੀਬਰ ਇੱਛਾ ਹੁੰਦੀ ਹੈ ਕਿ ਉਹ ਸੁੱਚਾ ਸਿੰਘ ਨੂੰ ਮਿਲ ਲਵੇ।




ਜਰਨੈਲੀ ਸੜਕ 'ਤੇ ਬਣੇ ਬੱਸ ਅੱਡੇ 'ਤੇ ਉਹ ਪਹੁੰਚ ਤਾਂ ਜਾਂਦੀ ਹੈ, ਪਰ ਉਹ ਏਨੀ ਡਰੀ ਹੁੰਦੀ ਹੈ ਕਿ ਉੱਥੋਂ ਦੀ ਹਰ ਚੀਜ਼ ਉਸ ਨੂੰ ਡਰਾਉਣੀ ਲੱਗਣ ਲੱਗ ਪੈਂਦੀ ਹੈ। ਕਦੇ ਉਸ ਨੂੰ ਆਪਣੀ ਛੋਟੀ ਭੈਣ ਦਾ ਖਿਆਲ ਆਉਂਦਾ ਹੈ, ਕਦੇ ਉਸ ਬਦਮਾਸ਼ ਦਾ, ਜਿਸ ਨੇ ਉਸ ਨਾਲ ਛੇੜਖਾਨੀ ਕੀਤੀ ਹੈ ਤੇ ਕਦੇ ਆਪਣੇ ਘਰ ਵਾਲੇ ਸੁੱਚਾ ਸਿੰਘ ਦੇ ਤਮ-ਤਿਮਾਏ ਚਿਹਰੇ ਦਾ।

ਨਕੋਦਰ ਤੋਂ ਵਾਪਸ ਬੱਸ ਸ਼ਾਮ ਨੂੰ ਆਉਂਦੀ ਹੈ, ਉਹ ਸੁੱਚਾ ਸਿੰਘ ਨੂੰ ਰੋਟੀ ਫੜਾਉਂਦੀ ਹੈ ਤਾਂ ਸੁੱਚਾ ਸਿੰਘ ਰੋਟੀ ਲੈਣ ਤੋਂ ਇਨਕਾਰ ਕਰ ਦਿੰਦਾ ਹੈ। ਉਹ ਗੁੱਸੇ ਵਿਚ ਤਪਿਆ ਹੋਇਆ ਹੈ। ਸੁੱਚਾ ਸਿੰਘ ਬਹੁਤ ਗੁੱਸੇ ਵਿਚ ਹੈ, ਉਹ ਨਹੀਂ ਜਾਣਦਾ ਹੁੰਦਾ ਕਿ ਬਾਲੋ ਨਾਲ ਕੀ ਕੁਝ ਵਾਪਰਿਆ ਹੈ। ਬਾਲੋ ਕੋਸ਼ਿਸ਼ ਵੀ ਕਰਦੀ ਹੈ ਕਿ ਸੁੱਚਾ ਸਿੰਘ ਨੂੰ ਦੱਸੇ ਕਿ ਅੱਜ ਉਸ ਬਦਮਾਸ਼ ਨੇ ਉਸ ਦੀ ਭੈਣ ਨਾਲ ਛੇੜਖਾਨੀ ਕੀਤੀ ਹੈ, ਪਰ ਸੁੱਚਾ ਸਿੰਘ ਕੁਝ ਸੁਣਨ ਨੂੰ ਤਿਆਰ ਨਹੀਂ, ਉਹ ਬੱਸ ਨੂੰ ਜਲੰਧਰ ਵਾਲੇ ਪਾਸੇ ਨੂੰ ਤੋਰ ਲੈਂਦਾ ਹੈ।

ਬਾਲੋ ਕੋਲ ਹੁਣ ਕੋਈ ਚਾਰਾ ਨਹੀਂ ਹੁੰਦਾ, ਹੁਣ ਬੱਸ ਵੀ ਵਾਪਸ ਆਏਗੀ ਤਾਂ ਰਾਤ ਨੂੰ ਕਾਫੀ ਹਨੇਰੇ, ਪਰ ਉਹ ਏਨੀ ਅਸੁਰੱਖਿਆ ਦੀ ਭਾਵਨਾ ਨਾਲ ਘਿਰੀ ਹੁੰਦੀ ਹੈ ਕਿ ਉਹ ਨਹੀਂ ਚਾਹੁੰਦੀ ਕਿ ਸੁੱਚਾ ਸਿੰਘ ਕਿਸੇ ਗੱਲੋਂ ਨਾਰਾਜ਼ ਹੋ ਜਾਵੇ ਤੇ ਉਨ੍ਹਾਂ ਦਾ ਇਹ ਰਿਸ਼ਤਾ ਟੁੱਟ ਜਾਵੇ।

ਬੱਸ ਅੱਡੇ ਦੇ ਨੇੜੇ ਖੇਤਾਂ ਵਿਚ ਕੋਈ ਗੀਤ ਗਾ ਰਿਹਾ ਹੈ ਤਾਂ ਉਹ ਬਚਪਨ ਦੇ ਦਿਨਾਂ ਵਿੱਚ ਚਲੀ ਜਾਂਦੀ ਹੈ। ਫਿਰ ਆਪਣੇ ਪਿਤਾ ਦੇ ਕੋਲ ਗੁਜ਼ਾਰੇ ਦਿਨਾਂ ਨੂੰ ਯਾਦ ਕਰਦੀ ਹੈ। ਪਿਤਾ ਦੇ ਹੁੰਦਿਆਂ ਉਸ ਨੂੰ ਕਦੇ ਡਰ ਨਹੀਂ ਸੀ ਲੱਗਿਆ। ਉਸ ਨੂੰ ਯਾਦ ਆਉਂਦਾ ਹੈ ਕਿ ਡਰ ਤਾਂ ਉਸ ਨੂੰ ਸੁੱਚਾ ਸਿੰਘ ਕੋਲ ਹੁੰਦਿਆਂ ਵੀ ਨਹੀਂ ਸੀ ਲੱਗਿਆ, ਪਰ ਇਹ ਡਰ ਜ਼ਰੂਰ ਉਸ ਨੂੰ ਅੰਦਰੋ-ਅੰਦਰੀ ਖਾ ਰਿਹਾ ਹੈ ਕਿ ਕਿਤੇ ਸੁੱਚਾ ਸਿੰਘ ਉਸ ਨੂੰ ਛੱਡ ਹੀ ਨਾ ਦੇਵੇ......ਤਦੇ ਉਹਨੂੰ ਉਸ ਇਸਤਰੀ ਨੂੰ ਮਿਲਣ ਦੀ ਇੱਛਾ ਹੁੰਦੀ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਸੁੱਚਾ ਸਿੰਘ ਨੇ ਉਸ ਨੂੰ ਨਕੋਦਰ ਰੱਖਿਆ ਹੋਇਆ ਹੈ।

ਪਿਆਓ 'ਤੇ ਖੜ੍ਹਾ ਬੰਦਾ ਸ਼ਾਮ ਨੂੰ ਉਸ ਨੂੰ ਕਹਿੰਦਾ ਹੈ ਕਿ ਉਹ ਹੁਣ ਘਰ ਚਲੀ ਜਾਵੇ, ਪਰ ਉਹ ਉਸ ਨੂੰ ਕਹਿ ਦਿੰਦੀ ਹੈ ਕਿ ਨਹੀਂ ਉਹ ਘਰ ਨਹੀਂ ਜਾਵੇਗੀ, ਉਹ ਸੁੱਚਾ ਸਿੰਘ ਨੂੰ ਰੋਟੀ ਦੇਣ ਲਈ ਇੰਤਜ਼ਾਰ ਕਰੇਗੀ। ਪਿਆਓ ਵਾਲਾ ਬੰਦਾ ਹੈਰਾਨ ਹੁੰਦਾ ਹੈ ਕਿ ਇਕ ਰੋਟੀ ਦੇਣ ਵਾਸਤੇ ਇਹ ਕੈਸੀ ਜ਼ਿੱਦ ਹੈ, ਡਰਾਈਵਰ ਆਦਮੀ ਹੈ, ਉਹ ਕਿਸੇ ਢਾਬੇ 'ਤੇ ਵੀ ਖਾ ਲਵੇਗਾ।

ਉਹ ਵੀ ਹਨੇਰਾ ਹੋਣ 'ਤੇ ਘਰੇ ਚਲੇ ਜਾਂਦਾ ਹੈ ਤੇ ਉੱਥੇ ਬੈਠਾ ਇੱਕ ਭਿਖਾਰੀ ਵੀ ਪਤਾ ਨਹੀਂ ਕਿੱਧਰ ਚਲੇ ਜਾਂਦਾ ਹੈ, ਪਰ ਬਾਲੋ ਉੱਥੇ ਹੀ ਬੈਠੀ ਰਹਿੰਦੀ ਹੈ, ਭਾਵੇਂ ਕਿ ਵਾਰ-ਵਾਰ ਉਸ ਨੂੰ ਆਪਣੀ ਭੈਣ ਦਾ ਖਿਆਲ ਆਉਂਦਾ ਹੈ, ਜੋ ਡਰੀ ਹੋਈ, ਸਹਿਮੀ ਹੋਈ ਘਰੇ ਬੈਠੀ ਉਸ ਦਾ ਇੰਤਜ਼ਾਰ ਕਰ ਰਹੀ ਹੈ।

ਬਾਲੋ ਦਾ ਇਹ ਅੰਦਰੂਨੀ ਡਰ ਉਦੋਂ ਹੀ ਖਤਮ ਹੋ ਸਕਦਾ ਹੈ, ਜਦੋਂ ਸੁੱਚਾ ਸਿੰਘ ਉਸ ਦੀ ਰੋਟੀ ਲੈ ਲਵੇ ਅਤੇ ਉਸ ਨੂੰ ਇਹ ਅਹਿਸਾਸ ਹੋ ਜਾਵੇ ਕਿ ਸਾਡਾ ਰਿਸ਼ਤਾ ਬਣਿਆ ਹੋਇਆ ਹੈ। ਰੋਟੀ ਦੇਣ ਤੋਂ ਬਗੈਰ ਉਸ ਨੂੰ ਚੈਨ ਨਹੀਂ ਆਉਣਾ।

ਉਹ ਹਨੇਰੇ ਵਿੱਚ ਡਰੀ ਹੋਈ ਬੈਠੀ ਹੈ। ਕਈ ਵਾਰ ਉਸ ਨੂੰ ਪਿਆਸ ਲੱਗਦੀ ਹੈ, ਪਰ ਉਹ ਪਾਣੀ ਪੀ ਨਹੀਂ ਸਕਦੀ ਹੁੰਦੀ। ਪਿਆਓ ਵਿੱਚ ਪਾਣੀ ਖ਼ਤਮ ਵੀ ਹੋ ਚੁੱਕਿਆ ਹੁੰਦਾ ਹੈ, ਉਹ ਅਰਧ ਬੇਹੋਸ਼ੀ ਦੀ ਹਾਲਤ ਵਿੱਚ ਚਲੀ ਜਾਂਦੀ ਹੈ, ਉਸ ਨੂੰ ਅਜੀਬੋ-ਗਰੀਬ ਖਿਆਲ ਆਉਂਦੇ ਹਨ। ਕਦੇ ਆਪਣੀ ਛੋਟੀ ਭੈਣ ਦੇ, ਕਦੇ ਆਪਣੀ ਮਾਤਾ ਦੇ, ਕਦੇ ਰੋਹਟ ਵਿਚ ਆਉਂਦੀਆਂ ਆਵਾਜ਼ਾਂ ਦੇ ਤੇ ਕਦੇ ਸਹੇਲੀਆਂ ਨਾਲ ਗਾਏ ਹੋਏ ਮਾਹੀਆ-ਮਾਹੀਏ ਦੇ ਟੱਪੇ।

ਦਰਅਸਲ ਉਹ ਮਨੋ-ਕਲਪਿਤ ਸਦਮੇ ਕਾਰਨ ਬੇਹੋਸ਼ ਹੋ ਚੁੱਕੀ ਹੁੰਦੀ ਹੈ, ਅਰਧ ਮੂਰਛਿਤ।

ਇੱਥੇ ਕਹਾਣੀ ਦਾ ਪਾਠਕ ਜਾਂ ਫ਼ਿਲਮ ਦਾ ਦਰਸ਼ਕ ਇਹ ਸੋਚਣ ਲਗਦਾ ਹੈ ਕਿ ਬਾਲੋ ਇੱਥੇ ਮੁੱਕ ਜਾਵੇਗੀ ਅਤੇ ਸੁੱਚਾ ਸਿੰਘ ਸ਼ਾਇਦ ਵਾਪਸ ਨਾ ਆਵੇ, ਪਰ ਕਹਾਣੀ ਇੱਥੋਂ ਨਵਾਂ ਮੋੜ ਕੱਟਦੀ ਹੈ, ਜਦੋਂ ਬਾਲੋ ਅਰਧ ਮੂਰਛਿਤ ਪਈ ਹੁੰਦੀ ਹੈ ਤਾਂ ਸੁੱਚਾ ਸਿੰਘ ਉਸ ਨੂੰ ਆ ਕੇ ਜਗਾਉਂਦਾ ਹੈ, ਉਹ ਉਸ 'ਤੇ ਨਾਰਾਜ਼ ਵੀ ਹੁੰਦਾ ਹੈ ਕਿ ਉਹ ਰਾਤ ਤੱਕ ਉਸ ਨੂੰ ਰੋਟੀ ਦੇਣ ਲਈ ਬੈਠੀ ਰਹੀ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

CMYK

5-Nov-Sunday.qxd 11/4/2023 10:03 PM Page 5



# ਭਵਿੱਖ ਦੇ ਭਾਰਤ ਲਈ ਮਿਲਦੇ ਕੌੜੇ ਸੰਕੇਤਾਂ ਦਾ ਭੋਲੀ-ਭਾਰਤੀਅਤਾ ਨੂੰ ਪਤਾ ਹੀ ਕੋਈ ਨਹੀਂ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਭਾਰਤ ਦੀ ਕੇਂਦਰੀ ਸੱਤਾ ਦਾ ਸੈਮੀ-ਫਾਈਨਲ ਕਹੀਆਂ ਜਾਂਦੀਆਂ ਪੰਜ ਰਾਜਾਂ ਦੀਆਂ ਚੋਣਾਂ ਲਈ ਸਰਗਰਮੀ ਜਦੋਂ ਸਿਖਰਾਂ ਉੱਤੇ ਹੈ, ਓਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਰੋਧੀ ਧਿਰ ਦੇ ਆਗੂਆਂ ਨੂੰ ਦਿੱਤੀ ਸਿੱਧੀ ਬਹਿਸ ਦੀ ਚੁਣੌਤੀ ਨੇ ਏਥੇ ਰਾਜਨੀਤਕ ਬਹਿਸ ਲਈ ਨਵਾਂ ਮੁੱਦਾ ਖੜਾ ਕਰ ਦਿੱਤਾ ਸੀ। ਵਿਰੋਧੀ ਧਿਰ ਦੇ ਆਗੂ ਕਦੀ ਇਸ ਸਿੱਧੀ ਬਹਿਸ ਦੀ ਹਾਂ ਕਰਦੇ ਅਤੇ ਕਦੀ ਸ਼ਰਤਾਂ ਲਾਉਣ ਦੇ ਬਾਅਦ ਪਾਸਾ ਵੱਟਦੇ ਰਹੇ ਤੇ ਅਖੀਰਲੇ ਦਿਨ ਇਸ ਤੋਂ ਕਿਨਾਰਾ ਕਰ ਗਏ, ਪਰ ਮੁੱਖ ਮੰਤਰੀ ਨੇ ਇਹ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਉਸ ਨੇ ਇੱਕ-ਤਰਫਾ ਬਹਿਸ ਬਹਾਨੇ ਭਾਸ਼ਣ ਦੇ ਦੌਰਾਨ ਆਪਣਾ ਪੱਖ ਲੋਕਾਂ ਮੂਹਰੇ ਰੱਖਿਆ ਅਤੇ ਦੂਸਰਿਆਂ ਦੀਆਂ ਪਿਛਲੀਆਂ ਸਰਕਾਰਾਂ ਦਾ ਕਾਲਾ-ਚਿੱਟਾ ਹਰ ਇੱਕ ਨੁਕਤਾ ਵੀ ਲੋਕਾਂ ਸਾਹਮਣੇ ਰੱਖਣ ਤੋਂ ਕੋਈ ਨਹੀਂ ਰਹਿਣ ਦਿੱਤਾ। ਜਿਹੜੇ ਵਿਰੋਧੀ ਆਗੂ ਓਥੇ ਨਹੀਂ ਸਨ ਗਏ, ਉਨ੍ਹਾਂ ਇਸ ਬਾਰੇ ਓਸੇ ਸ਼ਾਮ ਜਾਂ ਅਗਲੇ ਦਿਨਾਂ ਵਿੱਚ ਆਪਣਾ ਪੱਖ ਪ੍ਰੈੱਸ ਕਾਨਫਰੰਸਾਂ ਜਾਂ ਬਿਆਨਾਂ ਰਾਹੀਂ ਪੇਸ਼ ਕਰ ਲਿਆ। ਇਸ ਬਹਿਸ ਦੌਰਾਨ ਫਿਰ ਜਿੱਤਿਆ ਕੌਣ ਤੇ ਹਾਰਿਆ ਕੌਣ, ਇਸ ਵੇਲੇ ਅਸੀਂ ਇਸ ਚਰਚਾ ਵਿੱਚ ਨਹੀਂ ਪੈ ਰਹੇ, ਇਸ ਦੀ ਥਾਂ ਭਾਰਤ ਦੇ ਕੌਮੀ ਪਿੜ ਵਿੱਚ ਜਿੱਦਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਉਨ੍ਹਾਂ ਦੇ ਵਹਿਣ ਨੂੰ ਵੱਧ ਨੀਝ ਨਾਲ ਵੇਖ ਰਹੇ ਹਾਂ।

ਆਮ ਪ੍ਰਭਾਵ ਹੈ ਕਿ ਭਾਰਤ ਦਾ ਕੌਮੀ ਮੀਡੀਆ ਭਾਰਤੀ ਜਨਤਾ ਪਾਰਟੀ ਜਾਂ ਉਸ ਨਾਲ ਜੁੜੇ ਹੋਏ ਵੱਡੇ ਕਾਰਪੋਰੇਟ ਘਰਾਣਿਆਂ ਦੇ ਕੰਟਰੋਲ ਵਿੱਚ ਹੋਣ ਕਾਰਨ ਇੱਕ-ਤਰਫਾ ਪ੍ਰਚਾਰ ਵਰਗੀਆਂ ਖਬਰਾਂ ਤੇ ਬਹਿਸਾਂ ਵਿਖਾ-ਵਿਖਾ ਕੇ ਆਪਣੀ ਭਰੋਸੇਯੋਗਤਾ ਵੀ ਗੁਆਈ ਫਿਰਦਾ ਹੈ ਅਤੇ ਦਰਸ਼ਕਾਂ ਦਾ ਘੇਰਾ ਵੀ। ਇਸ ਦੀ ਥਾਂ ਭਾਰਤ ਵਿੱਚ ਸੋਸ਼ਲ ਮੀਡੀਆ ਦੇ ਵੱਧ ਚਰਚਿਤ ਹੋ ਜਾਣ ਦੀ ਗੱਲ ਕੋਈ ਵੀ ਰੱਦ ਨਹੀਂ ਕਰਦਾ ਅਤੇ ਸੋਸ਼ਲ ਮੀਡੀਆ ਵਿੱਚ ਸਰਕਾਰ ਦੇ ਪ੍ਰਚਾਰ ਦੇ ਐਨ ਉਲਟ ਏਨਾ ਕੁਝ ਪੇਸ਼ ਹੋਈ ਜਾਂਦਾ ਹੈ ਕਿ ਉਸ ਦੀ ਮਾਰ ਵੀ ਢਿੱਲੀ ਨਹੀਂ। ਇਸ ਨਾਲ ਚੋਣ ਜੰਗ ਵਿੱਚ ਨਵਾਂ ਦੌਰ ਸ਼ੁਰੂ ਹੋ ਚੁੱਕਾ ਹੈ ਤੇ ਪੰਜਾਂ ਰਾਜਾਂ ਦੀਆਂ ਚੋਣਾਂ ਵਿੱਚ ਲੜਾਈ ਲੀਡਰਾਂ ਤੋਂ ਵੱਧ ਮੀਡੀਆ ਚੈਨਲਾਂ ਦੀ ਬਣੀ ਜਾਂਦੀ ਹੈ। ਜਿਹੜੇ ਵੱਡੇ ਘਰਾਣੇ ਕਦੀ ਨਰਿੰਦਰ ਮੋਦੀ ਨੂੰ ਮੁੱਖ ਮੰਤਰੀ ਤੇ ਫਿਰ ਪ੍ਰਧਾਨ ਮੰਤਰੀ ਵਜੋਂ ਕਾਮਯਾਬੀ ਦੇ ਅਜੋਕੇ ਪੜਾਅ ਤੱਕ ਪੁਚਾਉਣ ਵਾਸਤੇ ਮਦਦਗਾਰ ਸਮਝੇ ਜਾਂਦੇ ਸਨ, ਉਨ੍ਹਾਂ ਵਿੱਚੋਂ ਕਈ ਇਸ ਵੇਲੇ ਪੈਰ ਪਿੱਛੇ ਖਿੱਚ ਰਹੇ ਜਾਪਦੇ ਹਨ। ਇਸ ਦੇ ਉਲਟ ਕਾਂਗਰਸ ਵਾਲੀ ਧਿਰ ਪਹਿਲਾਂ ਨਾਲੋਂ ਕੁਝ ਉੱਠਦੀ ਤਾਂ ਜਾਪਦੀ ਹੈ, ਪਰ ਅਜੇ ਵੀ ਉਸ ਪੱਧਰ ਤੱਕ ਪਹੁੰਚਣ ਦੀ ਗੱਲ ਦਿਖਾਈ ਨਹੀਂ ਦੇਂਦੀ, ਜਦੋਂ ਉਸ ਬਾਰੇ ਕਿਹਾ ਜਾਵੇ ਕਿ ਚੋਣਾਂ ਵਿੱਚ ਤਖਤਾ ਪਲਟ ਸਕਦੀ ਹੈ। ਇਸ ਨਾਲ ਟੱਕਰ ਲਈ ਜਿਹੜਾ ਇੰਡੀਆ ਗੱਠਜੋੜ ਬਣਾਇਆ ਗਿਆ ਸੀ, ਉਸ ਵਿੱਚ ਪੰਜ ਰਾਜਾਂ ਦੀਆਂ ਚੋਣਾਂ ਲਈ ਸੀਟਾਂ ਵੰਡਣ ਲਈ ਏਨੀ ਖਹਿਬਾਜ਼ੀ ਹੋਈ ਕਿ ਸਰਕਾਰ ਪੱਖੀ ਮੀਡੀਏ ਨੂੰ ਇਹ ਕਹਿਣਾ ਸੌਖਾ ਹੋ ਗਿਆ ਕਿ ਇਹ ਗੱਠਜੋੜ ਗੇਅਰ ਵਿੱਚ ਪੈਣ ਤੋਂ ਵੀ ਪਹਿਲਾਂ ਖਿੱਲਰਨ ਲੱਗ ਪਿਆ ਹੈ। ਅਸਲ ਵਿੱਚ ਇਹੋ ਜਿਹੀ ਕੋਈ ਗੱਲ ਹਾਲ ਦੀ ਘੜੀ ਨਹੀਂ। ਸੀਟਾਂ ਦੀ ਵੰਡ-ਵੰਡਾਈ ਲਈ ਇੱਕੋ ਪਾਰਟੀ ਵਿੱਚ ਵੀ ਰੇੜਕੇ ਪੈ ਜਾਇਆ ਕਰਦੇ ਹਨ, ਅਸਲ ਮੁੱਦਾ ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਦਾ ਹੋਵੇਗਾ।

ਚੋਣਾਂ ਨੇੜੇ ਅਸੀਂ ਇੱਕ ਜਾਂ ਦੂਸਰੀ ਪਾਰਟੀ ਤੇ ਇੱਕ ਜਾਂ ਦੂਸਰੀ ਧਿਰ ਦੇ ਪੱਖ ਜਾਂ ਵਿਰੋਧ ਵਿੱਚ ਖੁਦ ਕਿਸੇ ਤਰ੍ਹਾਂ ਦੀ ਕਿਆਫੇਬਾਜ਼ੀ ਕਰਨ ਦੀ ਥਾਂ ਉਹ ਗੱਲ ਕਹਿਣੀ ਚਾਹੁੰਦੇ ਹਾਂ, ਜਿਹੜੀ ਆਮ ਲੋਕ ਮੂੰਹੋਂ-ਮੂੰਹ ਕਹਿੰਦੇ ਹਨ ਅਤੇ ਇਸ ਦੇਸ਼ ਦੇ ਸਾਰੇ ਲੀਡਰ ਵੀ ਜਾਣਦੇ ਹਨ ਕਿ ਉਨ੍ਹਾਂ ਬਾਰੇ ਭਾਰਤੀ ਲੋਕਾਂ ਦੀ ਕੀ ਰਾਏ ਹੈ! ਇਹ ਕੋਈ ਕਹਿਣ ਦੀ ਗੱਲ ਨਹੀਂ ਰਹਿ ਗਈ ਕਿ ਆਮ ਲੋਕਾਂ ਦੀ ਨਜ਼ਰ ਵਿੱਚ ਅੱਜਕੱਲ੍ਹ ਕਿਸੇ ਦਾ ਸਿਆਸੀ ਆਗੂ ਹੋਣਾ ਹੀ ਭਰੋਸੇਯੋਗਤਾ ਦੇ ਪੱਖੋਂ ਸੱਖਣਾ ਹੋਣ ਦਾ ਪਹਿਲਾਂ ਸੰਕੇਤ ਸਮਝਿਆ ਜਾਣ ਲੱਗਦਾ ਹੈ। ਕੋਈ ਇੱਕ ਵੀ ਪਾਰਟੀ ਇਸ ਤਰ੍ਹਾਂ ਦੀ ਨਹੀਂ, ਜਿਸ ਨੇ ਕਦੀ ਕੋਈ ਬੇਅਸੂਲੇ ਸਮਝੌਤੇ ਨਾ ਕੀਤੇ ਅਤੇ ਤੋੜੇ ਨਾ ਹੋਣ ਤੇ ਜਿਨ੍ਹਾਂ ਆਗੂਆਂ ਨੂੰ ਕੱਲ੍ਹ ਤੱਕ ਗੰਦਗੀ ਦੇ ਢੇਰਾਂ ਜਿੰਨੀ ਸੜ੍ਹਿਆਂਦ ਛੱਡਦੇ ਆਖਿਆ ਹੋਵੇ, ਉਨ੍ਹਾਂ ਨੂੰ ਆਪਣੇ ਨਾਲ ਜੋੜਿਆ ਅਤੇ ਵੱਡੇ ਅਹੁਦੇ ਤੇ ਵਜ਼ੀਰੀਆਂ ਦੇ ਗੱਫੇ ਨਾ ਬਖਸ਼ੇ ਹੋਣ। ਇਸ ਵਕਤ ਇਹ ਦੋਸ਼ ਭਾਜਪਾ ਉੱਤੇ ਸਭ ਤੋਂ ਵੱਧ ਲੱਗਦਾ ਹੈ, ਪਰ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਉੱਤੇ ਨਜ਼ਰ ਪਾਈ ਜਾਵੇ ਤਾਂ ਸਭ ਤੋਂ ਲੰਮਾਂ ਸਮਾਂ ਕੇਂਦਰ ਤੇ ਰਾਜਾਂ ਵਿਚਲੀਆਂ ਸਰਕਾਰਾਂ ਚਲਾਉਂਦੀ ਰਹੀ ਕਾਂਗਰਸ ਪਾਰਟੀ ਇਸ ਵਰਤਾਰੇ ਦੀ ਮੋਢੀ ਮੰਨੀ ਜਾ ਸਕਦੀ ਹੈ। ਜਿਨ੍ਹਾਂ ਲੋਕਾਂ ਨੂੰ ਉਹ ਦੇਸ਼-ਧਰੋਹੀ ਤੇ ਗੱਦਾਰ ਕਹਿੰਦੀ ਹੁੰਦੀ ਸੀ, ਬਾਅਦ ਵਿੱਚ ਉਨ੍ਹਾਂ ਦੇ ਨਾਲ ਹੀ ਸਾਂਝ ਪਾ ਲੈਂਦੀ ਸੀ ਅਤੇ ਕੁਝ ਥਾਂਈਂ ਉਨ੍ਹਾਂ ਨੂੰ ਰਾਜਾਂ ਦੇ ਮੁੱਖ ਮੰਤਰੀ ਬਣਾ ਚੁੱਕੀ ਸੀ। ਇਹੋ ਕੁਝ ਭਾਜਪਾ ਵਾਲੇ ਅੱਜਕੱਲ੍ਹ ਕਰਦੇ ਹਨ। ਵਿਰੋਧੀ ਗੱਠਜੋੜ ਦੇ ਨਾਲ ਹੋਵੇ ਤਾਂ ਐੱਨ ਸੀ ਪੀ ਵਾਲੇ ਸ਼ਰਦ ਪਵਾਰ ਦਾ ਭਤੀਜਾ ਅਜੀਤ ਪਵਾਰ ਏਨਾ ਮਾੜਾ ਗਿਣਿਆ ਜਾਂਦਾ ਸੀ ਕਿ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਸ ਦੇ ਕਿਰਦਾਰ ਬਾਰੇ ਟਿਪਣੀਆਂ ਦੀ ਲੜੀ ਬੰਨ੍ਹੀ ਜਾਂਦਾ ਸੀ, ਪਰ ਕੁਝ ਚਿਰ ਪਿੱਛੋਂ ਉਹੀ ਅਜੀਤ ਪਵਾਰ ਜਦੋਂ ਭਾਜਪਾ ਵਾਲੇ ਪਾਸੇ ਆ ਗਿਆ ਤਾਂ ਉਸ ਰਾਜ ਦਾ ਡਿਪਟੀ ਮੁੱਖ ਮੰਤਰੀ ਵੀ ਬਣਾ ਦਿੱਤਾ ਸੀ ਅਤੇ ਉਸ ਦੇ ਪਿਛਲੇ ਸਾਰੇ ਕੇਸ ਵੀ ਰੱਦ ਕਰਵਾ ਦਿੱਤੇ ਸਨ।

ਤਾਮਿਲ ਨਾਡੂ ਦਾ ਕਿੱਸਾ ਭਾਰਤ ਦੇ ਲੋਕਾਂ ਦੇ ਚੇਤੇ ਵਿੱਚ ਨਹੀਂ ਰਿਹਾ ਹੋਣਾ। ਓਥੇ ਦੋ ਲੀਡਰਾਂ ਕਰੁਣਾਨਿਧੀ ਤੇ ਉਸ ਦੀ ਕੱਟੜ ਵਿਰੋਧੀ ਜੈਲਲਿਤਾ ਦਾ ਆਪੋ ਵਿੱਚ ਪੱਕਾ ਆਢਾ ਲੱਗਾ ਹੁੰਦਾ ਸੀ। ਦੋਵਾਂ ਉੱਤੇ ਭ੍ਰਿਸ਼ਟਾਚਾਰ ਦੇ ਕੇਸ ਬਣਦੇ ਤੇ ਗ੍ਰਿਫਤਾਰੀਆਂ ਹੁੰਦੀਆਂ ਰਹਿੰਦੀਆਂ ਸਨ ਅਤੇ ਜਾਣਕਾਰ ਆਖਦੇ ਸਨ ਕਿ ਦੋਵਾਂ ਵਿੱਚੋਂ ਕਿਸੇ ਉੱਤੇ ਵੀ ਲੱਗਦੇ ਇਹ ਦੋਸ਼ ਅਸਲੋਂ ਝੂਠੇ ਨਹੀਂ। ਉਨ੍ਹਾਂ ਦੋਵਾਂ ਆਗੂਆਂ ਨਾਲ ਭਾਰਤ ਦੀ ਹਰ ਪਾਰਟੀ ਨੇ ਕਦੇ ਉਸ ਪਾਸੇ ਅਤੇ ਕਦੀ ਇਸ ਪਾਸੇ ਵੱਲੋਂ ਗੱਠਜੋੜ ਕਰ-ਕਰ ਕੇ ਚੋਣਾਂ ਲੜੀਆਂ ਅਤੇ ਕਦੀ ਜਿੱਤੀਆਂ ਤੇ ਕਦੀ ਹਾਰੀਆਂ ਸਨ। ਫਰਕ ਸਿਰਫ ਇਹ ਕਿ ਜਿਹੜੇ ਪਾਸੇ ਕਾਂਗਰਸ ਹੁੰਦੀ ਸੀ, ਭਾਜਪਾ ਉਸ ਦੇ ਉਲਟ ਪਾਸੇ ਖੜੋਣ ਲਈ ਦੂਸਰੀ ਧਿਰ ਨਾਲ ਗੱਠਜੋੜ ਬਣਾ ਲੈਂਦੀ ਅਤੇ ਪੰਜ ਸਾਲ ਬਾਅਦ ਅਗਲੀ ਚੋਣ ਮੌਕੇ ਕਾਂਗਰਸ ਵਾਲੇ ਪਾਸੇ ਭਾਜਪਾ ਅਤੇ ਭਾਜਪਾ ਵਾਲੇ ਪਾਸੇ ਕਾਂਗਰਸ ਖੜੀ ਦਿੱਸਦੀ ਸੀ। ਤਾਮਿਲ ਰਾਜਨੀਤੀ ਦੀਆਂ ਦੋਵੇਂ ਧਿਰਾਂ ਕਦੇ ਕਿਸੇ ਦੀਆਂ ਪੱਕੀਆਂ ਸਾਥੀ ਨਹੀਂ ਰਹੀਆਂ, ਪਰ ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਏਦਾਂ ਨਹੀਂ ਸੀ ਕਰਦੀ ਹੁੰਦੀ, ਉਹ ਦਹਾਕਿਆਂਬੱਧੀ ਭਾਜਪਾ ਦੀ ਪੱਕੀ ਸਹਿਯੋਗੀ ਰਹੀ ਤੇ ਕਾਂਗਰਸ ਅਤੇ ਹੋਰ ਸੈਕੂਲਰ ਧਿਰਾਂ ਦੇ ਖਿਲਾਫ ਭਾਜਪਾ ਤੋਂ ਵੱਧ ਭੜਕਾਹਟ ਖਿਲਾਰਦੀ ਹੁੰਦੀ ਸੀ। ਰਾਜ ਦੇ ਮੁੱਖ ਮੰਤਰੀ ਦੀ ਕੁਰਸੀ ਦਾ ਝਗੜਾ ਪੈ ਗਿਆ ਤਾਂ ਸ਼ਿਵ ਸੈਨਾ ਲੀਡਰਸ਼ਿਪ ਨੇ ਭਾਜਪਾ ਨਾਲੋਂ ਸਾਂਝ ਤੋੜੀ ਅਤੇ ਕਾਂਗਰਸ ਅਤੇ ਐੱਨ ਸੀ ਪੀ ਨਾਲ ਜੋੜ ਕੇ ਸਰਕਾਰ ਬਣਾ ਲਈ। ਜਿਹੜੇ ਭਾਜਪਾਈ ਆਗੂ ਕਦੇ ਸ਼ਿਵ ਸੈਨਾ ਵਾਲਿਆਂ ਦੇ ਗਲਤ ਕੰਮਾਂ ਦੀ ਹਰ ਪੱਖੋਂ ਢਾਲ ਬਣ-ਬਣ ਕੇ ਉਨ੍ਹਾਂ ਦਾ ਬਚਾਅ ਕਰਦੇ ਹੁੰਦੇ ਸਨ, ਬਦਲੇ ਹਾਲਾਤ ਵਿੱਚ ਉਹ ਸ਼ਿਵ ਸੈਨਾ ਆਗੂਆਂ ਨੂੰ ਕੇਂਦਰ ਦੀਆਂ ਏਜੰਸੀਆਂ ਤੋਂ ਗ੍ਰਿਫਤਾਰ ਕਰਾਉਣ ਦੇ ਰਾਹ ਪੈ ਗਏ। ਕੁਰਸੀ ਦੀ ਲੜਾਈ ਇਸ ਵਕਤ ਉਨ੍ਹਾਂ ਦੋ ਧਿਰਾਂ ਵਿਚਾਲੇ ਜਿਸ ਪੜਾਅ ਉੱਤੇ ਪਹੁੰਚ ਗਈ ਹੈ, ਸੁਣਿਆ ਜਾਂਦਾ ਹੈ ਕਿ ਇਹ ਕਦੀ ਵੀ ਦੋਬਾਰਾ ਇਕੱਠੇ ਨਹੀਂ ਹੋ ਸਕਦੇ, ਪਰ ਅਸੀਂ ਇਸ ਗੱਲ ਨੂੰ ਭੁਲਾ ਦੇਂਦੇ ਹਾਂ ਕਿ ਐੱਨ ਸੀ ਪੀ ਵਾਲਿਆਂ ਨੂੰ ਵੀ ਸ਼ਿਵ ਸੈਨਾ ਦਾ ਪੱਕਾ ਵਿਰੋਧੀ ਕਿਹਾ ਜਾਂਦਾ ਸੀ, ਉਹ ਏਨਾ ਵਲਾਵਾਂ ਪਾ ਕੇ ਸ਼ਿਵ ਸੈਨਾ ਨਾਲ ਜੁੜ ਗਏ ਹਨ ਤਾਂ ਭਲਕੇ ਕੌਣ ਕਿੱਸ ਪਾਸੇ ਜੁੜ ਜਾਵੇਗਾ, ਇਸ ਦੀ ਗਾਰੰਟੀ ਨਹੀਂ। ਖੱਬੇ ਪੱਖੀਆਂ ਦੇ ਰਾਜ ਵੇਲੇ ਜਿਹੜੀ ਮਮਤਾ ਬੈਨਰਜੀ ਪੱਛਮੀ ਬੰਗਾਲ ਵਿੱਚ ਸਿਰਫ ਕਾਮਰੇਡਾਂ ਤੋਂ ਸੱਤਾ ਖੋਹਣ ਲਈ ਹਰ ਮਾੜੇ-ਚੰਗੇ ਤੱਤ ਨਾਲ ਸਾਂਝ ਪਾਉਣ ਲਈ ਤਿਆਰ ਹੁੰਦੀ ਸੀ, ਅੱਜ ਆਪਣੀ ਕੁਰਸੀ ਨੂੰ ਖਤਰਾ ਵੇਖ ਕੇ ਕਾਂਗਰਸ ਅਤੇ ਕਮਿਊਨਿਸਟਾਂ ਨੂੰ ਸਾਂਝਾ ਮੋਰਚੇ ਲਈ ਸੱਦੇ ਦੇਈ ਜਾਂਦੀ ਹੈ। ਇਹੋ ਤਾਂ ਰਾਜਨੀਤੀ ਹੈ ਅਤੇ ਖਾਸ ਤੌਰ ਉੱਤੇ ਇਹੀ ਭਾਰਤੀ ਰਾਜਨੀਤੀ ਹੈ।

ਏਦਾਂ ਦੀ ਰਾਜਨੀਤੀ ਨੇ ਭਾਰਤ ਦੇਸ਼ ਨੂੰ ਉਸ ਮੋੜ ਉੱਤੇ ਪੁਚਾ ਦਿੱਤਾ ਹੈ, ਜਿੱਥੋਂ ਮੋੜਾ ਕੱਟਣਾ ਇਸ ਦੇਸ਼ ਦੇ ਲਈ ਅਸੰਭਵ ਨਹੀਂ ਤਾਂ ਫਿਰ ਵੀ ਏਨਾ ਔਖਾ ਜਾਪਦਾ ਹੈ ਕਿ ਬਹੁਤੇ ਲੋਕਾਂ ਨੂੰ ਮੋੜੇ ਦੀ ਆਸ ਨਹੀਂ। ਕਿਸੇ ਸਮੇਂ ਜਿਹੜੇ ਦੇਸ਼ ਵਿੱਚ 'ਈਸ਼ਵਰ ਅੱਲਾ ਤੇਰੋ ਨਾਮ, ਸਭ ਕੋ ਸੁਮੱਤੀ ਦੇ ਭਗਵਾਨ' ਦੇ ਬੋਲ ਗੂੰਜਦੇ ਹੁੰਦੇ ਸਨ, ਉਸ ਦੇਸ਼ ਵਿੱਚ ਅੱਜ ਰਾਮ ਦਾ ਨਾਂਅ ਜਪਣ ਵਾਲਾ ਕੋਈ ਆਗੂ ਉੱਠ ਕੇ ਦੂਸਰੇ ਧਰਮਾਂ ਦੇ ਧਰਮ-ਅਸਥਾਨਾਂ ਨੂੰ ਨਾਸੂਰ ਆਖਦਾ ਤੇ ਜੜ੍ਹੋਂ ਪੁੱਟਣ ਦਾ ਭਾਸ਼ਣ ਕਰਦਾ ਤੇ ਵੱਡੇ ਅਹੁਦਿਆਂ ਵਾਲੇ ਲੋਕ ਮੰਚ ਉੱਤੇ ਬੈਠੇ ਤਾੜੀਆਂ ਮਾਰਦੇ ਹਨ। ਰਾਜਸਥਾਨ ਦੇ ਇੱਕ ਚੋਣ ਜਲਸੇ ਵਿੱਚ ਜੋ ਕੁਝ ਇੱਕ ਸਿਆਸੀ ਲੀਡਰ ਨੇ ਆਖਿਆ ਅਤੇ ਬਾਕੀਆਂ ਨੇ ਤਾੜੀਆਂ ਮਾਰ ਕੇ ਸ਼ਾਬਾਸ਼ ਦਿੱਤੀ ਹੈ, ਉਹ ਭਵਿੱਖ ਦੀ ਭਾਰਤੀ ਰਾਜਨੀਤੀ ਦਾ ਇੱਕ ਗੁੱਝਾ ਸੰਕੇਤ ਸਮਝਣਾ ਚਾਹੀਦਾ ਹੈ। ਇਹ ਰਾਜਨੀਤਕ ਸੰਕੇਤ ਦੇਣ ਦਾ ਮਾਹੌਲ ਰਾਤੋ-ਰਾਤ ਨਹੀਂ ਬਣ ਗਿਆ, ਦੇਸ਼ ਨੂੰ ਆਜ਼ਾਦੀ ਮਿਲਣ ਦੇ ਦਿਨ ਤੋਂ ਕੁਰਸੀਆਂ ਖਾਤਰ ਵੱਖੋ-ਵੱਖ ਭਾਈਚਾਰਿਆਂ ਦੇ ਲੋਕਾਂ ਨੂੰ ਉਕਸਾਉਣ ਦੀ ਰਾਜਨੀਤੀ ਦੇ ਕੱਢੇ ਹੋਏ ਸਿੱਟਿਆਂ ਵਿੱਚੋਂ ਇੱਕ ਹੈ, ਪਰ ਇੱਕੋ-ਇੱਕ ਨਹੀਂ। ਏਦਾਂ ਦਾ ਹਰ ਕੋਈ ਭਾਸ਼ਣ ਭਵਿੱਖ ਲਈ ਇੱਕ ਇਸ ਤਰ੍ਹਾਂ ਦਾ ਸੰਕੇਤ ਹੁੰਦਾ ਹੈ, ਜਿਸ ਨੂੰ ਸਮਝਣ ਵਾਲਿਆਂ ਦੀ ਰਾਤ ਦੀ ਨੀਂਦ ਉੱਡ ਸਕਦੀ ਹੈ, ਪਰ ਜਿਨ੍ਹਾਂ ਨੇ ਆਪਣੀ ਅੱਖ ਸੱਤਾ ਦੇ ਸਿੰਘਾਸਨ ਉੱਤੇ ਟਿਕਾਈ ਹੁੰਦੀ ਹੈ, ਉਨ੍ਹਾਂ ਨੂੰ ਇਸ ਦਾ ਕਿਸੇ ਵੀ ਤਰ੍ਹਾਂ ਦਾ ਫਿਕਰ ਨਹੀਂ ਹੁੰਦਾ, ਸਗੋਂ ਸੱਤਾ ਪ੍ਰਾਪਤੀ ਹੋਣ ਦਾ ਸੁਫਨਾ ਸਾਕਾਰ ਹੁੰਦਾ ਜਾਪਦਾ ਹੈ। 'ਕਰਦੇ ਆਗੂ, ਭਰਦੇ ਲੋਕ' ਦਾ ਮੁਹਾਵਰਾ ਕੋਈ ਸਦੀਆਂ ਪੁਰਾਣਾ ਨਹੀਂ, ਸਾਡੇ ਸਮਿਆਂ ਵਿੱਚ ਹੀ ਕਿਸੇ ਨੇ ਸਹਿਸ-ਸੁਭਾਅ ਘੜਿਆ ਜਾਪਦਾ ਹੈ, ਜਿਹੜਾ ਅਜੋਕੇ ਸਮੇਂ ਤੇ ਭਵਿੱਖ ਦੇ ਭਾਰਤ ਦੇ ਨਸੀਬੇ ਦਾ ਆਪਣੇ-ਆਪ ਵਿੱਚ ਇੱਕ ਥੀਸਿਸ ਹੈ, ਉਹ ਥੀਸਿਸ, ਜਿਹੜਾ ਦੇਸ਼ ਦੀ ਜਿਸ ਜਨਤਾ ਨੂੰ ਭੁਗਤਣਾ ਪੈ ਸਕਦਾ ਹੈ, ਉਸ ਵਿਚਾਰੀ ਭੋਲੀ-ਭਾਲੀ ਭਾਰਤੀਅਤਾ ਨੂੰ ਇਸ ਦਾ ਪਤਾ ਹੀ ਨਹੀਂ।

# ਮਹਾਨ ਦੇਸ਼ ਦੀ ਚਿਰੜ-ਘੁੱਗ ਪਾਲਿਸੀ

ਸੁਲਘਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਜਿਸ ਦੇਸ਼ ਦੇ ਅਸੀਂ ਵਾਸੀ ਹਾਂ, ਉਹ ਇੱਕ ਮਹਾਨ ਦੇਸ਼ ਹੈ। ਅਬਾਦੀ ਪੱਖੋਂ, ਭਿੰਨ-ਭਿੰਨ ਜਾਤੀਆਂ ਦੇ ਸਮੁੱਚੇ ਇਕੱਠ ਵਜੋਂ, ਵੱਖ-ਵੱਖ ਕੁਦਰਤੀ ਸੋਮਿਆਂ ਵਜੋਂ, ਸਮੂਹਿਕ ਏਕਤਾ ਵਜੋਂ, ਜਮਹੂਰੀਅਤ ਢਾਂਚੇ ਵਜੋਂ, ਭਾਵ ਅਜ਼ਾਦੀ ਤੋਂ ਬਾਅਦ ਰਜਿਆਂ ਦੀ ਮਾਂ-ਪੇਟੋ ਪੈਦਾਇਸ਼ ਖ਼ਤਮ ਹੋਣੀ, ਹੁਣ ਦੇ ਰਾਜੇ ਲੋਕਾਂ ਦੀ ਬਹੁ-ਸੰਮਤੀ ਵਿੱਚੋਂ ਪੈਦਾ ਹੋਣੇ ਕੋਈ ਛੋਟੀ ਪ੍ਰਾਪਤੀ ਨਹੀਂ। ਪਰ ਫਿਰ ਵੀ ਅਸੀਂ ਸਮਝਦੇ ਹਾਂ ਕਿ ਜਿੰਨੀ ਇਸ ਦੀ ਮਹਾਨਤਾ ਦੀ ਰਟ ਮੌਜੂਦਾ ਸਮੁੱਚੇ ਦੇਸ਼ 'ਤੇ ਕਾਬਜ਼ ਧਿਰ ਵੱਲੋਂ ਲਾਈ ਜਾ ਰਹੀ ਹੈ, ਉਹ ਵੀ ਅਸਲੋਂ ਸਚਾਈ ਤੋਂ ਦੂਰ ਦੀ ਰਟ ਹੈ। ਸਭ ਕਾ ਸਾਥ, ਸਭ ਕਾ ਵਿਕਾਸ ਜੋ ਨਾਅਰਾ ਮੌਜੂਦਾ ਸਰਕਾਰ ਰਾਹੀਂ ਦਿੱਤਾ ਗਿਆ ਸੀ, ਉਹ ਵੀ ਜਦ ਤੁਸੀਂ ਸੁਣਦੇ ਹੋ, ਦੇਖਦੇ ਹੋ ਸਰਕਾਰ ਰਾਹੀਂ ਦਿੱਤਾ ਗਿਆ ਸੀ। ਉਹ ਵੀ ਜਦ ਤੁਸੀਂ ਸੁਣਦੇ ਹੋ, ਦੇਖਦੇ ਹੋ, ਪੜ੍ਹਦੇ ਹੋ, ਡੂੰਘਾਈ ਵਿੱਚ ਸੋਚਦੇ ਹੋ, ਆਪਣੇ ਤਜਰਬੇ ਤੋਂ ਦੇਖਦੇ ਹੋ ਜਾਂ ਜੋ ਵੱਖ-ਵੱਖ ਸਰੋਤਾਂ ਤੋਂ ਜਨਤਾ ਦੇ ਧਿਆਨ ਹਿੱਤ ਤੱਥ ਸਮੇਂ ਸਮੇਂ 'ਤੇ ਪ੍ਰਕਾਸ਼ਤ ਕੀਤੇ ਜਾਂਦੇ ਹਨ, ਅਜਿਹੇ ਤੱਥਾਂ ਦੀ ਡੂੰਘਾਈ ਜਾਣਨ ਤੋਂ ਬਾਅਦ ਪਤਾ ਲਗਦਾ ਹੈ ਕਿ ਇਹ ਅਜਿਹੇ ਤੱਥ ਅਸਲੀਅਤ ਤੋਂ ਕਿੰਨੇ ਦੂਰ ਹਨ। ਤੁਸੀਂ ਹੁਣ ਪਿੱਛੇ ਜਿਹੇ ਰਿਜ਼ਰਵੇਸ਼ਨ ਸੰਬੰਧੀ ਪ੍ਰਕਾਸ਼ਤ ਹੋਏ ਅੰਕੜਿਆਂ ਤੋਂ ਅੰਦਾਜ਼ਾ ਲਾ ਸਕਦੇ ਹੋ ਕਿ ਸਾਡੇ ਪ੍ਰਧਾਨ ਮੰਤਰੀ ਜੀ ਜੋ ਆਪਣੇ-ਆਪ ਨੂੰ ਓ ਬੀ ਸੀ ਵਿੱਚ ਗਿਣਦੇ ਹੋਏ ਆਖਦੇ ਹਨ ਕਿ 2014 ਦੀਆਂ ਚੋਣਾਂ ਵਿੱਚ ਵਿਰੋਧੀ ਲੋਕ ਮੈਨੂੰ ਇਸ ਕਰਕੇ ਗਾਲ੍ਹੀਆਂ ਦਿੰਦੇ ਸਨ ਕਿ ਮੈਂ ਓ ਬੀ ਸੀ ਕੈਟਾਗਿਰੀ ਵਿੱਚੋਂ ਆਉਂਦਾ ਹਾਂ। ਪਰ ਛਪੇ ਅੰਕੜਿਆਂ 'ਤੇ ਨਿਗ੍ਹਾ ਮਾਰੋ ਤੇ ਜਾਣੋ ਕਿ ਉਹ ਅਸਲੀਅਤ ਵਿੱਚ ਕੀ ਕਰ ਰਹੇ ਹਨ।

ਰਾਜਪਾਲ ਅਤੇ ਉਪ ਰਾਜਪਾਲ ਦੀਆਂ ਕੁੱਲ ਪੋਸਟਾਂ 27 ਹਨ ਤੇ ਬ੍ਰਾਹਮਣਾਂ ਕੋਲ 27 ਵਿੱਚੋਂ 25 ਹਨ ਤੇ ਓ ਬੀ ਸੀ ਪਾਸ ਸਿਰਫ਼ ਦੋ ਹਨ। ਇਸੇ ਤਰ੍ਹਾਂ ਵਿਦੇਸ਼ ਰਾਜਦੂਤਾਂ ਦੀ ਕੁੱਲ ਪੋਸਟਾਂ 140 ਹਨ। ਪਰ ਉਨ੍ਹਾਂ ਸਭਨਾਂ 'ਤੇ 140 ਬ੍ਰਾਹਮਣ ਹੀ ਬਿਰਾਜਮਾਨ ਹਨ। ਐਸ ਸੀ, ਐਸ ਟੀ ਅਤੇ ਓ ਬੀ ਸੀ=0 (ਜ਼ੀਰੋ) ਹਨ। ਠੀਕ ਇਸੇ ਤਰ੍ਹਾਂ ਜੋ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਵਾਇਸ ਚਾਂਸਲਰਾਂ ਦੀਆਂ ਕੁੱਲ ਅਸਾਮੀਆਂ ਹਨ=108 ਪਰ ਸਭ ਕਾ ਸਾਥ ਅਤੇ ਸਭ ਕਾ ਵਿਕਾਸ ਕਹਿਣ ਵਾਲੇ ਦੇ ਰਾਜ ਵਿੱਚ ਇਨ੍ਹਾਂ ਸਾਰੀਆਂ 108 ਪੋਸਟਾਂ 'ਤੇ ਸਾਡੇ ਪਿਆਰੇ ਪ੍ਰਧਾਨ ਮੰਤਰੀ ਦੇ ਰਾਜ ਵਿੱਚ ਬ੍ਰਾਹਮਣ ਹੀ ਬਿਰਾਜਮਾਨ ਕਰਾ ਦਿੱਤੇ ਹਨ। ਫਿਰ ਪ੍ਰਧਾਨ ਮੰਤਰੀ ਜੀ ਅੰਧ-ਭਗਤਾਂ ਦੀ ਹਮਦਰਦੀ ਬਟੋਰਨ ਲਈ ਫਰਮਾਉਂਦੇ ਹਨ ਕਿ ਵਿਰੋਧੀ ਮੈਨੂੰ ਗਾਲ੍ਹੀ ਦੇ ਰਹੇ ਹਨ। ਪਾਠਕ ਦੱਸਣ ਕਿ ਅਜਿਹੇ ਕਰਮ 'ਤੇ ਸ਼ਾਬਾਸ਼ ਕਿਸ ਗੱਲ 'ਤੇ ਵਿਰੋਧੀ ਕਹਿਣ? ਵਿਰੋਧੀਆਂ ਲਈ ਸ਼ਾਬਾਸ਼ ਦੇਣ ਲਈ ਜਨਾਬ ਨੇ ਛੱਡਿਆ ਕੀ ਹੈ? ਇਹ ਤਾਂ ਅਸੀਂ ਆਪਣੇ ਪਾਠਕਾਂ ਨੂੰ ਅਜੇ ਨਮੂਨਾ ਹੀ ਦਿਖਾਇਆ ਹੈ। ਸਭ ਜਾਣਦੇ ਹਨ ਕਿ ਅਸਲੀਅਤ ਵਿੱਚ ਚਪੜਾਸੀ ਦੀ ਨੌਕਰੀ ਲਈ ਪੀ ਐਚ ਡੀ ਤੱਕ ਦੇ ਨੌਜਵਾਨ ਕਤਾਰਾਂ ਵਿੱਚ ਖੜ੍ਹੇ ਹੁੰਦੇ ਹਨ। ਅਜਿਹੀ ਨੌਕਰੀ ਨਾ ਮਿਲਣ 'ਤੇ ਉਹ ਖੇਤਾਂ ਵਿੱਚ ਝੋਨਾ ਲਾਉਣ ਅਤੇ ਬਾਕੀ ਕੰਮ ਲਈ ਦਿਹਾੜੀ ਕਰਦੇ ਹਨ ਜਾਂ ਫਿਰ ਰਿਕਸ਼ਾ ਆਦਿ ਚਲਾ ਕੇ ਆਪਣਾ ਢਿੱਡ ਭਰਦੇ ਹਨ। ਪਰ ਇਹ ਵੀ ਸੱਚ ਹੈ ਜੁਰਮਾਂ ਵਿੱਚ ਜੇਲ੍ਹਾਂ ਕੱਟ ਚੁੱਕੇ ਕੇਂਦਰੀ ਸਰਕਾਰ 'ਚ ਕੈਬਨਿਟ ਮੰਤਰੀ ਤੱਕ ਪਹੁੰਚ ਚੁੱਕੇ ਹਨ। ਅਜਿਹਾ ਕਾਰਨਾਮਾ ਕਿਸੇ ਮਹਾਨ ਦੇਸ਼ ਵਿੱਚ, ਮਹਾਨ ਮਨੁੱਖ, ਮਹਾਨ ਅਹੁਦੇ 'ਤੇ ਹੁੰਦਿਆਂ ਹੀ ਕਰ ਜਾਂ ਕਰਵਾ ਸਕਦਾ ਹੈ।

ਅਜ਼ਾਦੀ ਦੇ 75-76 ਸਾਲ ਬਾਅਦ ਵੀ ਦੇਸ਼ ਦੀ ਪੂਰੀ ਅਬਾਦੀ ਨੂੰ ਉਹ ਸਹੂਲਤਾਂ ਨਹੀਂ ਮਿਲ ਸਕੀਆਂ, ਜਿਨ੍ਹਾਂ ਦੀ ਉਹ ਹੱਕਦਾਰ ਸੀ, ਅਤੇ ਹੱਕਦਾਰ ਹੈ। ਅੱਜ ਦੇ ਦਿਨ ਆਪਣਾ ਹੱਕ ਲੈਣ ਲਈ ਲਿਆਕਤ ਤੋਂ ਵੱਧ ਤੁਹਾਨੂੰ ਅੰਧ-ਭਗਤ ਹੋਣਾ ਜ਼ਰੂਰੀ ਹੈ। ਫਿਰ ਜਦ ਤੁਸੀਂ ਸਹੀ ਅਰਥਾਂ ਵਿੱਚ ਅੰਧ-ਭਗਤ ਦਾ ਦਰਜਾ ਪ੍ਰਾਪਤ ਕਰ ਲਵੋਗੇ ਫਿਰ ਤੁਹਾਨੂੰ ਆਪਣੇ ਬਾਰੇ ਸੋਚਣ ਦੀ ਕੋਈ ਲੋੜ ਨਹੀਂ। ਫਿਰ ਨਾ ਭੁੱਖ ਸਤਾਉਂਦੀ ਹੈ ਨਾ ਪਿਆਸ। ਜਦ ਤੁਸੀਂ ਗਊ-ਮੂਤਰ ਪੀਣ ਤੱਕ ਅੱਪੜ ਜਾਵੋਗੇ ਤਾਂ ਤੁਸੀਂ ਬਿਮਾਰੀ ਆਦਿ ਤੋਂ ਵੀ ਮੁਕਤੀ ਪ੍ਰਾਪਤ ਕਰੋਗੇ। ਫਿਰ ਤੁਹਾਨੂੰ ਕੰਮ ਕਰਨ ਦੀ ਬਜਾਏ ਤਾੜੀ ਹੀ ਮਾਰਨੀ ਪਿਆ ਕਰੇਗੀ। ਫਿਰ ਤੁਹਾਨੂੰ ਮਹਿੰਗਾਈ, ਮਾਰ ਕੁਟਾਈ ਜਾਂ ਸਮਾਜ ਦੀ ਵਿਗੜਦੀ ਹਾਲਤ ਮਹਿਸੂਸ ਨਹੀਂ ਹੋਵੇਗੀ। ਤੁਸੀਂ ਆਪਣੇ-ਆਪ ਸੰਪੂਰਨ ਮਨੁੱਖ ਸਮਝਣ ਲੱਗੋਗੇ। ਹੋਰ ਗਿਆਨ ਪ੍ਰਾਪਤੀ ਲਈ ਤੁਹਾਨੂੰ ਆਪਣਾ ਸਮਾਂ ਕੱਢ ਕੇ ਗੋਦੀ ਮੀਡੀਏ ਅੱਗੇ ਘੰਟਾ-ਦੋ ਘੰਟੇ ਹਾਜ਼ਰੀ ਦੇਣੀ ਹੋਵੇਗੀ। ਫਿਰ ਤੁਹਾਡੇ ਵਿੱਚ ਪਾਕਿ ਵਰਗੇ ਦੇਸ਼ ਨੂੰ ਅੱਗੇ ਅੱਗੇ ਭਜਾਉਣ ਦਾ ਹੌਸਲਾ ਆ ਜਾਵੇਗਾ। ਗੋਦੀ ਮੀਡੀਆ ਤੁਹਾਨੂੰ ਇਹ ਦੱਸਣ ਅਤੇ ਸਮਝਾਉਣ ਵਿੱਚ ਵੀ ਕਾਮਯਾਬ ਹੋਵੇਗਾ ਕਿ ਤੁਸੀਂ ਭੁੱਲ ਕੇ ਵੀ ਚੀਨ ਵਰਗੇ ਨਾਸਤਿਕ ਦੇਸ਼ ਨਾਲ ਪੰਗਾ ਨਾ ਲਿਓ। ਜਦ ਤੁਸੀਂ ਇਹ ਸਭ ਜਾਣ ਜਾਵੋਗੇ ਤਾਂ ਤੁਸੀਂ ਆਪਣੇ-ਆਪ ਨੂੰ ਹੋਰ ਸੁਰੱਖਿਅਤ ਮਹਿਸੂਸ ਕਰੋਗੇ। ਅਗਰ ਤੁਹਾਨੂੰ ਮੇਰੀਆਂ ਉਪਰੋਕਤ ਗੱਲਾਂ 'ਤੇ ਯਕੀਨ ਨਾ ਹੋਵੇ ਤਾਂ ਜ਼ਰਾ ਪਿੱਛੇ ਝਾਤੀ ਮਾਰ ਕੇ ਦੇਖ ਲੈਣਾ।

ਕੁਝ ਮਹੀਨੇ ਪਹਿਲਾਂ ਰੂਸ ਅਤੇ ਯੂਕਰੇਨ ਦੀ ਜੰਗ ਲੱਗੀ ਸੀ। ਸਾਡੇ ਕੁਝ ਵਿਦਿਆਰਥੀ ਉਥੇ ਡਾਕਟਰੀ ਦਾ ਕੋਰਸ ਕਰਦੇ ਫਸ ਗਏ ਸਨ। ਉਨ੍ਹਾਂ ਨੂੰ ਵਾਪਸ ਸੁਰੱਖਿਅਤ ਲਿਆਉਣ ਲਈ ਸਾਡੀ ਸਾਰੀ ਹਮਦਰਦੀ ਯੂਕਰੇਨ ਨਾਲ ਸੀ। ਵਿਦਿਆਰਥੀ ਸੁਰੱਖਿਅਤ ਘਰੀਂ ਪਹੁੰਚ ਗਏ। ਸਾਡੀ ਪਹੁੰਚ ਵੀ ਬਦਲੀ। ਦੋਹਾਂ ਦੇਸ਼ਾਂ ਨੂੰ ਸਮਝਾਉਣ, ਯੁੱਧ ਰੋਕਣ ਲਈ ਸਾਡਾ ਨਾਂਅ ਵੀ ਦੁਨੀਆ ਵਿੱਚ ਪ੍ਰਚਾਰਿਆ ਗਿਆ। ਕਈਆਂ ਤਾਂ ਸਾਨੂੰ ਵੱਧ ਸਿਆਣਾ ਹੋਣ ਦਾ ਭਰਮ ਪਾਇਆ। ਬੱਸ ਅੱਜ-ਕੱਲ੍ਹ ਵੀ ਅਸੀਂ ਕੋਈ ਹੱਲ ਕੱਢ ਕੇ ਲੜਾਈ ਖ਼ਤਮ ਕਰਾਵਾਂਗੇ। ਪਰ ਸਮਾਂ ਬੀਤਣ ਦੇ ਨਾਲ ਕੁਝ ਨਾ ਹੋਇਆ। ਫਿਰ ਯੂ ਐਨ ਓ ਨੇ ਇਸ ਸੰਬੰਧੀ ਸਰਗਰਮੀ ਦਿਖਾਈ। ਵੋਟਾਂ ਸਮੇਂ ਅਸੀਂ ਆਪਣਿਆਂ ਨੂੰ ਨਿਰਪੱਖ ਰਹਿਣ ਦੀ ਹਦਾਇਤ ਕੀਤੀ। ਕਿਉਂਕਿ ਅਸੀਂ ਇਹ ਫੈਸਲਾ ਨਹੀਂ ਕਰ ਸਕੇ ਕਿ ਕਸੂਰਵਾਰ ਕੌਣ ਹੈ? ਜੰਗ ਰੁਕਣੀ ਚਾਹੀਦੀ ਹੈ ਕਿ ਨਹੀ? ਦੋਹਾਂ ਦੇਸ਼ਾਂ 'ਚੋਂ ਮਾੜੇ ਕਿਰਦਾਰ ਵਾਲਾ ਕੌਣ ਹੈ? ਯੂ ਐਨ ਓ ਵੱਡੇ ਵੱਡੇ ਅਜ਼ਾਦ ਦੇਸ਼ਾਂ ਦਾ ਇੱਕ ਅਜਿਹਾ ਸਮੂਹ ਹੈ ਜੋ ਸਭ ਤੋਂ ਵੱਡੀ ਪੰਚਾਇਤ ਹੋਣ ਕਰਕੇ ਵੀ ਕੋਈ ਦੋ ਟੁੱਕ ਫੈਸਲਾ ਨਹੀਂ ਲੈ ਸਕਦੀ। ਵੀਟੋ ਕਰਨ ਵਾਲੀਆਂ ਤਾਕਤਾਂ ਉਸ ਨੂੰ ਇਕਦਮ ਨਿਹੱਥਾ ਕਰ ਦਿੰਦੀਆਂ ਹਨ।

ਜਦ ਇਹ ਪਰਚਾ ਪਾਠਕਾਂ ਦੇ ਹੱਥਾਂ ਵਿੱਚ ਹੋਵੇਗਾ ਤਾਂ ਇਜ਼ਰਾਈਲ ਅਤੇ ਫਲਸਤੀਨ ਦਰਮਿਆਨ ਲੜਾਈ ਲੱਗੀ ਨੂੰ ਤਕਰੀਬਨ ਮਹੀਨਾ ਹੋ ਚੁੱਕਿਆ ਹੋਵੇਗਾ। ਇਸ ਵਿੱਚ ਤਕਰੀਬਨ ਸੰਬੰਧਤ ਸੰਸਾਰ ਦੋ ਹਿੱਸਿਆਂ ਵਿੱਚ ਵੰਡਿਆ ਜਾ ਚੁੱਕਾ ਹੈ। ਇਜ਼ਰਾਈਲ ਵਿੱਚ ਜਿਊ ਕੌਮ ਦੀ ਅਬਾਦੀ ਜ਼ਿਆਦਾ ਹੋਣ ਕਰਕੇ ਅਮਰੀਕਾ ਪੱਖੀ ਸਭ ਲਾਣਾ ਇਜ਼ਰਾਈਲ ਨਾਲ ਹੈ। ਸਭ ਤਕਰੀਬਨ ਸਭ ਅਰਬ ਦੇਸ਼ ਫਲਸਤੀਨ ਨਾਲ ਖੜ੍ਹੇ ਹਨ। ਭਾਰਤ ਮੁਤਾਬਕ ਉਸ ਨੇ ਜੀ-20 ਸੰਮੇਲਨ ਵਿੱਚ ਆਪਣਾ ਕੱਦ ਹੋਰ ਉੱਚਾ ਕੀਤਾ ਹੈ। ਵਿਸ਼ਵ ਗੁਰੂ ਬਣਨ ਦੀ ਡੀਂਗਾਂ ਮਾਰੀਆਂ ਜਾ ਰਹੀਆਂ ਹਨ। ਸੰਸਾਰ ਦੀ ਸਭ ਤੋਂ ਵੱਡੀ ਪੰਜਵੀਂ ਤਾਕਤ ਬਣਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਜ਼ਬਾਨੀ ਅਸੀਂ ਇਜ਼ਰਾਈਲ ਪਿੱਛੇ ਖੜ੍ਹੇ ਹਾਂ। ਉਹ ਵੀ ਅਮਰੀਕਾ ਕਰਕੇ। ਪਰ ਅਮਲ ਵਿੱਚ ਦਵਾ-ਦਾਰੂ ਤੇ ਭੋਜਨ ਆਦਿ ਅਸੀਂ ਫਲਸਤੀਨ ਨੂੰ ਭੇਜ ਰਹੇ ਹਾਂ। ਇਸ ਜੰਗ ਦੇ ਦੌਰਾਨ ਵੀ ਜੰਗਬੰਦੀ 'ਤੇ ਵੋਟਾਂ ਪਈਆਂ ਪਰ ਇਸ ਵਿੱਚ ਵੀ ਸਾਡਾ ਮਹਾਨ ਦੇਸ਼ ਇਹ ਫੈਸਲਾ ਨਹੀਂ ਕਰ ਸਕਿਆ ਕਿ ਸਾਨੂੰ ਕਿਸ ਦੀ ਮਦਦ ਕਰਨੀ ਚਾਹੀਦੀ? ਕੌਣ ਠੀਕ ਹੈ? ਕੌਣ ਗਲਤ ਹੈ? ਗੈਰ ਸੈਨਕਾਂ, ਲੋਕਾਂ ਨੂੰ ਕੌਣ ਮਾਰ ਰਿਹਾ ਹੈ ਜਿਨ੍ਹਾਂ ਵਿੱਚ ਬੱਚੇ, ਬੁੱਢੇ ਅਤੇ ਗਰਭਵਤੀ ਔਰਤਾਂ ਹਨ? ਅਬਾਦੀ 'ਤੇ ਬੰਬਾਰੀ ਕੌਣ ਕਰ ਰਿਹਾ ਹੈ? ਜਦ ਕਿ ਅੱਜ ਤੋਂ ਪਹਿਲਾਂ ਭਾਰਤ ਦੇਸ਼ ਪੂਰੇ ਦਾ ਪੂਰਾ ਫਲਸਤੀਨ ਨਾਲ ਖੜ੍ਹਾ ਸੀ। ਇਥੋਂ ਤੱਕ ਅਟਲ ਬਿਹਾਰ ਵਾਜਪਾਈ ਤੱਕ ਅਸੀਂ ਫਲਸਤੀਨੀਆਂ ਨਾਲ ਖੜ੍ਹੇ ਰਹੇ। ਉਸ ਸਮੇਂ ਸਾਡੀ ਵਿਦੇਸ਼ੀ ਪਾਲਿਸੀ ਦੀ ਕਰਾਮਾਤ ਹੀ ਸੀ, 1971 ਵਿੱਚ ਜਦ ਅਸੀਂ ਨਾਲ ਹੋ ਕੇ ਬੰਗਲਾਦੇਸ਼ ਅਜ਼ਾਦ ਕਰਾਇਆ ਉਦੋਂ ਅਮਰੀਕਾ ਆਪਣਾ ਸੱਤਵਾਂ ਸਮੁੰਦਰੀ ਬੇੜਾ ਲੈ ਕੇ ਜਦ ਹਿੰਦੋਸਤਾਨ ਵੱਲ ਵਧ ਰਿਹਾ ਸੀ ਤਾਂ ਰੂਸ ਦੀ ਇਕੋ ਘੁਰਕੀ ਨਾਲ ਕਿ ਮੈਂ ਵੀ ਆ ਰਿਹਾਂ, ਤਦ ਅਮਰੀਕਾ ਬੇੜਾ ਮੱਛੀਆਂ ਫੜਨ ਦਾ ਬਹਾਨਾ ਬਣਾ ਰੁਕ ਗਿਆ ਸੀ। ਅੱਜ ਦੇ ਦਿਨ ਅਸੀਂ ਸਾਫ਼ ਨਹੀਂ ਹਾਂ ਕਿ ਅਸੀਂ ਕਿਸ ਨਾਲ, ਹਾਂ ਤੇ ਕਿਉਂ ਹਾਂ। ਇਸ ਕਰਕੇ ਸਾਡੀ ਵਿਦੇਸ਼ੀ ਪਾਲਿਸੀ ਚਿਰੜ-ਘੁੱਗ ਕਹਾਉਂਦੀ ਹੈ। ਪਾਕਿ ਨੂੰ ਅਸੀਂ ਜਦ ਅੱਖ ਵਿਖਾਉਂਦੇ ਹਾਂ, ਚੀਨ ਮਸਲੇ 'ਤੇ ਉਹੀ ਅੱਖ ਨੀਵੀਂ ਹੋ ਜਾਂਦੀ ਹੈ।

**# ਸੰਪਰਕ : 98721-65741**

# 'ਪਹਿਲਾ ਪਾਣੀ ਜੀਓ ਹੈ...'

ਲੋਕਾਂ ਦੀ ਗੱਲ

ਹਰਜਿੰਦਰ ਸਿੰਘ ਅਟਵਾਲ (ਡਾ.)

ਕੁੱਲ ਆਲਮ ਵਿੱਚ ਜਦੋਂ ਤੋਂ ਮਾਨਵੀ ਰੂਹ ਧੜਕਣੀ ਸ਼ੁਰੂ ਹੋਈ ਹੈ, ਉਦੋਂ ਤੋਂ ਹੀ ਮਿੱਟੀ, ਹਵਾ ਅਤੇ ਪਾਣੀ ਦੀ ਲੋੜ ਅਤੇ ਇਸ ਦੇ ਮਹੱਤਵ ਦੀ ਬਾਤ ਚੱਲਦੀ ਆ ਰਹੀ ਹੈ। ਮੱਧਕਾਲ ਦੀਆਂ ਕਲਾਸਿਕ ਰਚਨਾਵਾਂ ਵਿੱਚ ਥਾਂ ਪੁਰ ਥਾਂ ਇਸ ਦੀ ਗੱਲ ਹੋਈ ਹੈ। ਪਾਣੀ ਬਿਨਾਂ ਪ੍ਰਾਣ ਅਤੇ ਪ੍ਰਾਣੀ ਸੰਭਵ ਨਹੀਂ। ਦੁਨੀਆ ਦੀਆਂ ਬਹੁਤੀਆਂ ਸੱਭਿਅਤਾਵਾਂ ਪਾਣੀਆਂ ਕੰਢੇ ਹੀ ਉਗਮੀਆਂ ਹਨ। ਕੁੱਲ ਆਲਮ ਦੇ ਪਹਿਲਾਂ-ਪਹਿਲਾਂ ਵਸੇ ਵੱਡੇ ਸ਼ਹਿਰ ਪਾਣੀਆਂ ਕਿਨਾਰੇ ਵਸਣ ਦੀ ਗਵਾਹੀ ਇਤਿਹਾਸ ਵੀ ਭਰਦਾ ਆ ਰਿਹਾ ਹੈ। ਪੰਜਾਬ ਦਾ ਲਾਹੌਰ ਜੇ ਰਾਵੀ ਕਿਨਾਰੇ ਵਸਿਆ ਹੈ ਤਾਂ ਜਦ ਅੰਮ੍ਰਿਤਸਰ ਵਸਾਉਣ ਦੀ ਗੱਲ ਤੁਰਦੀ ਹੈ ਤਾਂ ਵਿਸ਼ਾਲ ਸਰੋਵਰ ਦਾ ਸੰਕਲਪ ਵੀ ਕਿਤੇ ਨਾ ਕਿਤੇ ਪਾਣੀ ਦੇ ਮਹੱਤਵ ਨੂੰ ਵੀ ਹੋਰ ਪੱਕਿਆਂ ਕਰਦਾ ਹੈ। ਸਪਤ ਸਿੰਧੂ, ਪੰਜਾਬ ਦੇ ਨਾਵਾਂ ਨਾਲ ਪਾਣੀ ਦੀ ਹੀ ਬਾਤ ਪੈਂਦੀ ਆ ਰਹੀ ਹੈ। ਦੁਨੀਆ ਵਿੱਚ ਵਗਦੇ ਪਾਣੀ ਉੱਥੋਂ ਦੇ ਲੋਕਾਂ ਦੀ ਜੀਵਨ ਰੇਖਾ ਬਣੇ ਹਨ। ਪੰਜਾਬ (ਸਾਂਝੇ) ਵਿਚਲੇ ਪੰਜੇ ਦਰਿਆ ਆਪਣੇ ਨਾਲ ਇੱਕ ਨਿਵੇਕਲਾ ਇਤਿਹਾਸ ਸਿਰਜਦੇ ਰਹੇ ਹਨ। ਝਨਾਂ, ਰਾਵੀ, ਸਤਲੁਜ ਦਾ ਨਾਂਅ ਲੈਂਦਿਆਂ ਹੀ ਇਹਨਾਂ ਪਾਣੀਆਂ (ਦਰਿਆਵਾਂ) ਨਾਲ ਜੁੜੀਆਂ ਕਥਾਵਾਂ ਸਾਕਾਰ ਰੂਪ ਵਿੱਚ ਆ ਹਾਜ਼ਰ ਹੁੰਦੀਆਂ ਹਨ। ਜੇ ਝਨਾਂ ਨਾਲ ਹੀਰ ਅਤੇ ਹੋਰ ਪਾਤਰਾਂ ਦੇ ਨਾਂਅ ਜੁੜੇ ਹਨ ਤਾਂ ਸਤਲੁਜ ਦਾ ਨਾਂਅ ਲੈਂਦਿਆਂ ਹੀ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਸ਼ਹਾਦਤ ਦਾ ਦ੍ਰਿਸ਼ ਸਾਕਾਰ ਹੋਣ ਲੱਗਦਾ ਹੈ। ਪੰਜਾਬੀਆਂ ਦੀ ਪਾਣੀਆਂ (ਦਰਿਆਵਾਂ) ਨਾਲ ਰੂਹਾਨੀ ਸਾਂਝ ਵੀ ਜੁੜਦੀ ਹੈ, ਭੌਤਿਕ ਪੱਧਰ 'ਤੇ ਇਹ ਵਹਿੰਦੇ ਪਾਣੀ ਸਾਡੀ ਜੀਵਨ ਧਾਰਾ ਨੂੰ ਅੱਗੇ ਤੋਰਦੇ ਹਨ।

ਪੰਜਾਬ ਦੇ ਖਿੱਤੇ ਦੀ ਸੋਚ ਧਾਰਾ ਵਿੱਚ ਕਿਰਤ ਕਰਨ ਅਤੇ ਵੰਡ ਛਕਣ ਦੀ ਇੱਕ ਅਮੀਰ ਪਰੰਪਰਾ ਚੱਲਦੀ ਆ ਰਹੀ ਹੈ। 'ਵੰਡ ਛਕਣ' ਦਾ ਸੰਕਲਪ ਸਾਨੂੰ ਮੱਧਕਾਲ ਦੀਆਂ ਧਾਰਮਿਕ, ਸਮਾਜਿਕ, ਸੱਭਿਆਚਾਰਕ ਲਹਿਰਾਂ ਨੇ ਦ੍ਰਿੜ੍ਹ ਕਰਵਾਇਆ ਹੈ, ਜਿਸ ਅਨੁਸਾਰ ਵਰਤਮਾਨ ਵਿੱਚ ਜੋ ਤੁਹਾਡੇ ਕੋਲ ਪ੍ਰਾਪਤ ਹੈ, ਉਸ ਨੂੰ ਸਾਰੇ ਜੀਵਾਂ ਵਿੱਚ ਵੰਡ ਕੇ ਵਰਤਿਆ ਜਾਵੇ, ਕਿਉਂ ਜੋ ਹਰ ਜੀਵ ਨੂੰ ਜੀਊਣ ਦਾ ਬਰਾਬਰ ਅਧਿਕਾਰ ਹੈ। ਇਹ ਸੰਕਲਪ ਅਸਲ ਵਿੱਚ ਸਮਾਜਿਕ ਬਰਾਬਰੀ ਦੇ ਵਡੇਰੇ ਜੀਊਣ-ਢੰਗ ਨੂੰ ਪੇਸ਼ ਕਰਨ ਦਾ ਇੱਕ ਯਤਨ ਹੈ, ਪਰ ਜਦੋਂ ਅਸੀਂ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਉਹਨਾ ਘਟਨਾਵਾਂ ਤੋਂ ਵਾਕਿਫ ਹੁੰਦੇ ਹਾਂ, ਜਿਸ ਵਿੱਚ ਪਾਣੀਆਂ ਉੱਪਰ 'ਵਲੀ ਕੰਧਾਰੀ' ਵਾਲੀ ਮਾਨਸਿਕਤਾ ਵਰਗੇ ਲੋਕ ਕਾਬਜ਼ ਹੋਣ ਦਾ ਯਤਨ ਕਰਦੇ ਹਨ ਤਾਂ 'ਮਰਦਾਨੇ' ਦੀ ਪਿਆਸ ਬੁਝਾਉਣ ਦਾ ਹੀਲਾ-ਵਸੀਲਾ ਵੀ ਬਣਦਾ ਰਿਹਾ ਹੈ। ਵਲੀ ਕੰਧਾਰੀ ਦੀ ਮਾਨਸਿਕਤਾ ਵਾਲੀ ਅਜੋਕੇ ਰਾਜਨੀਤੀ ਦੀਆਂ ਆਪੋ-ਆਪਣੀਆਂ ਗੋਟੀਆਂ ਫਿੱਟ ਕਰਨ ਦੇ ਆਹਰ ਵਿੱਚ ਲੱਗੇ ਹਰ ਕੁਦਰਤੀ ਨਿਆਮਤ ਨੂੰ ਆਪਣੇ ਵੱਸ ਵਿੱਚ ਕਰਕੇ ਉਸ ਤੋਂ ਲਾਹਾ ਲੈਣ ਦੀ ਤਾਕ ਵਿੱਚ ਰਹਿੰਦੇ ਹਨ, ਤਾਂ ਫਿਰ ਅਜਿਹੀ ਰਾਜਨੀਤੀ ਸ਼ੁਰੂ ਹੋ ਜਾਂਦੀ ਹੈ, ਜਿਸ ਵਿੱਚ ਅਸਲ ਮੁੱਦਾ ਤਾਂ ਕਿਤੇ ਗੁੰਮ-ਗੁਆਚ ਹੀ ਜਾਂਦਾ ਹੈ, ਅਸਲ ਵਿੱਚ ਅਜਿਹੀ ਰਾਜਨੀਤੀ ਕਰਨ ਵਾਲੇ ਪਾਣੀਆਂ ਜਾਂ ਅਜਿਹੇ ਕਿਸੇ ਹੋਰ ਮੁੱਦੇ ਦੇ ਮੋਢਿਆਂ ਉੱਪਰ ਚੜ੍ਹ ਕੇ ਟੀਸੀ ਦਾ ਬੇਰ ਤੋੜਨ ਦੀ ਤਾਂਘ ਰੱਖਦੇ ਹਨ।

ਅੱਜ-ਕੱਲ੍ਹ ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਵਿੱਚ ਪਾਣੀਆਂ ਦੀ ਵੰਡ ਦਾ ਇੱਕ ਮਸਲਾ ਫੈਸਲੇ ਦੀ ਉਡੀਕ ਕਰ ਰਿਹਾ ਹੈ। ਜਿਉਂ ਹੀ ਇਹ ਮਸਲਾ ਬੇ-ਅਸੂਲੀ ਰਾਜਨੀਤੀ ਕਰਨ ਵਾਲਿਆਂ ਦੇ ਹੱਥ ਲੱਗਦਾ ਤਾਂ ਇਹ ਨਾਅਰੇ ਅਤੇ ਟਾਹਰਾਂ ਮਾਰਨ ਲੱਗ ਪਏ, ਕਈ ਨੇਤਾਵਾਂ ਦੀਆਂ ਟਾਹਰਾਂ ਤਾਂ ਉਹਨਾਂ ਦੇ ਕਿੱਲ੍ਹਣ ਤੱਕ ਵੀ ਪਹੁੰਚ ਗਈਆਂ। ਪੰਜਾਬ ਦੀ ਰਾਜਨੀਤੀ ਵਿੱਚ ਪਹਿਲਾਂ ਵਾਰੋ-ਵਾਰੀ ਸੱਤਾ-ਸੁੱਖ ਭੋਗ ਚੁੱਕੀਆਂ ਦੋ-ਤਿੰਨ ਪਾਰਟੀਆਂ ਤਾਂ ਇਸ ਮਸਲੇ ਬਾਰੇ ਵਧੇਰੇ ਉਤਸ਼ਾਹੀ ਹੋ ਕੇ ਟਾਹਰਾਂ ਮਾਰ ਰਹੀਆਂ ਕਿ ਅਸੀਂ 'ਪਾਣੀ ਦੀ ਇੱਕ ਬੂੰਦ ਵੀ ਪੰਜਾਬ ਤੋਂ ਬਾਹਰ ਨਹੀਂ ਜਾਣ ਦਿਆਂਗੇ।' ਇਹਨਾਂ ਲੋਕਾਂ ਦੀ ਯਾਦਦਾਸ਼ਤ ਏਨੀ ਕਮਜ਼ੋਰ ਹੋ ਚੁੱਕੀ ਹੈ ਕਿ ਉਹਨਾਂ ਵਿੱਚੋਂ ਇੱਕ ਦੇ ਰਾਜ ਸਮੇਂ ਪਾਣੀ ਲਿਜਾਣ ਵਾਲੀ ਨਹਿਰ ਦਾ ਟੱਕ ਰਾਜੇ ਵੱਲੋਂ ਲਿਆਂਦੀ 'ਚਾਂਦੀ' ਦੀ ਕਹੀ ਨਾਲ ਉਸ ਸਮੇਂ ਦਿੱਲੀ ਦੇ ਤਖਤ 'ਤੇ ਬੈਠੀ ਬੀਬੀ ਨੇ ਆਪਣੇ ਕਰ ਕਮਲਾਂ ਨਾਲ ਲਾਇਆ ਸੀ। ਦੂਜੀ ਧਿਰ ਜਿਹੜੇ ਸਾਂਝੀ ਸਰਕਾਰ ਵਿੱਚ ਅਗਵਾਈ ਕਰ ਰਹੇ ਸਨ, ਉਹਨਾਂ ਨੇ ਦੂਜੇ ਸੂਬੇ ਦੇ ਆਪਣੇ ਪੱਗ-ਵੱਟ ਭਰਾ ਤੋਂ ਨਹਿਰ ਬਦਲੇ ਨਜ਼ਰਾਨਾ ਵੀ ਲੈ ਲਿਆ ਸੀ। ਮੌਜੂਦਾ ਸਮੇਂ ਵਿੱਚ ਸੱਤਾ 'ਤੇ ਬੈਠੀ ਪਾਰਟੀ ਦੀ ਇਸ ਪ੍ਰਤੀ ਪਹੁੰਚ ਵੀ ਬਹੁਤੀ ਸਕਾਰਥ ਨਹੀਂ ਜਾਪਦੀ। ਇਹਨਾਂ ਦੀ ਸਥਿਤੀ ਇਸ ਮਸਲੇ ਪ੍ਰਤੀ ਸੁਤਉਣੀਂਦੀ ਪਹੁੰਚ ਵਾਲੀ ਹੈ। ਇਹਨਾਂ ਸਾਰੀਆਂ ਧਿਰਾਂ ਨੂੰ ਜੇ ਵਿਹਲ ਮਿਲੇ ਤਾਂ ਸੋਚ ਲੈਣ ਕਿ ਅਜਿਹੇ ਮਸਲਿਆ ਨੇ ਪੰਜਾਬ ਨੂੰ ਕਾਲੇ ਦੌਰ ਵਿੱਚ ਧੱਕਿਆ ਸੀ।

ਕੁਝ ਸਮਾਂ ਪਹਿਲਾਂ ਇਕ ਸਾਲ ਤੋਂ ਵੱਧ ਚੱਲੇ ਕਿਸਾਨ ਅੰਦੋਲਨ ਵਿਚਲੀ ਸਾਂਝ ਇੱਕ ਨਵੀਂ ਆਸ ਦਾ ਉਭਾਰ ਲੈ ਕੇ ਆਉਂਦੀ ਹੈ, ਜਿਸ ਵਿੱਚ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਪੰਜਾਬ ਨਾਲ ਲੱਗਦੇ ਰਾਜਸਥਾਨ ਦੇ ਕੁਝ ਹਿੱਸੇ ਦੇ ਕਿਸਾਨ ਸਾਂਝੇ ਰੂਪ ਵਿੱਚ ਇੱਕ ਲੰਮਾ ਸੰਘਰਸ਼ ਲੜਦੇ-ਲੜਦੇ ਪਾਣੀਆਂ ਦੀ ਵੰਡ ਵਰਗੇ ਮੁੱਦਿਆਂ ਨੂੰ ਭਾਵੁਕ ਪੱਧਰ ਤੋਂ ਹਟ ਕੇ ਸੋਚਣ ਲੱਗੇ ਸਨ। ਕਿਸਾਨਾਂ ਦੀਆਂ ਭਾਵੇਂ ਕਈ ਜਥੇਬੰਦੀਆਂ ਸਰਗਰਮ ਹਨ, ਪਰ ਉਹ ਸਾਰੀਆਂ ਹੀ ਜੇ ਸਿਰ ਜੋੜ ਕੇ ਬੈਠ ਜਾਣ ਤਾਂ ਕੋਈ ਨਾ ਕੋਈ ਹੱਲ ਕੱਢ ਸਕਦੀਆਂ ਹਨ। ਕਿਸਾਨ ਪਾਣੀ ਦੀ ਲੋੜ ਅਤੇ ਅਹਿਮੀਅਤ ਨੂੰ ਲੀਡਰਾਂ ਨਾਲੋਂ ਵਧੇਰੇ ਬਾਰੀਕੀ ਨਾਲ ਸਮਝਦਾ ਹੈ। ਕਿਸਾਨ ਵੱਖ-ਵੱਖ ਰਾਜਾਂ ਦੇ ਕਿਸੇ ਵੀ ਖਿੱਤੇ ਵਿੱਚ ਰਹਿ ਕੇ ਖੇਤੀ ਕਰਦਾ ਹੋਵੇ, ਉਸ ਨੂੰ ਲੋੜ ਅਨੁਸਾਰ ਪਾਣੀ ਮਿਲਣਾ ਚਾਹੀਦਾ ਹੈ, ਪਰ ਇਹ ਕਿਸੇ ਸੂਬੇ ਨੂੰ ਪਿਆਸਾ ਰੱਖ ਕੇ ਨਹੀਂ ਹੋ ਸਕਦਾ, ਸਗੋਂ ਵਰਤਮਾਨ ਵਿੱਚ ਪ੍ਰਾਪਤ ਪਾਣੀ ਨੂੰ ਸਹੀ ਅਨੁਪਾਤ ਵਿੱਚ ਵੰਡਣ ਨਾਲ ਹੀ ਕਿਸੇ ਸਨਮਾਨਯੋਗ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ, ਪਰ ਇਹ ਸੰਭਵ ਤਾਂ ਹੀ ਹੈ ਕਿ ਜੇ ਸਾਰੀਆਂ ਕਿਸਾਨ ਜਥੇਬੰਦੀਆਂ ਸਿਰ ਜੋੜ ਕੇ ਬੈਠ ਜਾਣ ਅਤੇ ਕਿਸੇ ਵੀ ਰਾਜਨੀਤਕ ਪਾਰਟੀ ਨੂੰ ਇਸ ਤੋਂ ਕੋਹਾਂ ਦੂਰ ਰੱਖਣ, ਨਹੀਂ ਤਾਂ ਇਹ ਮਸਲਾ ਕਿਸੇ ਸਿਰੇ ਨਹੀਂ ਲੱਗਣਾ।

**ਸੰਪਰਕ : 98721-73475**

ਪੌਣ-ਪਾਣੀ ਧਰਤ

ਵਿਜੈ ਬੰਬੇਲੀ

# ਹੇ ਜੰਗਲ ! ਅਸੀਂ, ਇਤਿਹਾਸ ਤੋਂ ਸਬਕ ਨਹੀਂ ਸਿੱਖਦੇ

'ਮਿੱਟੀ ਦੀਆਂ ਉਪਜਾਊ ਪਰਤਾਂ ਨੂੰ ਸਿਰਜਣ ਤੇ ਸੰਭਾਲਣ ਵਿੱਚ ਪੌਦਿਆਂ ਦਾ ਬੜਾ ਵੱਡਾ ਯੋਗਦਾਨ ਹੈ। ਇਹੋ ਮਿੱਟੀ ਸਾਡੀ ਖੇਤੀ ਦਾ ਆਧਾਰ ਹੈ। ਵੀਰਾਨ ਤੇ ਰੁੱਖ ਵਿਹੂਣੀ ਇਕ ਏਕੜ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਮਾਰੂਥਲਾਂ ਦੀ ਨਿੱਕੀ-ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋਂ 543 ਮਿਲੀਗ੍ਰਾਮ ਨਮੀ ਇਕ ਦਿਨ ਵਿੱਚ ਛੱਡਦੀ ਹੈ, ਜੋ ਥਾਰ ਦੀ ਖੁਸ਼ਕ ਫਿਜ਼ਾ ਨੂੰ ਸਿੱਲ੍ਹਾ ਕਰਨ 'ਚ ਸਿਫ਼ਤੀ ਹਿੱਸਾ ਪਾਉਂਦੀ ਹੈ। ਜੇ ਘਰ ਦੇ ਅਗਲ-ਬਗਲ 10 ਦਰੱਖਤ ਲੱਗੇ ਹੋਣ ਤਾਂ ਬੰਦੇ ਦੀ ਉਮਰ 7 ਸਾਲ ਵਧ ਜਾਂਦੀ ਹੈ, ਸੁਹੱਪਣ ਅੱਡ।'

ਅਸੀਂ ਭਾਰਤੀ ਲੋਕ ਇਤਿਹਾਸ ਤੋਂ ਸਬਕ ਨਹੀਂ ਸਿੱਖਦੇ। ਦਰ-ਹਕੀਕਤ, ਅਸੀਂ ਇਤਿਹਾਸ ਨੂੰ ਗੂੜ੍ਹਦੇ ਨਹੀਂ, "ਡੰਡੌਤ-ਬੰਦਨਾ" ਕਰਦੇ ਹਾਂ। ਸੁਣਦੇ ਹਾਂ, ਪਰ ਅਮਲ ਨਹੀਂ ਕਰਦੇ। ਪੜ੍ਹਦੇ ਹਾਂ, ਤਾਂ ਮਹਿਜ਼ ਤੋਤਾ ਰਟਨ। ਯਾਦ ਕਰਦੇ ਹਾਂ, ਸਿਰਫ ਡਿਗਰੀਆਂ-ਰੁਤਬੇ ਅਤੇ ਰੋਜ਼ੀ-ਰੋਟੀ ਲਈ। ਕੁਦਰਤ ਨਾਲ ਸੰਬੰਧਤ ਤਾਂ ਕੀ, ਅਸੀਂ ਤਾਂ ਸਮਾਜੀ ਤੇ ਸਿਆਸੀ ਇਤਿਹਾਸ ਦੀ ਵੀ ਪੁਣ-ਛਾਣ ਨਹੀਂ ਕਰਦੇ। ਅਖੌਤੀ ਇ ਤਹਾਸਵੇਤਾਂ ਹਨ, ਬਹੁਤੇ। ਹੇ ਜੰਗਲ! ਤੂੰ ਐਵੇਂ ਨਾ ਝੂਰ, ਬੜੇ ਅਕ੍ਰਿਤਘਣ ਹਾਂ, ਅਸੀਂ।

ਲਗਦਾ; ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਨੂੰ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿੱਚ ਉਦੋਂ ਧੂੜ ਵਿੱਚ ਬਦਲ ਗਿਆ, ਜਦ ਜੰਗਲ ਰੁੱਸ ਗਏ। ਤਵਾਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਵਾਲੀ ਤਕਰੀਬਨ ਹਰ 'ਸਲਤਨਤ' ਦਾ ਅੰਤ ਮਾਰੂਥਲ ਦੇ ਜਨਮ ਨਾਲ ਹੋਇਆ। ਮੌਜੂਦਾ ਮਾਰੂਥਲ (ਰੇਗਿਸਤਾਨ) ਮਰਾਕੋ, ਅਲਜ਼ੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਅਨਾਜ ਖੇਤਰ ਸਨ। ਇਸੇ ਦੀ ਉਪਜ ਇਟਲੀ ਅਤੇ ਸਿਸਲੀ ਦਾ ਭੌਂ-ਖੋਰ ਹੈ। ਮੈਸੋਪਟਾਮੀਆ, ਫ਼ਲਸਤੀਨ, ਸੀਰੀਆ ਅਤੇ ਅਰਬ ਦੇ ਕੁਝ ਭਾਗ, ਉਰ, ਸੁਮੇਰੀਆਂ, ਬੈਬੋਲੀਨ ਅਤੇ ਅਸੀਰੀਆ ਕਈ ਮਹਾਨ ਬਾਦਸ਼ਾਹੀਆਂ ਦੇ ਮਾਣ-ਮੱਤੇ ਤਖ਼ਤ ਸਨ। ਕੱਲ੍ਹ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ। ਸਿਕੰਦਰ ਦਾ ਹਰਿਆ-ਭਰਿਆ ਯੂਨਾਨ ਅੱਜ ਆਪਣੀ ਬੰਜਰ ਭੂਮੀ ਕਾਰਨ ਝੂਰ ਰਿਹਾ ਹੈ। ਕਿਉਂ? ਇਨ੍ਹਾਂ ਜੰਗਲਾਂ ਦੀ ਅਸਮਤ ਜੁ ਲੀਰੋ-ਲੀਰ ਕਰ ਦਿੱਤੀ ਸੀ। ਸਾਡੇ ਆਪਣੇ ਮੋਹਿੰਜੋਦੜੋ ਤੇ ਹੜੱਪਾ ਵਰਗੇ ਸੱਭਿਅਕ ਖ਼ਿੱਤਿਆਂ ਦਾ ਕੀ ਬਣਿਆ? ਦੇਖੀਂ; ਐਵੇਂ ਨਾ ਹਾਕਮ-ਜਮਾਤਾਂ ਤੋਂ ਸਵਾਲ ਪੁੱਛ ਬੈਠੀਂ।

ਬਰਤਾਨਵੀ, ਫਰਾਂਸੀਸੀ ਅਤੇ ਡੱਚ ਸ਼ਹਿਨਸ਼ਾਹੀਆਂ ਨੇ ਆਪਣੇ ਖਿੱਤਿਆਂ ਵਿਚ ਤਾਂ ਰੇਗਿਸਤਾਨ ਨਹੀਂ ਸਨ ਬਣਨ ਦਿੱਤੇ, ਪਰ ਇਨ੍ਹਾਂ ਏਸ਼ੀਆ, ਅਫਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਉੱਤਰੀ ਅਮਰੀਕਾ ਦੀਆਂ ਨੌਂ-ਆਬਾਦੀਆਂ ਵਿੱਚ ਕੁਦਰਤੀ ਸੋਮਿਆਂ ਦਾ ਬੜਾ ਮਾਂਜਾ ਲਾਹਿਆ। ਕੀਨੀਆ, ਯੁਗਾਂਡਾ ਅਤੇ ਇਥੋਪੀਆ ਵਿਚ ਰੁੱਖ ਅਤੇ ਕੁਦਰਤੀ ਘਾਹ ਦੀ ਏਨੀ ਬੇਰਹਿਮੀ ਨਾਲ ਵੱਢ-ਟੁੱਕ ਕੀਤੀ ਗਈ ਕਿ ਨੀਲ ਨਦੀ ਦੇ ਸਹਿਜ ਵਹਿਣ ਨੂੰ ਵੀ ਖਤਰਾ ਪੈਦਾ ਹੋ ਗਿਆ। ਕਦੇ ਦਜਲਾ ਅਤੇ ਫਰਾਤ ਜਿਹੀਆਂ ਨਦੀਆਂ ਨਾਲ ਸਿੰਝੇ ਜਾਣ ਵਾਲੇ ਈਰਾਕ ਅਤੇ ਅਸੀਰੀਆ ਜੋ ਮੈਸੋਪੋਟਾਮੀਆ ਦੇ ਨਾਂਅ ਨਾਲ ਸਭ ਤੋਂ ਹਰੇ-ਭਰੇ ਪ੍ਰਦੇਸ ਸਨ, ਜੰਗਲਾਂ ਤੇ ਪਾਣੀ ਉਜਾੜੇ ਕਾਰਨ ਮਾਰੂਥਲ ਬਣੇ ਹੋਏ ਹਨ।

ਇਵੇਂ ਹੀ ਅਯਾਸ਼ ਬੇਸਮਝੀ ਨਾਲ ਰਾਜਪੂਤੀ ਸ਼ਹਿਨਸ਼ਾਹੀਆਂ ਥਾਰ ਵਿਚ ਖਤਮ ਹੋ ਗਈਆਂ। ਅੱਜ ਰਾਜਸਥਾਨ ਨੂੰ ਦੁਨੀਆ ਦਾ ਅਤਿ ਧੂੜ ਵਾਲਾ ਇਲਾਕਾ ਮੰਨਿਆ ਜਾਂਦਾ ਹੈ। ਪਿਛਲੇ ਦੋ ਦਹਾਕਿਆਂ ਵਿਚ ਹੀ ਇਹ ਮਾਰੂਥਲ ਅੱਠ ਫ਼ੀਸਦੀ ਵਧ ਗਿਆ ਹੈ। ਸ਼ਹਿਨਸ਼ਾਹੀਆਂ ਨੇ ਅੱਜ ਕਾਰਪੋਰੇਟਸ (ਨਵ-ਸਾਮਰਾਜਵਾਦ) ਦਾ ਰੂਪ ਧਾਰਨ ਕਰ ਲਿਆ ਹੈ। ਜਿਹੜਾ ਹਾਕਮ-ਜਮਾਤਾਂ ਦੇ ਕੰਧਾੜੇ ਚੜ੍ਹ, ਸਾਡੇ-ਤੁਹਾਡੀ ਬਰੂਹੀਂ ਆ ਬੈਠਾ ਹੈ। ਸਿੱਟਾ; ਕਈ ਰਾਜਾਂ ਅਤੇ ਕਬਾਇਲੀ ਖਿੱਤਿਆਂ ਸਮੇਤ ਇਹੀ ਸਥਿਤੀ ਹੁਣ ਪੰਜਾਬ 'ਚ ਵੀ ਪੈਦਾ ਹੋ ਰਹੀ ਹੈ। ਅਜਿਹਾ ਕਿਉਂ ਵਾਪਰ ਰਿਹਾ ਹੈ? ਕਿਉਂਕਿ ਅਗਿਆਨਤਾ ਅਤੇ ਮੁਨਾਫ਼ੇ ਦੀ ਲਾਲਸਾ ਹੇਠ ਸਾਵੇਂ ਕੁਦਰਤੀ ਪ੍ਰਬੰਧ 'ਚ ਬੇ-ਕਿਰਕ ਦਖਲ-ਅੰਦਾਜ਼ੀ ਹੋ ਰਹੀ ਹੈ। ਜੰਗਲਾਂ ਦੀ ਸੁਰੱਖਿਆ ਛਤਰੀ ਨੂੰ ਮਧੋਲ ਕੇ ਰੱਖ ਦਿੱਤਾ ਗਿਆ ਹੈ। ਸਿੱਟਾ, ਰੁੱਤਾਂ ਅਤੇ ਵਰਖਾ ਗੜਬੜਾ ਗਈ, ਪਾਣੀ ਪਤਾਲੀਂ ਜਾ ਵੜਿਆ ਹੈ। ਮਿੱਤਰ ਪੰਛੀ ਸਦੀਵੀ ਉਡਾਰੀ ਮਾਰ ਗਏ ਹਨ ਤੇ ਮਿੱਤਰ ਜੀਵ ਡੂੰਘੀ ਚੁੱਭੀ। ਤਾਪਮਾਨ ਲਗਾਤਾਰ ਵਧ ਰਿਹਾ ਹੈ। ਨਦੀਆਂ-ਚਸ਼ਮੇ ਮਰ ਮੁੱਕ ਰਹੇ ਹਨ, ਹਵਾ ਪਲੀਤ ਹੋ ਗਈ ਹੈ। ਨਤੀਜਾ, ਮਨੁੱਖ ਹੁਣ ਖੁਦ ਮਧੋਲਿਆ ਜਾ ਰਿਹਾ ਹੈ।

ਸਾਨੂੰ ਨਹੀਂ ਪਤਾ ਕਿ ਮਾਰੂਥਲਾਂ ਦੀ ਨਿੱਕੀ-ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋਂ 543 ਮਿਲੀਗ੍ਰਾਮ ਨਮੀ ਇਕ ਦਿਨ ਵਿੱਚ ਛੱਡਦੀ ਹੈ, ਜੋ ਥਾਰ ਦੀ ਖੁਸ਼ਕ ਫਿਜ਼ਾ ਨੂੰ ਸਿੱਲ੍ਹਾ ਕਰਨ 'ਚ ਸਿਫ਼ਤੀ ਹਿੱਸਾ ਪਾਉਂਦੀ ਹੈ। ਇਕ ਵਰਗ ਕਿਲੋਮੀਟਰ ਘਣਾ ਜੰਗਲ ਸਾਲਾਨਾ ਪੰਜਾਹ ਹਜ਼ਾਰ ਘਣਮੀਟਰ ਪਾਣੀ ਧਰਤੀ 'ਚ ਭੇਜਦਾ ਹੈ। ਇਹ ਊਰਜਾ ਦੇ ਸ੍ਰੋਤ ਹਨ। ਇਨ੍ਹਾਂ ਕੋਲੋਂ ਅਥਾਹ ਭੋਜਨ ਮਿਲਦਾ ਹੈ। ਇਹ ਚਿਕਿਤਸਿਕ ਬੂਟੀਆਂ ਦੇ ਘਰ ਹਨ, ਕੰਦ-ਮੂਲਾਂ ਦੇ ਵੀ। ਸਾਡੀ ਪ੍ਰਿਥਵੀ ਉਤਲੇ ਸਾਰੇ ਪੌਦੇ ਹਰ ਵਰ੍ਹੇ 144 ਅਰਬ ਮੀਟਰਿਕ ਟਨ ਜੀਵੀ-ਪਦਾਰਥ ਪੈਦਾ ਕਰਦੇ ਹਨ। ਇਹ ਨਮੀ ਅਤੇ ਮਲੜ੍ਹ (ਪੱਤਖਾਦ) ਬਖਸ਼ ਕੇ ਧਰਤੀ ਨੂੰ ਠੰਢਾ-ਪੋਲਾ-ਨਮ, ਮਿੱਤਰ ਕੀਟ-ਯੁਕਤ ਅਰਥਾਤ ਜ਼ਰਖੇਜ਼ ਬਣਾਉਂਦੇ ਹਨ, ਜ਼ਹਿਰਾਂ ਚੂਸਦੇ ਹਨ। ਧਰਾਤਲ ਤੇ ਖਲਾਅ ਨੂੰ ਨਮ-ਠੰਢਕ ਬਖਸ਼ਦੇ ਹਨ। ਇਨ੍ਹਾਂ ਨੂੰ ਖੇਤੀ ਲਈ ਦੁੱਧ ਚੁੰਘਾਉਣ ਵਾਲੀ ਮਾਂ ਵੀ ਕਿਹਾ ਜਾ ਸਕਦਾ ਹੈ।

ਸ਼ਾਇਦ ਆਪਾਂ ਇਹ ਵੀ ਨਹੀਂ ਜਾਣਦੇ ਕਿ ਇਕ ਆਮ ਦਰੱਖਤ ਵੀ ਆਪਣੀ ਨਿੱਕੜੀ ਜਿਹੀ ਜ਼ਿੰਦਗੀ 'ਚ ਲਖੂਖਾ ਰੁਪਏ ਦੀ ਟਨਾਂ-ਮੂੰਹੀਂ ਆਕਸੀਜਨ ਛੱਡਦਾ ਹੈ। ਇਕ ਵਰਗ ਕਿਲੋਮੀਟਰ ਭਰਪੂਰ ਜੰਗਲ ਹਰ ਰੋਜ਼ 3.7 ਮੀਟਰਿਕ ਟਨ ਕਾਰਬਨ ਡਾਈਆਕਸਾਈਡ ਵਾਤਾਵਰਣ ਵਿੱਚੋਂ ਲੈ ਕੇ ਆਕਸੀਜਨ ਛੱਡ ਦਿੰਦਾ ਹੈ। ਇਕ ਮਨੁੱਖ ਨੂੰ 16 ਰੁੱਖਾਂ ਜਿੰਨੀ ਆਕਸੀਜਨ ਲੋੜੀਂਦੀ ਹੈ। ਆਕਸੀਜਨ ਸਾਡੀ ਧਰੋਹਰ ਹੈ। ਇਹ ਸਿਰ 'ਤੇ ਧੁੱਪ ਸਹਿ ਕੇ ਸਾਨੂੰ ਛਾਂ ਦਿੰਦੇ ਹਨ ਅਤੇ ਪੱਥਰ ਮਾਰਿਆਂ ਫਲ। ਕਿਆ ਮਹਾਨਤਾ ਹੈ। ਅਸੀਂ ਤਾਂ ਇਹ ਵੀ ਨਹੀਂ ਜਾਣਦੇ ਕਿ ਇੱਕ ਭਰਪੂਰ ਦਰੱਖਤ ਸਾਲਾਨਾ 20 ਕਿਲੋ ਜ਼ਹਿਰੀਲੀ ਧੂੜ ਅਤੇ 80 ਕਿਲੋ ਪਾਰਾ-ਸਿੱਕਾ-ਲੀਥੀਅਮ ਨੂੰ ਹਜ਼ਮ ਕਰ ਸਕਦਾ ਹੈ ਤੇ ਮੋੜਵੇਂ ਰੂਪ ਵਿੱਚ 700 ਕਿਲੋ ਆਕਸੀਜਨ ਦਿੰਦਾ ਹੈ।

ਕੋਰੋਨਾ-ਕਾਲ ਨੇ ਬੜੀਆਂ ਦੁਸ਼ਵਾਰੀਆਂ ਦਿੱਤੀਆਂ, ਪਰ ਆਕਸੀਜਨ ਦੀ ਮਹੱਤਤਾ ਦਾ ਸਬਕ ਵੀ ਸਿਖਾਇਆ। ਲੱਗਦਾ ਨਹੀਂ; ਅਸੀਂ-ਤੁਸੀਂ ਗ੍ਰਹਿਣ ਕੀਤਾ ਹੋਵੇ, ਹਾਕਮਾਂ ਤਾਂ ਬਿਲਕੁਲ ਹੀ ਨਹੀਂ। ਇੱਕ ਸਿਲੰਡਰ ਵਿੱਚ 9 ਕਿਲੋ ਆਕਸੀਜਨ ਹੁੰਦੀ ਹੈ। ਮਨੁੱਖੀ ਸਰੀਰ ਨੂੰ ਰੋਜ਼ਾਨਾ ਤਿੰਨ ਸਿਲੰਡਰਾਂ ਜਿੰਨੀ ਆਕਸੀਜਨ ਦੀ ਲੋੜ ਪੈਂਦੀ ਹੈ। ਨਹੀਂ ਪਤਾ ਹੋਵੇਗਾ ਕਿ ਇੱਕ ਸਿਲੰਡਰ ਆਕਸੀਜਨ ਦੀ ਕੀਮਤ 700 ਰੁਪਏ ਹੈ, ਜੋੜ ਬਣਿਆ 2100 ਰੁਪਏ ਰੋਜ਼ ਦਾ। ਭਲਾ! 65 ਸਾਲ ਦੀ ਮਨੁੱਖੀ ਔਸਤਨ ਉਮਰ ਤੱਕ ਲੋੜੀਂਦੀ ਆਕਸੀਜਨ ਦਾ ਕਿੰਨਾ ਮੁੱਲ ਬਣਿਆ? ਮੈਂ ਨਹੀਂ, ਗੁਣਾ-ਜੋੜ ਤੁਸੀਂ ਲਾਵੋਂਗੇ। ਕੀ ਰੁੱਖਾਂ ਨੇ ਕਦੇ ਮੰਗੀ ਹੈ ਇਹ ਕੀਮਤ। ਲੁਟੇਰੇ ਪ੍ਰਬੰਧ ਨੇ ਇਹ ਗੱਲ ਸੁਣਨੀ ਹੈ, ਭਲਾ।

ਹੇ ਜੰਗਲ! ਕੌਣ ਧਰੂ ਕੰਨ, ਤੇਰੀ ਇਸ ਗੱਲ ਵੱਲ, ਕਿ; ਮਿੱਟੀ ਦੀਆਂ ਉਪਜਾਊ ਪਰਤਾਂ ਨੂੰ ਸਿਰਜਣ ਤੇ ਫਿਰ ਸੰਭਾਲਣ ਵਿੱਚ ਪੌਦਿਆਂ ਦਾ ਬੜਾ ਵੱਡਾ ਯੋਗਦਾਨ ਹੈ। ਇਹੋ ਮਿੱਟੀ ਸਾਡੀ ਖੇਤੀ ਦਾ ਆਧਾਰ ਹੈ। ਵੀਰਾਨ ਤੇ ਰੁੱਖ ਵਿਹੂਣੀ ਇਕ ਏਕੜ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਮਾਨਸੂਨੀ ਹੜ੍ਹਾਂ ਕਾਰਨ ਇਹ ਖੋਰ ਹੋਰ ਵੀ ਵਧ ਜਾਂਦੀ ਹੈ ਅਤੇ ਮਿੱਟੀ ਦੇ ਉਪਜਾਊ ਤੱਤ ਘੁਲ ਕੇ ਰੋੜ੍ਹ ਦਾ ਹਿੱਸਾ ਬਣ ਜਾਂਦੇ ਹਨ। ਸਿਰਫ ਬਨਸਪਤੀ ਦੀਆਂ ਜੜ੍ਹਾਂ ਹੀ ਜਾਲ ਬਣ ਕੇ ਸਾਡੀ ਮਿੱਟੀ ਨੂੰ ਖੁਰਨੋ ਅਤੇ ਪਹਾੜ ਢਹਿ-ਢੇਰੀ ਹੋਣ ਤੋਂ ਬਚਾਅ ਸਕਦੀਆਂ ਹਨ। ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਤੇ ਅਜੋਕੇ ਜਲ-ਸਲਾਬ ਅਤੇ ਪਹਾੜਾਂ ਦਾ ਢਹਿ-ਢੇਰੀ ਹੋਣਾ ਅਸਲ ਵਿਚ ਮਨੁੱਖ ਦੇ ਪ੍ਰਤੀ ਗਲਤ ਵਿਵਹਾਰ ਦੀ ਹੀ ਵਿੱਥਿਆ ਹੈ।

ਅਸੀਂ ਨਹੀਂ ਜਾਣਦੇ ਕਿ ਦਰੱਖਤਾਂ ਦਾ ਰਕਬਾ ਘਟਣਾ ਵਾਤਾਵਰਣ ਲਈ ਬੜਾ ਘਾਤਕ ਹੈ। ਇਸ ਨਾਲ ਆਲਮੀ ਤਪਸ਼ ਹੋਰ ਵਧੇਗੀ, ਗਲੇਸ਼ੀਅਰ ਤੇਜ਼ੀ ਨਾਲ ਪਿਘਲਣ ਉਪਰੰਤ ਨਦੀਆਂ ਵਿੱਚ ਪਹਿਲਾਂ ਭਾਰੀ ਹੜ੍ਹ ਆਉਣਗੇ, ਬਾਅਦ ਵਿੱਚ ਇਹ ਸੁੱਕਣ ਲੱਗਣਗੀਆਂ। ਜੰਗਲਾਂ ਵਿੱਚੋਂ ਨਿਕਲਦੀਆਂ ਨਦੀਆਂ ਵੀ ਸਦਾ-ਬਹਾਰ ਨਹੀਂ ਰਹਿਣਗੀਆਂ। ਦਰੱਖਤਾਂ ਦੀ ਬੇਹੱਦ ਘਾਟ ਨਾਲ ਮਨੁੱਖੀ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵੀ ਪ੍ਰਭਾਵਤ ਹੋਵੇਗੀ ਅਤੇ ਮਨੁੱਖ ਦਾ ਸਰੀਰਕ ਆਕਾਰ ਵੀ ਛੋਟਾ ਹੋਣ ਲੱਗੇਗਾ। ਸੁਣੋ! ਜੇ ਘਰ ਦੇ ਅਗਲ-ਬਗਲ 10 ਦਰੱਖਤ ਲੱਗੇ ਹੋਣ ਤਾਂ ਬੰਦੇ ਦੀ ਉਮਰ 7 ਸਾਲ ਵਧ ਜਾਂਦੀ ਹੈ, ਸੁਹੱਪਣ ਅੱਡ।

ਚੋਣ ਸਾਡੇ ਸਾਹਮਣੇ ਹੈ : ਵਣਾਂ ਵਿਹੂਣੀ ਭੂਮੀ ਜਾਂ ਹਰਿਆਵਲੀ ਧਰਤੀ। ਬਿਰਖਾਂ ਸੰਗ ਸੰਵਾਦ ਜਾਂ ਉਨ੍ਹਾਂ ਵੱਲ ਬੇ-ਪ੍ਰਤੀਤੀ। ਗੁਟਕਦੇ ਪੰਛੀ ਜਾਂ ਵਰਾਨਗੀ। ਉਪਜਾਊ ਮਿੱਟੀ ਦੀਆਂ ਬਰਕਤਾਂ ਜਾਂ ਮਾਰੂਥਲ। ਕੁਦਰਤ ਦੀਆਂ ਬਖਸ਼ਿਸ਼ਾਂ ਨਾਲ ਭਰੇ ਦਾਮਨ ਜਾਂ ਖਾਲੀ ਝੋਲੀਆਂ। ਜਲ-ਕੁੰਡ ਜਾਂ ਕੰਕਰੀਟ ਦੇ ਜੰਗਲ। ਨਮੀ ਯੁਕਤ ਰੁਮਕਦੀਆਂ ਪੌਣਾਂ ਜਾਂ ਪਿੰਡਾ ਲੂੰਹਦਾ ਤਾਪਮਾਨ। ਸਾਫ਼-ਸੁਥਰੇ ਸਾਹ ਜਾਂ ਪਲੀਤ ਹਵਾਵਾਂ। ਗਰਭ ਤੋਂ ਲੈ ਕੇ ਸਿਵਿਆਂ ਤੱਕ ਦਾ ਸਾਥ ਜਾਂ..ਜਾਂ? ਇਸ ਸਭ ਦਾ ਨਿਤਾਰਾ ਸਾਨੂੰ ਅੱਜ ਹੀ ਅਤੇ ਹੁਣੇ ਹੀ ਕਰਨਾ ਪੈਣਾ ਹੈ। ਪਹਿਲਾਂ ਹੀ ਬੜੀ ਦੇਰ ਹੋ ਚੁੱਕੀ ਹੈ। ਕੁਦਰਤ ਦਾ ਇਹ ਅੰਗ ਨਾ ਰਿਹਾ ਤਾਂ ਬੰਦਾ ਵੀ ਨਹੀਂ ਰਹੇਗਾ। ਫਿਰ ਇਹ ਮਹਿਲ-ਮੁਨਾਰੇ ਕਿਸ ਕੰਮ? ਜੰਗਲ ਕੁਦਰਤ ਦਾ ਸਿਰਮੌਰ ਅੰਗ ਹਨ, ਦਿਲ। ਰੁੱਖ ਗਾਇਬ ਹੋ ਗਏ ਤਾਂ ਸਾਵੇਂ ਮੀਹਾਂ ਅਤੇ ਰਮਤੇ ਜਨੌਰਾਂ ਵਾਂਗ ਮਨੁੱਖ ਵੀ ਛੂਪਣ-ਛੋਤ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

5-Nov-Sunday.qxd 11/4/2023 10:02 PM Page 4



## ਸ਼ਬਦਾਂ ਦੀ ਅਜ਼ਮਤ

**ਡਾ: ਅਨੂਪ ਸਿੰਘ**
**ਪੰਨੇ : 208, ਮੁੱਲ : 475 ਰੁਪਏ**
**ਯੂਨੀਸਟਾਰ ਬੁੱਕਸ, ਚੰਡੀਗੜ੍ਹ**

# ਸ਼ਬਦ ਸ਼ਕਤੀ ਦੇ ਮਹੱਤਵ ਅਤੇ ਚਿੰਤਨ-ਚੇਤਨਾ

ਕਿਤਾਬ ਦੀ ਪਰਖ ਪੜਚੋਲ

**ਬਲਦੇਵ ਸਿੰਘ (ਸੜਕਨਾਮਾ)**






ਤੁਸੀਂ ਪੰਜਾਬੀ ਸਾਹਿਤ ਦੇ ਕਿਸੇ ਅਜਿਹੇ ਅਦੀਬ ਨੂੰ ਜਾਣਦੇ ਹੋ, ਜੋ ਨਾ ਤਾਂ ਆਪਣੇ-ਆਪ ਨੂੰ ਬਹੁਤ ਵੱਡਾ ਵਿਦਵਾਨ ਮੰਨਦਾ ਹੋਵੇ, ਨਾ ਮਹਾਨ ਚਿੰਤਕ ਹੋਣ ਦਾ ਭਰਮ ਪਾਲਦਾ ਹੋਵੇ, ਨਾ ਰਾਜਨੀਤਕ ਤੇ ਆਰਥਿਕ ਖੇਤਰ ਵਿੱਚ ਮਾਹਰ ਹੋਣ ਦਾ ਦਾਅਵਾ ਕਰਦਾ ਹੋਵੇ, ਨਾ ਧੱਕੇ ਨਾਲ ਆਪਣੀ ਵਿਦਵਤਾ ਜ਼ਾਹਰ ਕਰਨ ਲਈ ਕੋਈ ਜੁਗਾੜ ਕਰਦਾ ਹੋਵੇ। ਹੁਣ ਤੁਸੀਂ ਜ਼ਰੂਰ ਹੈਰਾਨ ਹੋਏ ਹੋਵੋਗੇ, ਇਹ ਕਿਹੋ ਜਿਹੀ ਬੁਝਾਰਤ ਹੈ। ਪੰਜਾਬੀ ਸਾਹਿਤ ਖੇਤਰ ਵਿੱਚ ਅਜਿਹਾ ਦਰਵੇਸ਼ ਆਪਣੀ ਧੁਨ ਵਿੱਚ ਮਸਤ ਆਪਣਾ ਕੰਮ ਕਰਦੇ ਰਹਿਣ ਵਾਲਾ, ਕਿਸੇ ਦੀ ਨਿੰਦਾ ਚੁਗਲੀ ਨਾ ਕਰਨ ਵਾਲਾ ਲੇਖਕ, ਕਵੀ, ਕਹਾਣੀਕਾਰ ਜਾਂ ਨਾਵਲਕਾਰ ਸ਼ਾਇਦ ਹੀ ਮਿਲੇ। ਕਈ ਲੇਖਕ ਇੱਕ ਜਾਂ ਦੋ ਕਿਤਾਬਾਂ ਲਿਖ ਕੇ ਇਨਾਮ ਦੇਣ ਵਾਲੀਆਂ ਸੰਸਥਾਵਾਂ ਦੇ ਪਤੇ ਭਾਲਦੇ ਫਿਰਦੇ ਤਾਂ ਮਿਲ ਜਾਣਗੇ, ਪਰ...?

ਪਰ ਮੈਂ ਇੱਕ ਅਜਿਹੇ ਲੇਖਕ ਨੂੰ ਜਾਣਦਾ ਹਾਂ, ਜੋ ਇਹਨਾਂ ਸਭ ਵਰਤਾਰਿਆਂ ਤੋਂ ਨਿਰਲੇਪ ਹੋ ਕੇ ਆਪਣਾ ਕਾਰਜ ਕਰੀ ਜਾ ਰਿਹਾ ਹੈ। ਮੈਂ ਉਸ ਨੂੰ ਲੰਮੇ ਸਮੇਂ ਤੋਂ ਜਾਣਦਾ ਹਾਂ, ਪਰ ਪੁਸਤਕ 'ਸ਼ਬਦ ਦੀ ਅਜ਼ਮਤ' ਪੜ੍ਹ ਕੇ ਮੇਰੀ ਧਾਰਨਾ ਨੂੰ ਪ੍ਰੌੜ੍ਹਤਾ ਮਿਲੀ ਹੈ। ਇਸ ਪੁਸਤਕ ਦਾ ਲੇਖਕ ਹੈ ਡਾ. ਅਨੂਪ ਸਿੰਘ ਬਟਾਲੇ ਵਾਲਾ। ਉਹੀ ਬਟਾਲਾ ਜੋ ਬਿਰਹੋਂ ਦੇ ਗੀਤ ਲਿਖਣ ਵਾਲਾ ਸ਼ਿਵ ਕੁਮਾਰ ਕਾਰਨ ਹੋਰ ਵੀ ਪ੍ਰਸਿੱਧ ਹੋ ਗਿਆ।

ਡਾ. ਅਨੂਪ ਸਿੰਘ ਹੁਣ ਤੱਕ ਰਾਜਨੀਤਕ ਅਤੇ ਆਰਥਿਕ ਮਸਲਿਆਂ ਨਾਲ ਸੰਬੰਧਤ 6 ਪੁਸਤਕਾਂ ਲਿਖ ਚੁੱਕਿਆ ਹੈ। ਸਿੱਖ ਦਰਸ਼ਨ ਬਾਰੇ ਵੀ ਉਸ ਨੇ 6 ਪੁਸਤਕਾਂ ਲਿਖੀਆਂ ਹਨ। ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਬਾਰੇ ਆਲੋਚਨਾ ਦੀਆਂ 15 ਪੁਸਤਕਾਂ ਨਾਲ ਇਸ ਵਿਧਾ ਨੂੰ ਅਮੀਰ ਕੀਤਾ ਹੈ। ਮੌਲਿਕ ਸਿਰਜਣਾ ਵਿੱਚ 6 ਨਿਬੰਧ ਪੁਸਤਕਾਂ ਲਿਖੀਆਂ ਹਨ। ਫਿਰ ਸਫਰਨਾਮਾ, ਜੀਵਨੀ, ਸੰਪਾਦਨਾ ਵਿੱਚ ਵੀ ਡਾ. ਅਨੂਪ ਸਿੰਘ ਨੇ ਮੁੱਲਵਾਨ ਅਤੇ ਗੌਲਣਯੋਗ ਕਾਰਜ ਕੀਤਾ ਹੈ। ਇੰਨਾ ਸਿਰਜਣਾਤਮਕ ਤੇ ਖੋਜ ਕਾਰਜ ਕਰਨ 'ਤੇ ਵੀ ਅਨੂਪ ਸਿੰਘ ਆਪਣੇ ਹਲੀਮੀ ਅਤੇ ਮਿਲਣਸਾਰ ਸੁਭਾਅ ਕਾਰਨ ਹਰ ਇੱਕ ਨੂੰ ਇੱਕ ਜਗਿਆਸੂ ਵਾਂਗ ਮਿਲਦਾ ਹੈ।

ਡਾ. ਅਨੂਪ ਸਿੰਘ ਦੀ ਪੁਸਤਕ 'ਸ਼ਬਦ ਦੀ ਅਜ਼ਮਤ' ਦਾ ਪਾਠ ਕਰਦਿਆਂ ਮਹਿਸੂਸ ਹੁੰਦਾ ਹੈ। ਅਨੂਪ ਸਿੰਘ ਨੇ ਇਸ ਪੁਸਤਕ ਦਾ ਇੱਕ-ਇੱਕ ਸ਼ਬਦ ਬੜਾ ਸੋਚ-ਸਮਝ ਕੇ ਚੁਣਿਆ ਅਤੇ ਸਲੀਕੇ ਨਾਲ ਵਰਤਿਆ ਹੈ। ਉਹ ਭਾਵੇਂ ਸ਼ਬਦ ਦੀ ਅਜ਼ਮਤ ਬਾਰੇ ਲਿਖ ਰਿਹਾ ਹੋਵੇ ਜਾਂ ਗਣਤੰਤਰ-ਗੁਣਤੰਤਰ ਬਾਰੇ ਜਾਂ ਫਿਰਕਾਪ੍ਰਸਤੀ ਤੇ ਫਾਸ਼ੀਵਾਦ ਬਾਰੇ ਜਾਂ ਪੰਜਾਬੀ ਭਾਸ਼ਾ ਦੀ ਤਰੱਕੀ ਬਾਰੇ, ਹਰ ਸ਼ਬਦ ਢੁੱਕਵੇਂ ਥਾਂ ਜੜਿਆ ਹੁੰਦਾ ਹੈ। ਗੁਰਬਾਣੀ ਸਿਖਾਉਂਦੀ ਹੈ...'ਘੜੀਐ ਸ਼ਬਦ ਸੱਚੀ ਟਕਸਾਲ' ਤੇ ਡਾ. ਅਨੂਪ ਸਿੰਘ ਆਪਣੇ ਮਨ-ਮਸਤਿਕ ਦੀ ਟਕਸਾਲ ਵਿੱਚ ਸ਼ਬਦ ਘੜ-ਘੜ ਸਿਰਜਣਾ ਕਰਦਾ ਹੈ। ਉਹ ਵਿਦਵਾਨ ਤੇ ਚਿੰਤਕ ਹੈਜ਼ਲਿਟ ਦੇ ਸ਼ਬਦਾਂ ਦਾ ਹਵਾਲਾ ਦਿੰਦਾ ਹੈ :

'ਸ਼ਬਦ ਜੇਕਰ ਚੰਗੇ ਹੋਣ ਤਾਂ ਉਹ ਅਮਰ ਹੋ ਜਾਂਦੇ ਹਨ। ਮੰਦੇ ਹੋਣ ਦਾ ਬੋਲਣ ਵਾਲੇ ਦਾ ਵਕਾਰ ਵੀ ਖਤਮ ਕਰ ਦਿੰਦੇ ਹਨ।' (ਪੰਨਾ 27)

ਸ਼ਬਦਾਂ ਵਿੱਚ ਕਰਾਮਾਤ ਕਰਨ ਦੀ ਸ਼ਕਤੀ ਹੁੰਦੀ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਪਣੇ ਇੱਕ ਲੇਖ ਵਿੱਚ ਸੋਹਣੇ-ਸੁਨੱਖੇ ਇੱਕ ਵਿਅਕਤੀ ਨੂੰ ਪੁੱਛਦਾ ਹੈ-'ਜ਼ਰਾ ਬੋਲ ਕੇ ਦੱਸ ਨਾ ਸੋਹਣਿਆ ਤੂੰ ਅੰਦਰੋਂ ਵੀ ਇੰਨਾ ਹੀ ਸੋਹਣਾ ਹੈਂ ?' ਮਨੁੱਖ ਦੀ ਵਡਿਆਈ ਸੁਹੱਪਣ, ਬਜ਼ੁਰਗੀ ਦਾ ਜਲੌਅ ਉਸ ਦੇ ਸ਼ਬਦਾਂ ਅੰਦਰ ਲੁਕਿਆ ਹੁੰਦਾ ਹੈ। ਇੱਥੇ ਆਸਟਰੀਆ ਦੇ ਵਿਦਵਾਨ ਸਾਹਿਤਕਾਰ ਪੀਟਰ ਹੰਡਕੋ ਦੇ ਸ਼ਬਦਾਂ ਦਾ ਹਵਾਲਾ ਦਿੱਤਾ ਹੈ :

ਇਹ ਸ਼ਬਦਾਂ ਦੀ ਹੀ ਕਰਾਮਾਤ ਹੈ ਕਿ ਉਹ ਸੱਭਿਅਤਾ, ਇਤਿਹਾਸ ਤੇ ਨਸਲਾਂ ਦਾ ਵਰਤਾਰਾ ਤੇ ਵਿਵਹਾਰ ਬਦਲ ਸਕਦੇ ਹਨ। (ਪੰਨਾ : 28)

ਸ਼ਬਦਾਂ ਬਾਰੇ ਅਨੇਕਾਂ ਅਖਾਣ-ਮੁਹਾਵਰੇ ਹਨ। ਜਿਸ ਦੀ ਜ਼ੁਬਾਨ ਚੱਲਦੀ ਹੈ, ਉਸ ਦੇ ਸੱਤ ਹਲ ਚੱਲਦੇ ਹਨ। ਬੰਦਾ ਆਪਣੀ ਜੀਭ ਥੱਲੇ ਲੁਕ ਜਾਂਦਾ ਹੈ। (ਪੰਨਾ : 29)

ਆਪਣੇ ਨਿਬੰਧ ਗਣਤੰਤਰ ਬਨਾਮ ਗੁਣਤੰਤਰ ਵਿੱਚ ਡਾ. ਅਨੂਪ ਸਿੰਘ ਨੇ ਦੋਵਾਂ ਨੂੰ ਇੱਕ-ਦੂਸਰੇ ਦੇ ਪੂਰਕ ਦੱਸਿਆ ਹੈ, ਇੱਕ-ਦੂਜੇ ਦੇ ਸਹਾਇਕ ਵੀ ਕਿਹਾ ਹੈ। ਉਸ ਦਾ ਮੱਤ ਹੈ ਯੋਗ ਵਿਅਕਤੀ ਹੀ ਜੋ ਗੁਣਾਂ ਨਾਲ ਭਰਪੂਰ ਹੋਣ, ਆਗੂਆਂ ਵਜੋਂ ਚੁਣਨੇ ਚਾਹੀਦੇ ਹਨ। ਉਹ ਭਾਰਤੀ ਲੋਕਤੰਤਰੀ ਪ੍ਰਣਾਲੀ ਉੱਪਰ ਤਿੱਖੀ ਆਲੋਚਨਾ ਕਰਦਿਆਂ ਲਿਖਦਾ ਹੈ :

'ਇੱਥੇ ਸਦਗੁਣਾਂ ਦਾ ਅਤੇ ਪ੍ਰਚੱਲਤ ਨੈਤਿਕ ਕਦਰਾਂ-ਕੀਮਤਾਂ ਦਾ ਘੋਰ ਨਿਰਾਦਰ ਹੋ ਰਿਹਾ ਹੈ। ਧਨ-ਕੁਬੇਰਾਂ, ਅਪਰਾਧੀਆਂ, ਸੱਤਾਸ਼ੀਲਾਂ ਅਤੇ ਉੱਚ ਅਫਸਰਸ਼ਾਹਾਂ ਦਾ ਗੱਠਜੋੜ ਆਮ ਲੋਕਾਂ ਦੀਆਂ ਹੋਣੀਆਂ ਨਾਲ ਖਿਲਵਾੜ ਕਰ ਰਿਹਾ ਹੈ।' (ਪੰਨਾ : 43-44)

'ਧਰਮ-ਨਿਰਪੱਖ ਭਾਰਤ ਅਤੇ ਫਿਰਕਾਪ੍ਰਸਤੀ' ਨਿਬੰਧ ਵਿੱਚ ਅਨੂਪ ਸਿੰਘ ਨੇ ਹਦਾਇਤ ਰੂਪ ਵਿੱਚ ਕਿਹਾ ਹੈ।

'ਕਿਸੇ ਵੀ ਧਾਰਮਿਕ ਅਕੀਦੇ ਤੇ ਸੰਸਥਾ ਨੂੰ ਰਾਜ ਦੇ ਮਾਮਲਿਆਂ ਵਿੱਚ ਦਖਲ ਦੇਣ ਦਾ ਕੋਈ ਅਧਿਕਾਰ ਨਾ ਹੋਵੇ। ਧਰਮ ਵਿਅਕਤੀ ਦਾ ਨਿਰੋਲ ਨਿੱਜੀ ਮਾਮਲਾ ਹੈ।' ... ਇਸ ਕਥਨ ਦੀ ਪੁਸ਼ਟੀ ਲਈ ਚਿੰਤਕ ਸੇਨੇਕਾ ਦੇ ਸ਼ਬਦਾਂ ਦਾ ਆਸਰਾ ਲਿਆ ਹੈ-'ਧਰਮ ਆਮ ਲੋਕਾਂ ਲਈ ਸੱਚ ਹੁੰਦਾ ਹੈ, ਸਿਆਣਿਆਂ ਲਈ ਝੂਠ ਅਤੇ ਰਾਜ ਕਰਨ ਵਾਲਿਆਂ ਲਈ ਵਰਤਣ ਵਾਲੀ ਚੀਜ਼।' (ਪੰਨਾ : 52)

ਇਹਨਾਂ ਸ਼ਬਦਾਂ ਵਿੱਚ ਹੀ ਭਾਰਤੀ ਰਾਜ ਅਤੇ ਪ੍ਰਬੰਧ ਪ੍ਰਣਾਲੀ ਦੀ ਸੱਚਾਈ ਛੁਪੀ ਹੋਈ ਹੈ।

'ਫਿਰਕਾਪ੍ਰਸਤੀ ਤੇ ਫਾਸ਼ੀਵਾਦ ਦਾ ਉਭਾਰ' ਵਿੱਚ ਵੀ ਡਾ. ਅਨੂਪ ਸਿੰਘ ਨੇ ਇਸ ਸੰਬੰਧ ਵਿੱਚ ਤਿੱਖਾ ਕਟਾਕਸ਼ ਕੀਤਾ ਹੈ :

'ਸੰਨ ਸੰਤਾਲੀ ਤੋਂ ਬਾਅਦ ਭਾਰਤੀ ਰਾਜ ਸੱਤਾ ਉੱਤੇ ਕਾਬਜ਼ ਹੋਣ ਵਾਲੀ ਪੂੰਜੀਪਤੀ ਜਮਾਤ ਨੇ ਇੱਕ ਪਾਸੇ ਸਾਮਰਾਜਵਾਦੀਆਂ ਨਾਲ ਮਿਲਵਰਤਣ ਤੇ ਸਹਿਯੋਗ ਅਤੇ ਦੂਜੇ ਪਾਸੇ ਜਗੀਰਦਾਰਾਂ ਨੂੰ ਰਾਜ-ਸੱਤਾ ਵਿੱਚ ਜੂਨੀਅਰ ਭਾਈਵਾਲ ਬਣਾ ਲਿਆ।...ਹੁਣ 21ਵੀਂ ਸਦੀ ਦੇ ਆਰੰਭ ਤੋਂ ਭਾਰਤੀ ਸਟੇਟ ਦੀ ਅਗਵਾਈ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥ ਹੈ।' (ਪੰਨਾ : 62)

ਇਹਨਾਂ ਫਿਰਕਾਪ੍ਰਸਤੀ ਤਾਕਤਾਂ ਅਤੇ ਫਾਸ਼ੀਵਾਦ ਨਾਲ ਸਿੱਝਣ ਲਈ ਡਾ. ਅਨੂਪ ਸਿੰਘ ਵੱਲੋਂ ਸੁਝਾਏ ਦੋ ਨਾਅਰੇ ਵੀ ਪਾਠਕਾਂ ਦਾ ਧਿਆਨ ਖਿੱਚਦੇ ਹਨ। ਲੇਖਕ ਅਨੁਸਾਰ ਇਹਨਾਂ ਨਾਅਰਿਆਂ ਨੂੰ ਲੋਕ ਸਮਝ ਦਾ ਹਿੱਸਾ ਬਣਨਾ ਜ਼ਰੂਰ ਚਾਹੀਦਾ ਹੈ। ਨਾਅਰੇ ਇਹ ਹਨ :

ਇੱਕੋ ਇੱਕ ਠੀਕ ਰਾਹ ਏਕੇ ਤੇ ਸੰਘਰਸ਼ ਦਾ।
ਸਮੇਂ ਦੀ ਇਤਿਹਾਸਕ ਲੋੜ ਵਿਸ਼ਾਲ ਏਕਤਾ ਤਿੱਖੇ ਘੋਲ।

ਪਿਛਲੇ ਕੁਝ ਸਾਲਾਂ ਤੋਂ ਸੋਸ਼ਲ ਮੀਡੀਏ ਦੀ ਭਰੋਸੇਯੋਗਤਾ ਲੱਗਭੱਗ ਗੁਆਚ ਗਈ ਹੈ। ਹੁਣ ਇਸ ਬਾਰੇ ਸ਼ਬਦ 'ਗੋਦੀ ਮੀਡੀਆ' ਕੋਈ ਓਪਰਾ ਨਵਾਂ ਸ਼ਬਦ ਨਹੀਂ ਰਿਹਾ। ਉਂਜ ਤਾਂ ਸੋਸ਼ਲ ਮੀਡੀਆ ਨੂੰ ਲੋਕ-ਤੰਤਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਹੈ, ਪਰ ਸੱਤਾ ਅਤੇ ਕਾਰਪੋਰੇਟ ਘਰਾਣਿਆਂ ਦੀਆਂ ਬੈਸਾਖੀਆਂ ਨੇ ਇਸ ਨੂੰ ਹਾਸੋਹੀਣਾ ਬਣਾ ਦਿੱਤਾ ਹੈ। ਉਹ ਜੋ ਚਾਹੁੰਦੇ ਹਨ ਪ੍ਰਸਾਰਤ ਹੁੰਦਾ ਹੈ, ਜੋ ਨਹੀਂ ਚਾਹੁੰਦੇ, ਉਸ ਨੂੰ ਰੋਕ ਲਿਆ ਜਾਂਦਾ ਹੈ। ਅਸਲ ਵਿੱਚ ਹੁਣ ਮੀਡੀਆ ਰਾਜਨੀਤਕ ਸੱਤਾਧਾਰੀਆਂ ਅਤੇ ਕਾਰਪੋਰੇਟ ਘਰਾਣਿਆਂ ਦੀ ਕਠਪੁਤਲੀ ਬਣ ਕੇ ਰਹਿ ਗਿਆ ਹੈ। ਜਿਮ ਮੋਰੀਸਨ ਨੇ ਕਿਹਾ ਹੈ :

'ਜਿਸ ਦਾ ਵੀ ਮੀਡੀਏ 'ਤੇ ਕਬਜ਼ਾ ਹੈ, ਉਹੀ ਮਨ ਨੂੰ ਕਾਬੂ ਰੱਖਦਾ ਹੈ।' (ਪੰਨਾ : 73)

ਡਾ. ਅਨੂਪ ਸਿੰਘ ਨੇ ਇਸ ਪੁਸਤਕ ਵਿੱਚ ਜਿੱਥੇ ਸਿਆਸੀ, ਸਮਾਜਿਕ ਤੇ ਆਰਥਿਕ ਮਸਲਿਆਂ ਬਾਰੇ ਖੁੱਲ੍ਹ ਕੇ ਤੇ ਬੇਬਾਕੀ ਨਾਲ ਗੱਲ ਕੀਤੀ ਹੈ, ਉੱਥੇ ਬੜੀ ਜ਼ਿੰਮੇਵਾਰੀ ਨਾਲ ਆਪਣਾ ਫਰਜ਼ ਨਿਭਾਉਂਦਿਆਂ, ਪੰਜਾਬੀ ਭਾਸ਼ਾ ਬਾਰੇ, ਮਾਂ ਬੋਲੀ ਬਾਰੇ ਵੀ ਆਪਣੇ ਵਿਚਾਰ, ਆਪਣੇ ਫਿਕਰ ਪ੍ਰਗਟਾਏ ਹਨ। ਉਸ ਨੇ ਆਪਣੇ ਲੇਖਕ ਮਿੱਤਰਾਂ ਨੂੰ ਪੰਜਾਬੀ ਭਾਸ਼ਾ ਦੇ ਹਿਤੈਸ਼ੀਆਂ ਨੂੰ ਨਾਮਵਰ ਚਿੰਤਕ ਤੇ ਭਾਸ਼ਾ ਵਿਗਿਆਨੀ ਨੌਮ ਚੌਮਸਕੀ ਦੇ ਸ਼ਬਦ ਚੇਤੇ ਰੱਖਣ ਦੀ ਸਲਾਹ ਦਿੱਤੀ ਹੈ :

'ਜੇਕਰ ਤੁਸੀਂ ਕਿਸੇ ਕੌਮ ਨੂੰ ਖਤਮ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਬੰਬਾਂ ਦੀ ਲੋੜ ਨਹੀਂ, ਬੱਸ ਉਸ ਦੀ ਭਾਸ਼ਾ ਖਤਮ ਕਰ ਦਿਓ।' (ਪੰਨਾ : 83)

ਪੰਜਾਬੀ ਭਾਸ਼ਾ ਦੀ ਬਿਹਤਰੀ ਬਾਰੇ ਵੀ ਡਾ. ਅਨੂਪ ਸਿੰਘ ਦੀਆਂ ਸਲਾਹਾਂ ਧਿਆਨ ਮੰਗਦੀਆਂ ਹਨ। 'ਸਭ ਲਈ ਇੱਕ ਸਾਰ ਮਿਆਰੀ ਸਿੱਖਿਆ ਯਕੀਨੀ ਬਣਾਈ ਜਾਵੇ, ਬੱਚਿਆਂ ਨੂੰ ਮੁੱਢਲੇ ਪੱਧਰ 'ਤੇ ਮਾਤ-ਭਾਸ਼ਾ ਰਾਹੀਂ ਹੀ ਸਿੱਖਿਆ ਪ੍ਰਦਾਨ ਕੀਤੀ ਜਾਵੇ। ਸਿੱਖਿਆ ਤੇ ਪ੍ਰੀਖਿਆ ਦਾ ਮਾਧਿਅਮ ਮਾਤ-ਭਾਸ਼ਾ ਹੀ ਹੋਵੇ। ਬਾਰ੍ਹਵੀਂ ਜਮਾਤ ਤੱਕ ਸਿੱਖਿਆ ਦੇ ਨਿੱਜੀਕਰਨ ਤੇ ਵਪਾਰੀਕਰਨ ਨੂੰ ਹਰ ਕੀਮਤ 'ਤੇ ਰੋਕਿਆ ਜਾਵੇ। ਪੰਜ ਸਾਲ ਤੋਂ ਛੋਟੀ ਉਮਰ ਦੇ ਬੱਚਿਆਂ ਨੂੰ ਸਕੂਲਾਂ 'ਚ ਦਾਖਲ ਕਰਨ ਦੀ ਕਨੂੰਨਨ ਤੇ ਮੁਕੰਮਲ ਪਾਬੰਦੀ ਹੋਵੇ।' (ਪੰਨਾ : 83-84)

ਇਸ ਲੜੀ ਨੂੰ ਅੱਗੇ ਤੋਰਦਿਆਂ ਅਨੂਪ ਸਿੰਘ ਮਾਂ ਬੋਲੀ ਦੇ ਮਹੱਤਵ ਬਾਰੇ ਬੜੀਆਂ ਮੁੱਲਵਾਨ ਤੇ ਅਰਥ-ਭਰਪੂਰ ਟਿੱਪਣੀਆਂ ਕਰਦਾ ਹੈ। ਉਸ ਅਨੁਸਾਰ; 'ਮਾਂ ਬੋਲੀ ਤੇ ਮਾਤ ਭਾਸ਼ਾ ਨੂੰ ਸਰਵਉੱਚ ਪਹਿਲ ਮਿਲਣੀ ਚਾਹੀਦੀ ਹੈ।'

'ਜੇਕਰ ਬੱਚਾ ਮਾਂ ਬੋਲੀ ਵਿੱਚ ਮੁਹਾਰਤ ਪ੍ਰਾਪਤ ਕਰਨ ਵਿੱਚ ਅਸਮਰੱਥ ਰਹਿੰਦਾ ਹੈ ਤਾਂ ਉਸ ਦਾ ਵਿਅਕਤੀਤਵ ਲਾਜ਼ਮੀ ਕਮਜ਼ੋਰ ਤੇ ਉਲਾਰ ਹੋਵੇਗਾ, ਉਸ ਵਿੱਚ ਸਵੈ-ਵਿਸ਼ਵਾਸ ਵੀ ਪੈਦਾ ਨਹੀਂ ਹੁੰਦਾ ਅਤੇ ਉਹ ਆਪਣੇ ਸੱਭਿਆਚਾਰ ਤੇ ਵਿਰਸੇ ਨਾਲੋਂ ਕੱਟਿਆ ਰਹਿੰਦਾ ਹੈ।' (ਪੰਨਾ : 89)

ਅੰਗਰੇਜ਼ ਵਿਦਵਾਨ ਅਤੇ ਹਾਕਮ ਲਾਰਡ ਮੈਕਾਲੇ ਨੇ ਹੋ ਸਕਦਾ ਹੈ ਕੋਈ ਚੰਗਾ ਕੰਮ ਵੀ ਕੀਤਾ ਹੋਵੇ, ਪਰ ਉਸ ਦੀ ਅਸਲ ਨੀਯਤ ਉਸ ਦੇ ਇਹਨਾਂ ਸ਼ਬਦਾਂ ਵਿੱਚ ਝਲਕਦੀ ਹੈ :

'ਮੈਂ ਹਿੰਦੁਸਤਾਨ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਗਿਆ ਹਾਂ। ਇੱਥੇ ਮੈਂ ਕਿਸੇ ਆਦਮੀ ਨੂੰ ਮੰਗਦੇ ਨਹੀਂ ਵੇਖਿਆ। ਮੈਂ ਕੋਈ ਚੋਰ ਵੀ ਨਹੀਂ ਦੇਖਿਆ। ਅਜਿਹਾ ਮੁਲਕ ਜਿੱਥੇ ਲੋਕਾਂ ਦੀਆਂ ਮਾਨਸਿਕ ਕਦਰਾਂ-ਕੀਮਤਾਂ ਏਨੀਆਂ ਚੰਗੀਆਂ ਹੋਣ ਤੇ ਉਹਨਾਂ ਦਾ ਮਾਨਸਿਕ ਪੱਧਰ ਏਨਾ ਉੱਚਾ ਹੋਵੇ, ਉਹਨਾ ਨੂੰ ਕਦੇ ਵੀ ਸਹੀ ਅਰਥਾਂ ਵਿੱਚ ਉਦੋਂ ਤੱਕ ਨਹੀਂ ਜਿੱਤ ਸਕਾਂਗੇ, ਜਦੋਂ ਤੱਕ ਕਿ ਇਸ ਕੌਮ ਦੀ ਰੀੜ੍ਹ ਦੀ ਹੱਡੀ, ਇਹਨਾਂ ਦੀ ਨੈਤਿਕ ਅਤੇ ਸੱਭਿਆਚਾਰਕ ਵਿਰਾਸਤ ਇਹਨਾਂ ਨੂੰ ਨਹੀਂ ਭੁਲਾਉਂਦੇ।' (ਪੰਨਾ : 90-91)

ਕਾਰਲ ਮਾਰਕਸ ਬਾਰੇ ਡਾ. ਸਾਹਬ ਦਾ ਲੇਖ 'ਮਹਾਨ ਪ੍ਰਤਿਭਾ ਨੂੰ ਜਾਣਦਿਆਂ'-ਪੜ੍ਹ ਕੇ ਉਸ ਦੀ ਵਿਚਾਰਧਾਰਾ ਅਤੇ ਦ੍ਰਿਸ਼ਟੀਕੋਣ ਬਾਰੇ ਕੋਈ ਭਰਮ ਨਹੀਂ ਰਹਿੰਦਾ। ਅਸੀਂ ਸਾਰੇ ਮਾਰਕਸ ਦੀ ਵਿਚਾਰਧਾਰਾ ਤੇ ਉਸ ਦੇ ਜੀਵਨ ਤੋਂ ਵਾਕਫ ਹਾਂ। ਉਸ ਨੂੰ 'ਗਰੀਬਾਂ ਦਾ ਮਸੀਹਾ' ਮੰਨਿਆ ਗਿਆ ਹੈ। ਉਹ ਗਰੀਬਾਂ ਦੀ ਰਾਜਨੀਤਕ ਤੌਰ 'ਤੇ ਅਤੇ ਸਮਾਜਿਕ ਤੌਰ 'ਤੇ ਜਾਇਦਾਦ ਹੀਣੀ ਬਹੁ-ਗਿਣਤੀ ਦੇ ਹਿੱਤਾਂ ਦੀ ਡਟ ਕੇ ਹਮਾਇਤ ਕਰਦਾ ਸੀ। ਡਾ. ਅਨੂਪ ਸਿੰਘ ਮਾਰਕਸ ਨੂੰ ਇੱਕ ਦਰਸ਼ਨਵੇਤਾ, ਅਰਥ-ਸ਼ਾਸਤਰੀ, ਸਮਾਜ ਵਿਗਿਆਨੀ ਤੇ ਇਤਿਹਾਸਕਾਰ, ਇਨਕਲਾਬੀ ਜਥੇਬੰਦਕ, ਪ੍ਰਚਾਰ ਲੇਖਕ, ਭਾਸ਼ਾ ਵਿਗਿਆਨੀ, ਸਾਹਿਤ ਵਿਸ਼ੇਸ਼ਗ ਅਤੇ ਇੱਕ ਪੱਤਰਕਾਰ ਦੇ ਰੂਪ ਵਿੱਚ ਦੇਖਦਾ ਹੈ। ਸੱਚ ਹੀ ਮਾਰਕਸ ਇੰਨੇ ਗੁਣਾਂ ਦਾ ਧਾਰਨੀ ਸੀ। ਮਾਰਕਸ ਦਾ ਆਪਣਾ ਜੀਵਨ ਤੰਗੀ-ਤੁਰਸ਼ੀ ਵਿੱਚ ਬੀਤਿਆ, ਪਰ ਉਹ ਮਿਹਨਤਕਸ਼ ਲੋਕਾਂ ਅਤੇ ਸੰਘਰਸ਼ਸ਼ੀਲ ਲੋਕਾਂ ਨੂੰ 'ਮੁਕਤੀ ਦਾ ਰਾਹ' ਦਿਖਾ ਗਿਆ।

ਪੁਸਤਕ ਵਿੱਚ ਇੱਕ ਲੀਜੈਂਡ ਬਣੇ ਗੁਰਸ਼ਰਨ ਸਿੰਘ ਭਾਅ ਜੀ ਬਾਰੇ ਉੱਨੀ ਸੌ ਸੰਤਾਲੀ ਦੀਆਂ ਹਿਰਦੇਵੇਧਕ ਘਟਨਾਵਾਂ ਬਾਰੇ ਮਾਰਕਸਵਾਦ ਤੇ ਲੈਨਿਨਵਾਦ ਦੀ ਸਦੀਵੀ ਸਾਰਥਿਕਤਾ ਬਾਰੇ, ਭਾਰਤੀ ਕਮਿਊਨਿਸਟ ਲਹਿਰ ਬਾਰੇ, ਦਹਿਸ਼ਤਗਰਦੀ ਬਾਰੇ ਤੇ ਰਾਜਕੀ ਜਬਰ ਬਾਰੇ ਜਿਸ ਤਰ੍ਹਾਂ ਡਾ. ਅਨੂਪ ਸਿੰਘ ਨੇ ਬੇਖੌਫ ਹੋ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਚਾਲੀ ਦਿਨ

(ਨਾਵਲ)
**ਡਾ. ਗੁਰਪ੍ਰੀਤ ਧੁੱਗਾ**
**ਪੰਨੇ-155, ਮੁੱਲ-200 ਰੁਪਏ**
**ਆਟਮ ਆਰਟ, ਪਟਿਆਲਾ**

# ਮਾਨਵੀ ਅੰਤਰੀਵ ਦੀ ਯਾਤਰਾ

**ਡਾ. ਗੁਰਬਖਸ਼ ਸਿੰਘ ਭੰਡਾਲ**




ਡਾ. ਗੁਰਪ੍ਰੀਤ ਧੁੱਗਾ ਦਾ ਨਾਵਲ 'ਚਾਲੀ ਦਿਨ' ਇਕ ਦਾਰਸ਼ਨਿਕ ਨਾਵਲ ਹੈ, ਜੋ ਮਨੁੱਖ ਦੇ ਅੰਤਰੀਵ ਦੀ ਯਾਤਰਾ ਦਾ ਬਿਰਤਾਂਤ ਹੈ। ਸਭ ਤੋਂ ਔਖਾ ਹੁੰਦਾ ਹੈ ਆਪਣੇ-ਆਪ ਨੂੰ ਮਿਲਣ ਦੀ ਤਾਂਘ ਪੈਦਾ ਕਰਨਾ ਅਤੇ ਅੰਦਰਲੇ ਸੱਚ ਦੀ ਖ਼ੋਜ ਕਰਨਾ, ਜੋ ਮਨੁੱਖ ਨੂੰ ਇਨਸਾਨੀਅਤ ਦੇ ਰਾਹੀਂ ਤੋਰਦਾ ਹੈ। ਜਦ ਕੋਈ ਨੌਜਵਾਨ ਕੇਸਰ ਬਣ ਕੇ ਫ਼ਕੀਰ ਦੀ ਸੰਗਤ ਵਿਚ ਸਿਆਣਪਾਂ ਅਤੇ ਸਮੁੱਤਾਂ ਨੂੰ ਆਪਣੇ ਅੰਤਰੀਵ ਵਿਚ ਉਤਾਰਦਾ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਫੱਕਰਾਂ ਦੀ ਝੋਲੀ ਵਿਚ ਅਜਿਹੀਆਂ ਸੁਮੱਤਾਂ ਹੁੰਦੀਆਂ, ਜਿਨ੍ਹਾਂ ਨਾਲ ਦੁਨੀਆ ਸੁੰਦਰ ਅਤੇ ਮਨੁੱਖੀ ਜੀਵਨ ਸਾਰਥਕ ਹੋ ਸਕਦਾ ਹੈ। ਦਰਅਸਲ 'ਚਾਲੀ ਦਿਨ' ਚਲੀਹੇ ਵਾਂਗ ਹਨ, ਜਦ ਜੋਗੀ ਖੁਦ ਨੂੰ ਮਿਲਣ ਲਈ ਸਰੀਰਕ ਕਸ਼ਟਾਂ ਨੂੰ ਮਾਣਦਿਆਂ, ਸੱਚ ਦੀ ਖੋਜ ਵਿਚ ਨਿਕਲਦੇ ਅਤੇ ਹਰ ਦਿਨ ਉਨ੍ਹਾਂ ਦੇ ਹਨੇਰੇ ਜੀਵਨ ਵਿਚ ਚਾਨਣ ਕਿਰਨਾਂ ਲੈ ਕੇ ਦਸਤਕ ਦਿੰਦਾ। ਅੰਦਰ ਨੂੰ ਰੌਸ਼ਨ ਕਰਦਾ ਤੇ ਫਿਰ ਬੰਦਾ ਅੰਦਰ ਤੋਂ ਬਾਹਰ ਦੇ ਸਫ਼ਰ 'ਤੇ ਤੁਰਦਾ।

ਇਸ ਨਾਵਲ ਵਿਚ ਆਪਣੀ ਦਾਦੀ ਦੀ ਸੰਗਤ ਵਿਚ ਪਲੇ ਕੇਸਰ ਦੇ ਮਨ ਵਿਚ ਆਪਣੇ ਪਿਤਾ ਨੂੰ ਤਲਾਸ਼ਣ ਦੀ ਤਲਬ ਮਨ ਵਿਚ ਪੈਦਾ ਹੁੰਦੀ ਹੈ ਅਤੇ ਉਹ ਇਕ ਫ਼ਕੀਰ ਨਾਲ ਆਪਣੇ ਬਾਪ ਨੂੰ ਲੱਭਣ ਤੁਰਦਾ ਹੈ। ਦਰਅਸਲ ਇਹ ਖੁਦ ਨੂੰ ਤਲਾਸ਼ਣ ਦੀ ਯਾਤਰਾ ਹੀ ਹੈ। ਇਸ ਯਾਤਰਾ ਦੀਆਂ ਬਹੁਤ ਸਾਰੀਆਂ ਪਰਤਾਂ ਉਖੜਦੀਆਂ ਹਨ। ਇਸ ਵਿਚ ਪੰਜਾਬ ਦੇ ਦੁਆਬੇ ਤੋਂ ਬੀਕਾਨੇਰ ਤੱਕ ਦੇ ਵੱਖ-ਵੱਖ ਖਿੱਤਿਆਂ ਦਾ ਧਰਾਤਲੀ ਰੂਪ, ਲੋਕਾਂ ਦਾ ਰਹਿਣ-ਸਹਿਣ, ਉਨ੍ਹਾਂ ਦੀ ਜੀਵਨ-ਜਾਚ ਅਤੇ ਵਰਤੋਂ-ਵਿਹਾਰ ਵੀ ਹਾਜ਼ਰ-ਨਾਜ਼ਰ ਹੈ। ਇਸ ਵਿਚ ਵੰਡ ਦਾ ਦਰਦ ਵੀ ਹੈ। ਰੌਲਿਆਂ ਵੇਲੇ ਗਵਾਚੀ ਆਪਣੀ ਭੈਣ ਨੂੰ ਇਕ ਮੇਲੇ ਵਿਚ ਮਿਲਣਾ ਵੀ। ਜਦ ਭੈਣ ਦੇਖ ਕੇ ਵੀ ਭਰਾ ਤੋਂ ਵਿੱਥ ਸਿਰਜਦੀ ਤਾਂ ਕੇਸਰ ਦੇ ਮਨ ਦੀ ਉਥਲ-ਪੁੱਥਲ ਤੋਂ ਇਲਾਵਾ ਭੈਣ ਦੇ ਮਨ ਵਿਚ ਕੀ ਚਲਦਾ ਹੋਵੇਗਾ, ਬਹੁਤ ਕੁਝ ਅਣਲਿਖਿਆ ਨਾਵਲ ਵਿਚ ਨਜ਼ਰ ਆਉਂਦਾ ਹੈ।

ਦਾਰਸ਼ਨਿਕ ਰੂਪ ਵਿਚ ਵਿਉਂਤੇ ਗਏ ਇਸ ਨਾਵਲ ਵਿਚ ਜੀਵਨ ਦੀਆਂ ਉਸਾਰੂ ਸੁਮੱਤਾਂ ਨੂੰ ਲੋਕ-ਗਾਥਾਵਾਂ, ਪ੍ਰਚਲਤ ਕਹਾਣੀਆਂ ਜਾਂ ਇਤਿਹਾਸ/ਮਿਥਿਹਾਸ ਰਾਹੀਂ ਜਦ ਪਾਠਕ ਪੜ੍ਹਦਾ ਹੈ ਤਾਂ ਉਸ ਦੇ ਮਨ ਵਿਚ ਵੀ ਚੰਗੇਰਾ ਮਨੁੱਖ ਬਣਨ ਦੀ ਚਾਹਨਾ ਪੈਦਾ ਹੁੰਦੀ ਹੈ। ਦਰਅਸਲ ਇਹ ਜੁਗਤ ਅਕਸਰ ਹੀ ਮਹਾਤਮਾ ਲੋਕ ਜਾਂ ਸਾਡੇ ਬਜ਼ੁਰਗ ਆਮ ਗੱਲਬਾਤ ਦੌਰਾਨ ਵਰਤਦੇ ਹਨ। ਇਹ ਸਿਆਣਪਾਂ ਸਾਡੀ ਵਿਰਾਸਤ ਦਾ ਹਿੱਸਾ ਹਨ। ਲੋੜ ਹੈ ਕਿ ਅਸੀਂ ਇਸ ਵਿਰਾਸਤ ਨੂੰ ਚੇਤੇ ਰੱਖੀਏ।

ਇਹ ਵੀ ਕਮਾਲ ਦੀ ਗੱਲ ਹੈ ਕਿ ਡਾਕਟਰ ਧੁੱਗਾ ਮੈਡੀਕਲ ਕਿੱਤੇ ਵਿਚ ਹੁੰਦੇ ਹੋਏ ਵੀ ਪੰਜਾਬੀ ਅਦਬ ਨਾਲ ਗੂੜ੍ਹੇ ਰੂਪ ਵਿਚ ਜੁੜੇ ਹੋਏ ਹਨ। ਉਹ ਪੰਜਾਬੀ ਮੁਹਾਵਰਿਆਂ ਅਤੇ ਵੱਖ-ਵੱਖ ਖਿੱਤਿਆਂ ਵਿਚ ਬੋਲੀਆਂ ਜਾਂਦੀਆਂ ਬੋਲੀਆਂ ਤੋਂ ਵੀ ਵਾਕਫ਼ ਹਨ। ਨਾਵਲ ਵਿਚ ਹਰ ਦਿਨ ਦੀ ਸ਼ੁਰੂਆਤ ਵਿਚ ਸੂਝ ਭਰਪੂਰ ਵਾਕ ਜਾਂ ਕਿਸੇ ਲੋਕ ਗੀਤ ਜਾਂ ਕਵਿਤਾ ਨਾਲ ਸ਼ੁਰੂ ਕਰਦੇ ਹਨ, ਜਿਹੜਾ ਉਸ ਦਿਨ ਵਿਚ ਵਾਪਰਨ ਵਾਲੀ ਕਿਸੇ ਵੀ ਘਟਨਾ ਨੂੰ ਉਸਾਰੂ ਰੂਪ ਵਿਚ ਪ੍ਰਗਟਦਾ ਅਤੇ ਹੋਣ ਵਾਲੇ ਕਿਸੇ ਵਰਤਾਰੇ ਦੀ ਸੂਹ ਵੀ ਦਿੰਦਾ ਹੈ।

ਅਵਚੇਤਨੀ ਅਵਸਥਾ ਵਿਚ ਲਿਖਿਆ ਇਹ ਨਾਵਲ ਕੇਸਰ ਦਾ ਦਾਦੀ ਨਾਲ ਮੁਹੱਬਤ-ਨਾਮਾ ਹੈ, ਜੀਤੀ ਨਾਲ ਇਕ ਮੂਕ ਪਿਆਰ ਦੀ ਕਥਾ ਹੈ ਅਤੇ ਆਪਣੇ ਬਾਪ ਨੂੰ ਮਿਲਣ ਦੀ ਤਾਂਘ ਵੀ। ਅਖੀਰ ਵਿਚ ਜਦ ਉਹ ਆਪਣੇ ਬਾਪ ਨੂੰ ਮਿਲਣ ਲਈ ਸਰਾਂ ਵਿਚ ਪਹੁੰਚਦਾ ਹੈ ਅਤੇ ਦੇਖਦਾ ਹੈ ਕਿ ਲਾਸ਼ ਵਾਲਾ ਵਿਅਕਤੀ ਫ਼ਕੀਰ ਹੀ ਹੈ, ਜੋ ਦਰਅਸਲ ਉਸ ਦਾ ਹੀ ਪਿਤਾ ਸੀ। ਅਵਚੇਤਨ ਵਿਚ ਇਨ੍ਹਾਂ ਚਾਲੀ ਦਿਨਾਂ ਵਿਚ ਉਹ ਆਪਣੇ ਬਾਪ ਦਾ ਹੀ ਸੰਗ ਮਾਣਦਾ ਰਿਹਾ। ਅਸਲ ਵਿਚ ਬਾਪ ਸਾਡੇ ਅੰਦਰ ਹੀ ਵਸਦਾ ਹੈ, ਸਿਰਫ਼ ਉਸ ਨੂੰ ਲੱਭਣ ਦੀ ਲੋੜ ਹੈ। ਜਦ ਮਿਲ ਜਾਵੇ ਤਾਂ ਬਾਪ ਸਾਡੇ ਰਾਹਾਂ ਲਈ ਰੌਸ਼ਨੀ ਬਣਦਾ, ਤਿੱਖੜ ਦੁਪਹਿਰਾਂ ਵਿਚ ਛਾਂ ਅਤੇ ਸਰਦੀਆਂ ਵਿਚ ਕੋਸੀ-ਕੋਸੀ ਧੁੱਪ।

'ਚਾਲੀ ਦਿਨ' ਨਾਵਲ ਅਜਿਹੇ ਵਾਕਾਂ ਨਾਲ ਭਰਿਆ ਪਿਆ ਹੈ, ਜੋ ਜੀਵਨ ਦਾ ਸੱਚ ਹਨ। ਇਨ੍ਹਾਂ ਤੋਂ ਬੇਮੁੱਖਤਾ ਹੀ ਦਰਅਸਲ ਕਸ਼ਟਾਂ ਦਾ ਕਾਰਨ, ਦੁਨਿਆਵੀ ਕਲੇਸ਼ਾਂ ਦੀ ਜੜ੍ਹ ਅਤੇ ਮਨੁੱਖੀ ਨਕਾਮੀਆਂ ਦਾ ਅਧਾਰ ਹੈ। ਜਿਵੇਂ 'ਡਰਿਆ ਮਨ ਤਾਂ ਸਰੀਰ ਨੂੰ ਅੱਧੀ ਲਾਸ਼ ਬਣਾ ਦਿੰਦਾ ਹੈ', 'ਫੂਕ ਮਾਰ ਕੇ ਮੋਮਬੱਤੀ ਤਾਂ ਬੁਝਾਈ ਜਾ ਸਕਦੀ ਹੈ, ਅਗਰਬੱਤੀ ਨਹੀਂ', 'ਕੋਈ ਵੀ ਸੱਚ ਅੰਤਮ ਸੱਚ ਨਹੀਂ ਹੁੰਦਾ', 'ਤੂਫਾਨ ਤੋਂ ਬਚਣ ਲਈ ਸਭ ਤੋਂ ਸੁਰੱਖ਼ਿਅਤ ਜਗ੍ਹਾ ਤੂਫ਼ਾਨ ਦੀ ਅੱਖ ਹੁੰਦੀ ਹੈ', 'ਬੰਜਰ ਜ਼ਮੀਨਾਂ 'ਤੇ ਅਣਖ ਨਹੀਂ ਉਗਦੀ', 'ਇਤਿਹਾਸ ਤਾਂ ਕੌਮ ਦੀ ਜੜ੍ਹ ਹੁੰਦੇ ਨੇ, ਜੋ ਇਤਿਹਾਸ ਪੜ੍ਹਦੇ ਨਹੀਂ, ਉਹ ਇਤਿਹਾਸ ਸਿਰਜ ਵੀ ਨਹੀਂ ਸਕਦੇ', 'ਜਿਸ ਦੀ ਸੋਚ ਅਜ਼ਾਦ ਹੈ, ਉਹ ਝੌਂਪੜੀ ਵਿਚ ਵੀ ਬਾਦਸ਼ਾਹ ਹੈ', 'ਮੁਸਕਰਾਉਂਦੇ ਚਿਹਰਿਆਂ ਦੇ ਪਿੱਛੇ ਕਬਰਾਂ ਦੇ ਸੰਨਾਟੇ ਵੀ ਹੋ ਸਕਦੇ ਨੇ' ਆਦਿ। ਇਹ ਨਾਵਲ ਦਰਅਸਲ ਸੋਚ-ਸਮਾਧੀ ਹੈ, ਜਿਹੜੀ ਸਿਰਫ਼ ਜਾਗਦੀ ਸੋਚ ਵਾਲੇ ਹੀ ਲਾ ਸਕਦੇ। ਇਸ ਸਮਾਧੀ ਵਿਚੋਂ ਉਹ ਜੀਵਨੀ ਕਦਰਾਂ-ਕੀਮਤਾਂ ਦੇ ਮਾਣਕ ਮੋਤੀ ਪ੍ਰਾਪਤ ਕਰ ਖੁਦ ਨੂੰ ਸਫ਼ਲ ਕਰਦੇ ਤੇ ਸਮਾਜ ਨੂੰ ਵੀ ਮਾਣਮੱਤਾ ਮਹਿਸੂਸ ਕਰਵਾਉਂਦੇ। ਚਾਲੀ ਦਿਨਾਂ ਦੀ ਸੂਖ਼ਮ ਸਮਾਧੀ ਲਈ ਡਾਕਟਰ ਗੁਰਪ੍ਰੀਤ ਧੁੱਗਾ ਵਧਾਈ ਦਾ ਪਾਤਰ ਹੈ, ਜਿਸ ਨੇ ਅਵਚੇਤਨ ਵਿਚ ਉਤਰ ਕੇ ਅਜਿਹੀ ਸਮਾਧੀ ਲਗਾਈ ਹੈ।

ਦਰਅਸਲ ਬਹੁਤ ਚਿਰ ਬਾਅਦ ਕੋਈ ਕਿਰਤ ਅਜਿਹੀ ਆਈ ਹੈ, ਜੋ ਤੁਹਾਡੇ ਨਾਲ ਸੰਵਾਦ ਰਚਾਉਂਦੀ ਹੈ। ਇਸ ਸੰਵਾਦ ਵਿਚੋਂ ਕੀ ਲਾਹਾ ਲੈਂਦੇ ਹੋ, ਇਹ ਤਾਂ ਪਾਠਕ 'ਤੇ ਨਿਰਭਰ ਕਰਦਾ, ਪਰ ਸਭ ਤੋਂ ਪ੍ਰਮੁੱਖ ਹੁੰਦਾ ਹੈ ਖ਼ੁਦ ਨੂੰ ਮਿਲਣ ਲਈ ਸੰਵਾਦ ਤੇ ਸੰਚਾਰ ਦਾ ਆਰੰਭ ਕਰਨਾ। ਇਸ ਦਿਸ਼ਾ ਵੱਲ 'ਚਾਲੀ ਦਿਨ' ਚੰਗੀ ਸ਼ੁਰੂਆਤ ਹੈ।

ਉਮੀਦ ਹੈ ਡਾਕਟਰ ਧੁੱਗਾ ਆਪਣੇ ਅਦਬੀ ਸਫ਼ਰ ਨੂੰ ਜਾਰੀ ਰੱਖਦਾ ਹੋਇਆ ਅਦਬੀ ਖੇਤਰ ਵਿਚ ਹੋਰ ਵੱਡੀਆਂ ਪੁਲਾਂਘਾਂ ਪੁੱਟੇਗਾ ਅਤੇ ਆਪਣੀ ਵਿਲੱਖਣ ਥਾਂ ਨਿਸਚਿਤ ਕਰੇਗਾ, ਜਿਸ ਦੀ ਆਰੰਭਤਾ ਤਾਂ 'ਚਾਲੀ ਦਿਨ' ਨੇ ਕਰ ਹੀ ਦਿੱਤੀ ਹੈ।

## ਸੱਜਰਾ ਸਾਹਿਤ

### ਗਦਰੀ ਕਿਰਪਾ ਸਿੰਘ ਲੰਗ ਮਜਾਰੀ ਮੀਰਪੁਰ

(ਜਿਹੜੇ ਝੁਕੇ ਨਹੀਂ)
**ਰਾਕੇਸ਼ ਕੁਮਾਰ**
**ਪੰਨੇ : 136, ਮੁੱਲ : 250 ਰੁਪਏ**
**ਚਿੰਤਨ ਪ੍ਰਕਾਸ਼ਨ, ਲੁਧਿਆਣਾ**




ਕਿਰਪਾ ਸਿੰਘ ਦਾ ਜਨਮ 1888 ਦੇ ਲਾਗੇ ਹੋਇਆ। ਇਹਨਾ ਦੇ ਪਿਤਾ ਦਾ ਨਾਂਅ ਜਵਾਹਰ ਸਿੰਘ ਸੀ, ਜੋ ਕਿ ਇੱਕ ਕਿਸਾਨ ਸਨ। ਇਹ ਸੱਤ ਭੈਣ ਭਾਈ ਸਨ। ਦੋ ਇਹਨਾਂ ਦੇ ਹੋਰ ਭਾਈ ਤੇ ਚਾਰ ਭੈਣਾਂ ਸਨ। ਇਹਨਾਂ ਦਾ ਬਚਪਨ ਪਿੰਡ ਲੰਗ ਮਜਾਰੀ ਬੀਤਿਆ, ਜੋ ਆਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ ਤੋਂ ਦੋ ਮੀਲ ਦੂਰ ਹੈ। ਬਚਪਨ ਵਿੱਚ ਇਹਨਾਂ ਦੇ ਪਿਤਾ ਜੀ ਇਹਨਾਂ ਨੂੰ 1857 ਦੇ ਗਦਰ ਦੀਆਂ ਗੱਲਾਂ ਸੁਣਾਉਂਦੇ ਸੀ, ਜਿਸ ਨਾਲ ਇਹਨਾਂ ਦੇ ਮਨ ਵਿੱਚ ਦੇਸ਼-ਪਿਆਰ ਦੀ ਭਾਵਨਾ ਪੈਦਾ ਹੋਈ।

-ਲੇਖਕ ਵੱਲੋਂ

### ਕਿਸ਼ਨਗੜ੍ਹ ਗੋਲੀ ਕਾਂਡ

(ਪੈਪਸੂ ਮੁਜ਼ਾਰਾ ਘੋਲ)
**ਸਰਬਣ ਸਿੰਘ ਬੀਰ**
**ਸੰਪਾਦਕ : ਬਲਬੀਰ ਚੰਦ ਲੌਂਗੋਵਾਲ**
**ਪੰਨੇ : 46**
**ਮਾਲਵਾ ਇਤਿਹਾਸ ਖੋਜ ਕੇਂਦਰ ਬਠਿੰਡਾ**




ਕਿਸ਼ਨਗੜ੍ਹ ਦੀ ਘਟਨਾ ਮੁਜ਼ਾਰਾ ਲਹਿਰ ਦੇ ਸੰਘਰਸ਼ ਦੀ ਸਿਖਰ ਸੀ। ਇਸ ਘਟਨਾ ਦੇ ਸਮਕਾਲੀ ਪ੍ਰਸਿੱਧ ਇਤਿਹਾਸਕਾਰ ਸਰਵਣ ਸਿੰਘ ਬੀਰ ਨੇ ਇਸ ਨੂੰ ਇੱਕ ਕਿਤਾਬਚੇ ਦੇ ਰੂਪ ਵਿੱਚ ਬਿਆਨਿਆ ਹੈ। ਸਮਕਾਲੀ ਲੋਕਾਂ ਦੀਆਂ ਲਿਖਤਾਂ ਇਤਿਹਾਸ ਦੇ ਸਹੀ ਤੱਥਾਂ ਦੇ ਵੱਧ ਨੇੜੇ ਹੁੰਦੀਆਂ ਹਨ, ਸ਼ਰਤ ਹੈ ਕਿ ਉਹ ਕਿਸੇ ਜਮਾਤੀ ਜਾਂ ਨਿੱਜੀ ਮਨਸੇ ਅਧੀਨ ਤੋੜ-ਮਰੋੜ ਕੇ ਪੇਸ਼ ਨਾ ਕੀਤੀਆਂ ਗਈਆਂ ਹੋਣ। ਸਰਵਣ ਸਿੰਘ ਬੀਰ ਇੱਕ ਲੋਕ ਪੱਖੀ ਰਾਜਨੀਤਕ ਕਾਰਕੁੰਨ ਅਤੇ ਇਤਿਹਾਸਕਾਰ ਸਨ। ਮਾਲਵਾ ਇਤਿਹਾਸ ਖੋਜ ਕੇਂਦਰ ਦੇ ਪ੍ਰਧਾਨ ਦੇ ਰੂਪ ਵਿੱਚ ਉਹਨਾਂ ਨੇ ਲੋਕ ਲਹਿਰਾਂ ਦੇ ਇਤਿਹਾਸ ਨੂੰ ਜ਼ਮੀਨੀ ਪੱਧਰ 'ਤੇ ਜਾ ਕੇ ਲਿਖਿਆ, ਲਿਖਵਾਇਆ ਅਤੇ ਸੰਭਾਲਿਆ ਹੈ।

ਸੰਪਾਦਕ ਵੱਲੋਂ

### ਆਈਨਾ ਇੰਞ ਬੋਲਿਆ

(ਕਾਵਿ ਸੰਗ੍ਰਹਿ)
**ਰਾਮ ਪ੍ਰਕਾਸ਼ ਟੋਨੀ**
**ਪੰਨੇ : 98, ਮੁੱਲ : 150 ਰੁਪਏ**
**ਦੁਸਾਂਝ ਭਲਾਈ ਟਰੱਸਟ ਦੁਸਾਂਝ ਕਲਾਂ**




ਸਮਾਜ ਮਨੁੱਖੀ ਰਿਸ਼ਤਿਆਂ ਦੀ ਬੰਦਿਸ਼ ਵਿੱਚ ਹੈ, ਇਸੇ ਲਈ ਮਨੁੱਖ ਸਮਾਜਿਕ ਜੀਵ ਅਖਵਾਉਂਦਾ ਹੈ। ਇਹਨਾਂ ਰਿਸ਼ਤਿਆਂ ਵਿੱਚ ਮਾਂ-ਬਾਪ ਦਾ ਰਿਸ਼ਤਾ ਸਰਵੋਤਮ ਹੈ। ਮਾਂ ਬੱਚੇ ਨੂੰ ਜਨਮ ਦਿੰਦੀ ਹੈ, ਪਾਲਦੀ ਹੈ, ਪਲੋਸਦੀ ਤੇ ਫਿਰ ਜੁਆਨ ਕਰਦੀ ਹੈ। ਪਦਾਰਥਕ ਸੋਚ ਦਾ ਧਾਰਨੀ ਬਣਦਾ ਇਹ ਸਮਾਜਿਕ-ਪ੍ਰਾਣੀ ਫਿਰ ਭਵਿੱਖ ਦੀ ਚਕਾਚੌਂਧ 'ਚ ਚੁੰਧਿਆਇਆ 'ਮਾਂ' ਪ੍ਰਤੀ ਬਣਦੇ ਫਰਜ਼ ਤੋਂ ਅਵੇਸਲਾ ਹੀ ਨਹੀਂ ਹੋ ਰਿਹਾ, ਸਗੋਂ ਅਸੰਵੇਦਨਸ਼ੀਲ ਬਿਰਤੀ ਦਾ ਸ਼ਿਕਾਰ ਹੋ ਆਪਣੇ ਬਣਦੇ ਫਰਜ਼ਾਂ ਤੋਂ ਵੀ ਬੇਮੁੱਖ ਹੋ ਰਿਹਾ ਹੈ।

-ਭੂਮਿਕਾ 'ਚੋਂ

# ਪੁਸਤਕ ਰੀਵਿਊ

## ਅਰਧ-ਸ਼ਤਾਬਦੀ

(ਕਾਵਿ ਸੰਗ੍ਰਹਿ)
**ਪ੍ਰੇਮ ਕੁਮਾਰ**
**ਮੁੱਲ : 150 ਰੁਪਏ, ਸੰਨ : 2006, ਪੰਨੇ : 138**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਪ੍ਰੇਮ ਕੁਮਾਰ ਨੇ ਆਪਣੀ ਪੁਸਤਕ 'ਅਰਧ-ਸ਼ਤਾਬਦੀ' ਵਿੱਚ 34 ਕਵਿਤਾਵਾਂ ਆਪਣੇ ਦੇਸ਼ ਅਤੇ 16 ਕਵਿਤਾਵਾਂ ਪ੍ਰਦੇਸ਼ ਜਾ ਕੇ ਲਿਖੀਆਂ ਹਨ। ਉਸ ਨੇ ਕਵਿਤਾਵਾਂ ਲਿਖਣ ਦਾ ਸਫਰ 1964 ਤੋਂ ਕੀਤਾ ਹੈ। ਸੰਨ 1964 ਵਿੱਚ 4, 1960 ਵਿੱਚ 9, 1966 ਵਿੱਚ 4, 1967 ਵਿੱਚ ਇੱਕ, 1968 ਵਿੱਚ 13, 1969 ਵਿੱਚ 3, 1987 ਤੋਂ 2001 ਵਿੱਚ ਇੱਕ-ਇੱਕ ਹਰ ਸਾਲ ਲਿਖ ਕੇ ਕੁੱਲ 15 ਕਵਿਤਾਵਾਂ ਅਤੇ 2005 ਵਿੱਚ ਇੱਕ ਕਵਿਤਾ ਲਿਖੀ। ਅਮਨ ਪਾਲ ਨੇ ਪ੍ਰੇਮ ਕੁਮਾਰ ਦੀ ਇਸ ਪੁਸਤਕ ਉਪਰ 'ਅੱਧ ਖਿੜੇ ਫੁੱਲ ਤੋਂ ਪੂਰਾ ਖਿੜਨ ਦਾ ਕਾਵਿਕ ਸਫਰ' ਲਿਖਿਆ ਹੈ।

ਸ਼ਾਇਰ ਪ੍ਰੇਮ ਕੁਮਾਰ ਦੀਆਂ ਇਸ ਪੁਸਤਕ ਦੀਆਂ ਕਵਿਤਾਵਾਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਕਵਿਤਾਵਾਂ ਪ੍ਰੇਮ ਕੁਮਾਰ ਦੀਆਂ ਉਸ ਦੀ 12 ਸਾਲ ਦੀ ਉਮਰ ਤੋਂ ਹੀ ਸਾਥਣ ਬਣ ਗਈਆਂ ਸਨ। ਕਵਿਤਾਵਾਂ ਵਿੱਚ ਲੋਕਾਂ ਦਾ ਦਰਦ ਹੈ। ਸ਼ਾਇਰ ਪ੍ਰੇਮ ਕੁਮਾਰ ਦੇ ਜਜ਼ਬਾਤ ਅਤੇ ਵਲਵਲੇ ਹਨ। ਪਤਝੜਾਂ ਦਾ ਜ਼ਿਕਰ ਹੈ। ਕਵਿਤਾਵਾਂ ਵਿੱਚ ਉਦਾਸੀ ਹੈ, ਸ਼ਿਕਵੇ ਹਨ, ਮੁਸਕੁਰਾਹਟਾਂ, ਨਿਰਾਸ਼ਤਾਵਾਂ, ਵਿਸ਼ਵਾਸ ਆਦਿ ਹੈ। ਕੁਝ ਕਵਿਤਾਵਾਂ ਆਪਣੇ ਦੇਸ਼ ਪ੍ਰਤੀ ਹਨ। ਕੁਝ ਕਵਿਤਾਵਾਂ ਪ੍ਰਦੇਸ਼ ਪ੍ਰਤੀ ਹਨ, ਕਿਉਂਕਿ ਉਸ ਨੇ ਪ੍ਰਦੇਸ਼ ਵਿੱਚ ਜਾ ਕੇ ਲਿਖੀਆਂ ਹਨ। ਜੀਵਨ ਦੀਆਂ ਲੋੜਾਂ, ਹਿਰਸਾਂ, ਕਮੀਆਂ, ਲਾਚਾਰੀਆਂ ਤੇ ਹਾਲਾਤ ਨਾਲ ਸਮਝੌਤਾ ਕਰਨ ਵਾਲੀਆਂ ਹਨ।

ਕਦੀ ਗੋਲੀਆਂ ਨਾ ਜਗ ਦੀਆਂ ਮੱਤਾਂ ਦਿੱਤੀਆਂ,
ਸਾਂਭ ਰੱਖੀਆਂ ਕਿਤਾਬਾਂ ਵਿੱਚ ਫੁੱਲ-ਪੱਤੀਆਂ।

ਸ਼ਾਇਰ ਪ੍ਰੇਮ ਕੁਮਾਰ ਦੀ 1987 ਵਿੱਚ 112 ਸਫੇ 'ਤੇ ਲਿਖੀ ਨਜ਼ਮ ਪੜ੍ਹਨ ਵਾਲੀ ਹੈ। ਇਸ ਕਵਿਤਾ ਵਿੱਚ ਸ਼ਾਇਰ ਨੇ ਲਿਖਿਆ ਹੈ ਕਿ ਉਸ ਨੇ ਆਪਣੇ ਜੀਵਨ ਦੀਆਂ ਸੁਖਾਵੀਆਂ ਤੇ ਅਣਸੁਖਾਵੀਆਂ ਵਾਰਦਾਤਾਂ ਇੰਝ ਸਾਂਭ ਕੇ ਰੱਖੀਆਂ ਹਨ, ਜਿਵੇਂ ਕਿਤਾਬਾਂ ਵਿੱਚ ਕਈ ਮੋਰ ਪੰਖਾਂ ਨੂੰ ਸਾਂਭ ਕੇ ਰੱਖਦੇ ਹਨ।

ਸ਼ਾਇਰ ਪ੍ਰੇਮ ਕੁਮਾਰ ਦੀਆਂ ਅਰਧ-ਸ਼ਤਾਬਦੀ ਦੀਆਂ ਕਵਿਤਾਵਾਂ ਵਿੱਚ ਆਪ-ਬੀਤੀ ਤੇ ਜੱਗ-ਬੀਤੀ ਹੈ। ਸਭ ਕਵਿਤਾਵਾਂ ਮਾਨਵਵਾਦ ਉੱਪਰ ਹੀ ਹਨ। ਸ਼ਾਇਰ ਪ੍ਰੇਮ ਕੁਮਾਰ ਦੇ ਬਹੁਤ ਸੁਪਨੇ ਹਨ। ਉਹ ਆਪਣੀ 1969-1 ਕਵਿਤਾ ਵਿੱਚ ਲਿਖਦਾ ਹੈ :

ਇੱਕ ਸੁਪਨਾ ਸਾਨੂੰ ਵਿਰਸੇ ਮਿਲਿਆ
ਲੋਰੀਆਂ ਦੇ ਵਿੱਚ ਘੁਲਿਆ
ਤਾਰਿਆਂ ਛਾਵੇਂ, ਦੇਸ ਪਰਾਏ
ਉਂਗਲੀ ਫੜ ਲੈ ਤੁਰਿਆ
ਪਾਰ ਸਮੁੰਦਰ, ਪਰੀ ਮਹਿਲ ਵਿੱਚ
ਪੋਲੇ ਹੱਥੀਂ ਵਰਿਆ
ਚਿਰ ਮੱਤੀ ਸ਼ਹਿਜ਼ਾਦੀ ਦੇ ਹੱਥ
ਫੁੱਲ ਚਾਨਣ ਦਾ ਧਰਿਆ
ਉਹ ਸੁਪਨਾ ਮੁੜ ਘਰ ਨਾ ਆਇਆ
ਅਸਾਂ ਜਲ ਥਲ ਅੰਬਰ ਗਰਿਆ

ਸ਼ਾਇਰ ਪ੍ਰੇਮ ਕੁਮਾਰ ਅਨੁਸਾਰ ਵਿਚਾਰਾਂ ਦਾ ਪ੍ਰਵਾਹ ਹਰ ਮਨੁੱਖ ਵਿੱਚ ਇਕੱਲਤਾ ਵਿੱਚ ਨਿਰੰਤਰ ਚੱਲਦਾ ਰਹਿੰਦਾ ਹੈ। ਹਰ ਮਨੁੱਖ ਆਪਣੇ ਮਿੱਤਰਾਂ ਦੀ ਯਾਦ ਵਿੱਚ ਵੀ ਡੁੱਬਿਆ ਰਹਿੰਦਾ ਹੈ। ਮਨੁੱਖ ਅਧਿਆਤਮਕ, ਬੌਧਿਕ ਆਦਿ ਬਾਰੇ ਸੋਚਦਾ ਰਹਿੰਦਾ ਹੈ।

ਸ਼ਾਇਰ ਪ੍ਰੇਮ ਕੁਮਾਰ ਦੀ ਇਹ ਅਰਧ-ਸ਼ਤਾਬਦੀ ਪੁਸਤਕ ਵਿੱਚ ਬਹੁਤ ਗਿਆਨ ਸਾਂਭਿਆ ਪਿਆ ਹੈ। ਸਭ ਨਜ਼ਮਾਂ ਵਿੱਚ ਵਿਚਾਰਾਂ ਦਾ ਸੰਗੀਤ ਹੈ। ਸ਼ਾਇਰ ਪ੍ਰੇਮ ਕੁਮਾਰ ਇਸ ਪੁਸਤਕ ਨੂੰ ਲਿਖਣ ਲਈ ਵਧਾਈ ਦਾ ਪਾਤਰ ਹੈ। ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਲਈ ਅਪੀਲ ਹੈ।

**- ਗੁਰਮੀਤ ਸਿੰਘ ਸਰਾਂ**

## ਬਲਦੇਵ ਸਿੰਘ ਸੜਕਨਾਮਾ ਦੇ ਨਾਵਲਾਂ ਦਾ ਸਮਾਜਕ ਯਥਾਰਥ

**ਡਾ. ਸੰਦੀਪ ਸਿੰਘ ਮੁੰਡੇ**
**ਪੰਨੇ-240, ਕੀਮਤ-495 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

ਰਾਜਸਥਾਨ ਰਾਜ ਵਿਚ ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਤ ਕਰਨ ਲਈ ਨਿਰੰਤਰ ਕਾਰਜਸ਼ੀਲ ਡਾ. ਸੰਦੀਪ ਸਿੰਘ ਮੁੰਡੇ ਪੰਜਾਬੀ ਸਾਹਿਤ ਦਾ ਸਿਰਕੱਢਵਾਂ ਅਤੇ ਨਿਵੇਕਲਾ ਸਾਹਿਤ ਰਸੀਆ ਹੈ। ਉਸ ਦੇ ਪਹਿਲਾਂ ਅਰਥ ਸ਼ਾਸਤਰ ਵਿਸ਼ੇ ਵਿਚ ਯੂ ਜੀ ਸੀ ਨੈਟ ਅਤੇ ਪੀ ਐੱਚ ਡੀ ਕਰਨ ਤੋਂ ਬਾਅਦ ਪੰਜਾਬੀ ਵਿਸ਼ੇ 'ਚ ਯੂ ਜੀ ਸੀ ਨੈਟ ਅਤੇ ਪੀ ਐੱਚ ਡੀ ਕਰਕੇ ਪੰਜਾਬੀ ਮਾਂ-ਬੋਲੀ ਨਾਲ ਜੁੜਨਾ, ਉਸ ਦੇ ਪੰਜਾਬੀ ਪ੍ਰਤੀ ਪਿਆਰ ਨੂੰ ਦਰਸਾਉਂਦਾ ਹੈ। ਇਸ ਸਮੇਂ ਡਾ. ਸੰਦੀਪ ਸਿੰਘ ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ ਵਿਖੇ ਪੰਜਾਬੀ ਵਿਸ਼ੇ ਦੇ 'ਬੋਰਡ ਆਫ਼ ਸਟੱਡੀਜ਼' ਦੇ ਮੈਂਬਰ ਹੋਣ ਦੇ ਨਾਲ-ਨਾਲ ਪੰਜਾਬੀ ਭਾਸ਼ਾ ਦੇ ਅੰਤਰਰਾਸ਼ਟਰੀ ਆਨਲਾਈਨ ਰਸਾਲੇ 'ਅਰਮਾਨ' ਦਾ ਮੁੱਖ ਸੰਪਾਦਕ ਅਤੇ ਗੁਰੂ ਹਰਗੋਬਿੰਦ ਸਾਹਿਬ ਪੀ ਜੀ ਕਾਲਜ, ਸੀ ਸੀ ਹੈੱਡ (ਸ੍ਰੀ ਗੰਗਾਨਗਰ) ਦੇ ਪ੍ਰਿੰਸੀਪਲ ਵਜੋਂ ਸੇਵਾ ਨਿਭਾ ਰਿਹਾ ਹੈ। ਹਾਲ ਹੀ 'ਚ ਰਾਜਸਥਾਨ ਦੀ ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ ਬੀਕਾਨੇਰ ਨੇ ਡਾ. ਸੰਦੀਪ ਸਿੰਘ ਮੁੰਡੇ ਨੂੰ ਪੰਜਾਬੀ ਭਾਸ਼ਾ ਦਾ ਪਹਿਲਾ ਖੋਜ-ਨਿਗਰਾਨ ਨਿਯੁਕਤ ਕੀਤਾ ਹੈ। ਉਹ ਸਿੱਖਿਆ ਦੇ ਖੇਤਰ ਵਿਚ ਸ਼ਾਨਦਾਰ ਅਤੇ ਸ਼ਲਾਘਾਯੋਗ ਯੋਗਦਾਨ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੱਖ-ਵੱਖ ਸਨਮਾਨਾਂ ਦੇ ਨਾਲ ਸਨਮਾਨਤ ਹੋ ਚੁੱਕਾ ਹੈ।

ਬੀਤੇ ਦਿਨੀਂ ਡਾ. ਮੁੰਡੇ ਦੀ ਪਹਿਲੀ ਆਲੋਚਨਾ ਪੁਸਤਕ 'ਬਲਦੇਵ ਸਿੰਘ ਸੜਕਨਾਮਾ ਦੇ ਨਾਵਲਾਂ ਦਾ ਸਮਾਜਕ ਯਥਾਰਥ' ਲੋਕ-ਅਰਪਣ ਹੋਈ ਹੈ, ਜਿਸ ਨੂੰ ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤਾ ਹੈ। ਇਸ ਪੁਸਤਕ ਵਿਚ ਉਸ ਨੇ ਪੰਜਾਬੀ ਸਾਹਿਤ ਦੇ ਪ੍ਰਸਿੱਧ ਸਾਹਿਤਕਾਰ ਬਲਦੇਵ ਸਿੰਘ ਸੜਕਨਾਮਾ ਦੇ ਨਾਇਕ-ਮੁਖੀ ਨਾਵਲਾਂ ਨੂੰ ਛੱਡ ਕੇ ਬਾਕੀ ਨਾਵਲਾਂ ਵਿਚ ਪੇਸ਼ ਸਮਾਜਕ ਯਥਾਰਥ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕੀਤਾ ਹੈ।

ਹੱਥਲੀ ਪੁਸਤਕ ਦਾ ਬੁਨਿਆਦੀ ਅਧਾਰ ਬਲਦੇਵ ਸਿੰਘ ਦੇ ਨਾਵਲਾਂ ਵਿਚ ਆਧੁਨਿਕ ਪੂੰਜੀਵਾਦੀ ਸੋਚ ਅਤੇ ਉਪਭੋਗਤਾਵਾਦੀ ਲਹਿਰ ਕਾਰਨ ਅਜੋਕੇ ਸਮੇਂ ਵਿਚ ਪੈਦਾ ਹੋਏ ਸੰਕਟ ਨੂੰ ਸਮਾਜਕ, ਸੱਭਿਆਚਾਰਕ ਅਤੇ ਰਾਜਨੀਤਕ ਵਿਵਸਥਾ ਵਿਚ ਪੈਦਾ ਹੋਈਆਂ ਕੋਝੀਆਂ ਗੁੰਝਲਦਾਰ ਸਮੱਸਿਆਵਾਂ ਪ੍ਰਤੀ ਜਾਗਰੂਕ ਕਰਦਿਆਂ ਸਮਕਾਲੀ ਸਮਾਜ ਦਾ ਯਥਾਰਥ ਚਿਤਰਣ ਕੀਤਾ ਹੈ। ਬਲਦੇਵ ਸਿੰਘ ਦੇ ਨਾਵਲਾਂ ਵਿਚ ਕਿਸਾਨੀ ਸਮਾਜ 'ਚ ਆਏ ਸਮੁੱਚੇ ਨਿਘਾਰ, ਪੇਂਡੂ ਸਮਾਜ ਵਿਚ ਸੰਯੁਕਤ ਪਰਵਾਰਾਂ ਦਾ ਟੁੱਟਣਾ, ਵਿਆਹ ਸੰਸਥਾ ਦੀ ਪਵਿੱਤਰਤਾ ਨਾ ਰਹਿਣੀ, ਖੇਤੀ ਲਈ ਜ਼ਮੀਨ ਦਾ ਨਿਰੰਤਰ ਘਟਣਾ, ਮਹਾਂਨਗਰਾਂ ਵਿਚ ਮਨੁੱਖਾਂ ਦੀ ਜ਼ਿੰਦਗੀ, ਡਰਾਈਵਰੀ ਕਿੱਤੇ ਨਾਲ ਜੁੜੇ ਲੋਕਾਂ ਦੇ ਮੰਦੇ ਸਰੋਕਾਰ, ਮੱਧ ਵਰਗੀ ਪਰਵਾਰਾਂ ਦੀਆਂ ਸਮੱਸਿਆਵਾਂ, ਪੂੰਜੀਵਾਦੀ ਪ੍ਰਭਾਵ ਅਧੀਨ ਨਿਰੰਤਰ ਬਦਲ ਰਹੇ ਰਿਸ਼ਤੇ-ਨਾਤੇ ਅਤੇ ਘਟ ਰਹੀਆਂ ਕਦਰਾਂ-ਕੀਮਤਾਂ, ਮਨੁੱਖ ਦੇ ਅੰਦਰ ਨਿਰੰਤਰ ਵਧ ਰਹੀ ਬੇਗਾਨਗੀ ਦੀ ਭਾਵਨਾ, ਮਾਇਆ ਪਿੱਛੇ ਲੱਗੀ ਅੰਨ੍ਹੀ ਦੌੜ, ਨਸ਼ਿਆਂ ਵਿਚ ਰੁਲਦੀ ਨੌਜਵਾਨੀ ਆਦਿ ਮਸਲਿਆਂ ਦੀ ਯਥਾਰਥਕ ਪੇਸ਼ਕਾਰੀ ਮਿਲਦੀ ਹੈ। ਬਲਦੇਵ ਸਿੰਘ ਦੇ ਨਾਵਲਾਂ ਵਿਚ ਉਸ ਦੇ ਤਨ-ਹੰਢਾਏ ਅਨੁਭਵਾਂ ਦੀ ਝਲਕ ਸਪੱਸ਼ਟ ਨਜ਼ਰ ਆਉਂਦੀ ਹੈ।

ਸਾਹਿਤ ਵਿਚ ਸਮਾਜਕ ਯਥਾਰਥ ਦੀ ਮੌਜੂਦਗੀ ਸਮਾਜ ਦੇ ਮੁੱਖ ਖੇਤਰਾਂ, ਜਿਵੇਂ ਕਿ ਸਮਾਜਕ-ਸੱਭਿਆਚਾਰਕ, ਰਾਜਨੀਤਕ, ਆਰਥਕ, ਧਾਰਮਕ ਆਦਿ ਪ੍ਰਸਥਿਤੀਆਂ ਰਾਹੀਂ ਵਿਸ਼ੇਸ਼ ਤੌਰ 'ਤੇ ਪ੍ਰਗਟ ਹੁੰਦੀ ਹੈ। ਇਸ ਪੁਸਤਕ ਦੇ ਲੇਖਕ ਡਾ. ਸੰਦੀਪ ਸਿੰਘ ਮੁੰਡੇ ਨੇ ਬਲਦੇਵ ਸਿੰਘ ਸੜਕਨਾਮਾ ਦੇ ਦਰਜਨ ਭਰ ਨਾਵਲਾਂ ਵਿਚ ਇਨ੍ਹਾਂ ਰੋਜ਼ ਬਦਲਦੀਆਂ ਪ੍ਰਸਥਿਤੀਆਂ ਦੇ ਕਰੂਰ ਸਮਾਜਕ ਯਥਾਰਥ ਨੂੰ ਸਫਲਤਾਪੂਰਵਕ ਚਿਤਰਿਆ ਹੈ। ਇਹ ਪੁਸਤਕ ਵਿਚਾਰਧੀਨ ਨਾਵਲਾਂ ਵਿਚਲੇ ਸਮਾਜ-ਸੱਭਿਆਚਾਰਕ ਪ੍ਰਕਾਰਜਾਂ ਦੀ ਪੜਚੋਲ ਕਰਕੇ ਸਮਾਜਕ ਯਥਾਰਥ ਦੇ ਬਿਰਤਾਂਤ ਨੂੰ ਭਲੀ-ਭਾਂਤ ਉਭਾਰਦੀ ਅਤੇ ਵਿਚਾਰਦੀ ਹੈ। ਇਸ ਪੁਸਤਕ ਵਿਚ ਲੇਖਕ ਨੇ ਆਪਣੇ ਦ੍ਰਿਸ਼ਟੀਕੋਣ ਰਾਹੀਂ ਨਾਵਲਾਂ ਵਿਚਲੀਆਂ ਯਥਾਰਥਕ ਪ੍ਰਸਥਿਤੀਆਂ ਨੂੰ ਬੜੀ ਸੂਝ-ਬੂਝ ਨਾਲ ਵਿਚਾਰ ਕੇ ਸਮਾਜਕ ਸਰੋਕਾਰਾਂ ਦੇ ਮਹੱਤਵਪੂਰਨ ਪਹਿਲੂਆਂ ਨੂੰ ਪਾਠਕਾਂ ਸਾਹਮਣੇ ਲਿਆਂਦਾ ਹੈ। ਪੁਸਤਕ ਵਿਚ ਸਮਾਜ ਵਿਚਲੀਆਂ ਮੁੱਖ ਸਮੱਸਿਆਵਾਂ ਦੀ ਨਿਸ਼ਾਨਦੇਹੀ ਵੀ ਕੀਤੀ ਗਈ ਹੈ ਅਤੇ ਉਨ੍ਹਾਂ ਕਾਰਨਾਂ ਦੀ ਖੋਜ ਕੀਤੀ ਗਈ ਹੈ, ਜੋ ਅਜਿਹੀ ਸਥਿਤੀ ਪੈਦਾ ਕਰਦੇ ਹਨ। ਲੇਖਕ ਨੇ ਇਸ ਪੁਸਤਕ ਵਿਚ ਨਾਵਲਾਂ ਦੇ ਪਾਤਰਾਂ ਦੀ ਮਨੋਦਸ਼ਾ ਦਾ ਮੁਲਾਂਕਣ ਕਰ ਕੇ ਉਨ੍ਹਾਂ ਦੀ ਲੁਕੀ ਮਾਨਸਿਕਤਾ ਨੂੰ ਵੀ ਉਘਾੜਿਆ ਹੈ।

ਡਾ. ਸੰਦੀਪ ਸਿੰਘ ਮੁੰਡੇ ਨੇ ਆਪਣੀ ਸਮਰੱਥਾ ਦੇ ਅਨੁਸਾਰ ਬਲਦੇਵ ਸਿੰਘ ਸੜਕਨਾਮਾ ਦੇ ਨਾਵਲਾਂ ਦਾ ਗੰਭੀਰ ਅਧਿਐਨ ਕਰਕੇ ਨਾਵਲਾਂ ਦੀਆਂ ਬਿਰਤਾਂਤਕ ਜੁਗਤਾਂ ਨੂੰ ਪਹਿਚਾਣਨ ਦਾ ਯਤਨ ਕੀਤਾ ਹੈ। ਉਸ ਨੇ ਨਾਵਲਾਂ ਦੇ ਪਾਤਰਾਂ, ਘਟਨਾਵਾਂ ਅਤੇ ਸਰੋਕਾਰਾਂ ਨੂੰ ਸਮਾਜਕ, ਰਾਜਨੀਤਕ, ਆਰਥਕ ਅਤੇ ਸੱਭਿਆਚਾਰਕ ਪਰਿਪੇਖ ਵਿਚ ਵਿਚਾਰਿਆ ਹੈ। ਉਸ ਨੇ ਆਮ ਬੋਲਚਾਲ ਦੀ ਭਾਸ਼ਾ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਨਿਸਚਿਤ ਰੂਪ ਵਿਚ ਡਾ. ਮੁੰਡੇ ਦੀ ਦ੍ਰਿਸ਼ਟੀ ਅਤੇ ਚਿੰਤਨ ਸੂਝ-ਬੂਝ ਦੀ ਇਹ ਮਿਆਰੀ ਆਲੋਚਨਾ ਪੁਸਤਕ ਖੋਜ ਵਿਦਿਆਰਥੀਆਂ ਅਤੇ ਪਾਠਕਾਂ ਲਈ ਲਾਹੇਵੰਦ ਸਾਬਤ ਹੋਵੇਗੀ। ਮੈਂ ਤਹਿ ਦਿਲ ਤੋਂ ਪੰਜਾਬੀ ਦੇ ਅਦਬੀ ਸਾਹਿਤ ਵਿਚ ਇਸ ਆਲੋਚਨਾ ਪੁਸਤਕ ਦਾ ਸਵਾਗਤ ਕਰਦਾ ਹਾਂ।

**— ਡਾ. ਅਸ਼ਵਨੀ ਸ਼ਰਮਾ**

## ਤਾਲ ਪ੍ਰਕਾਸ਼

(ਗਿਆਨ ਪ੍ਰਕਾਸ਼)
**ਡਾ. ਰਣਜੀਤ ਸਿੰਘ**
**ਮੁੱਲ : 200 ਰੁਪਏ, ਪੰਨੇ ਸੁਜਿਲਦ : 132**
**ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ**

ਡਾ. ਰਣਜੀਤ ਸਿੰਘ, ਗੁਰਮਤਿ-ਸੰਗੀਤ ਦੇ ਡਿਪਲੋਮਾ ਹੋਲਡਰ ਅਤੇ ਉੱਘੇ ਭਾਰਤੀ ਸੰਗੀਤ ਰਤਨ : ਅਤੇ ਸੁਲੱਭ ਸੰਗੀਤ, ਪੁਸਤਕਾਂ ਦੇ ਕਰਤਾ ਹਨ। ਤਾਲ ਪ੍ਰਕਾਸ਼ ਆਪ ਦੀ ਤੀਜੀ ਰਚਨਾ ਹੈ। ਇਸ ਪੁਸਤਕ ਵਿੱਚ ਸੰਗੀਤ ਅਤੇ ਤਾਲ ਦੀਆਂ ਅਨਿੱਖੜਵੇਂ ਸੰਬੰਧ ਨੂੰ ਸਥਾਪਤ ਕਰਨ, ਤਬਲੇ ਦੀ ਹਰ ਪੱਖੋਂ ਜਾਣਕਾਰੀ ਦਿੱਤੀ ਗਈ ਹੈ। ਨਾਲੋਂ-ਨਾਲ ਪਰਿਭਾਸ਼ਕ ਸ਼ਬਦਾਂ ਦੀ ਵਿਆਖਿਆ ਵੀ ਹੈ।

ਪੁਸਤਕ ਵਿੱਚ ਸੰਗੀਤ ਨਾਲ ਸੰਬੰਧਤ ਲੈਅ, ਤਬਲੇ ਦੇ ਅੰਗ, ਤਬਲਾ, ਮਿਲਾਉਣ ਦਾ ਢੰਗ, ਤਾਲ ਸੰਬੰਧੀ ਪਰਿਭਾਸ਼ਕ ਸ਼ਬਦ ਤੇ ਸੁਝਾਅ ਲੈਕਾਰੀਆਂ, ਦੋ ਗੁਣ, ਤਿੰਨ ਗੁਣ, ਚਾਰ ਗੁਣ, ਅੱਠ ਗੁਣ, ਕੁਆੜ ਲੈਅ, ਪੌਣ ਗੁਣ, ਤਾਲ-ਪਾਉੜੀ, ਤਾਲ ਦਾਦਰਾ, ਤਾਲ ਰੂਪਕ, ਤਾਲ ਤੀਵਰ, ਤਾਲ ਪਸ਼ਤੋ, ਤਾਲ ਕਹਿਰਵਾ, ਤਾਲ ਮੱਤ, ਸੂਲ-ਤਾਲ, ਇੱਕ ਤਾਲ (ਏਕ ਤਾਲ) ਚਾਰ ਤਾਲ (ਚੌਤਾਲ) ਤਾਲ ਧਮਾਰ, ਤਾਲ ਦੀਪ ਚੰਦੀ, ਤਾਲ ਝੁਮਰਾ, ਤਾਲ ਫਰੋਦਸਤ, ਤਾਲ ਗਜ ਝੰਪਾ ਤਿੰਨ ਤਾਲ, ਤਾਲ ਤਿਲਵਾੜਾ, ਤਾਲ ਪੰਜਾਬੀ ਠੇਕਾ, ਛੋਟ ਤੀਲਤਾਲ, ਤਾਲ ਤਿਲਵਾੜਾ ਆਦਿ ਸੰਗੀਤ ਦੇ ਹੋਰ ਹਰ ਪ੍ਰਕਾਰ ਦੇ ਤਾਲਾਂ ਸੰਬੰਧੀ ਵਿਆਖਿਆਮਈ ਭਰਪੂਰ ਜਾਣਕਾਰੀ ਪ੍ਰਦਾਨ ਕਰਵਾਉਂਦੀ ਹੈ। ਸੰਗੀਤ ਵਿੱਚ ਹਰ ਪ੍ਰਕਾਰ ਦੇ ਤਾਲਾਂ ਦਾ ਬਹੁਤ ਮਹੱਤਵ ਹੈ। ਲੇਖਕ ਨੇ ਲੱਗਭੱਗ ਸੁਵਰਤੋਂ ਵਿੱਚ ਆਉਣ ਵਾਲੇ ਤਾਲਾਂ ਦਾ ਵਿਆਖਿਆ-ਪੂਰਵਕ ਵਿਸ਼ਲੇਸ਼ਣ ਕੀਤਾ ਹੈ। ਲੇਖਕ ਵੱਲੋਂ ਪੰਜਾਬੀ ਵਿਦਿਆਰਥੀਆਂ ਲਈ ਇਹ ਪੁਸਤਕ, ਤਾਲਾਂ ਸੰਬੰਧੀ ਜਾਣਕਾਰੀ ਦੇਣ ਵਾਲੀ ਵਧੇਰੇ ਲਾਭਕਾਰੀ ਹੋਵੇਗੀ।

ਤਬਲੇ ਦੀ ਸਿੱਖਿਆ ਲਈ ਅਜਿਹੀ ਪੁਸਤਕ ਪੰਜਾਬੀ ਵਿੱਚ ਪੰਜਾਬ ਦੇ ਵਿਦਿਆਰਥੀਆਂ ਲਈ ਬਹੁਤ ਲਾਭਕਾਰੀ ਹੋਵੇਗੀ। ਵਿਸ਼ੇਸ਼ ਕਰਕੇ ਕੀਰਤਨਕਾਰਾਂ ਨੂੰ ਰਾਗ ਵਿਦਿਆ ਦੇ ਨਾਲ-ਨਾਲ, ਤਾਲਾਂ ਦੀ ਜਾਣਕਾਰੀ ਲਈ ਇਹ ਪੁਸਤਕ ਜ਼ਰੂਰ ਅਧਿਐਨ ਕਰਨੀ ਚਾਹੀਦੀ ਹੈ। ਲੇਖਕ ਵਧਾਈ ਦਾ ਹੱਕਦਾਰ ਹੈ।

**- ਡਾ. ਅਮਰ ਕੋਮਲ**

5-Nov-Sunday.qxd 11/4/2023 10:03 PM Page 6



# ਲਾਇਲਪੁਰ ਖਾਲਸਾ ਕਾਲਜ ਕਪੂਰਥਲਾ ਵੱਲੋਂ ਮਾਤ ਭਾਸ਼ਾ ਬਾਰੇ ਚਰਚਾ



**ਕਪੂਰਥਲਾ**-ਉੱਤਰੀ ਭਾਰਤ ਦੀ ਉੱਘੀ ਵਿੱਦਿਅਕ ਸੰਸਥਾ ਲਾਇਲਪੁਰ ਖਾਲਸਾ ਕਾਲਜ ਅਰਬਨ ਅਸਟੇਟ, ਕਪੂਰਥਲਾ ਵਿਦਿਆਰਥੀਆਂ ਨੂੰ ਆਧੁਨਿਕ ਅਤੇ ਉੱਚ ਪੱਧਰ ਦੀ ਸਿੱਖਿਆ ਦੇਣ ਦੇ ਨਾਲ-ਨਾਲ ਆਪਣੀ ਮਾਤ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ ਦਾ ਉਪਰਾਲਾ ਵੀ ਸਮੇਂ-ਸਮੇਂ ਕਰਦਾ ਰਹਿੰਦਾ ਹੈ। ਇਸੇ ਮੰਤਵ ਅਧੀਨ ਕਾਲਜ ਦੀ ਪੰਜਾਬੀ ਸਾਹਿਤ ਸਭਾ ਵੱਲੋਂ ਪੰਜਾਬੀ ਮਾਂ ਬੋਲੀ ਅਤੇ ਵਿਸ਼ੇਸ਼ ਕਰਕੇ ਪੰਜਾਬੀ ਮਾਹ-2023 ਨੂੰ ਸਮਰਪਿਤ ਸਾਹਿਤਕ ਮਿਲਣੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬੀ ਦੇ ਉੱਘੇ ਆਲੋਚਕ ਅਤੇ ਸਾਹਿਤਕਾਰ ਡਾ. ਹਰਜਿੰਦਰ ਸਿੰਘ ਅਟਵਾਲ ਦਾ ਵਿਦਿਆਰਥੀਆਂ ਨਾਲ ਰੂ-ਬ-ਰੂ ਕਰਵਾਇਆ। ਡਾ. ਹਰਜਿੰਦਰ ਸਿੰਘ ਅਟਵਾਲ ਨੇ ਪੰਜਾਬੀ ਭਾਸ਼ਾ ਦੇ ਨਿਕਾਸ ਤੇ ਵਿਕਾਸ, ਵਰਤਮਾਨ ਸਥਿਤੀ, ਭਵਿੱਖ ਅਤੇ ਵਿਸ਼ੇਸ਼ ਕਰਕੇ ਮਾਤ ਭਾਸ਼ਾ ਦੇ ਮਹੱਤਵ ਬਾਰੇ ਵਿਦਿਆਰਥੀਆਂ ਨੂੰ ਗਿਆਨ ਭਰਪੂਰ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਨੁੱਖੀ ਸ਼ਖ਼ਸੀਅਤ ਦੇ ਸਰਬਪੱਖੀ ਵਿਕਾਸ ਲਈ ਸਾਹਿਤਕ ਅਤੇ ਸੱਭਿਆਚਾਰਕ ਸਿਰਜਣਾਵਾਂ ਨਾਲ ਸਾਂਝ ਹੋਣੀ ਬੇਹੱਦ ਜ਼ਰੂਰੀ ਹੈ। ਇਹ ਸਾਂਝ ਬਣਾਉਣ ਦਾ ਸੁਹਿਰਦ ਢੰਗ ਅਤੇ ਮੂਲ ਸਰੋਤ ਭਾਸ਼ਾ ਹੀ ਬਣਦੀ ਹੈ। ਭਾਸ਼ਾ ਦਾ ਮੂਲ ਆਧਾਰ ਮਾਂ ਬੋਲੀ ਹੁੰਦਾ ਹੈ। ਜਦੋਂ ਬੱਚਾ ਪੈਦਾ ਹੁੰਦਾ ਹੈ ਤਾਂ ਮਾਂ ਆਪਣੇ ਬੱਚੇ ਨੂੰ ਲੋਰੀਆਂ ਆਪਣੀ ਮਾਤ ਭਾਸ਼ਾ ਵਿੱਚ ਹੀ ਦਿੰਦੀ ਹੈ। ਜਿੱਥੋਂ ਬੱਚਾ ਸੁਚੇਤ ਜਾਂ ਅਚੇਤ ਪੱਧਰ ਉੱਤੇ ਆਪਣੀ ਮਾਤ ਭਾਸ਼ਾ ਪ੍ਰਤੀ ਚੇਤਨ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਉਂ-ਜਿਉਂ ਬੱਚਾ ਵਿਕਾਸ ਕਰਦਾ ਹੈ, ਤਿਉਂ-ਤਿਉਂ ਉਸ ਨੂੰ ਆਪਣੀ ਬੋਲੀ, ਸੱਭਿਆਚਾਰ ਅਤੇ ਭਾਸ਼ਾ ਪ੍ਰਤੀ ਡੂੰਘੇਰਾ ਗਿਆਨ ਹੋਣਾ ਆਰੰਭ ਹੋ ਜਾਂਦਾ ਹੈ। ਇਸ ਲਈ ਅਸੀਂ ਸਮਝਦੇ ਹਾਂ ਕਿ ਮਾਤ ਭਾਸ਼ਾ ਦੀ ਮੁਹਾਰਤ ਵਾਲਾ ਵਿਅਕਤੀ ਹੀ ਹੋਰ ਸੰਸਾਰਕ ਭਾਸ਼ਾਵਾਂ ਦਾ ਗਿਆਨ ਪੂਰੀ ਸਮਰੱਥਾ ਨਾਲ ਹਾਸਲ ਕਰ ਸਕਦਾ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਬਲਦੇਵ ਸਿੰਘ ਢਿੱਲੋਂ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਹਿਤ, ਭਾਸ਼ਾ, ਸੱਭਿਆਚਾਰ ਅਤੇ ਕਲਾ ਦੇ ਖੇਤਰ ਦੀ ਸਿੱਖਿਆ ਗ੍ਰਹਿਣ ਕਰਨ ਵਾਲੇ ਵਿਦਿਆਰਥੀ ਜਿੱਥੇ ਅਧਿਆਪਨ, ਮੀਡੀਆ, ਖੋਜ ਆਦਿ ਖੇਤਰਾਂ ਵਿੱਚ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ, ਉੱਥੇ ਸਾਹਿਤ ਰਾਹੀਂ ਗ੍ਰਹਿਣ ਕੀਤੀਆਂ ਜੀਵਨ ਦੀਆਂ ਉਚੇਰੀਆਂ ਅਤੇ ਸੁਹਜਾਤਮਕ ਕਦਰਾਂ-ਕੀਮਤਾਂ ਉਹਨਾਂ ਨੂੰ ਇਕ ਸੁਹਿਰਦ ਅਤੇ ਸੰਵੇਦਨਸ਼ੀਲ ਮਨੁੱਖ ਅਤੇ ਸਮਾਜ ਦਾ ਜ਼ਿੰਮੇਵਾਰ ਨਾਗਰਿਕ ਬਣਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਪੰਜਾਬੀ ਸਾਹਿਤ ਸਭਾ ਦੇ ਕਨਵੀਨਰ ਪ੍ਰੋ. ਮਨਜਿੰਦਰ ਸਿੰਘ ਜੌਹਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਾਲਜ ਦਾ ਪੰਜਾਬੀ ਵਿਭਾਗ, ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਸੰਬੰਧਤ ਵਿਭਿੰਨ ਮਸਲਿਆਂ ਤੇ ਵਿਚਾਰ-ਚਰਚਾ ਕਰਨ ਅਤੇ ਉਸ ਵਿਚਾਰ ਚਰਚਾ ਤੋਂ ਨਿਕਲਦੇ ਸਾਰਥਕ ਸਿੱਟਿਆਂ ਅਤੇ ਅੰਤਰ ਦ੍ਰਿਸ਼ਟੀਆਂ ਦਾ ਪਸਾਰ ਕਰਨ ਲਈ ਹਮੇਸ਼ਾ ਹੀ ਯਤਨਸ਼ੀਲ ਰਹਿੰਦਾ ਹੈ। ਇਸ ਮੌਕੇ ਵਿਦਿਆਰਥੀਆਂ ਨੇ ਸਵਾਲ-ਜਵਾਬ ਵੀ ਕੀਤੇ ਅਤੇ ਡਾ. ਹਰਜਿੰਦਰ ਸਿੰਘ ਅਟਵਾਲ ਦੁਆਰਾ ਉਨ੍ਹਾਂ ਦੇ ਤਸੱਲੀਬਖਸ਼ ਜਵਾਬ ਦਿੱਤੇ। ਇਸ ਮੌਕੇ ਵਿਦਿਆਰਥਣ ਗੀਤਿਕਾ ਅਤੇ ਨੀਤਿਕਾ ਨੇ ਪੰਜਾਬ ਦਿਵਸ ਨੂੰ ਸਮਰਪਿਤ ਕਵਿਤਾਵਾਂ ਵੀ ਪੜ੍ਹੀਆਂ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਡਾ. ਬਲਦੇਵ ਸਿੰਘ ਢਿੱਲੋਂ, ਪ੍ਰੋ. ਮਨਜਿੰਦਰ ਸਿੰਘ ਜੌਹਲ, ਪ੍ਰੋ. ਅਮਨਦੀਪ ਕੌਰ ਚੀਮਾ ਅਤੇ ਪ੍ਰੋ. ਗਗਨਦੀਪ ਕੌਰ ਸਾਹੀ ਵੱਲੋਂ ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਕਾਮਰੇਡ ਮਲੂਕ ਸਿੰਘ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਕੇਂਦਰੀ ਸਭਾ ਵੱਲੋਂ ਸਰਕਾਰ ਤੇ ਰਾਜਸੀ ਲੋਕਾਂ ਨੂੰ ਅਪੀਲ

**ਅੰਮ੍ਰਿਤਸਰ**-ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪੰਜਾਬ ਦਿਵਸ ਮੌਕੇ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਦੇ ਹਵਾਲੇ ਨਾਲ ਅੱਜ ਏਥੋਂ ਜਾਰੀ ਬਿਆਨ ਵਿਚ ਕਥਾਕਾਰ ਦੀਪ ਦੇਵਿੰਦਰ ਸਿੰਘ ਕਿਹਾ ਕਿ ਇਹ ਤਲਖ ਹਕੀਕਤ ਹੈ ਕਿ 1 ਨਵੰਬਰ 1966 ਨੂੰ ਨਿਰੋਲ ਭਾਸ਼ਾ ਦੇ ਅਧਾਰ ਉੱਤੇ ਕਾਇਮ ਹੋਏ ਇਸ ਸੂਬੇ ਨੂੰ ਛੇ ਦਹਾਕੇ ਬੀਤਣ ਦੇ ਬਾਵਜੂਦ ਨਾ ਆਪਣੀ ਰਾਜਧਾਨੀ ਅਤੇ ਨਾ ਹੀ ਆਪਣੀ ਹਾਈਕੋਰਟ ਨਸੀਬ ਹੋਈ ਹੈ। ਭਾਸ਼ਾ ਐਕਟ ਅੰਦਰ ਚੋਰ-ਮੋਰੀਆਂ ਹੋਣ ਕਰਕੇ ਅਫਸਰਸ਼ਾਹੀ ਸਰਕਾਰੀ ਹੁਕਮਾਂ ਨੂੰ ਟਿੱਚ ਜਾਣਦਿਆਂ ਦਫਤਰੀ ਕੰਮ-ਕਾਜ ਪੰਜਾਬੀ ਵਿਚ ਕਰਨ ਤੋਂ ਕੰਨੀ ਕਤਰਾਉਂਦੀ ਹੈ। ਉਹਨਾਂ ਪੰਜਾਬ ਦੇ ਦਰਿਆਈ ਪਾਣੀਆਂ, ਪੰਜਾਬੀ ਬੋਲਦੇ ਇਲਾਕੇ ਅਤੇ ਪੰਜਾਬ ਦੇ ਪਿੰਡ ਉਜਾੜ ਕੇ ਬਣੇ ਚੰਡੀਗੜ੍ਹ ਤੇ ਪੰਜਾਬ ਦਾ ਹੱਕ ਵਰਗੇ ਜ਼ਮੀਨੀ ਮਸਲਿਆਂ ਦਾ ਸਿਆਸੀਕਰਨ ਕਰਨ ਬਾਰੇ ਕਿਹਾ ਕਿ ਹੁਣ ਤੱਕ ਦੀ ਸ਼ਾਸਨ ਵਿਵਸਥਾ ਵੱਲੋਂ ਸੂਬੇ ਨੂੰ ਦਰਪੇਸ਼ ਚੁਣੌਤੀਆਂ ਦਾ ਸਾਰਥਕ ਹੱਲ ਦੇਣ ਦੀ ਬਜਾਇ ਨਵੀਆਂ ਬੇਲੋੜੀਆਂ ਸਮੱਸਿਆਵਾਂ ਨੂੰ ਹੀ ਧਰਾਤਲ ਪ੍ਰਦਾਨ ਕੀਤਾ ਗਿਆ ਹੈ ਜਾਂ ਸਮੱਸਿਆ ਨੂੰ ਨਾਸੂਰ ਬਣਾ ਦੇਣ ਲਈ ਬੇਲੋੜੀ ਦੇਰ ਕੀਤੀ ਗਈ ਹੈ। ਸਿਆਸੀ ਪਾਰਟੀਆਂ ਨੇ ਪੰਜਾਬ ਪ੍ਰਤੀ ਸੁਹਿਰਦਤਾ ਨਾਲ ਜ਼ਿੰਮੇਵਾਰੀ ਨਿਭਾਉਣ ਦੀ ਬਜਾਏ ਬੁਨਿਆਦੀ ਮਸਲਿਆਂ ਵੱਲ ਧਿਆਨ ਦੇਣ ਦੀ ਥਾਂ ਆਪਣੇ ਸੌੜੇ ਸਿਆਸੀ ਤੇ ਆਰਥਿਕ ਮੁਫ਼ਾਦਾਂ ਵੱਲ ਹੀ ਜ਼ਿਆਦਾ ਧਿਆਨ ਦਿੱਤਾ ਹੈ।

ਕੇਂਦਰੀ ਸਭਾ ਦੇ ਅਹੁਦੇਦਾਰ ਸੁਰਿੰਦਰਪ੍ਰੀਤ ਘਣੀਆਂ, ਸ਼ੈਲਿੰਦਰਜੀਤ ਰਾਜਨ, ਭੁਪਿੰਦਰ ਕੌਰ ਪ੍ਰੀਤ, ਮਨਜੀਤ ਇੰਦਰਾ, ਦਲਜੀਤ ਸਿੰਘ ਸਾਹੀ, ਬਲਵਿੰਦਰ ਸੰਧੂ, ਮੂਲ ਚੰਦ ਸ਼ਰਮਾ, ਰਾਜਿੰਦਰ ਸਿੰਘ ਰਾਜਨ, ਮੱਖਣ ਕੁਹਾੜ ਅਤੇ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਬੀਤੇ ਵੇਲਿਆਂ 'ਚ ਸੂਬੇ ਦੇ ਹੋਏ ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਪਰਵਾਰਕ ਨੁਕਸਾਨ ਤੋਂ ਸਬਕ ਲੈਂਦਿਆਂ ਇਕ-ਦੂਜੇ ਉੱਪਰ ਦੂਸ਼ਣਬਾਜ਼ੀ ਕਰਨ ਦੀ ਬਜਾਏ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਸੁਹਿਰਦ ਹੋਣ ਦੀ ਲੋੜ ਹੈ। ਕੇਂਦਰੀ ਸਭਾ ਸਮੁੱਚੇ ਪੰਜਾਬ ਵਿੱਚ ਸਥਾਨਕ ਸਾਹਿਤ ਸਭਾਵਾਂ ਦੇ ਸਹਿਯੋਗ ਨਾਲ ਮਾਤ ਭਾਸ਼ਾ ਜਾਗਰੂਕਤਾ ਮੁਹਿੰਮ ਵਿੱਢੇਗੀ। ਉਹਨਾਂ ਇਸ ਮੌਕੇ ਇਹ ਵੀ ਮੰਗ ਕੀਤੀ ਕਿ ਸਰਕਾਰਾਂ ਨੂੰ ਮਾਤ ਭਾਸ਼ਾ ਨੂੰ ਰੁਜ਼ਗਾਰ ਮੁਖੀ ਬਣਾਉਣ ਲਈ ਪੰਜਾਬ ਦੇ ਸਕੂਲਾਂ-ਕਾਲਜਾਂ ਵਿਚ ਪੱਕੀ ਭਰਤੀ ਕਰਕੇ ਰੁਜ਼ਗਾਰ ਦੇ ਠੋਸ ਵਸੀਲੇ ਪਹਿਲ ਦੇ ਆਧਾਰ 'ਤੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਅਜੋਕੀ ਨੌਜਵਾਨ ਪੀੜ੍ਹੀ ਜਿਹੜੀ ਚੰਗੇ ਭਵਿੱਖ ਦੀ ਆਸ ਵਿਚ ਵਿਦੇਸ਼ਾਂ ਨੂੰ ਭੱਜ ਰਹੀ ਹੈ, ਆਪਣੇ ਸੂਬੇ ਵਿਚ ਹੀ ਰੋਜ਼ੀ-ਰੋਟੀ ਕਮਾ ਸਕੇ।

# ਪੰਜਾਬੀ ਸਾਹਿਤ ਸਭਾ ਵੱਲੋਂ ਗੋਸ਼ਟੀ ਅਤੇ ਕਵੀ ਦਰਬਾਰ



**ਬਰਨਾਲਾ**-ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ (ਰਜਿ.) ਬਰਨਾਲਾ ਵੱਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪੁਸਤਕ ਗੋਸ਼ਟੀ, ਪੁਸਤਕਾਂ ਲੋਕ ਅਰਪਣ ਅਤੇ ਕਵੀ ਦਰਬਾਰ ਕਰਵਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮਹਿੰਦਰ ਸਿੰਘ ਰਾਹੀ ਅਤੇ ਚਰਨ ਸਿੰਘ ਭੋਲਾ ਜਾਗਲ ਨੇ ਦੱਸਿਆ ਕਿ ਸਮਾਗਮ ਦੇ ਆਰੰਭ ਵਿੱਚ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਹੁਰਾਂ ਆਏ ਸਾਹਿਤਕਾਰਾਂ, ਲੇਖਕਾਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਪ੍ਰਧਾਨਗੀ ਮੰਡਲ ਵਿੱਚ ਸਾਹਿਤ ਰਤਨ ਓਮ ਪ੍ਰਕਾਸ਼ ਗਾਸੋ, ਸ਼੍ਰੋਮਣੀ ਸਾਹਿਤਕ ਪੱਤਰਕਾਰ ਤੇ ਕਲਾਕਾਰ ਦੇ ਸੰਪਾਦਕ ਕੰਵਰਜੀਤ ਭੱਠਲ, ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਅਤੇ ਨਾਵਲਕਾਰਾ ਰਣਬੀਰ ਕੌਰ ਰਾਣਾ ਸੁਸ਼ੋਭਿਤ ਸਨ। ਸਮਾਗਮ ਦੇ ਪਹਿਲੇ ਪੜਾਅ ਵਿੱਚ ਕੰਵਰਜੀਤ ਭੱਠਲ ਦੀ ਪੁਸਤਕ 'ਮਾਣਮੱਤਾ ਸੰਪਾਦਕ-ਸਾਹਿਤਕਾਰ ਕੰਵਰਜੀਤ ਭੱਠਲ ਦਾ ਯਾਦਗਾਰੀ ਅਭਿਨੰਦਨ' ਦਾ ਲੋਕ ਅਰਪਣ ਕੀਤਾ ਗਿਆ। ਪੁਸਤਕ ਬਾਰੇ ਰਾਮ ਸਰੂਪ ਸ਼ਰਮਾ ਅਤੇ ਰਘਬੀਰ ਸਿੰਘ ਗਿੱਲ ਕੱਟੂ ਨੇ ਕਾਵਿ ਚਿੱਤਰ ਪੇਸ਼ ਕੀਤੇ, ਉਪਰੰਤ ਡਾ. ਉਜਾਗਰ ਸਿੰਘ ਮਾਨ, ਕਹਾਣੀਕਾਰ ਭੋਲਾ ਸਿੰਘ ਸੰਘੇੜਾ, ਤੇਜਾ ਸਿੰਘ ਤਿਲਕ ਅਤੇ ਓਮ ਪ੍ਰਕਾਸ਼ ਗਾਸੋ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਕੰਵਰਜੀਤ ਭੱਠਲ ਨੇ ਆਪਣੇ ਵਿਚਾਰ ਰੱਖੇ। ਦੂਜੇ ਪੜਾਅ ਵਿੱਚ ਨਾਵਲਕਾਰਾ ਰਣਬੀਰ ਕੌਰ ਰਾਣਾ ਦੇ ਤੀਜੇ ਨਾਵਲ 'ਮਿੱਟੀ ਬੋਲ ਪਈ' ਦਾ ਜਿੱਥੇ ਲੋਕ ਅਰਪਣ ਕੀਤਾ ਗਿਆ, ਉੱਥੇ ਇਸ ਨਾਵਲ ਉਪਰ ਗੋਸ਼ਟੀ ਵੀ ਕੀਤੀ ਗਈ। ਨਾਵਲ ਉੱਪਰ ਡਾ. ਰਾਮਪਾਲ ਸ਼ਾਹਪੁਰੀ ਵੱਲੋਂ ਆਪਣਾ ਪੇਪਰ ਪੜ੍ਹਿਆ ਗਿਆ। ਪੇਪਰ ਅਤੇ ਨਾਵਲ ਉਪਰ ਉਸਾਰੂ ਬਹਿਸ ਕਰਨ ਲਈ ਸਰਜੀਵਨ ਉੱਪਲ, ਕਹਾਣੀਕਾਰ ਭੋਲਾ ਸਿੰਘ ਸੰਘੇੜਾ, ਮਾਲਵਿੰਦਰ ਸ਼ਾਇਰ, ਤੇਜਿੰਦਰ ਚੰਡਿਹੋਕ ਅਤੇ ਚਰਨ ਸਿੰਘ ਭੋਲਾ ਜਾਗਲ ਨੇ ਹਿੱਸਾ ਲਿਆ। ਉਪਰੰਤ ਮੈਡਮ ਰਾਣਾ ਨੇ ਆਪਣੀ ਸਿਰਜਣ ਪ੍ਰਕ੍ਰਿਆ ਬਾਰੇ ਜਾਣਕਾਰੀ ਦਿੱਤੀ।

ਤਿਮਾਹੀ ਮੈਗ਼ਜ਼ੀਨ 'ਸਾਹਿਤਕ ਕਲਾਕਾਰ' ਦਾ 142ਵਾਂ ਅੰਕ ਜਾਰੀ ਕੀਤਾ ਗਿਆ। ਹੋਏ ਕਵੀ ਦਰਬਾਰ ਵਿੱਚ ਹਾਕਮ ਸਿੰਘ ਰੂੜੇਕੇ, ਪਾਲ ਸਿੰਘ ਲਹਿਰੀ, ਸੁਖਵਿੰਦਰ ਸਿੰਘ ਸਨੇਹ, ਚਰਨੀ ਬੇਦਿਲ ਆਦਿ ਨੇ ਕਲਾਮ ਪੇਸ਼ ਕੀਤੇ। ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਵੱਲੋਂ ਬਾ-ਖ਼ੂਬੀ ਨਿਭਾਇਆ ਗਿਆ ਅਤੇ ਆਏ ਸਾਹਿਤਕਾਰ ਲੇਖਕਾਂ ਦਾ ਧੰਨਵਾਦ ਮਹਿੰਦਰ ਸਿੰਘ ਰਾਹੀ ਨੇ ਕੀਤਾ। ਸਮਾਗਮ ਵਿੱਚ ਉਕਤ ਤੋਂ ਇਲਾਵਾ ਬ੍ਰਿਜ ਲਾਲ ਗੋਇਲ ਧਨੌਲਾ, ਸ਼ੁਭਦੀਪ ਉੱਪਲ, ਜਗਤਾਰ ਸਿੰਘ, ਦਿਲਦੀਪ ਸਿੰਘ, ਜਤਿੰਦਰ ਸਿੰਘ, ਲਵਲੀਨ ਕੌਰ, ਸ਼ਰਨਜੀਤ ਕੌਰ, ਹਰਜੋਤ ਕੌਰ, ਗਿ. ਕਰਮ ਸਿੰਘ ਭੰਡਾਰੀ, ਜਰਨੈਲ ਸਿੰਘ ਭੰਗੂ ਅਤੇ ਸੁਰਜੀਤ ਸਿੰਘ ਆਦਿ ਹਾਜ਼ਰ ਸਨ।

**—ਤੇਜਿੰਦਰ ਚੰਡਿਹੋਕ**

# ਸਮਕਾਲ ਅਤੇ ਪੰਜਾਬੀ ਸਾਹਿਤ ਬਾਰੇ ਵਿਚਾਰ-ਚਰਚਾ




**ਸਿਰਸਾ** : ਸੈਮੀਨਾਰ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ, ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ ਅਤੇ ਪੰਜਾਬੀ ਲੇਖਕ ਸਭਾ, ਸਿਰਸਾ ਦੇ ਪ੍ਰਧਾਨ ਪਰਮਾਨੰਦ ਸ਼ਾਸਤਰੀ ਉਪਰ ਅਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਮੀਤ-ਪ੍ਰਧਾਨ ਅਤੇ ਸੈਮੀਨਾਰ ਕਨਵੀਨਰ ਡਾ. ਹਰਵਿੰਦਰ ਸਿੰਘ ਸਿਰਸਾ ਵੱਲੋਂ ਪ੍ਰਧਾਨਗੀ ਮੰਡਲ ਅਤੇ ਬੁਲਾਰਿਆਂ ਨਾਲ ਜਾਣ-ਪਛਾਣ ਤੋਂ ਬਾਅਦ ਪਰਮਾਨੰਦ ਸ਼ਾਸਤਰੀ ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਦੇ ਇਤਿਹਾਸਕ ਪਿਛੋਕੜ, ਇਸ ਦੀ ਕਾਰਜ-ਪ੍ਰਣਾਲੀ ਅਤੇ ਸੈਮੀਨਾਰ ਦੀ ਰੂਪ-ਰੇਖਾ ਬਾਰੇ ਜਾਣੂੰ ਕਰਵਾਏ ਜਾਣ ਉਪਰੰਤ ਪ੍ਰੋਗਰਾਮ ਦਾ ਆਗ਼ਾਜ਼ ਮਹਿਕ ਭਾਰਤੀ ਅਤੇ ਕੁਲਦੀਪ ਸਿਰਸਾ ਵੱਲੋਂ ਗੀਤ ਗਾਇਨ ਦੀ ਪੇਸ਼ਕਾਰੀ ਨਾਲ ਹੋਇਆ। ਸੈਮੀਨਾਰ ਵਿੱਚ ਚਰਚਾ ਨੂੰ ਅੱਗੇ ਤੋਰਦਿਆਂ ਪ੍ਰੋ. ਸਰਬਜੀਤ ਸਿੰਘ ਨੇ ਪੰਜਾਬੀ ਸਮਾਜ, ਇਤਿਹਾਸਕ ਵੰਗਾਰਾਂ ਅਤੇ ਸਾਹਿਤ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਅਜੋਕੇ ਦੌਰ ਦੇ ਨਿਜ਼ਾਮ ਦਾ ਚਿਹਰਾ ਤਾਂ ਮਾਨਵਵਾਦੀ ਨਜ਼ਰ ਆਉਂਦਾ ਹੈ, ਪਰ ਇਸ ਦੀ ਨੀਅਤ ਲੋਕ ਵਿਰੋਧੀ ਹੈ। ਉਨ੍ਹਾਂ ਰਾਸ਼ਟਰੀ ਸਿੱਖਿਆ ਨੀਤੀ ਬਾਰੇ ਵਿਸਥਾਰ ਨਾਲ ਚਰਚਾ ਕਰਦੇ ਹੋਏ ਇਸ ਦੇ ਖ਼ਤਰਨਾਕ ਮਨਸੂਬਿਆਂ ਬਾਰੇ ਵੀ ਸੁਚੇਤ ਕੀਤਾ। ਡਾ. ਸੰਦੀਪ ਸਿੰਘ ਮੁੰਡੇ ਨੇ ਰਾਜਸਥਾਨ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਇਸ ਦੇ ਸੱਭਿਆਚਾਰਕ ਸੰਦ੍ਰਿਸ਼ ਨੂੰ ਸਪੱਸ਼ਟ ਕਰਦੇ ਹੋਏ ਕਿਹਾ ਕਿ ਰਾਜਸਥਾਨ ਵਿੱਚ ਪੰਜਾਬੀ ਨੂੰ ਤੀਜੀ ਭਾਸ਼ਾ ਵਜੋਂ ਪੜ੍ਹਾਇਆ ਜਾਂਦਾ ਹੈ। ਡਾ. ਰਤਨ ਸਿੰਘ ਢਿੱਲੋਂ ਨੇ ਹਰਿਆਣਾ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਇਸ ਦੇ ਸੱਭਿਆਚਾਰਕ ਸੰਦ੍ਰਿਸ਼ 'ਤੇ ਚਾਨਣਾ ਪਾਉਂਦੇ ਹੋਏ ਹਰਿਆਣਾ ਵਿੱਚ ਇਸ ਸਭ ਪ੍ਰਤੀ ਉਦਾਸੀਨਤਾ ਲਈ ਸਿਸਟਮ ਨੂੰ ਜ਼ਿੰਮੇਵਾਰ ਠਹਿਰਾਇਆ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸਾਡੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਵਿਸ਼ਾਲ ਲੋਕ-ਲਾਮਬੰਦੀ ਹੀ ਕਾਰਗਰ ਹੋ ਸਕਦੀ ਹੈ। ਪ੍ਰਧਾਨਗੀ ਭਾਸ਼ਣ ਵਿੱਚ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਲਗਾਤਾਰ ਯਤਨ ਜਾਰੀ ਰਹਿਣੇ ਚਾਹੀਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਹਿਤ ਕਦੇ ਵੀ ਸੱਤਾ ਦੇ ਇਰਾਦਿਆਂ ਅਨੁਸਾਰ ਨਹੀਂ ਰਚਿਆ ਜਾ ਸਕਦਾ, ਕਿਉਂਕਿ ਸਾਹਿਤ ਆਮ ਲੋਕਾਂ ਦੀ ਆਵਾਜ਼ ਨੂੰ ਅਭੀਵਿਅਕਤੀ ਪ੍ਰਦਾਨ ਕਰਦਾ ਹੈ। ਉਨ੍ਹਾਂ ਇਸ ਵਿਸ਼ਾਲ, ਸਫਲ ਅਤੇ ਸਾਰਥਿਕ ਸਮਾਗਮ ਦੇ ਆਯੋਜਨ ਲਈ ਪ੍ਰਬੰਧਕਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦਾ ਸੰਚਾਲਨ ਸੈਮੀਨਾਰ ਕਨਵੀਨਰ ਡਾ. ਹਰਵਿੰਦਰ ਸਿੰਘ ਸਿਰਸਾ ਅਤੇ ਪੰਜਾਬੀ ਲੇਖਕ ਸਭਾ, ਸਿਰਸਾ ਦੇ ਜਨਰਲ ਸਕੱਤਰ ਸੁਰਜੀਤ ਸਿਰੜੀ ਨੇ ਕੀਤਾ।

ਸੈਮੀਨਾਰ ਦੌਰਾਨ ਡਾ. ਸੁਖਦੇਵ ਸਿੰਘ ਸਿਰਸਾ ਦੇ ਅਨੁਵਾਦਿਤ ਸਮੀਖਿਆ ਸੰਗ੍ਰਹਿ 'ਪੰਜਾਬੀ ਕਵਿਤਾ ਕੀ ਪ੍ਰਤਿਰੋਧੀ ਪਰੰਪਰਾ', ਪਰਮਾਨੰਦ ਸ਼ਾਸਤਰੀ ਦੁਆਰਾ ਹਿੰਦੀ ਵਿਚ ਅਨੁਵਾਦਤ ਪਰਗਟ ਸਤੌਜ ਦੇ ਨਾਵਲ '1947', ਛਿੰਦਰ ਕੌਰ ਸਿਰਸਾ ਦੇ ਕਾਵਿ-ਸੰਗ੍ਰਹਿ 'ਭਰ ਜੋਬਨ ਬੰਦਗੀ', ਡਾ. ਕੁਲਵਿੰਦਰ ਸਿੰਘ ਪਦਮ ਦੇ ਨਾਟਕ 'ਕੂਕਦੀ ਕੂੰਜ', ਡਾ. ਮੰਗਲ ਸਿੰਘ ਰਤੀਆ ਦੇ ਕਾਵਿ-ਸੰਗ੍ਰਹਿ 'ਸੁਲਗਦੇ ਦਰਿਆ', ਭੁਪਿੰਦਰ ਪੰਨੀਵਾਲੀਆ ਦੁਆਰਾ ਸੰਪਾਦਤ 'ਇਕ ਸੀ ਗੁਰਮੇਲ ਸਰਾ' ਅਤੇ ਮਨਜੀਤ ਸਿੰਘ ਮੂਸਾਖੇੜਾ ਦੀ 'ਲਾਗੂਵਾਦ : ਆਖ਼ਰ ਤੱਕ ਇਨਕਲਾਬ' ਪੁਸਤਕਾਂ ਦਾ ਲੋਕ-ਅਰਪਣ ਵੀ ਕੀਤਾ ਗਿਆ।

# 'ਪੌਣਾਂ ਕੁ ਚੰਨ' ਅਤੇ 'ਬੁੱਚੜ' ਕਹਾਣੀਆਂ ਦਾ ਪਾਠ



**ਅੰਮ੍ਰਿਤਸਰ**-ਜਨਵਾਦੀ ਲੇਖਕ ਸੰਘ ਅਤੇ ਰਾਬਤਾ ਮੁਕਾਲਮਾਂ ਕਾਵਿ ਮੰਚ ਵੱਲੋਂ ਅਰੰਭੀ "ਕਿਛ ਸੁਣੀਐ ਕਿਛੁ ਕਹੀਐ" ਸਮਾਗਮਾਂ ਦੇ ਅੰਤਰਗਤ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਆਪਣੀ ਨਵੀਂ ਕਹਾਣੀ 'ਪੌਣਾ ਕੁ ਚੰਨ' ਅਤੇ ਜਸਪਾਲ ਕੌਰ ਨੇ ਆਪਣੀ ਕਹਾਣੀ 'ਬੁੱਚੜ' ਦਾ ਕਹਾਣੀ ਪਾਠ ਕੀਤਾ। ਸਥਾਨਕ ਰਾਮ ਬਾਗ (ਕੰਪਨੀ ਬਾਗ) ਵਿਖੇ ਹੋਏ ਇਸ ਅਦਬੀ ਸਮਾਗਮ ਦਾ ਆਗਾਜ਼ ਸਰਬਜੀਤ ਸਿੰਘ ਸੰਧੂ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਪੜ੍ਹੀਆਂ ਗਈਆਂ 'ਪੌਣਾ ਕੁ ਚੰਨ' ਅਤੇ 'ਬੁੱਚੜ' ਕਹਾਣੀਆਂ ਉਤੇ ਚਰਚਾ ਅਰੰਭ ਕਰਦਿਆਂ ਡਾ. ਹੀਰਾ ਸਿੰਘ ਨੇ ਕਿਹਾ ਕਿ ਦੋਵੇਂ ਕਹਾਣੀਆਂ ਕਥਾਕਾਰੀ, ਬਿਰਤਾਂਤਕਾਰੀ ਅਤੇ ਪੇਸ਼ਕਾਰੀ ਵਿਚ ਖਰੀਆਂ ਉਤਰਦੀਆਂ ਹਨ। ਸ਼ਾਇਰ ਮਲਵਿੰਦਰ ਅਤੇ ਅਰਤਿੰਦਰ ਸੰਧੂ ਨੇ ਕਿਹਾ ਕਿ ਦੀਪ ਦੇਵਿੰਦਰ ਸਿੰਘ ਦੀ ਕਹਾਣੀ ਜਿੱਥੇ ਬਨਾਉਟੀ ਦਿਖਾਵੇ ਦੇ ਤਾਮ -ਧਾਮ ਹੇਠ ਆਏ ਮਾਨਵੀ ਰਿਸ਼ਤਿਆਂ ਦੇ ਕੱਚ-ਸੱਚ ਨੂੰ ਬਿਆਨਦੀ ਹੈ, ਉਥੇ ਜਸਪਾਲ ਦੀ ਕਹਾਣੀ ਖੁਰਲੀਆਂ ਉੱਤੇ ਬੱਝਿਆ ਮਾਲ-ਡੰਗਰ ਅਤੇ ਸਾਂਝੇ ਵਿਹੜਿਆਂ ਦੇ ਜੀਆਂ ਦੀ ਖੁਰਦੀ ਜਾ ਰਹੀ ਹੋਂਦ ਦਾ ਮਾਰਮਿਕ ਪ੍ਰਗਟਾਵਾ ਹੈ। ਨਾਵਲਕਾਰ ਵਜੀਰ ਸਿੰਘ ਰੰਧਾਵਾ ਅਤੇ ਡਾ. ਮੋਹਨ ਨੇ ਕਿਹਾ ਕਿ ਦੋਵਾਂ ਕਹਾਣੀਆਂ ਦੀ ਤਸਵੀਰਕਸ਼ੀ ਹੀ ਕਹਾਣੀਆਂ ਦਾ ਹਾਸਲ ਹਨ। ਜਸਵੰਤ ਧਾਪ, ਜਗਤਾਰ ਗਿੱਲ ਅਤੇ ਰਾਜ ਖੁਸ਼ਵੰਤ ਸਿੰਘ ਸੰਧੂ ਨੇ ਕਹਾਣੀ ਲੇਖਕਾਂ ਨੂੰ ਵਧਾਈ ਦਿੰਦਿਆਂ ਸਮਾਗਮ ਦੀ ਸ਼ਲਾਘਾ ਕੀਤੀ। ਅੰਤ 'ਤੇ ਦੀਪ ਦੇਵਿੰਦਰ ਸਿੰਘ ਅਤੇ ਜਸਪਾਲ ਕੌਰ ਨੇ ਆਏ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਏ ਸੁਝਾਵਾਂ ਨੂੰ ਉਹ ਖਿੜੇ ਮੱਥੇ ਪ੍ਰਵਾਨ ਕਰਨਗੇ।

# ਸਾਨ ਫਰਾਂਸਿਸਕੋ ਵਿਖੇ ਗ਼ਦਰੀ ਸਮਾਰਕ 'ਤੇ ਪਹੁੰਚ ਕੇ ਗ਼ਦਰੀ ਬਾਬਿਆਂ ਨੂੰ ਸਿਜਦਾ ਕੀਤਾ

**ਸਾਨ ਫਰਾਂਸਿਸਕੋ**-ਸਾਨ ਫਰਾਂਸਿਸਕੋ (ਕੈਲੀਫੋਰਨੀਆ) ਵਿਖੇ ਗ਼ਦਰੀ ਸਮਾਰਕ 'ਤੇ ਪਹੁੰਚ ਕੇ ਪੰਜਾਬੀ ਲੇਖਕ ਗ਼ਦਰੀ ਬਾਬਿਆਂ ਨੂੰ ਨਤਮਸਤਕ ਹੋਏ। ਇਸ ਮੌਕੇ ਬੋਲਦਿਆਂ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਅੱਜ ਜਦੋਂ ਅਸੀਂ ਗਦਰੀ ਬਾਬਿਆਂ ਦੀ ਯਾਦਗਾਰ ਦੇ ਸਾਹਮਣੇ ਖੜ੍ਹੇ ਹਾਂ ਤਾਂ ਅਸੀਂ ਆਪਣੇ ਆਪ ਨੂੰ ਬੜੇ ਮਾਣਮੱਤੇ ਮਹਿਸੂਸ ਕਰ ਰਹੇ ਹਾਂ। ਸਾਨ ਫਰਾਂਸਿਸਕੋ ਵਿਖੇ ਇਹ ਉਹ ਸਥਾਨ ਹੈ, ਜਿੱਥੇ ਮਹਾਨ ਗਦਰੀ ਯੋਧਿਆਂ ਵੱਲੋਂ ਗ਼ਦਰੀ ਮੈਮੋਰੀਅਲ ਸਥਾਪਤ ਕੀਤਾ ਗਿਆ ਸੀ, ਜਿੱਥੋਂ ਗ਼ਦਰ ਅਖ਼ਬਾਰ ਨਿਕਲਦੀ ਰਹੀ। ਜਿੱਥੇ ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਹੋਰਨਾਂ ਮਹਾਨ ਸੂਰਬੀਰਾਂ ਦੇ ਚਰਨ ਲੱਗੇ ਸਨ, ਕਦਮ ਚਾਪ ਹੋਈ ਸੀ। ਇੱਥੇ ਪਹੁੰਚ ਕੇ ਅਸੀਂ ਬਹੁਤ ਹੀ ਰੋਮਾਂਚਿਕ ਅਨੁਭਵ ਵਿੱਚੋਂ ਗੁਜ਼ਰ ਰਹੇ ਹਾਂ, ਸਾਡੇ ਸਾਹਮਣੇ ਜਿਹੜੀ ਸੜਕ ਹੈ, ਜਿਹੜਾ ਏਰੀਆ ਹੈ, ਸਾਨੂੰ ਲੱਗਦਾ ਕਿ ਇਹਨਾਂ ਸੜਕਾਂ ਦੇ ਉੱਤੇ ਉਹਨਾਂ ਸਾਡੇ ਬਾਬਿਆਂ ਦੀ ਕਦਮ ਚਾਪ ਲੱਗੀ ਹੋਵੇਗੀ। ਇਨ੍ਹਾਂ 'ਤੇ ਹੀ ਸੋਹਣ ਸਿੰਘ ਭਕਨਾ ਤੁਰਦੇ ਹੋਣਗੇ। ਇੱਥੇ ਹੀ ਕਰਤਾਰ ਸਿੰਘ ਸਰਾਭਾ ਤੁਰਦਾ ਹੋਵੇਗਾ। ਇਸ ਵੇਲੇ ਜਦੋਂ ਦੇਸ਼ ਭਗਤ ਯਾਦਗਾਰ ਹਾਲ ਵਿੱਚ ਉਹਨਾਂ ਦੀ ਯਾਦ ਵਿੱਚ ਮੇਲਾ ਮਨਾਇਆ ਜਾ ਰਿਹਾ ਹੈ ਤਾਂ ਅੱਜ ਅਸੀਂ ਉਸੇ ਮੇਲੇ ਦੇ ਵਿੱਚ ਵੀ ਆਪਣੇ-ਆਪ ਨੂੰ ਸ਼ਾਮਲ ਸਮਝਦੇ ਹਾਂ। ਕੈਲੀਫੋਰਨੀਆ ਵਿਖੇ ਗ਼ਦਰੀ ਬਾਬਿਆਂ ਨੂੰ ਨਤਮਸਤਕ ਹੋਣ ਵਾਲਿਆਂ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਤੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਪੰਜਾਬੀ ਦੇ ਨਾਮਵਰ ਗਜ਼ਲਗੋ ਜਸਵਿੰਦਰ, ਪੰਜਾਬੀ ਸ਼ਾਇਰ ਜਸਵੰਤ ਜ਼ਫਰ, ਖਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਆਤਮ ਰੰਧਾਵਾ, ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੇਫੋਰਨੀਆ ਦੇ ਪ੍ਰਧਾਨ ਅਤੇ ਪ੍ਰਸਿੱਧ ਪੰਜਾਬੀ ਸ਼ਾਇਰ ਕੁਲਵਿੰਦਰ ਤੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ, ਪੰਜਾਬੀ ਸ਼ਾਇਰ ਰਵਿੰਦਰ ਸਹਿਰਾਅ, ਹਰਦਮ ਸਿੰਘ ਮਾਨ, ਦਲਬੀਰ ਕੌਰ (ਯੂ ਕੇ) ਸ਼ਾਮਲ ਸਨ।

**—ਹਰਦਮ ਮਾਨ**

# ਸਾਹਿਤ ਸਭਾ ਦੀ ਮਾਸਿਕ ਬੈਠਕ



**ਖੰਨਾ**-ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਭੁਮੱਦੀ ਦੀ ਮਹੀਨਾਵਾਰ ਮੀਟਿੰਗ ਸਭਾ ਦੇ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ ਦੀ ਪ੍ਰਧਾਨਗੀ ਹੇਠ ਹੋਈ। ਰਚਨਾਵਾਂ ਦੇ ਦੌਰ 'ਚ ਸਨੀ ਵਰਮਾ, ਰਣਜੋਧ ਸਿੰਘ ਭੁਮੱਦੀ, ਮਾਸਟਰ ਅਮਰਜੀਤ ਘੁਡਾਣੀ, ਗੁਰੀ ਤੁਰਮਰੀ ਵੱਲੋਂ ਆਪਣੀਆਂ ਰਚਨਾਵਾਂ ਸੁਣਾਈਆਂ ਗਈਆਂ। ਸਾਰੀਆਂ ਹੀ ਸੁਣਾਈਆਂ ਗਈਆਂ ਰਚਨਾਵਾਂ ਦੀ ਸੁਚਾਰੂ ਢੰਗ ਨਾਲ ਚਰਚਾ ਕੀਤੀ ਗਈ। ਇਸ ਚਰਚਾ ਵਿੱਚ ਗੁਰਤੇਜ ਸਿੰਘ ਚਕੋਹੀ, ਬਾਪੂ ਪ੍ਰੀਤਮ ਸਿੰਘ, ਅਵਤਾਰ ਮਾਨ ਖੰਨਾ, ਜੇ ਬੀ ਔਜਲਾ, ਸਾਗਰਪ੍ਰੀਤ ਸਿੰਘ, ਜਸਵੀਰ ਸਿੰਘ ਸਹੋਤਾ ਕੈਨੇਡਾ ਵਾਲੇ, ਜਗਤਾਰ ਸਿੰਘ ਚਕੋਹੀ, ਕਿਸਾਨ ਆਗੂ ਵੱਲੋਂ ਵਿਸ਼ੇਸ਼ ਤੌਰ 'ਤੇ ਭਾਗ ਲਿਆ ਗਿਆ। ਸਭਾ ਦੀ ਕਾਰਵਾਈ ਸੁਖਵਿੰਦਰ ਸਿੰਘ ਭਾਦਲਾ ਵੱਲੋਂ ਬਾਖ਼ੂਬੀ ਨਿਭਾਈ ਗਈ। ਸਭਾ ਦੇ ਅੰਤ ਵਿੱਚ ਆਏ ਸਾਰੇ ਸਾਹਿਤਕਾਰ ਵੀਰਾਂ ਦਾ ਧੰਨਵਾਦ ਪਿੰਡ ਭਮੱਦੀ ਦੇ ਵਸਨੀਕ ਕੈਨੇਡਾ ਵਾਸੀ ਜਸਵੀਰ ਸਿੰਘ ਸਹੋਤਾ ਵੱਲੋਂ ਧੰਨਵਾਦ ਕੀਤਾ ਗਿਆ ਅਤੇ ਨਾਲ ਹੀ ਸਾਹਿਤ ਸਭਾ ਭੁਮੱਦੀ ਨੂੰ ਮਾਲੀ ਮਦਦ ਦੇਣ ਦਾ ਐਲਾਨ ਵੀ ਕੀਤਾ।

**—ਸੁਖਵਿੰਦਰ ਸਿੰਘ ਭਾਦਲਾ**

# ਪਾਠਕਾਂ ਦੇ ਝਰੋਖੇ 'ਚੋਂ

## ਮੇਲਾ ਗਦਰੀ ਬਾਬਿਆਂ ਦਾ

29 ਅਕਤੂਬਰ ਦੇ ਨਵਾਂ ਜ਼ਮਾਨਾ ਵਿਚ ਜਲੰਧਰ ਵਿਚ ਲੱਗੇ ਤਿੰਨ ਦਿਨਾਂ ਗਦਰੀ ਬਾਬਿਆਂ ਦੇ ਮੇਲੇ ਬਾਰੇ ਤੇ ਗਦਰ ਲਹਿਰ ਬਾਰੇ ਗਦਰ ਪਾਰਟੀ ਦੇ ਇਤਿਹਾਸ ਦਾ ਜ਼ਿਕਰ ਪੜ੍ਹ ਕੇ ਵਿਰਸੇ 'ਤੇ ਮਾਣ ਕੀਤਾ। ਪੰਜਾਬ ਵਿਚ ਆਜ਼ਾਦੀ ਤੋਂ ਪਹਿਲਾਂ ਵੱਖ-ਵੱਖ ਲਹਿਰਾਂ ਚੱਲੀਆਂ। ਇਨ੍ਹਾਂ ਵਿਚ ਸ਼ਹੀਦ ਸਰਾਭਾ, ਭਗਤ ਸਿੰਘ, ਗਦਰੀ ਬਾਬੇ, ਅਕਾਲੀ, ਨਾਮਧਾਰੀ ਤੇ ਹੋਰ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਇਤਿਹਾਸ ਰਚਿਆ। ਅੰਗਰੇਜ਼ਾਂ ਦੇ ਜ਼ੁਲਮ ਸਹਿ ਕੇ ਹੱਸ-ਹੱਸ ਕੁਰਬਾਨੀਆਂ ਦਿੱਤੀਆਂ। ਵੱਡੇ-ਵੱਡੇ ਇਤਿਹਾਸਕ ਸਾਕੇ ਹੋਏ। ਲੋਕ ਸੰਘਰਸ਼ਾਂ ਦੀ ਗੂੰਜ ਦੇਸ਼ ਭਰ ਵਿਚ ਫੈਲੀ। ਕਾਲੇ ਪਾਣੀ ਪੰਜਾਬੀ ਗਏ। ਅੰਡੇਮਾਨ ਦੀਆਂ ਸਜ਼ਾਵਾਂ ਹੋਈਆਂ। ਨਵਾਂ ਜ਼ਮਾਨਾ ਗਾਹੇ-ਬਗਾਹੇ ਸੂਰਬੀਰਾਂ, ਦੇਸ਼ ਭਗਤਾਂ ਤੇ ਕਾਮਰੇਡ ਯੋਧਿਆਂ ਦੀਆਂ ਬਾਤਾਂ ਪਾਉਂਦਾ ਆ ਰਿਹਾ ਹੈ। ਕਾਮਰੇਡ ਸੋਹਨ ਸਿੰਘ ਜੋਸ਼, ਸੋਹਨ ਸਿੰਘ ਭਕਨਾ ਦੀਆਂ ਕੁਰਬਾਨੀਆਂ ਨੂੰ ਤਾਜ਼ਾ ਕੀਤਾ ਜਾਂਦਾ ਹੈ ਤਾਂ ਕਿ ਸਾਡੀ ਨਵੀਂ ਪੀੜ੍ਹੀ ਇਸ ਵਿਰਸੇ ਤੋਂ ਜਾਣੂ ਹੋ ਸਕੇ। ਦੇਸ਼ ਵਿਚ ਜਿਸ ਤਰ੍ਹਾਂ ਦੀ ਸਿਆਸਤ ਦਾ ਫਿਰਕੂ ਰੰਗ ਵੇਖਿਆ ਜਾ ਰਿਹਾ ਹੈ। ਪੂੰਜੀਵਾਦ ਨੇ ਘੱਟ-ਗਿਣਤੀਆਂ ਨੂੰ ਮੇਟਣ ਦੀ ਮੁਹਿੰਮ ਚਲਾ ਰੱਖੀ ਹੈ, ਉਸ ਦਾ ਮੁਕਾਬਲਾ ਨਵਾਂ ਜ਼ਮਾਨਾ ਦੀਆਂ ਲਿਖਤਾਂ ਕਰ ਰਹੀਆਂ ਹਨ। ਇਸ ਅੰਕ ਵਿਚ ਪੜ੍ਹ ਕੇ ਖੁਸ਼ੀ ਹੋਈ ਕਿ ਪ੍ਰਸਿੱਧ ਕਹਾਣੀਕਾਰ ਤੇ ਨਾਵਲਕਾਰ ਗੁਰਬਚਨ ਸਿੰਘ ਭੁੱਲਰ ਨੇ ਕਿਤਾਬ ਸ਼ਬਦ ਵੀ, ਸੰਗਰਾਮ ਵੀ ਲਿਖ ਕੇ ਇਨ੍ਹਾਂ ਸੰਘਰਸ਼ੀ ਯੋਧਿਆਂ ਦੀ ਜੀਵਨੀ ਨੂੰ ਤਾਜ਼ਾ ਕੀਤਾ ਹੈ। ਇਹ ਯੋਧੇ ਪੰਜਾਬ ਦੀਆਂ ਨੀਹਾਂ ਹਨ। ਗੁਰਬਚਨ ਸਿੰਘ ਭੁੱਲਰ ਦੀ ਕਲਮ ਵਿਚ ਮਿਕਨਾਤੀਸੀ ਖਿੱਚ ਹੈ, ਜਿਸ ਨੂੰ ਪੜ੍ਹ ਕੇ ਪਾਠਕ ਸਹਿਜ ਦੀ ਹਾਲਤ ਵਿਚ ਆ ਜਾਂਦਾ ਹੈ। ਭੁੱਲਰ ਸਾਹਿਬ ਨੇ ਸਾਹਿਤਕਾਰਾਂ ਦੇ ਸ਼ਬਦ ਚਿੱਤਰਾਂ ਵਿਚ ਜਾਨ ਪਾਈ ਹੈ। ਸੁਰਿੰਦਰ ਕੁਮਾਰੀ ਕੋਛੜ ਨੇ ਗਦਰੀ ਬਾਬਿਆਂ ਦੀ ਵਿਰਾਸਤ ਨੂੰ ਸੋਹਣੇ ਸ਼ਬਦਾਂ ਵਿਚ ਲਿਖਿਆ ਹੈ। ਕੇਸਰ ਨੇ ਆਜ਼ਾਦੀ ਦੀ ਜੰਗ ਵਿਚ ਗਦਰੀ ਬਾਬਿਆਂ ਦੇ ਯੋਗਦਾਨ ਬਾਰੇ ਜਾਣਕਾਰੀ ਦਿੱਤੀ ਹੈ। ਕਾਲੇ ਪਾਣੀ ਦੇ ਕੈਦੀ ਸੋਹਨ ਸਿੰਘ ਦੀ ਇਕ ਇਤਿਹਾਸਕ ਖਤ 1921 ਦੀ ਪੜ੍ਹ ਕੇ ਮਨ ਉਸ ਸਮੇਂ ਦੀ ਫਿਜ਼ਾ ਵਿਚ ਚਲਾ ਗਿਆ । ਕਾਸ਼! ਅਜੋਕੇ ਕੇਂਦਰੀ ਸਿਆਸਤਦਾਨ ਇਸ ਵਿਰਸੇ ਤੋਂ ਤੇ ਪੰਜਾਬੀ ਯੋਧਿਆਂ ਦੀਆਂ ਕੁਰਬਾਨੀਆਂ ਤੋਂ ਜਾਣੂ ਹੋ ਸਕਣ ਤੇ ਅਜੋਕੇ ਪੰਜਾਬ ਦੀਆਂ ਮੰਗਾਂ ਮੰਨ ਕੇ ਲਾਗੂ ਕਰਨ, ਕਿਉਂਕਿ ਪੰਜਾਬ ਸੁਲਗ ਰਿਹਾ ਹੈ। ਪੰਜਾਬ ਬੇਰੁਜ਼ਗਾਰੀ ਦਾ ਭੰਨਿਆ ਪਿਆ ਹੈ। ਪੰਜਾਬ ਖਾਲੀ ਹੋ ਰਿਹਾ ਹੈ। ਪੰਜਾਬੀ ਨੌਜਵਾਨ ਵੱਡੀ ਗਿਣਤੀ ਵਿਚ ਪਰਦੇਸਾਂ ਨੂੰ ਪੱਕੇ ਤੌਰ 'ਤੇ ਜਾ ਰਹੇ ਹਨ। ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਸਿਆਸਤਦਾਨਾਂ ਦੀ ਆਵਾਜ਼ ਵਿਚ ਏਕਤਾ ਨਹੀਂ ਦਿਸਦੀ, ਸਗੋਂ ਠਿੱਬੀ ਲਾਉਣ ਵਾਲੀ ਸਿਆਸਤ ਚੱਲ ਰਹੀ ਹੈ। ਬਸਰੇ ਦੀ ਲਾਮ ਵਾਲੇ ਲੇਖ ਵਿਚ ਕਾਲਮਨਵੀਸ ਨੇ ਦੇਸ਼ ਦੇ ਰਹਿਬਰਾਂ ਨੂੰ ਚੰਗੀ ਸੇਧ ਦਿੱਤੀ ਹੈ। ਸੋਲਾਂ ਕਿਤਾਬਾਂ ਬਾਰੇ ਸੰਖੇਪ ਜਾਣਕਾਰੀ ਪੁਸਤਕ ਪੰਨੇ 'ਤੇ ਮਿਲੀ। ਇਹ ਕਿਤਾਬਾਂ ਪੜ੍ਹਨ ਵਾਲੀਆਂ ਹਨ। ਆਜ਼ਾਦੀ ਲਹਿਰ ਵਿਚ ਵੱਖ-ਵੱਖ ਸੂਰਬੀਰਾਂ ਦੇ ਦਿੱਤੇ ਯੋਗਦਾਨ ਦੀਆਂ ਕਥਾਵਾਂ ਹਨ। ਗਦਰ ਪਾਰਟੀ ਦੇ ਇਤਿਹਾਸ ਦੀਆਂ ਕਿਤਾਬਾਂ ਨਵੀਂ ਪੀੜ੍ਹੀ ਲਈ ਮੁੱਲਵਾਨ ਹਨ। ਕਿਤਾਬ ਸੱਭਿਆਚਾਰ ਪੈਦਾ ਕਰਨ ਵਿਚ ਨਵਾਂ ਜ਼ਮਾਨਾ ਦਾ ਵੱਡਾ ਯੋਗਦਾਨ ਹੈ। ਭਗਵੰਤ ਰਸੂਲਪੁਰੀ ਨੇ ਸਿੰਗਲ ਮਾਵਾਂ ਲਿਖਤ ਵਿਚ ਸਵੈਨਿਰਭਰ ਔਰਤਾਂ ਦਾ ਜ਼ਿਕਰ ਕੀਤਾ ਹੈ। ਔਰਤਾਂ ਦੀ ਇਹ ਆਜ਼ਾਦੀ ਸਾਡੇ ਦੇਸ਼ ਵਿਚ ਅਜੇ ਕਹਾਣੀਆਂ ਵਿਚ ਹੈ। ਪੱਛਮੀ ਦੇਸ਼ਾਂ ਵਿਚ ਅਮਲੀ ਤੌਰ 'ਤੇ ਹੈ। ਸਾਡੀ ਔਰਤ ਅਜੇ ਰਿਵਾਜਾਂ ਦੇ ਬੰਧਨਾਂ ਵਿਚ ਬੱਝੀ ਹੈ। ਵਿਗਿਆਨ ਤੋਂ ਕੋਰੀ ਹੈ। ਗਰੀਬੀ ਦੀ ਮਾਰ ਸਹਿ ਰਹੀ ਹੈ। ਪੁਰਸ਼ ਮਾਨਸਿਕਤਾ ਸਾਡੇ 'ਤੇ ਭਾਰੂ ਹੈ। ਇਸ ਸਥਿਤੀ ਵਿਚ ਪਹੁੰਚਣ ਲਈ ਹੋਰ ਸਮਾਂ ਲੱਗੇਗਾ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਮਾਰਕਸਵਾਦ ਸਦਾ ਰਾਹ-ਦਸੇਰਾ-12 : ਜਗਰੂਪ**

**ਸੁਖਪਾਲ ਸਿੰਘ ਥਿੰਦ ਨਾਲ ਮੁਲਾਕਾਤ : ਡਾ. ਬਲਵਿੰਦਰ ਸਿੰਘ ਥਿੰਦ**

**'ਲ਼ਫ਼ਜ਼ਾਂ ਦੀ ਦਰਗਾਹ' ਦੀ ਪਰਖ-ਪੜਚੋਲ : ਡਾ. ਰਵਿੰਦਰ ਕੌਰ**

**ਸਮਕਾਲੀ ਕਾਵਿ ਵੰਨਗੀਆਂ ਤੇ ਹੋਰ ਬਹੁਤ ਕੁਝ**

# ਸਮਕਾਲ

## ਤਾਸਮਨ : ਅਕਤੂਬਰ-ਦਸੰਬਰ 2023




ਇਸ ਸੱਜਰੇ ਅੰਕ ਦੀ ਸੰਪਾਦਕੀ 'ਸੰਪਾਦਕ ਦੀ ਅੱਖ' ਵਿੱਚ ਸੰਪਾਦਕ ਨੇ ਵੱਖ-ਵੱਖ ਰਸਾਲਿਆਂ ਦੀ ਸੰਪਾਦਕੀ ਉੱਪਰ ਆਪਣੀ ਰਾਏ ਵੀ ਦਿੱਤੀ ਹੈ ਅਤੇ ਕੁਝ ਟਿੱਪਣੀਆਂ ਵੀ ਕੀਤੀਆਂ ਹਨ। ਇਹਨਾਂ ਰਸਾਲਿਆਂ ਵਿੱਚ 'ਪ੍ਰਵਚਨ' ਤੋਂ ਲੈ ਕੇ ਛਿਣ-ਆਬਰੂ ਤੱਕ ਸ਼ਾਮਲ ਕੀਤੇ ਹਨ, ਪਰ ਪਤਾ ਨਹੀਂ ਕਿਉਂ ਅਜੋਕੇ ਸਮੇਂ ਵਿੱਚ ਕਾਵਿ ਸਿਰਜਣਾ ਅਤੇ ਸਮੀਖਿਆ ਨੂੰ ਸਮਰਪਿਤ ਪੰਜਾਬੀ ਦਾ ਇਕਲੌਤਾ ਤ੍ਰੈਮਾਸਿਕ 'ਕਾਵਿ-ਲੋਕ' ਸੰਪਾਦਕ ਦੀ ਨਜ਼ਰ ਕਿਉਂ ਨਹੀਂ ਚੜ੍ਹਿਆ? ਜਾਂ ਕਿਉਂ ਨਹੀਂ ਚਾੜ੍ਹਿਆ ਗਿਆ? ਉਂਜ ਸੰਪਾਦਕੀ ਸੰਪਾਦਕ ਦੀ ਇੱਛਾ ਅਨੁਸਾਰ ਹੀ ਹੁੰਦੀ ਹੈ, ਇਸ ਤੱਥ ਤੋਂ ਅਸੀਂ ਸਾਰੇ ਭਲੀ-ਭਾਂਤ ਜਾਣੂ ਹਾਂ। ਇਸ ਅੰਕ ਵਿੱਚ ਸੰਪਾਦਕ ਵੱਲੋਂ ਸਰਬਜੀਤ ਕੌਰ ਸੋਹਲ ਦੀ ਕਹਾਣੀ 'ਅਖਾੜਾ' ਸ਼ਾਮਲ ਕੀਤੀ ਗਈ ਹੈ, ਜਿਸ ਦੀ ਚਰਚਾ ਸੋਸ਼ਲ ਮੀਡੀਆ 'ਤੇ ਹੁੰਦੀ-ਹੁੰਦੀ ਖੁਦ ਇੱਕ ਅਖਾੜਾ ਬਣੀ ਹੋਈ ਹੈ। ਸੰਪਾਦਕ ਹੋ ਸਕਦਾ ਹੈ ਕਿ ਇਸ ਸਾਰੇ ਕੁਝ ਤੋਂ ਬੇਖਬਰ ਹੋਵੇ, ਪਰ ਇਸ ਕਹਾਣੀ ਦੇ 'ਥਾਈ ਮਸਾਜ' ਫਿਲਮ ਦਾ ਕਥਾਨਕ ਹੂ-ਬ-ਹੂ ਮਿਲਦਾ-ਜੁਲਦਾ ਹੋਣ ਕਰਕੇ ਪਾਠਕ ਤਾਂ ਉਲਝਿਆ ਪਿਆ ਹੈ। ਜ਼ਿੰਮੇਵਾਰੀ ਕਿਸ ਦੀ ਹੈ? ਕਿ ਅਜਿਹਾ ਨਾ ਵਾਪਰੇ, ਲੋਕ ਆਪੇ ਫੈਸਲਾ ਕਰ ਲੈਣ। ਕਵੀ ਵਿਸ਼ੇਸ਼ ਵਿੱਚ ਵਿਜੇ ਵਿਵੇਕ ਦਾ ਸਵੈ ਕਥਨ ਅਤੇ ਕਵਿਤਾਵਾਂ ਹਾਜ਼ਰ ਹਨ। ਗੁਰਭਜਨ ਗਿੱਲ, ਸੁਰਜੀਤ ਟੋਰਾਂਟੋ, ਅਨੂਬਾਲਾ, ਜਸਲੀਨ ਕੌਰ, ਦੀਪਕ ਧਲੇਵਾਂ, ਸੀਰਤ ਕੌਰ ਬਰਾੜ ਅਤੇ ਹੋਰਾਂ ਦੀਆਂ ਕਾਵਿ ਵੰਨਗੀਆਂ ਵੀ ਹਨ। ਗੁਰਸ਼ਰਨ ਸਿੰਘ ਬਾਰੇ ਸ਼ਖਸੀਅਤ ਕਾਲਮ ਵਿੱਚ ਡਾ. ਕੁਲਦੀਪ ਸਿੰਘ ਦੀਪ ਦਾ ਭਾਵਪੂਰਤ ਲੇਖ ਹੈ। ਕਹਾਣੀਆਂ ਵਿੱਚ ਸਰਬਜੀਤ ਕੌਰ ਸੋਹਲ ਦੇ ਨਾਲ ਤ੍ਰਿਪਤਾ ਕੇ ਸਿੰਘ (ਜਰੀਬ), ਗੁਰਮੀਤ ਪਨਾਗ (ਮੁੱਖਿ ਮਣੀ ਸੋਹੈ) ਰੇਮਨ (ਪੈਂਤੀ ਹਜ਼ਾਰ ਕਿ ਅੱਸੀ ਹਜ਼ਾਰ), ਕਮਲ ਸੇਖੋਂ (ਉਦਰੇਵਾਂ) ਸ਼ਾਮਲ ਹਨ। ਉਰਵਸ਼ੀ ਬੁਤਾਲੀਆ ਦਾ ਲੇਖ 'ਦੇਸ਼ ਵੰਡ ਤੇ ਅਛੂਤ' ਪੌਣੀ ਸਦੀ ਪਹਿਲਾਂ ਵਾਪਰੇ ਹਾਦਸੇ ਬਾਰੇ ਬਹੁਤ ਕੁਝ ਕਹਿੰਦਾ ਹੈ। ਜਸਵੀਰ ਸਿੰਘ ਰਾਣਾ ਵੱਲੋਂ ਆਪਣੇ ਨੇੜਲੇ ਮਿੱਤਰ ਕਹਾਣੀਕਾਰ ਜਤਿੰਦਰ ਹਾਂਸ ਦਾ ਬਹੁਤ ਹੀ ਖ਼ੂਬਸੂਰਤ ਸ਼ਬਦ ਚਿੱਤਰ ਉਸਾਰਿਆ ਹੈ। ਲਹਿੰਦੇ ਪੰਜਾਬ ਦੇ ਸ਼ਾਇਰ ਅਸ਼ਾਰਬ ਹਾਸ਼ਮੀ ਦੀਆਂ ਕਵਿਤਾਵਾਂ ਦੇ ਨਾਲ-ਨਾਲ ਸ਼ਾਇਰ ਹਰਮੀਤ ਵਿਦਿਆਰਥੀ ਦੀਆਂ ਟਿੱਪਣੀਆਂ ਵੀ ਹਨ। ਬੁਸ਼ਰਾ ਰਹਿਮਾਨ ਦੀ ਕਹਾਣੀ (ਅਫਸਾਨੇ), ਅੰਮੜੀ ਅਤੇ ਹੋਰ ਵੀ ਕਾਫੀ ਕੁਝ ਹੈ ਇਸ ਅੰਕ ਵਿੱਚ ਪੜ੍ਹਨਯੋਗ।

ਪੰਨੇ : 200, ਮੁੱਲ : 130 ਰੁਪਏ, ਸੰਪਾਦਕ : ਸਤਪਾਲ ਭੀਖੀ, ਸੰਪਰਕ : ਐੱਮ ਆਈ ਜੀ 590, ਫੇਜ਼-1, ਅਰਬਨ ਅਸਟੇਟ ਪਟਿਆਲਾ-147002 (ਮੋ:) 98761-55530

## ਸਿਰਜਣਾ : ਅਕਤੂਬਰ-ਦਸੰਬਰ 2023




ਇਸ ਅੰਕ ਦੀ ਸੰਪਾਦਕੀ 'ਭੀੜ ਤੰਤਰ-ਹਨੇਰੇ ਦੇ ਵਣਜਾਰੇ' ਸਿਰਲੇਖ ਹੇਠ ਨਿੱਤ ਜੁੜਦੀਆਂ ਭੀੜਾਂ ਅਤੇ ਉਹਨਾਂ ਵੱਲੋਂ ਕੀਤੇ ਜਾਂਦੇ ਹਮਲੇ ਇਸ ਦੇ ਕੇਂਦਰ ਵਿੱਚ ਹਨ। ਉਂਜ ਪੰਜਾਬ ਦੀ ਇੱਕ ਯੂਨੀਵਰਸਿਟੀ ਵਿੱਚ ਪਿੱਛੇ ਜਿਹੇ ਵਾਪਰੀ ਇੱਕ ਅਜਿਹੀ ਘਟਨਾ ਦਾ ਜ਼ਿਕਰ ਹੈ, ਜਿਸ ਵਿੱਚ ਇੱਕ ਵਿਦਿਆਰਥਣ ਦੀ ਮੌਤ ਤੋਂ ਬਾਅਦ ਗੁੱਸੇ ਵਿੱਚ ਆਏ ਉਸ ਦੇ ਸਾਥੀਆਂ ਵੱਲੋਂ ਕਥਿਤ ਤੌਰ 'ਤੇ ਦੋਸ਼ੀ ਸਮਝੇ ਜਾਂਦੇ ਇੱਕ ਅਧਿਆਪਕ ਦੀ ਮਾਰ-ਕੁੱਟ ਦਾ ਮਸਲਾ ਇਸ ਸੰਪਾਦਕੀ ਦਾ ਆਧਾਰ ਬਣਦਾ ਹੈ। ਉਂਜ ਭੀੜ-ਤੰਤਰ ਹਰ ਸਮੇਂ, ਹਰ ਥਾਂ, ਹਰ ਕਿਸੇ ਲਈ ਖਤਰਾ ਬਣਦਾ ਆ ਰਿਹਾ ਹੈ, ਮੌਜੂਦਾ ਸਮੇਂ ਵਿੱਚ ਇਸ ਵਿੱਚ ਵਾਧਾ ਹੀ ਹੋ ਰਿਹਾ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਬਲਵਿੰਦਰ ਸੰਧੂ, ਇੰਦਰਜੀਤ ਨੰਦਨ ਅਤੇ ਗੁਰਨਾਮ ਢਿੱਲੋਂ ਦੀਆਂ ਕਵਿਤਾਵਾਂ ਹਨ। ਸਵਾਮੀ ਸਰਬਜੀਤ ਦੀ ਪਾਵਰ, ਦੀਪਤੀ ਬਬੂਟਾ ਦੀ ਚੱਕਰਵਿਊ, ਤੌਕੀਰ ਚੁਗਤਾਈ ਦੀ ਤੁਬਕੇ, ਦਰਸ਼ਨ ਜੋਗਾ ਦੀ ਕੁਝ ਨੀਂ ਹੁੰਦਾ ਅਤੇ ਸੁਰਿੰਦਰ ਰਾਮਪੁਰੀ ਦੀ ਛੇਕ ਕਹਾਣੀਆਂ ਇਸ ਅੰਕ ਦਾ ਹਿੱਸਾ ਹਨ। ਬਲਬੀਰ ਪਰਵਾਨਾ ਨੇ ਆਪਣੇ ਨਾਵਲਾਂ ਦੇ ਪਾਤਰਾਂ ਬਾਰੇ ਹਲਫੀਆ ਬਿਆਨ ਦਿੱਤਾ ਹੈ। ਰੀਵਿਊ ਆਦਿ ਵੀ ਹਨ।

ਪੰਨੇ : 98, ਮੁੱਲ : 50 ਰੁਪਏ, ਸੰਪਾਦਕ : ਰਘਬੀਰ ਸਿੰਘ, ਸੰਪਰਕ : ਸੈਕਟਰ 43-ਬੀ, ਚੰਡੀਗੜ੍ਹ-160043, (ਫੋਨ) 0172-2601693

## ਅੱਖਰ : ਅਕਤੂਬਰ-ਦਸੰਬਰ 2023




ਇਸ ਦੀ ਸੰਪਾਦਕੀ ਵਿੱਚ ਕਿਤਾਬਾਂ ਦੀ ਭੂਮਿਕਾ, ਢਾਹਾਂ ਇਨਾਮ ਬਾਰੇ ਅਤੇ ਜੰਗਾਂ ਦੇ ਭਿਆਨਕ ਸਿੱਟਿਆਂ ਬਾਰੇ ਗੱਲ ਹੋਈ ਹੈ। ਪਾਠਕਾਂ ਨੂੰ ਲੱਗ ਸਕਦਾ ਹੈ ਕਿ ਸੰਪਾਦਕ 'ਢਾਹਾਂ ਇਨਾਮ' ਦੇ ਹੱਕ ਵਿੱਚ ਭੁਗਤ ਰਿਹਾ ਹੈ। ਪਰ ਦੀਪ ਜਗਦੀਪ ਦਾ ਲੇਖ ਸ਼ਾਮਲ ਕਰਕੇ ਸੰਪਾਦਕ ਨੇ ਇਹ ਭੁਲੇਖਾ ਦੂਰ ਕੀਤਾ ਹੈ। ਯੂਕਰੇਨ ਜੰਗ ਬਾਰੇ ਵਰਿੰਦਰ ਪਰਿਹਾਰ ਦੀਆਂ ਨਜ਼ਮਾਂ, ਅਜ਼ੀਮ ਸ਼ੇਖਰ, ਦਰਸ਼ਨ ਬੁਲੰਦਵੀ, ਭੁਪਿੰਦਰ ਸੱਗੂ, ਰਾਜਿੰਦਰ ਜੀਤ, ਦਵਿੰਦਰ ਕੌਰ, ਦਲਵੀਰ ਕੌਰ, ਗਗਨ ਬਰਾੜ ਅਤੇ ਹੋਰਾਂ ਦੀਆਂ ਕਵਿਤਾਵਾਂ ਵੀ ਹਨ। ਡਾ. ਕਰਨੈਲ ਸਿੰਘ ਸ਼ੇਰਗਿੱਲ ਦੀ ਕਹਾਣੀ, ਹਰਜੀਤ ਅਟਵਾਲ ਦੇ ਨਾਵਲ 'ਗਹਿਰ' ਦਾ ਕੁਝ ਭਾਗ, ਗੁਰਚਰਨ ਸੱਗੂ ਦੀ ਅੱਧੀ ਸਦੀ ਪਹਿਲਾਂ ਲਿਖੀ ਕਹਾਣੀ 'ਮੰਮੀ' ਦੇ ਨਾਲ-ਨਾਲ ਗੁਰਪਾਲ ਸਿੰਘ ਸੰਧੂ ਦਾ ਕਾਵਿ-ਪੜਚੋਲਵਾਂ ਲੇਖ ਵੀ ਹੈ। ਛੱਤਰੀ, ਸਾਈਬਰ ਸੈਕਸ, ਥੋੜ੍ਹੀ ਜਿਹੀ ਕੁਰਬਾਨੀ, ਮੋੜ (ਹਿੰਦੀ), ਜਿਸ ਤਨ ਲਾਗੈ (ਪ੍ਰੇਮ ਮਾਨ) ਦੇ ਨਾਲ-ਨਾਲ ਹੋਰ ਕਾਫੀ ਕੁਝ ਹੈ ਪੜ੍ਹਨਯੋਗ ਇਸ ਅੰਕ ਵਿੱਚ।

ਪੰਨੇ : 142, ਮੁੱਲ : 150 ਰੁਪਏ, ਮੁੱਖ ਸੰਪਾਦਕ : ਵਿਸ਼ਾਲ, ਸੰਪਰਕ : ਵਿਸ਼ਾਲ, ਪਿੰਡ ਤੇ ਡਾਕਘਰ : ਬਿਆਸ, ਅੰਮ੍ਰਿਤਸਰ-143201 (ਮੋ:) 99884-23237

## ਪੰਖੜੀਆਂ : ਅਕਤੂਬਰ 2023




ਬਾਲ ਮਨਾਂ ਨੂੰ ਟੁੰਬਦਾ ਇਹ ਰਸਾਲਾ ਆਪਣੇ ਨਵੇਂ ਅੰਕ ਵਿੱਚ ਸੰਪਾਦਕੀ ਪੰਨੇ ਤੇ ਪੰਜਾਬ ਦੇ ਸਿੱਖਿਆ ਮੰਤਰੀ ਦਾ ਅਧਿਆਪਕੀ ਰੂਪ ਵਾਲੀ ਫੋਟੋ ਲੈ ਕੇ ਆਇਆ ਹੈ ਤਾਂ ਕਿ ਬੱਚਿਆਂ ਨੂੰ ਘੱਟੋ-ਘੱਟ ਇਹ ਤਾਂ ਪਤਾ ਲੱਗੇ ਕਿ ਸਾਡਾ ਸਿੱਖਿਆ ਮੰਤਰੀ ਕੌਣ ਹੈ? ਅਤੇ ਕਿਹੋ ਜਿਹਾ ਹੈ? ਅੱਗ ਬਾਰੇ, ਜੋਤਿਸ਼ ਬਾਰੇ, ਇਤਿਹਾਸਕ ਥਾਵਾਂ ਬਾਰੇ, ਜੀਵਨ ਬਾਰੇ, ਰੁੱਖਾਂ-ਪਾਣੀਆਂ ਬਾਰੇ, ਨੈਤਿਕਤਾ ਬਾਰੇ ਕਵਿਤਾ-ਕਹਾਣੀਆਂ ਰਾਹੀਂ ਰੌਚਿਕ ਜਾਣਕਾਰੀ ਹੈ।

ਪੰਨੇ : 36, ਮੁੱਲ : 20 ਰੁਪਏ, ਸੰਪਾਦਕ : ਦਰਸ਼ਨ ਸਿੰਘ ਬਨੂੜ, ਸੰਪਰਕ : ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 (ਫੋਨ) 0172-5227395

*- ਹਰਜਿੰਦਰ ਅਟਵਾਲ (ਡਾ.)*

5-Nov-Sunday.qxd 11/4/2023 10:02 PM Page 3



## ਚੰਬਲ ਇਕ ਨਦੀ ਦਾ ਨਾਂ

ਨਰੇਸ਼ ਸਕਸੈਨਾ ਹਿੰਦੀ ਭਾਸ਼ਾ ਦੇ ਉਹਨਾਂ ਪ੍ਰਮੁੱਖ ਕਵੀਆਂ 'ਚੋਂ ਇਕ ਹੈ, ਜਿਨ੍ਹਾਂ ਨੇ ਕਵਿਤਾ ਭਾਵੇਂ ਥੋੜ੍ਹੀ ਲਿਖੀ, ਪਰ ਜਿੰਨੀ ਲਿਖੀ ਉਸ ਨੇ ਹਿੰਦੀ ਕਾਵਿ-ਜਗਤ ਵਿਚ ਆਪਣਾ ਮਹੱਤਵਯੋਗ ਸਥਾਨ ਹਾਸਲ ਕੀਤਾ। ਪੇਸ਼ੇ ਵਜੋਂ ਇੰਜਨੀਅਰ ਨਰੇਸ਼ ਸਕਸੈਨਾ ਦੇ ਕਾਵਿ ਵਿਚ ਭਾਵੇਂ ਇੱਟ-ਰੋੜਾ, ਪੱਥਰ, ਸੀਮੈਂਟ, ਲੋਹਾ ਆਦਿ ਰੂਪਕ ਵਾਰ-ਵਾਰ ਆਉਂਦੇ ਹਨ, ਪਰ ਸਮਾਜ ਵਿਚ ਸਤਾਏ ਲੋਕਾਂ ਪ੍ਰਤੀ ਸੰਵੇਦਨਾ ਵੀ ਉਹਨਾਂ ਦੀ ਕਵਿਤਾ ਦਾ ਹਾਸਿਲ ਹੈ। 'ਚੰਬਲ ਇਕ ਨਦੀ ਦਾ ਨਾਂ' ਲੰਮੀ ਕਵਿਤਾ ਦਾ ਅੰਸ਼ ਹੈ, ਜੋ ਚੰਬਲ ਨਦੀ ਦੇ ਰੂਪਕ ਰਾਹੀਂ ਠਾਕਰਾਂ ਦੇ ਸਮਾਜ ਵਿਚ ਸਤਾਈਆਂ ਔਰਤਾਂ ਦੇ ਦੁੱਖ-ਦਰਦ ਅਤੇ ਅਨਿਆਂ ਨੂੰ ਪੇਸ਼ ਹੀ ਨਹੀਂ ਕਰਦੀ, ਬਲਕਿ ਉਹਨਾਂ ਪੀੜਤ ਔਰਤਾਂ ਦੇ ਦਰਦ ਦੀ ਇੰਤਹਾ ਹੀ ਉਹਨਾਂ ਨੂੰ ਠਾਕਰਾਂ ਦੇ ਜ਼ੁਲਮ ਦੇ ਖ਼ਿਲਾਫ਼ ਬਗ਼ਾਵਤ ਕਰਨ ਲਈ ਮਜਬੂਰ ਕਰਦੀ ਹੈ। ਕਵਿਤਾ ਵਿਚਲੇ ਬਿਰਤਾਂਤ ਦਾ ਏਨਾ ਸਜੀਵ ਚਿਤਰਣ ਹੋਣ ਦਾ ਕਾਰਨ ਇਹ ਵੀ ਹੈ ਕਿ ਕਵੀ ਦਾ ਸਾਰਾ ਬਚਪਨ ਚੰਬਲ ਨਦੀ ਅਤੇ ਉਸ ਦੀਆਂ ਸਹਾਇਕ ਨਦੀਆਂ ਦੇ ਕਿਨਾਰੇ ਬੀਤਿਆ ਹੈ।

-ਸੰਪਾਦਕ

# ਨਰੇਸ਼ ਸਕਸੈਨਾ ਦੀ ਨਜ਼ਮ : ਚੰਬਲ ਇਕ ਨਦੀ ਦਾ ਨਾਂ

ਇਹ ਮਹਾਰਾਜ ਰੰਤੀਦੇਵ ਦੇ ਅਗਨੀਹੋਤਰ1 'ਚ
ਕੱਟੀਆਂ ਗਈਆਂ ਹਜ਼ਾਰਾਂ ਗਾਵਾਂ
ਅਤੇ ਵੱਛਿਆਂ ਦੇ ਵਗੇ ਲਹੂ ਨਾਲ ਬਣੀ ਨਦੀ
ਇਹ ਵੇਦ ਵਿਆਸ ਦੇ ਸ਼ਾਂਤੀਪਰਵ 'ਚੋਂ ਨਿਕਲੀ
ਇਕ ਅਸ਼ਾਂਤ ਨਦੀ

ਬੇਈਮਾਨ ਸ਼ਕੁਨੀ ਨੇ ਆਪਣੇ ਪਾਸੇ ਏਥੇ ਸੁੱਟੇ
ਸੰਪਤੀ ਅਤੇ ਸਿੱਕਿਆਂ ਦੇ ਬਦਲੇ
ਪਤਨੀ ਹਾਰੀ ਗਈ ਏਥੇ
ਫੇਰ ਪੰਜੇ ਪਤੀਆਂ ਅਤੇ ਪਿਤਾਮਹ ਦੀ ਸਹਿਮਤੀ ਨਾਲ
ਸਭ ਨੇ ਉਸ ਦੇ ਕੱਪੜੇ ਉਤਰਦੇ ਦੇਖੇ
ਇਹ ਉਸ ਦੇ ਆਹਤ ਵਚਨਾਂ ਨਾਲ
ਸਰਾਪੀ ਨਦੀ

ਚੰਬਲ ਦੇ ਤਟ ਤੀਰਥ ਨਹੀਂ
ਪ੍ਰਾਚੀਨ ਸੱਭਿਆਤਾਵਾਂ ਦਾ ਕੋਈ ਨਗਰ
ਨਾ ਮੇਲੇ ਤਿੱਥ-ਤਿਉਹਾਰ
ਨਾ ਪੂਜਾ ਹਵਨ ਨਾ ਮੰਤਰ ਉਚਾਰ
ਭਿਆਨਕ ਭਾਂਅ-ਭਾਂਅ ਸੰਨਾਟੇ ਨਾਲ ਭਰੀ
ਕਟੀਆਂ-ਫਟੀਆਂ ਡਰਾਉਣੀਆਂ ਗੁਫ਼ਾਵਾਂ
ਚੰਬਲ ਦੇ ਆਰ-ਪਾਰ
ਲਹੂ-ਲੁਹਾਣ ਕਰ ਸੁੱਟੀ ਹੋਵੇ ਜਿਵੇਂ
ਖ਼ੁਦ ਆਪਣੀ ਹੀ ਦੇਹ
ਕਿਸੇ ਪਾਗ਼ਲ ਔਰਤ ਨੇ
ਚਾਣਚੱਕ ਧੀਰਜ ਗੁਆ ਕੇ
ਡੇਲਾ, ਕਰੀਰ, ਬੇਰੀ ਅਤੇ ਕਿੱਕਰਾਂ ਦੇ ਜੰਗਲ਼ 'ਚ
ਉੱਡਦੀ ਹੂ-ਹੂ ਕਰਦੀ ਰੇਤ
ਅਤੇ ਸਦੀਆਂ ਦਾ ਹਾਹਾਕਾਰ

ਚੰਬਲ ਦੇ ਕਿਨਾਰੇ ਤੀਰਥ ਨਹੀਂ ਹਨ
ਉਸ ਦੇ ਬਾਰੇ 'ਚ ਮਸ਼ਹੂਰ ਹੈ
'ਦਰਸ ਕਰੇ ਤੋ ਰਾਗੀ ਹੋਯ
ਪਰਸ ਕਰੇ ਤੋ ਬਾਗੀ ਹੋਯ
ਕਰੇ ਆਚਮਨ ਮੂਡ ਸਿਰਾਏ
ਚੰਬਲ ਤੋ ਬੜ ਭਾਗੀ ਜਾਏ'

2

ਜਮਨਾ, ਗੰਗਾ, ਕ੍ਰਿਸ਼ਨਾ, ਕਾਵੇਰੀ, ਗੋਮਤੀ, ਅਲਕਨੰਦਾ
ਇਹ ਤਾਂ ਕੁੜੀਆਂ ਦੇ ਨਾਂ ਨੇ
ਚੰਬਲ ਨਹੀਂ ਹੈ ਕਿਸੇ ਕੁੜੀ ਦਾ ਨਾਂ

ਜਦਕਿ, ਚੰਬਲ ਉਹ ਇਕੱਲੀ
ਅਤੇ ਬਦਕਿਸਮਤ ਨਦੀ ਹੈ
ਜੋ ਪੁਰਾਣਾਂ 'ਚ ਦੱਸੇ ਆਪਣੇ ਸਰੂਪ ਨੂੰ
ਅੱਜ ਤੱਕ ਕਰ ਰਹੀ ਹੈ ਸਾਰਥਕ
ਚੰਬਲ 'ਚ ਪਾਣੀ ਨਹੀਂ ਲਹੂ ਵਗਦਾ ਹੈ
ਚੰਬਲ 'ਚ ਮੱਛੀਆਂ ਨਹੀਂ
ਲਾਸ਼ਾਂ ਤੈਰਦੀਆਂ ਨੇ
ਚੰਬਲ ਬਦਲੇ ਦੀ ਨਦੀ ਹੈ
ਅਤੇ ਉਹ ਕਿਹੜਾ ਕੁੜੀ ਹੈ
ਜੋ ਬਦਲੇ ਅਤੇ ਲਹੂ ਨਾਲ ਭਰੀ ਨਹੀਂ ਹੈ
ਅਤੇ ਜਿਸ 'ਚ ਲਾਸ਼ਾਂ ਨਹੀਂ ਤੈਰਦੀਆਂ
ਫੇਰ ਵੀ ਸ਼ਾਰਦਾ, ਸਈ ਸ਼ਿਪਰਾ, ਕਾਲਿੰਦੀ ਤਾਂ -
ਕੁੜੀਆਂ ਦੇ ਨਾਂ ਨੇ
ਚੰਬਲ ਨਹੀਂ ਹੈ ਕਿਸੇ ਕੁੜੀ ਦਾ ਨਾਂ

ਅਤੇ ਉਹ ਨਦੀਆਂ
ਜਿਨ੍ਹਾਂ ਦੇ ਨਾਂ 'ਤੇ ਰੱਖੇ ਗਏ ਕੁੜੀਆਂ ਦੇ ਨਾਂ
ਅਤੇ ਜੋ ਸੁਰਗ 'ਚੋਂ ਉਤਰੀਆਂ ਸੀ

ਧਰਤੀ 'ਤੇ ਸਾਨੂੰ ਤਾਰਨ
ਅੱਜ ਉਹ ਆਪ
ਤਾਰੇ ਜਾਣ ਲਈ ਤਰਸ ਰਹੀਆਂ ਨੇ
ਭਗਤਾਂ ਦੇ ਮਲਮੂਤਰ ਨਾਲ
ਉਲਟੀ, ਮੈਲ਼ ਅਤੇ ਬਲਗਮ ਨਾਲ ਭਰ ਕੇ
ਉਹ ਹੋ ਗਈਆਂ ਨੇ ਕੁੰਭੀਪਾਕ2
ਪਰ ਉਸ ਮਲਮੂਤਰ, ਕੈ, ਮੈਲ਼ੇ ਨਾਲ
ਦਿੱਤਾ ਜਾ ਰਿਹਾ ਸੂਰਜ ਨੂੰ ਅਰਘ
ਓਮ ਭੂਰਭਵ ਸਵ ਤਤਸਵਿਤੁਰ ਵਰੇਣਯਮ...

ਚੰਬਲ 'ਤੇ ਕਬਜ਼ੇ ਦੇ ਲਈ ਹੋਏ
ਦੇਵ ਅਤੇ ਦੈਂਤਾਂ 'ਚ ਯੁੱਧ ਇਸ ਤਰ੍ਹਾਂ
ਕਿ ਲਹੂ ਅਤੇ ਚੰਮ ਨਾਲ ਭਰ ਕੇ
ਉਹ ਕਹਾਈ ਚਰਮਣਵਤੀ, ਚਰਮਵਤੀ
ਮਤਲਬ ਚੰਮ ਵਾਲੀ ਚੰਬਲ
ਅੱਜ ਜਦਕਿ ਬਾਜ਼ਾਰ ਅਮਾਦਾ ਹੈ
ਹਰ ਮਾਂ ਨੂੰ ਚਰਮਵਤੀ ਬਣਾ ਦੇਣ ਦੇ ਲਈ
ਅਤੇ ਕੁਝ ਅਭਾਗਣਾਂ ਨੂੰ ਤਾਂ
ਬਣਾ ਹੀ ਦਿੱਤਾ ਹੈ ਚਰਮਵਤੀ

ਫੇਰ ਵੀ
ਕਲਿਆਣੀ, ਸਿੰਧੂ ਅਤੇ ਜਾਨ੍ਹਵੀ
ਭਾਗੀਰਥੀ, ਸੋਨਰੇਖਾ, ਨਰਮਦਾ, ਸਰਯੂ-ਮੰਦਾਕਿਨੀ
ਤਾਂ ਕੁੜੀਆਂ ਦੇ ਨਾਂ ਨੇ
ਚੰਬਲ ਨਹੀਂ ਹੈ ਕਿਸੇ ਕੁੜੀ ਦਾ ਨਾਂ

ਦੇਖੋ ਕਿੰਨੀਆਂ ਸਾਰੀਆਂ ਨਦੀਆਂ ਦੇ
ਤਾਂ ਨਾਂ ਹੀ ਨਹੀਂ ਆਏ
ਉਹਨਾਂ ਕਰੋੜਾਂ ਨਦੀਆਂ ਦੇ ਨਾਂ
ਜੋ ਸੁਕਾ ਦਿੱਤੀਆਂ ਗਈਆਂ ਸਰੋਤ 'ਤੇ ਹੀ
ਰਹਿ ਗਈਆਂ ਬੇਨਾਮ

ਯਾਦ ਕਰੋ ਉਹ ਨਦੀ
ਜੋ ਇਤਿਹਾਸ 'ਚ ਤਾਂ ਹੈ, ਭੂਗੋਲ 'ਚ ਨਹੀਂ ਹੈ
ਉਹ ਵਿੱਦਿਆ ਅਤੇ ਅਕਲ ਦੀ ਨਦੀ, ਸਰਸਵਤੀ
ਤਾਂ ਸ਼ਾਇਦ ਸ਼ਰਮ ਨਾਲ ਹੀ ਧਰਤੀ 'ਚ ਸਮਾ ਗਈ
ਉਹ ਸ਼ਾਇਦ ਹੁਣ ਆਪਣੀ ਕਬਰ 'ਚ ਹੀ ਵਗਦੀ ਹੈ
ਚੰਬਲ ਦੀਆਂ ਬੇਟੀਆਂ ਦੇ ਨਾਂ ਹੋਏ
ਫੂਲਨ ਦੇਵੀ, ਕੁਸਮਾ ਨਾਇਨ, ਗੁੱਲੋ ਬੇੜਿਨ
ਫੁੱਲ, ਕੁਸਮ ਅਤੇ ਗੁਲ
ਪਰ ਫੁੱਲਾਂ ਦੇ ਨਾਂ ਵਾਲੀਆਂ
ਇਹ ਬੇਟੀਆਂ ਫੁੱਲ ਨਹੀਂ ਸਨ
ਫੁੱਲਾਂ ਨੂੰ ਨੰਗਾ ਨਹੀਂ ਕੀਤਾ ਜਾਂਦਾ
ਵਾਲੋਂ ਫ਼ੜ ਕੇ ਘੜੀਸਿਆ ਨਹੀਂ ਜਾਂਦਾ

ਫੁੱਲਾਂ ਨੂੰ ਬਲ਼ਦੀਆਂ ਬੀੜੀਆਂ ਨਾਲ ਦਾਗਿਆ ਨਹੀਂ ਜਾਂਦਾ

ਨਾਜ਼ੁਕ ਅੰਗਾਂ 'ਚ ਮਿਰਚਾਂ ਪਾ ਕੇ
ਮੰਨਵਾਇਆ ਨਹੀਂ ਜਾਂਦਾ
ਕਿ ਉਹ ਡੈਣਾਂ ਹਨ
ਬੱਚਿਆਂ ਦੇ ਨਰਮ ਕਾਲਜੇ
ਚੱਟ-ਚੱਟ ਕੇ ਖਾਂਦੀਆਂ ਨੇ
ਉਹ ਹੀ ਲਿਆਉਂਦੀਆਂ ਨੇ
ਹੜ੍ਹ, ਮਹਾਂਮਾਰੀ, ਸੋਕੇ, ਦੁਰਭਾਗ
ਮੁਕੱਦਮੇ ਉਹੀ ਹਰਵਾਉਂਦੀਆਂ ਨੇ

ਹੱਥ ਡੁਬੋਏ ਗਏ
ਖ਼ੌਲਦੇ ਹੋਏ ਤੇਲ 'ਚ
ਅਤੇ ਛਾਲੇ ਪੈਂਦੇ ਹੀ ਅਪਰਾਧ ਸਿੱਧ ਹੋ ਗਏ
ਗਿਰਝਾਂ ਬਣ ਗਏ ਪੰਚ ਪਰਮੇਸ਼ਵਰ
ਅਤੇ ਸਾਰੇ ਲੋਕ
ਰੋੜੇ, ਪੱਥਰ, ਚਿੜੀ, ਕੁੱਤੇ, ਭੇੜ ਬਣ ਗਏ
ਘਾਹ ਬਣ ਗਏ, ਬਿਰਖ ਬਣ ਗਏ
ਫੁੱਲਾਂ ਦੇ ਮੂੰਹੋਂ
ਕੁਝ ਬੁੜਬੁੜਾਉਣ 'ਤੇ ਚੀਕਿਆ ਤਾਂਤਰਿਕ
ਲਉ ਸੁਣ ਲਓ
ਇਸ ਨੇ ਆਪ ਮੰਨਿਆ
ਆਪਣਾ ਡੈਣ ਹੋਣਾ
ਹੁਣ ਇਹ ਮੇਰੇ ਹੱਥੋਂ ਮੁਕਤੀ ਚਾਹੁੰਦੀ ਹੈ

ਚੌਦਾਂ ਦੀ ਜਾਂ ਪੰਦਰਾਂ ਦੀ
ਗੁੱਲੋ ਬੇੜਿਨ ਨੇ ਜਦ ਦੇਖਿਆ
ਸਾਰੀ ਪੰਚਾਇਤ ਕਾਤਿਲ ਹੈ
ਅਤੇ ਅਗਲੀ ਉਸ ਦੀ ਬਾਰੀ ਹੈ
ਤਾਂ ਜਾਨ ਬਚਾ ਕੇ ਭੱਜੀ

ਕੁਝ ਕਹਿੰਦੇ ਗੁੱਲੋ ਨਾਗਿਣ ਸੀ
ਕੁਝ ਕਹਿੰਦੇ ਬਸ
ਨੱਚਣ ਵਾਲੀ ਬੈਰਾਗਣ ਸੀ
ਕਿਵੇਂ ਦਾਗੀ, ਕੇਹੀ ਬਾਗੀ
ਕਹਿੰਦੇ ਨੇ ਡਾਕੂ ਲਾਖਨ ਨੇ ਪਿੱਛਿਓਂ
ਅਤੇ ਪੁਲਸ ਨੇ ਉਸ ਦੇ ਸੀਨੇ 'ਤੇ ਗੋਲ਼ੀ ਦਾਗੀ

ਉਸ ਦਾ ਨਾ ਕੋਈ ਸਬੂਤ
ਨਾ ਹੀ ਸਬੂਤਾਂ ਦਾ ਕੋਈ ਜ਼ਿਕਰ
ਪੁਲਸ ਦਾ ਕਹਿਣਾ ਹੈ, ਦੰਦ ਕਥਾ ਹੈ
ਅੱਜ ਵੀ ਪਰ
ਗੋਹਦ ਬੇਸਲੀ ਨਦੀ ਵਾਲੇ
ਰਾਹਾਂ ਤੋਂ ਰਾਹੀ ਬਚਦੇ ਨੇ

ਕਹਿੰਦੇ ਨੇ ਸਾਰੀ ਰਾਤ
ਉੱਥੇ ਗੁੱਲੋ ਦੇ ਘੁੰਗਰੂ ਵੱਜਦੇ ਨੇ

ਧੁੱਪ 'ਚ ਪੰਘਰ ਕੇ
ਜਦ ਫੁੱਲਾਂ ਦੇ ਤਲਿਆਂ 'ਚ ਪੈ ਗਈਆਂ ਬਿਆਈਆਂ
ਬੁੱਲ੍ਹਾਂ 'ਤੇ ਪਪੜੀਆਂ
ਚਿਹਰੇ 'ਤੇ ਛਾਈਆਂ
ਵਾਲ ਜਟਾਵਾਂ, ਸੁੱਜੀਆਂ ਪਲਕਾਂ
ਸੁੱਜੇ ਹੋਏ ਪੈਰ
ਨੀਂਦ ਨਾਲ ਭਰੀਆਂ ਅੱਖਾਂ ਲਾਲ
ਅਤੇ ਝੁਲਸੀ ਹੋਈ ਚਮੜੀ
ਇਉਂ
ਜਦ ਉਹਨਾਂ ਦੀ ਸਾਰੀ
ਕੋਮਲਤਾ ਨੂੰ ਕਰਤਾ ਬਰਬਾਦ
ਅਤੇ ਰੂਹ ਨੂੰ ਬਦਰੂਪ
ਤਦ ਕਿਹਾ
'ਇਹ ਨੇ ਡਕੈਤ ਸੁੰਦਰੀਆਂ'

ਕੁੱਤਿਆਂ ਅਤੇ ਗਿੱਦੜਾਂ ਦੇ ਰੋਣ ਦੀਆਂ ਆਵਾਜ਼ਾਂ 'ਚ
ਉਹਨਾਂ ਦੇ ਰੋਣ ਦੀ ਆਵਾਜ਼
ਤੇਜ਼ ਹਨੇਰੀਆਂ 'ਚ ਚੱਟਾਨਾਂ ਨਾਲ ਟਕਰਾ ਕੇ
ਵਗਦੇ ਪਾਣੀ 'ਚ ਹੁੰਦੀ
ਉਹਨਾਂ ਦੇ ਰੋਣ ਦੀ ਆਵਾਜ਼

ਪੱਛੋਂ ਚੱਲੇ ਤਾਂ ਪੱਛਮ ਤੋਂ ਆਉਂਦੀ ਹੈ
ਉਹਨਾਂ ਦੇ ਰੋਣ ਦੀ ਆਵਾਜ਼
ਪੁਰਾ ਚੱਲੇ ਤਾਂ ਪੂਰਬ ਤੋਂ ਆਉਂਦੀ ਹੈ
ਉਹਨਾਂ ਦੇ ਰੋਣ ਦੀ ਆਵਾਜ਼
ਅਤੇ ਜਦ ਕਿਸੇ ਦਿਸ਼ਾ 'ਚੋਂ
ਨਹੀਂ ਵਗਦੀਆਂ ਹਵਾਵਾਂ
ਹੁੰਦੀ ਹੈ ਸਾਂ-ਸਾਂ
ਤਦ ਲੋਕ ਸਮਝ ਲੈਂਦੇ ਨੇ
ਇਹ ਉਹਨਾਂ ਦੀ ਬੇਹੋਸ਼ੀ ਦੀ ਆਵਾਜ਼
ਧੌਣ 'ਤੇ ਚਲਦੀ ਹੋਈ ਛੁਰੀ ਦੀ ਖਿਸ-ਖਿਸ
ਸ਼ਾਮਿਲ ਹੁੰਦੀ ਕੀਰਤਨ ਦੇ ਢੋਲ-ਧਮੱਕਿਆਂ 'ਚ

ਕਹਿੰਦੇ ਨੇ ਇਕ ਦਿਨ ਉਹਨਾਂ ਫੁੱਲਾਂ ਨੇ
ਆਪਣੀਆਂ ਜੁੱਤੀਆਂ 'ਚ ਭਰ ਕੇ ਪਿਸ਼ਾਬ
ਪਿਆਇਆ ਆਪਣੇ ਬਲਾਤਕਾਰੀਆਂ ਨੂੰ
ਅਤੇ ਬਿਰਖ਼ਾਂ ਨਾਲ ਬੰਨ੍ਹ ਕੇ
ਉਹਨਾਂ ਦੇ ਜਣਨ ਅੰਗਾਂ ਦੇ ਚਿਥੜੇ ਉਡਾ ਦਿੱਤੇ

ਫੁੱਲ ਕਿਵੇਂ ਬਣੇ ਪੱਥਰ
ਅਤੇ ਪੱਥਰ ਕਿਵੇਂ ਹੋਏ ਰੇਤ

ਇਹ ਫੁੱਲਾਂ ਦੇ ਰੇਤ ਹੋ ਜਾਣ ਦੀ ਕਥਾ ਹੈ
ਇਹ ਫੁੱਲਾਂ ਦੇ ਖੇਤ ਹੋ ਜਾਣ ਦੀ ਕਥਾ ਹੈ
ਇਹ ਫੁੱਲਾਂ ਦੇ ਪ੍ਰੇਤ ਹੋ ਜਾਣ ਦੀ ਕਥਾ ਹੈ

3

ਚੰਬਲ ਦਾ ਸਰੋਤ ਲੱਭਣ ਨਾ ਜਾਇਓ
ਸਰੋਤ, ਲੱਭਦਿਆਂ ਕਿਤੇ ਤੁਸੀਂ
ਆਪਣੇ ਘਰ ਤੱਕ ਨਾ ਪਹੁੰਚ ਜਾਇਓ
ਅਤੇ ਦੇਖਿਓ
ਕਿ ਚੰਬਲ ਉੱਥੋਂ ਹੀ ਨਿਕਲ ਰਹੀ ਹੈ
ਨਿਕਲ ਚੁੱਕੀ ਹੈ
ਜਾਂ ਬੱਸ, ਨਿਕਲਣ ਵਾਲੀ ਹੈ

ਸੂਰਜ ਡੁੱਬਣ ਦੇ ਨਾਲ ਹੀ ਜਿਵੇਂ
ਕੁੜੀਆਂ ਦਾ ਆਕਾਸ਼ ਵੀ ਡੁੱਬ ਜਾਂਦਾ ਹੈ
ਜਿਵੇਂ-ਜਿਵੇਂ ਛਾਵਾਂ ਸਿਮਟਦੀਆਂ ਨੇ
ਕੁੜੀਆਂ ਦੀਆਂ ਥਾਵਾਂ ਵੀ
ਸਿਮਟਣੀਆਂ ਸ਼ੁਰੂ ਹੋ ਜਾਂਦੀਆਂ ਨੇ
ਨ੍ਹੇਰਾ ਹੋਵੇ ਉਸ ਤੋਂ ਪਹਿਲਾਂ ਹੀ
ਉਹਨਾਂ ਨੂੰ ਆ ਜਾਣਾ ਚਾਹੀਦਾ ਹੈ
ਆਪਣੇ ਘਰਾਂ ਦੇ ਪੁਰਾਤਨ ਹਨੇਰ 'ਚ

ਪਰ ਇਕ ਸ਼ਾਮ
ਜਦ ਗਾਵਾਂ ਕਿੱਲਿਆਂ ਦੇ ਵੱਲ
ਬੱਕਰੀਆਂ ਬਾੜਿਆਂ ਦੇ ਵੱਲ
ਅਤੇ ਮੁਰਗੀਆਂ ਖੁੱਡਿਆਂ ਵੱਲ ਹੱਕੀਆਂ ਜਾ ਰਹੀ ਸੀ
ਤਿੰਨ ਭੈਣਾਂ ਨਿਕਲੀਆਂ ਘਰੋਂ ਬਾਹਰ
ਤਲਾਅ 'ਚ ਡੁੱਬਣ
ਵੱਡੀ ਬੋਲੀ ਪਹਿਲਾਂ ਮੈਂ ਡੁੱਬਾਂਗੀ
ਕਿਉਂਕਿ ਛੋਟੀ ਨੂੰ ਡੁੱਬਦਿਆਂ ਦੇਖ ਨ੍ਹੀਂ ਸਕਾਂਗੀ
ਤਾਂ ਛੋਟੀ ਬੋਲੀ
ਭੈਣੇ, ਤੂੰ ਨਹੀਂ ਰਹੇਂਗੀ
ਤਾਂ ਇਕੱਲਿਆਂ ਮੈਨੂੰ ਡੁੱਬਦਿਆਂ
ਕਿੰਨਾ ਡਰ ਲੱਗੂਗਾ
ਸੁਣ ਕੇ ਵਿਚਕਾਰਲੀ ਨੇ
ਛੋਟੀ ਨੂੰ ਨਾਲ ਚਿਪਕਾ ਲਿਆ
ਅਤੇ ਬੋਲੀ-ਅਸੀਂ ਤਿੰਨੇ ਭੈਣਾਂ ਇਕੱਠੀਆਂ ਡੁੱਬਾਂਗੀਆਂ

ਛੋਟੀ ਬੋਲੀ
ਵਿਚਕਾਰਲੀਏ, ਜਦ ਤੇਰੇ ਲੱਕ-ਲੱਕ ਪਾਣੀ ਆਏਗਾ
ਤਾਂ ਮੇਰੇ ਸਿਰ ਤੱਕ ਆ ਜਾਏਗਾ
ਇਕੱਠੀਆਂ ਕਿਵੇਂ ਡੁੱਬਾਂਗੇ
ਵਿਚਕਾਰਲੀ ਦੇ ਹੰਝੂ ਆ ਗਏ
ਉਸ ਨੇ ਛੋਟੀ ਨੂੰ ਗੋਦੀ ਚੁੱਕ ਲਿਆ

ਛੋਟੀ ਬੋਲੀ
ਵਿਚਕਾਰਲੀਏ, ਤੈਨੂੰ ਤਾਂ ਤੈਰਨਾ ਆਉਂਦਾ
ਤੂੰ ਕਿਵੇਂ ਡੁੱਬੇਂਗੀ

ਮੈਂ ਗਲ ਨਾਲ ਪੱਥਰ ਬੰਨ੍ਹ 'ਲਾਂਗੀ
ਪਰ ਰੱਸੀ ਤਾਂ ਆਪਾਂ ਲਿਆਏ ਨਹੀਂ
ਮੈਂ ਚੁੰਨੀ ਨਾਲ ਬੰਨ੍ਹ 'ਲਾਂਗੀ ਪੱਥਰ
ਪਰ ਚੁੰਨੀ ਫਟ ਜਾਏਗੀ
ਤਾਂ ਤੈਨੂੰ ਸੰਗ-ਸ਼ਰਮ ਨਹੀਂ ਆਏਗੀ
ਨਹੀਂ, ਵਿਚਕਾਰਲੀ ਨੇ ਕਿਹਾ
ਲਾਸ਼ਾਂ ਨੂੰ ਕੋਈ ਸੰਗ-ਸ਼ਰਮ ਨਹੀਂ ਆਉਂਦੀ

— ਅਨੁਵਾਦ : ਤਰਸੇਮ

# ਦੇਸੀਆਂ ਦੀ ਦੇਸੀ ਦਾਰੂ

## ਕੈਨੇਡਾ ਡਾਇਰੀ-14

ਭਗਵੰਤ ਰਸੂਲਪੁਰੀ

ਪੰਜਾਬੀ ਜਿੱਥੇ ਜਾਂਦੇ ਹਨ ਆਪਣਾ ਸਭਿਆਚਾਰ, ਰਹਿਣ-ਸਹਿਣ ਅਤੇ ਖਾਣ-ਪੀਣ ਨਾਲ ਲੈ ਕੇ ਜਾਂਦੇ ਹਨ। ਕੈਨੇਡਾ ਦੇ ਦਾਲ ਸਬਜ਼ੀ ਦੇ ਤੁੜਕਿਆਂ ਦੀ ਮਹਿਕ ਤੋਂ ਗੋਰੇ ਦੂਰ ਭੱਜਦੇ ਹਨ। ਏਥੋਂ ਤੱਕ ਪੰਜਾਬੀ ਦੇ ਕੱਪੜਿਆਂ 'ਚੋਂ ਵੀ ਤੁਕੜੇ ਦੀ ਮਹਿਕ ਉਨ੍ਹਾਂ ਦੀਆਂ ਨਾਸਾ 'ਚ ਵੜ ਕੇ ਉਨ੍ਹਾਂ ਨੂੰ ਪਰੇਸ਼ਾਨ ਕਰ ਦਿੰਦੀ ਹੈ। ਏਥੇ ਮੈਂ ਇਸ ਵਾਰ ਦੇਸੀ ਬੰਦਿਆਂ ਦੀ ਦੇਸੀ ਦਾਰੂ ਦੀ ਗੱਲ ਕਰਨੀ ਹੈ। ਬੀ. ਸੀ. ਦੇ ਫਾਰਮਾਂ ਦਾ ਕਿੱਤਾ ਕਰਦੇ ਬਹੁਤੇ ਪੰਜਾਬੀ ਦੇਸੀ ਦਾਰੂ ਕੱਢਣ ਦਾ ਸ਼ੌਕ ਰੱਖਦੇ ਹਨ। ਮਈ ਤੋਂ ਅਕਤੂਬਰ ਤੱਕ ਫਾਰਮਾਂ 'ਚ ਕੰਮ ਕਰਨ ਦਾ ਸੀਜਨ ਹੁੰਦਾ ਹੈ। ਉਦੋਂ ਖੇਤਾਂ 'ਚ ਕੰਮ ਕਰਨ ਵਾਲੇ ਕਿਸਾਨ ਪਰਿਵਾਰ ਆਪਣਾ ਵਧੇਰੇ ਸਮਾਂ ਖੇਤਾਂ 'ਚ ਕੰਮ ਕਰਨ ਵਿਚ ਗੁਜਾਰਦੇ ਹਨ। ਸ਼ਾਮ ਨੂੰ ਥਕਾਰਵ ਲਹੁਣ ਲਈ ਉਨ੍ਹਾਂ ਨੂੰ ਦਾਰੂ ਦੀ ਲੋੜ ਹੁੰਦੀ ਹੈ। ਕੈਨੇਡਾ 'ਚ ਮਹਿਗਾਈ ਵੱਧਣ ਨਾਲ ਹੋਰ ਘਰੇਲੂ ਸਾਮਾਨ ਦੀਆਂ ਕੀਮਤਾਂ ਵੱਧਣ ਨਾਲ ਦਾਰੂ ਦੀਆਂ ਕੀਮਤਾਂ ਵੀ ਬਹੁਤ ਵੱਧ ਗਈਆਂ ਹਨ। ਜਿਸ ਕਾਰਨ ਦੇਸੀ ਫਾਰਮਰ ਦੇਸੀ ਦਾਰੂ ਦਾ ਜੁਗਾੜ ਕਰਨ ਲੱਗ ਪੈਂਦੇ ਹਨ। ਦਾਰੂ ਦੇ ਸ਼ੌਕੀਨ ਦੇਸੀ ਦਾਰੂ ਬੜੀ ਰੀਝ ਨਾਲ ਤਿਆਰ ਕਰਦੇ ਹਨ। ਮਈ ਤੋਂ ਸਤੰਬਰ ਤੱਕ ਦੇਸੀ ਦਾਰੂ ਕੱਢਣ ਦਾ ਸੀਜ਼ਨ ਹੁੰਦਾ ਹੈ। ਦਾਰੂ ਦੇ ਸ਼ੌਕੀਨ ਦੇਸੀ ਬੰਦਿਆਂ ਨੇ ਆਪਣੇ ਆਪਣੇ ਸੰਦ ਬੜੀ ਰੀਝ ਨਾਲ ਬਣਾਏ ਹੋਏ ਹਨ। ਉਹ ਸਭ ਤੋਂ ਪਹਿਲਾਂ 500 ਲੀਟਰ ਸਮਰੱਥਾ ਵਾਲੇ ਪਲਾਸਟਿਕ ਦੇ ਡਰੰਮਾਂ ਦਾ ਪ੍ਰਬੰਧ ਕਰਦੇ ਹਨ ਜਿਸ ਵਿਚ ਉਹ ਜੂਨ ਵਿਚ ਗੁੜ ਪਾ ਕੇ ਉਨ੍ਹਾਂ ਕਮਰਿਆਂ ਵਿਚ ਰੱਖ ਦਿੰਦੇ ਹਨ ਜਿੱਥੇ ਧੁੱਪ ਨਾਲ ਗਰਮੀ ਪੈਦਾ ਹੁੰਦੀ ਹੈ। ਇਹ ਕੈਨੇਡਾ ਦਾ ਅਤਿ ਦੀ ਗਰਮੀ ਵਾਲਾ ਸਮਾਂ ਹੁੰਦਾ ਹੈ। ਦਾਰੂ ਬਣਾਉਣ ਲਈ ਗੁੜ ਵੀ ਸਪੈਸ਼ਲ ਭਾਰਤ ਤੋਂ ਇਮਪੋਰਟ ਹੁੰਦਾ ਹੈ। ਜੋ ਕੇਵਲ ਦਾਰੂ ਕੱਢਣ ਦੇ ਕੰਮ ਆਉਂਦੇ ਹਨ। ਇਹ ਗੁੜ ਦੇ ਢੇਲੇ 10-10 ਕਿੱਲੋ ਦੇ ਹੁੰਦੇ ਹਨ। ਦੋ ਤਿੰਨ ਸਾਂਝੇ ਮਿੱਤਰ ਵੱਲੋਂ ਰਲ਼ ਕੇ ਇਕੋ ਵਾਰ ਚਾਰ ਤੋਂ ਛੇ ਘੜੇ ਪਾ ਲਏ ਜਾਂਦੇ ਹਨ। ਮਹੀਨੇ ਕੁ ਬਾਅਦ 'ਘੜਾ' ਜਦੋਂ 'ਚੱਲ' ਪੈਂਦਾ ਹੈ ਤਾਂ ਇਸ ਨੂੰ ਕੱਢਣ ਦੀ ਤਿਆਰੀ ਕੀਤੀ ਜਾਂਦੀ ਹੈ। ਮੇਰਾ ਇਕ ਦੋਸਤ ਆਪਣੇ ਇਕ ਫਾਰਮਰ ਮਿੱਤਰ ਦੇ ਫਾਰਮ ਵਿਚ ਮੈਨੂੰ ਲੈ ਕੇ ਗਿਆ। ਪਹਿਲਾਂ ਉਸ ਨੇ ਗੁੜ ਵਾਲੇ 'ਡਰੰਮ' ਵਿਖਾਏ। ਫਿਰ ਇਕ ਦਿਨ ਮੈਨੂੰ ਫਾਰਮ ਵਿਚ ਦੇਸੀ ਦਾਰੂ ਕੱਢਦੇ ਸ਼ੌਕੀਨਾ ਕੋਲ ਲੈ ਕੇ ਗਿਆ। ਮੈਂ ਉਨ੍ਹਾਂ ਵੱਲੋਂ ਤਿਆਰ ਕੀਤੇ ਦਾਰੂ ਕੱਢਣ ਵਾਲੇ ਜੰਤਰਾਂ ਨੂੰ ਵੇਖ ਕੇ ਦੰਗ ਰਹਿ ਗਿਆ। ਵਾਕਿਆ ਈ ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਗਿੱਲ ਭਾਜੀ ਨੇ ਦਾਰੂ ਕੱਢਣ ਦਾ ਸਾਰਾ ਬਿਰਤਾਂਤ ਬੜੀ ਰੀਝ ਨਾਲ ਸੁਣਾਇਆ।

ਗਿੱਲ ਸਾਹਬ ਕਹਿਣ ਲੱਗਾ, " ਵੇਖੋ ਭਾਜੀ! ਸਿੱਟੀ ਸਾਨੂੰ ਦਾਰੂ ਤਿਆਰ ਕਰਨ ਦੀ ਭਾਵੇਂ ਆਗਿਆ ਨਹੀਂ ਦਿੰਦੀ ਪਰ ਉਹ ਪੰਜਾਬ ਵਾਂਗ ਫਾਰਮਾਂ ਤੇ ਛਾਪੇ ਵੀ ਨਹੀਂ ਮਾਰਦੀ। ਅਸੀਂ ਤਾਂ ਪੰਜਾਬ 'ਚ ਦਰਿਆ ਕੰਢੇ ਦਾਰੂ ਕੱਢਦੇ ਰਹੇ ਹਾਂ। ਹੁਣ ਤੁਸੀਂ ਵੇਖੋ...ਇਕ 500 ਲੀਟਰ ਵਾਲੇ ਡਰੰਮ ਵਿਚ ਚਾਰ ਢੇਲੇ ਗੁੜ ਦੇ ਪੈਂਦੇ ਹਨ। ਭਾਵ ਕਿ 40 ਕਿੱਲੋ ਗੁੜ ਤੇ 300 ਲੀਟਰ ਪਾਣੀ। ਜਦੋਂ ਡਰੰਮ ਚੱਲ ਪੈਂਦਾ ਹੈ ਤਾਂ ਦਾਰੂ ਕੱਢ ਲਈ ਜਾਂਦੀ ਹੈ। ਲਾਹਣ ਵਾਲੇ ਡਰੰਮ ਨੂੰ ਇਕ ਲੋਹੇ ਦੇ ਡਰੰਮ ਵਿਚ ਪਾਇਪ ਨਾਲ ਸੁੱਟ ਦਿੱਤਾ ਜਾਂਦਾ ਹੈ। ਦਾਰੂ ਕੱਢਣ ਲਈ ਇਕ ਲੋਹੇ ਦਾ ਡਰੰਮ ਤਿਆਰ ਕੀਤਾ ਜਾਂਦਾ ਹੈ। ਜਿਸ ਦੇ ਉਪਰ ਵਾਲੇ ਹਿੱਸੇ ਤੋਂ ਦੋ ਲੋਹੇ ਦੇ ਪਾਇਪ ਵੈਲਡ ਕਰਕੇ ਲਗਾਏ ਜਾਂਦੇ ਹਨ। ਡਰੰਮ ਦੀ ਭਾਫ਼ ਨੂੰ ਦਾਰੂ ਵਿਚ ਕਨਵਰਟ ਕਰਨ ਲਈ ਇਕ ਕਾਪਰ ਦਾ ਜੰਤਰ ਆਪ ਤਿਆਰ ਕਰਵਾਇਆ ਜਾਂਦਾ ਹੈ। ਮੈਂ ਇਹ ਜੰਤਰ 11 ਸੌ ਡਾਲਰ ਲਾ ਕੇ ਤਿਆਰ ਕੀਤਾ ਹੈ। ਕਾਪਰ ਦੇ ਇਹ ਤਿੰਨ ਇੰਚੀ ਦੇ ਪਾਇਪ ਤੋਂ ਇਹ ਜੰਤਰ ਤਿਆਰ ਕੀਤਾ ਜਾਂਦਾ ਹੈ। ਇਸ ਪਾਇਪ ਵਿਚ ਕਾਪਰ ਦੀ ਬਰੀਕ ਪਾਇਪਾ ਲੰਘਾਈਆਂ ਜਾਂਦੀਆਂ ਹਨ ਤੇ ਖਾਲੀ ਹਿੱਸੇ ਵਿਚ ਠੰਢਾ ਪਾਣੀ ਲੰਘਾਇਆ ਜਾਂਦਾ ਹੈ ਤਾਂ ਕਿ ਭਾਫ਼ ਨੂੰ 'ਦਾਰੂ' 'ਚ ਕਨਵਰਟ ਕੀਤਾ ਜਾ ਸਕੇ। ਤੁਸੀਂ ਜੋ ਦਾਰੂ ਨਿਕਲਦੀ ਵੇਖਦੇ ਹੋ ਇਹ ਸਮਾਨ ਮੈਂ ਬੜੀ ਮਿਹਨਤ ਨਾਲ ਅਤੇ ਗੁਪਤ ਤਰੀਕੇ ਨਾਲ ਤਿਆਰ ਕੀਤਾ ਹੈ। ਮੇਰੇ ਕੋਲੋਂ ਦਾਰੂ ਕੱਢਣ ਵਾਲਾ ਇਹ ਸਾਮਾਨ ਮੇਰੇ ਨੇੜੇ ਦੇ ਮਿੱਤਰ ਵੀ ਲੈ ਜਾਂਦੇ ਹਨ।" ਅੱਗੇ ਉਹ ਮੈਨੂੰ ਦੱਸਦਾ ਹੈ ਕਿ ਇਸ ਜੰਤਰ ਨੂੰ ਵੇਖ ਕੇ ਕਈ ਹੋਰ ਫਾਰਮਾਂ ਵਾਲਿਆਂ ਨੇ ਵੀ ਇਹ ਜੰਤਰ ਤਿਆਰ ਕਰਵਾ ਲਏ ਹਨ।

ਆਪਣੇ ਦੇਸੀ ਭਰਾ ਫਾਰਮਾਂ ਵਿਚ ਦੇਸੀ ਦਾਰੂ ਬੜੇ ਆਰਮ ਨਾਲ ਕੱਢ ਲੈਂਦੇ ਹਨ। ਦੇਸੀ ਦਾਰੂ ਬਾਰੇ ਗਿੱਲ ਸਾਹਬ ਅੱਗੇ ਦੱਸਦੇ ਹਨ, "ਵੇਖੋ ਵੀਰ ਜੀ! ਗੁੜ ਦੇ 10-10 ਕਿੱਲੋ ਦੇ ਇਹ ਢੇਲੇ ਆਪਣੇ ਪੰਜਾਬੀ ਸਟੋਰਾ ਤੋਂ ਮਿਲ ਜਾਂਦੇ ਹਨ। ਇਹ ਸਪੈਸ਼ਲ ਇੰਡੀਆ ਤੋਂ ਇਸ ਕੰਮ ਲਈ ਬਣ ਕੇ ਆਉਂਦੇ ਹਨ। ਇਨ੍ਹਾਂ ਢੇਲਿਆਂ ਉੱਤੇ ਕੰਪਨੀ ਦਾ ਨਾਂ ਤੇ ਇਮਪੋਰਟ ਕਰਨ ਵਾਲੀ ਕੰਪਨੀ ਦਾ ਨਾਂ ਤੇ ਐਡਰਸ ਦਿੱਤਾ ਹੁੰਦਾ ਹੈ। ਦਾਰੂ ਕੱਢਣ ਵੇਲੇ ਦਾਰੂ ਦੇ ਕੱਚੇ ਘੋਲ਼ ਵਿਚ ਬਹੁਤ ਸਾਰੀਆਂ ਹੋਰ ਵਸਤੂਆਂ ਵੀ ਪਾਈਆਂ ਜਾਂਦੀਆਂ ਹਨ। ਜਿਨ੍ਹਾਂ ਨਾਲ ਇਹ ਸੱਚਮੁੱਚ 'ਦਾਰੂ' ਬਣ ਜਾਂਦੀ ਹੈ। ਜਿਹੜਾ ਬੰਦਾ ਇਹਨੂੰ ਪੀਂਦਾ ਹੈ ਉਹਨੂੰ ਚੁਸਤ-ਦਰੁਸਤ ਤੇ ਤੰਦਰੁਸਤ ਕਰ ਦਿੰਦੀ ਹੈ। ਇਸ 'ਚ ਛੁਆਰੇ, ਸੌਗੀ, ਦਾਲ ਚੀਨੀ, ਸੌਂਫ਼, ਮਲੱਠੀ, ਬਦਾਮ ਤੇ ਹੋਰ ਬਹੁਤ ਸਾਰੀਆਂ ਗਰਮ ਚੀਜ਼ਾ ਪਾਈਆਂ ਜਾਂਦੀਆਂ ਹਨ। ਮੈਂ ਦਾਰੂ ਵਿਚ ਤਕਰੀਬਨ 40 ਏਸ ਤਰ੍ਹਾਂ ਦੀਆਂ ਚੀਜ਼ਾਂ ਪਾਉਂਦਾ ਹਾਂ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਅਰਕ ਨਾਲ 'ਦਾਰੂ' ਬਣਦੀ ਹੈ। ਫਿਰ ਅਨੇਕਾਂ ਚੀਜ਼ਾਂ ਪਾ ਕੇ ਦਾਰੂ ਦਾ ਕਲਰ ਤੇ ਜਾਇਕਾ ਤਿਆਰ ਕੀਤਾ ਜਾਂਦਾ ਹੈ। ਉਹ 'ਦਾਰੂ' ਜਦੋਂ ਕੋਈ ਸੱਜਣ ਪੀ ਲੈਂਦਾ ਏ ਤਾਂ ਉਹ ਦਾਰੂ ਦੀ ਵਾਰ ਵਾਰ ਮੰਗ ਕਰਦਾ ਹੈ। ਢੀਠ ਜਿਹਾ ਬਣ ਕਹਿ ਦਿੰਦਾ ਹੈ, 'ਭਾਜੀ! ਇਕ ਸ਼ੀਸ਼ੀ ਮੈਨੂੰ ਜ਼ਰੂਰ ਦਿਓ! ਲਓ ਅੱਜ ਤੁਹਾਨੂੰ ਵੀ ਏਹਦਾ ਸਵਾਦ ਚਖਾਉਂਦੇ ਆ। ਤੁਸੀਂ ਵੀ ਕਹਿ ਦੇਣਾ ... ਇਕ ਸ਼ੀਸ਼ੀ ਮੈਨੂੰ ਵੀ।" ਤੇ ਗਿੱਲ ਸਾਹਿਬ ਖਿੜ ਖਿੜਾ ਕੇ ਹੱਸ ਪੈਂਦੇ ਹਨ।

ਉਹ ਅੱਗੇ ਦੱਸਦੇ ਹਨ, "ਭਾਈ ਸਾਹਿਬ! ਮੈਂ ਹੁਣ ਲੀਕਡ ਸਟੋਰ ਦੀ ਦਾਰੂ ਪੀਂਦਾ ਹੀ ਨਹੀਂ। ਪਤਾ ਨ੍ਹੀਂ ਕਾਹਦੀ ਤਿਆਰ ਕੀਤੀ ਜਾਂਦੀ ਐ। ਤੁਸੀਂ ਇਹ ਦੋ-ਤਿੰਨ ਪੈੱਗ ਪੀਓ ਤਾਂ ਤੁਸੀਂ ਸਵੇਰ ਨੂੰ ਫੁੱਲ ਵਾਂਗ ਉੱਠੋਗੇ। ਇਹ ਸਿਰ ਨ੍ਹੀਂ ਫੜਦੀ। ਵੇਖੋ ਨਾ ਐਨੀਆਂ ਚੀਜ਼ਾ ਵਿਚ ਪਾਈਦੀਆਂ। ਇਹ ਤਾਂ ਦਵਾਈ ਦਾ ਕੰਮ ਕਰਦੀ ਐ। ਐਨੇ ਮਸਾਲੇ ਅੰਗਰੇਜ਼ੀ ਫੈਕਟਰੀਆਂ ਵਾਲੇ ਪਾਉਂਦੇ ਹੋਣਗੇ। ਬਿਲਕੁਲ ਨਹੀਂ।"

ਦਾਰੂ ਜਦੋਂ ਤਿਆਰ ਹੋ ਕੇ ਇਕ ਬੋਤਲ ਵਿਚ ਪੈਂਦੀ ਹੈ ਤਾਂ ਨਾਲ ਨਾਲ ਉਸ ਦੀ ਪ੍ਰਤੀਸ਼ਤ ਵੀ ਵੇਖੀ ਜਾਂਦੀ ਹੈ। ਪ੍ਰਤੀਸ਼ਨ ਮਾਪਣ ਵਾਲਾ ਜੰਤਰ ਵੀ ਰੱਖਿਆ ਜਾਂਦਾ ਹੈ। ਆਮ ਤੌਰ ਤੇ 40 ਤੋਂ 45 ਪ੍ਰਤੀਸ਼ਤ ਮਾਤਰਾ ਵਾਲੀ ਅਲਕੋਹਲ ਤਿਆਰ ਕੀਤੀ ਜਾਂਦੀ ਹੈ। ਇਕ ਡਰੰਮ ਤੋਂ 25 ਤੋਂ 30 ਲੀਟਰ ਦੇ ਕਰੀਬ ਦਾਰੂ ਤਿਆਰ ਹੋ ਜਾਂਦੀ ਹੈ।

ਬੀ ਸੀ ਵੈਲੀ ਫਰੂਟ ਦੀ ਵੈਲੀ ਹੈ। ਜੋ ਫਾਰਮਰ ਫਰੂਟ ਤਿਆਰ ਕਰਦੇ ਹਨ। ਉਹ ਵੱਖ ਵੱਖ ਫਰੂਟ ਦੀ ਵਾਇਨ ਵੀ ਤਿਆਰ ਕਰਦੇ ਹਨ। ਕੈਨੇਡਾ ਵਿਚ ਦੇਸੀ ਤਰੀਕੇ ਨਾਲ ਦਾਰੂ ਤਿਆਰ ਕਰਨਾ ਦੀ ਭਾਵੇਂ ਮਨਾਹੀ ਹੈ। ਫਾਰਮਾ ਵਿਚ ਦਾਰੂ ਦੇ ਸ਼ੌਕੀਨ ਦਾਰੂ ਤਿਆਰ ਕਰਨ ਦੇ ਢੰਗ ਤਰੀਕੇ ਕੱਢ ਹੀ ਲੈਂਦੇ ਹਨ। ਕੰਮ ਧੰਦੇ ਵੇਲੇ ਫਾਰਮ 'ਚ ਕੰਮ ਕਰਨ ਵਾਲੇ ਕਿਸਾਨਾਂ ਲਈ ਇਹ ਦਾਰੂ ਬੜੀ ਗੁਣਕਾਰੀ ਪਦਾਰਥ ਹੈ। ਇਹ ਪੰਜਾਬ 'ਚ ਦੇਸੀ ਢੰਗ ਨਾਲ ਤਿਆਰ ਕੀਤੀ ਜਾਂਦੀ ਦਾਰੂ ਤੋਂ ਕਿਤੇ ਬਿਹਤਰ ਅਤੇ ਕੁਆਲਟੀ ਦੀ ਹੁੰਦੀ ਹੈ। ਇਹ ਗੱਲ ਪੱਕੀ ਹੈ ਕਿ ਦੇਸੀ ਬੰਦਾ ਆਪਣੇ ਸਵਾਦ ਤੇ ਜੀਭ ਦੇ ਸੁਵਾਦ ਲਈ ਦੇਸੀ ਦਾਰੂ ਦਾ ਜੁਗਾੜ ਕਰ ਹੀ ਲੈਂਦਾ ਹੈ। ਚਾਹੇ ਕਿਤੇ ਵੀ ਚਲੇ ਜਾਵੇ।

## ਸਫ਼ਾ 1 ਦੀ ਬਾਕੀ — ਯਾਦਗਾਰੀ ਫਿਲਮ ਉਸਕੀ ਰੋਟੀ...

ਸੁੱਚਾ ਸਿੰਘ ਦੀ ਨਾਰਾਜ਼ਗੀ ਖਤਮ ਹੋ ਚੁੱਕੀ ਹੁੰਦੀ ਹੈ, ਪਰ ਬਾਲੋ ਦਾ ਡਰ ਹਾਲੇ ਵੀ ਕਾਇਮ ਹੁੰਦਾ ਹੈ, ਉਹ ਉਦੋਂ ਹੀ ਸੋਚ ਲੈਂਦੀ ਹੈ ਕਿ ਕੋਈ ਐਸੀ ਗੱਲ ਨਹੀਂ ਕਰੇਗੀ, ਜਿਸ ਨਾਲ ਸੁੱਚਾ ਸਿੰਘ ਨਾਰਾਜ਼ ਹੋ ਜਾਵੇ।

ਉਹ ਡਰਦੀ ਹੋਈ ਸੁੱਚਾ ਸਿੰਘ ਨੂੰ ਪੁੱਛਦੀ ਹੈ, ਤੁਸੀਂ ਮੰਗਲਵਾਰ ਨੂੰ ਘਰ ਆਓਗੇ...

ਸੁੱਚਾ ਸਿੰਘ ਕਹਿੰਦਾ, ਹਾਂ ਆਵਾਂਗਾ..ਪਰਸੋਂ ਆਵਾਂਗਾ....

ਇਹ ਕਹਿੰਦਿਆਂ ਉਹ ਬਾਲੋ ਦੇ ਮੋਢੇ 'ਤੇ ਹੱਥ ਰੱਖਦਾ ਹੈ ਤੇ ਬੱਸ ਵੱਲ ਤੁਰ ਪੈਂਦਾ ਹੈ। ਮੋਢੇ 'ਤੇ ਰੱਖਿਆ ਇਹ ਹੱਥ ਉਸ ਲਈ ਬੜਾ ਵੱਡਾ ਹੌਸਲਾ ਅਤੇ ਸਹਾਰਾ ਹੁੰਦਾ ਹੈ, ਉਸ ਦੀਆਂ ਸੋਚਾਂ ਤੋਂ ਕਿਤੇ ਉੱਚਾ ਤੇ ਵੱਡਾ।

ਉਸ ਦੀਆਂ ਅੱਖਾਂ ਵਿੱਚ ਹੰਝੂ ਹੁੰਦੇ ਹਨ। ਦਰਅਸਲ ਇਹ ਉਸ ਦੀ ਉਮੀਦ ਤੋਂ ਕਿਤੇ ਵੱਡੀ ਚੀਜ਼ ਵਾਪਰ ਗਈ ਹੁੰਦੀ ਹੈ। ਮੋਹਣ ਰਕੇਸ਼ ਨੇ ਇਕ ਕਹਾਣੀ ਰਾਹੀਂ ਉਸ ਔਰਤ ਦੀ ਮਨੋਦਸ਼ਾ ਦਾ ਬਾਖ਼ੂਬੀ ਵਰਣਨ ਕੀਤਾ ਹੈ, ਜੋ ਸਮਾਜ 'ਚ ਰਹਿੰਦਿਆਂ ਡਰੀ ਹੋਈ ਹੈ, ਜਿਸ ਦਾ ਰਿਸ਼ਤਿਆਂ ਵਿੱਚੋਂ ਯਕੀਨ ਉੱਠਦਾ ਜਾ ਰਿਹਾ ਹੁੰਦਾ ਹੈ। ਇਕ ਸ਼ਾਨਦਾਰ ਮਨੋਵਿਗਿਆਨਕ ਕਹਾਣੀ 'ਤੇ ਬਣੀ 'ਉਸਕੀ ਰੋਟੀ' ਬੁੱਧੀਜੀਵੀ ਵਰਗ ਦੇ ਵੇਖਣ ਵਾਲੀ ਫਿਲਮ ਹੈ।

—ਸੰਪਰਕ 98141-63071

## ਸਫ਼ਾ 1 ਦੀ ਬਾਕੀ — ਮਾਰਕਸਵਾਦ ਸਦਾ ਰਾਹ-ਦਸੇਰਾ...

ਗਿਆ। ਇਸ ਤਰ੍ਹਾਂ ਦਸ ਘੰਟਿਆਂ ਦਾ ਬਿੱਲ ਨਾ ਸਿਰਫ ਮਹਾਨ ਰਾਜਨੀਤਕ ਸਫਲਤਾ ਸੀ, ਸਗੋਂ ਇਹ ਇੱਕ ਸਿਧਾਂਤਕ ਜਿੱਤ ਵੀ ਹੈ; ਇਹ ਪਹਿਲੀ ਵਾਰ ਸੀ ਜਦੋਂ ਚਿੱਟੇ ਦਿਨ ਕਿਰਤੀ ਜਮਾਤ ਦੀ ਰਾਜਨੀਤਕ-ਆਰਥਿਕਤਾ ਦੇ ਸਾਹਮਣੇ ਮੱਧ ਵਰਗ ਦੀ ਰਾਜਨੀਤਕ ਆਰਥਿਕਤਾ ਨੇ ਗੋਡੇ ਟੇਕੇ ਹਨ।" (ਮਾਰਕਸ-ਪਹਿਲੀ ਕੌਮਾਂਤਰੀ ਦਾ ਉਦਘਾਟਨੀ ਸੰਬੋਧਨ 1864 ਵਿਚ)

This struggle about the legal restriction of the hours of labour raged the more fiercly since, apart from frightened avarice, it told indeed upon the great contest between the blind rule of the supply and demand laws which form the political economy of middle class, and social production controlled by economic foresight which forms the political economy of the working class,Hence the ten hours bill was not only a great practical success,it was the victory of aprinciple; it was the first time that in broad daylight the political economy of middle class succumbed to the political economy of the working class. ਫਲਸਫਾ ਰੂਹਾਨੀ ਹਥਿਆਰਾਂ ਦੀ ਵਰਤੋਂ ਕਰਨ ਉਪਰੰਤ, ਹਥਿਆਰ ਸੰਤੋਖਣ ਦੀ ਮੱਤ ਨਹੀਂ ਦਿੰਦਾ, ਸਗੋਂ ਹੋਰ ਸ਼ੁੱਧਤਾ ਅਤੇ ਨਿਪੁੰਨਤਾ ਨਾਲ ਵਰਤੋਂ ਕਰਨ ਦੀ ਸੇਧ ਦਿੰਦਾ ਹੈ।

(ਚਲਦਾ)

## ਸਫ਼ਾ 3 ਦੀ ਬਾਕੀ — ਸ਼ਬਦ ਸ਼ਕਤੀ ਦੇ ਮਹੱਤਵ...

ਕੇ ਬੇਬਾਕੀ ਨਾਲ ਲਿਖਿਆ ਹੈ, ਬਹੁਤੇ ਲੇਖਕ ਅਜਿਹਾ ਜੋਖਮ ਉਠਾਉਣ ਦੀ ਜੁਰਅਤ ਨਹੀਂ ਕਰਦੇ।

ਡਾ. ਅਨੂਪ ਸਿੰਘ ਨੇ ਸਮਕਾਲੀ ਘਟਨਾਵਾਂ ਦੀ ਦੁਖਦੀ ਰਗ 'ਤੇ ਵੀ ਹੱਥ ਰੱਖਿਆ ਹੈ। ਇੰਫਾਲ ਦੀ ਜਨਨੀ ਮਨੀਪੁਰ ਦੀ ਧੀ ਇਰੋਮ ਸ਼ਰਮੀਲ 'ਤੇ ਉਸ ਦੀ ਮਾਂ ਨੂੰ ਸਟੇਟ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ ਸੀ। ਮਨੁੱਖੀ ਅਧਿਕਾਰਾਂ ਲਈ ਲੜਦਿਆਂ ਇਰੋਮ ਨੇ ਵਿਸ਼ਵ ਦੀ ਸਭ ਤੋਂ ਲੰਮੀ ਭੁੱਖ- ਹੜਤਾਲ ਕੀਤੀ। ਉਸ ਨੇ ਨਿਵੇਕਲਾ ਇਤਿਹਾਸ ਸਿਰਜਿਆ। ਦੱਖਣੀ ਕੋਰੀਆ ਵੱਲੋਂ ਇਰੋਮ ਨੂੰ 11 ਨਵੰਬਰ 2018 ਨੂੰ 'ਗਵਾਂਗਜੂ' ਸਨਮਾਨ ਦਿੱਤਾ ਗਿਆ। ਉਸ ਦਾ ਰਾਸ਼ਟਰ ਵਿਰੁੱਧ ਇੰਨਾ ਹੀ ਗੁਨਾਹ ਸੀ ਕਿ ਉਸ ਨੇ 10 ਬੇਗੁਨਾਹ ਲੋਕ ਜਿਹੜੇ ਬੱਸ ਦੀ ਉਡੀਕ ਵਿੱਚ ਬੱਸ ਸਟੈਂਡ 'ਤੇ ਖੜੇ ਸਨ, ਉਹਨਾਂ ਨੂੰ ਸੁਰੱਖਿਆ ਬਲਾਂ ਨੇ ਬਿਨਾਂ ਕਾਰਨ ਗੋਲੀਆਂ ਮਾਰ ਦਿੱਤੀਆਂ ਸਨ। ਇਰੋਮ ਸ਼ਰਮੀਲਾ ਇਹ ਭਿਆਨਕ ਕਤਲੇਆਮ ਦੇਖ ਨਾ ਸਕੀ, ਉਸ ਨੇ ਜਾਬਰ ਕਾਨੂੰਨ ਵਿਰੁੱਧ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਸੀ। ਲੱਗਭੱਗ ਪੌਣੇ 16 ਸਾਲ ਭੁੱਖ ਹੜਤਾਲ ਚੱਲੀ, ਉਸ ਨੂੰ ਨੱਕ ਰਾਹੀਂ ਧੱਕੇ ਨਾਲ ਖੁਰਾਕ ਦਿੱਤੀ ਜਾਂਦੀ ਰਹੀ। ਅਜਿਹੇ ਵਰਤਾਰਿਆਂ ਬਾਰੇ ਡਾ. ਅਨੂਪ ਸਿੰਘ ਟਿੱਪਣੀ ਕਰਦਾ ਹੈ :

'ਭਾਰਤ ਦੇ 80% ਹੇਠਲੇ ਲੋਕ ਸੰਕਟ ਸਥਿਤੀ ਵਿੱਚ ਪੁਲਸ ਪਾਸ ਜਾਣ ਤੋਂ ਪਹਿਲਾਂ 100 ਵਾਰ ਝਿਜਕਦੇ, ਸੋਚਦੇ ਹਨ।' (ਪੰਨਾ : 172)

'ਮਾਂ' ਅਤੇ 'ਮਾਂ ਸਰਵ ਸ੍ਰੇਸ਼ਟ' ਨਿਬੰਧ ਵਿੱਚ ਲੇਖਕ ਨੇ ਬੜੀ ਡੂੰਘੀ ਅਤੇ ਨਿੱਘੀ ਭਾਵਨਾ ਨਾਲ 'ਮਾਂ' ਸ਼ਬਦ ਦੀ ਖੋਜ ਕੀਤੀ ਹੈ। ਉਸ ਅਨੁਸਾਰ :

'ਅੱਜ ਦੁਨੀਆ ਵਿੱਚ 116 ਵਿੱਚੋਂ 80 ਭਾਸ਼ਾਵਾਂ ਵਿੱਚ 'ਮਾਂ' ਸ਼ਬਦ ਲਈ ਵਰਤਿਆ ਜਾਂਦਾ 'ਮ' ਅੱਖਰ/ਧੁਨੀ ਤੋਂ ਸ਼ੁਰੂ ਹੁੰਦਾ ਹੈ।' ਲੇਖਕ ਨੇ ਕੁਝ ਉਦਾਹਰਣਾਂ ਵੀ ਦਿੱਤੀਆਂ ਹਨ : ਮਦਰ (ਅੰਗਰੇਜ਼ੀ) ਮਾਂ 'ਮਾਮਾ' (ਚੀਨੀ) 'ਮਾਦਰੇ' 'ਮਾਮਾ' (ਸਪੈਨਿਸ਼) ਅਤੇ ਮਾਤਾ ਮਾਂਜੀ (ਹਿੰਦੀ) ਮਾਏ (ਪੁਰਤਗੀਜ਼) ਮਾਤ੍ਰ (ਸੰਸਕ੍ਰਿਤ) ਮਾਤ (ਰੂਸੀ) ਮੁੱਟਾਅ (ਜਰਮਨ) ਇਮਾਕ (ਮਲਾਈਅਨ) ਅੰਮੀ (ਉਰਦੂ) ਉਮ (ਅਰਬੀ) ਵਿੱਚ 'ਮ' ਸ਼ਬਦ ਪਿੱਛੋਂ ਆਉਂਦਾ ਹੈ। (ਪੰਨਾ : 175)

ਪਰਵਾਰ ਵਿੱਚ 'ਮਾਂ' ਦੀ ਮਹੱਤਤਾ ਦੱਸਦਿਆਂ ਲੇਖਕ ਫਿਕਰ ਕਰਦਾ ਹੈ ਕਿ ਅਜੋਕੀ ਪੀੜ੍ਹੀ ਮਾਂ ਦੀ ਮਹੱਤਤਾ ਨੂੰ ਨਜ਼ਰ-ਅੰਦਾਜ਼ ਕਰਨ ਲੱਗੀ ਹੈ। ਮਾਂ ਬਿਰਧ ਆਸ਼ਰਮ ਵਿੱਚ ਬੈਠ ਕੇ ਮੌਤ ਦੀ ਉਡੀਕ ਕਰਨ ਲਈ ਮਜਬੂਰ ਹੈ। ਸੱਚਮੁੱਚ ਜ਼ਿੰਦਗੀ ਦੀਆਂ ਵੱਡੀਆਂ ਚੀਜ਼ਾਂ ਨੂੰ ਅਸੀਂ ਉਦੋਂ ਪਛਾਣਦੇ ਹਾਂ, ਜਦ ਅਸੀਂ ਉਹਨਾ ਨੂੰ ਗੁਆ ਲੈਂਦੇ ਹਾਂ।

ਪੁਸਤਕ ਦੇ ਆਖੀਰ ਵਿੱਚ ਗੁਰੂ ਨਾਨਕ ਜੀ ਬਾਰੇ ਦੋ ਨਿਬੰਧ ਹਨ। ਪਹਿਲੇ ਨਿਬੰਧ ਵਿੱਚ ਲੇਖਕ ਨੇ ਆਪਣੇ ਪਰਵਾਰ ਸਮੇਤ ਕਸ਼ਮੀਰ ਦੀ ਯਾਤਰਾ ਸਮੇਂ ਆਪਣੇ ਅਨੁਭਵਾਂ ਦਾ ਜ਼ਿਕਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਧਰਤੀ ਉੱਪਰ ਜਿੱਥੇ-ਜਿੱਥੇ ਚਰਨ ਪਾਏ, ਉਹ ਧਰਤੀ ਭਾਗਾਂ ਭਰੀ ਹੋ ਗਈ। ਉੱਥੇ ਗੁਰੂ ਘਰ ਉਸਾਰੇ ਗਏ, ਉੱਥੇ ਸੰਗਤ ਜੁੜਨ ਲੱਗੀ। ਦੂਜੇ ਨਿਬੰਧ ਵਿੱਚ ਲੇਖਕ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ, ਆਦਰਸ਼, ਰੱਬ ਦਾ ਸੰਕਲਪ, ਰੱਬ ਦੀ ਹੋਂਦ, ਪ੍ਰਤੱਖ ਅਤੇ ਅਪ੍ਰਤੱਖ ਦੇ ਭੇਦ ਬਾਰੇ ਵਰਨਣ ਕੀਤਾ ਹੈ। 'ਗੁਰੂ ਨਾਨਕ ਦਾ ਰੱਬ, ਸ਼ਬਦ ਸੁਰ ਵਿੱਚ ਹੈ, ਸੰਗੀਤ ਵਿੱਚ ਹੈ, ਪ੍ਰਗੀਤ ਵਿੱਚ ਹੈ, ਰੱਬ ਮਨੁੱਖੀ ਸਦਗੁਣਾਂ ਵਿੱਚ ਹੈ। ਇਸ ਲਈ ਗੁਰੂ ਨਾਨਕ ਦਾ ਰੱਬ, ਈਰਖਾ-ਦਵੈਤ ਵਿੱਚ ਨਹੀਂ ਹੋ ਸਕਦਾ।' (ਪੰਨਾ : 204)

ਆਖਰ ਵਿੱਚ ਮੈਂ ਦਾਅਵੇ ਨਾਲ ਆਖ ਸਕਦਾ ਹਾਂ ਪੁਸਤਕ 'ਸ਼ਬਦ ਦੀ ਅਜ਼ਮਤ' ਪੜ੍ਹ ਕੇ ਪਾਠਕ ਆਪਣੇ ਅੰਦਰ ਇੱਕ ਨਵੀਂ ਤਰ੍ਹਾਂ ਦੀ ਭਰਪੂਰ ਊਰਜਾ ਮਹਿਸੂਸ ਕਰਦਾ ਹੈ। ਬੋਲਣ ਦੀ ਜਾਚ, ਸ਼ਬਦਾਂ ਨੂੰ ਵਰਤਣ ਦੀ ਜਾਚ, ਸਮਕਾਲੀ ਮਸਲਿਆਂ ਨੂੰ ਪਛਾਨਣ ਅਤੇ ਉਹਨਾ ਨੂੰ ਹੱਲ ਕਰਨ ਦੀ ਜਾਚ ਜਿਹੀਆਂ ਜਾਣਕਾਰੀਆਂ, ਉਸ ਦੀ ਸ਼ਖਸੀਅਤ ਵਿੱਚ ਢੇਰ ਵਾਧਾ ਕਰਦੀਆਂ ਹਨ। ਇਸ ਦੇ ਨਾਲ-ਨਾਲ ਸਮਾਜ ਵਿੱਚ ਕਿਵੇਂ ਵਿਚਰਨਾ ਹੈ, ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਫਲਸਫੇ ਨੂੰ ਕਿਵੇਂ ਸਮਝਣਾ ਹੈ, ਇਹ ਜਾਨਣ ਲਈ 'ਸ਼ਬਦ ਦੀ ਅਜ਼ਮਤ' ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

ਮੋਬਾ 98147-83069

# ਮਿੰਨੀ ਕਹਾਣੀਆਂ

## ਸੇਵਾ

"ਧੀਏ ਆ ਗਈ ਐਂ ਤਾਂ ਘੁੱਟ ਚਾਹ ਈ ਬਣਾ ਦੇ। ਬੜੇ ਚਿਰ ਦਾ ਸਿਰ ਦੁਖੀ ਜਾਂਦੈ। ਠੰਢ ਜੀ ਲੱਗ ਗਈ ਜਾਪਦੀ ਐ।" ਬਜ਼ੁਰਗ ਸੀਤਾ ਨੇ ਆਪਣੀ ਨੂੰਹ ਅੰਜਲੀ ਨੂੰ ਕਿਹਾ।

"ਬਣਾ ਦਿੰਨੀਂ ਐਂ। ਅਗਲੇ ਨੂੰ ਘਰ ਤਾਂ ਵੜ ਲੈਣ ਦਿਆ ਕਰੋ। ਪਹਿਲਾਂ ਈ ਸਵਾਲ ਖੜ੍ਹਾ ਹੁੰਦੈ। ਇੰਝ ਨਹੀਂ ਸੋਚਣਾ ਬਈ ਅਗਲਾ ਵੀ ਹੰਡਿਆ-ਹਾਰਿਆ ਬਜ਼ਾਰੋਂ ਆਇਐ। ਦੋ ਮਿੰਟ ਸਾਹ ਲੈ ਲੈਣ ਦੇਈਏ।" ਗੁੱਸੇ ਨਾਲ ਬੋਲਦੀ ਹੋਈ ਅੰਜਲੀ ਅੰਦਰ ਲੰਘ ਗਈ ਤੇ ਨਾਲ ਹੀ ਉਹਦੀ ਧੀ ਮੀਨਾਕਸ਼ੀ।

"ਮੰਮੀ, ਕਿਉਂ ਐਵੇਂ ਬੋਲੀ ਜਾਨੇਂ ਓਂ? ਲਿਆਓ ਸਾਮਾਨ ਮੈਨੂੰ ਫੜਾ ਦਿਓ, ਮੈਂ ਰੱਖ ਦਿੰਨੀਂ ਆਂ। ਤੁਸੀਂ ਅਰਾਮ ਕਰ ਲਓ। ਮੈਂ ਆਪੇ ਦਾਦੀ-ਮਾਂ ਨੂੰ ਚਾਹ ਬਣਾ ਦਿੰਨੀਂ ਆਂ।" ਮੀਨਾਕਸ਼ੀ ਨੇ ਕਿਹਾ।

"ਪਹਿਲਾਂ ਉਹਦਾ ਮੱਥਾ ਡੰਮ੍ਹ .. ਹਾਂ ਭੋਰਾ ਪਾਣੀ ਵੱਧ ਪਾ ਲੀਂ, ਮੈਂ ਵੀ ਲੈ ਲੂੰਗੀ ਘੁੱਟ।" ਕਹਿੰਦੀ ਹੋਈ ਅੰਜਲੀ ਬੈੱਡ ਉੱਤੇ ਢੋਅ ਲਾ ਕੇ ਬੈਠ ਗਈ।

ਮੀਨਾਕਸ਼ੀ ਨੇ ਸਾਮਾਨ ਰੱਖ, ਗੈਸ ਉੱਤੇ ਚਾਹ ਧਰ ਦਿੱਤੀ। ਉਹਨੇ ਚਾਹ ਅਜੇ ਪੁਣੀ ਹੀ ਸੀ ਕਿ ਬਾਹਰ ਡੋਰ ਬੈੱਲ ਵੱਜ ਗਈ। ਮੀਨਾਕਸ਼ੀ ਨੇ ਦੇਖਿਆ, ਗਵਾਂਢ ਵਿੱਚੋਂ ਮੰਮੀ ਦੀ ਸਹੇਲੀ ਸੀ, "ਆ ਜੋ ਅੰਟੀ ਜੀ, ਮੰਮੀ ਘਰ ਈ ਨੇ ਅੰਦਰ ਬੈੱਡ ਰੂਮ 'ਚ।"

ਸਹੇਲੀ ਅੰਦਰ ਲੰਘ ਗਈ। ਅੰਜਲੀ ਨੂੰ ਕਹਿਣ ਲੱਗੀ, "ਅਰਾਮ ਨਾਲ ਬੈਠੀ ਐਂ, ਡੇਰੇ ਨਹੀਂ ਜਾਣਾ?"

"ਲੈ ,ਮੈਂ ਕਮਲੀ ਤਾਂ ਭੁੱਲ ਈ ਗਈ ਸੀ। ਯਾਦ ਕੀ ਰਹਿਣੈ! ਸਾਰਾ ਦਿਨ ਸੱਸ ਮੇਰੀ ਬੋਲੀ ਜਾਂਦੀ ਐ। ਦਿਮਾਗ ਖਾ ਛੱਡਿਐ.. ਬੱਸ ਚਲਦੇ ਆਂ, ਦੋ ਘੁੱਟ ਚਾਹ ਪੀ ਲਈਏ।" ਕਹਿੰਦੇ ਹੋਏ ਅੰਜਲੀ ਨੇ ਮੀਨਾਕਸ਼ੀ ਨੂੰ ਆਵਾਜ਼ ਦਿੱਤੀ, "ਆਪਣੀ ਦਾਦੀ ਲਈ ਫੇਰ ਬਣਾ ਦੀਂ ਚਾਹ, ਪਹਿਲਾਂ ਠਾਰ ਕੇ ਸਾਨੂੰ ਦੇ ਜਾ ਦੋ ਕੱਪ ਚਾਹ, ਅਸੀਂ ਡੇਰੇ ਜਾਣੈ।"

- ਸ਼ਾਮ ਸੁੰਦਰ ਕਾਲੜਾ

## ਬਲੈਂਕ ਕਾਲ

ਟੈਲੀਫੋਨ ਦੀ ਘੰਟੀ ਵੱਜਦੀ ਹੈ।
"ਹੈਲੋ ਹੈਲੋ ? ਹੈਲੋ ?"

ਪਿਛਲੇ ਵੀਹਾਂ ਮਿੰਟਾਂ ਵਿਚ ਚਾਰ ਵਾਰ ਇੰਜ ਹੀ ਬਲੈਂਕ ਕਾਲਾਂ ਆਈਆਂ ਹਨ ਅਤੇ ਹਰ ਵਾਰ ਵਰਮਾ ਸਾਹਿਬ ਪਰੇਸ਼ਾਨ ਹੋ ਕੇ ਰਹਿ ਗਏ ਹਨ।

"ਪਤਾ ਨਹੀਂ ਕੌਣ ਐ? ਐਵੇਂ ਤੰਗ ਕਰੀ ਜਾਂਦੇ ਐ ..ਦੁਨੀਆ ਕੋਲ ਸਾਲਾ ਪੈਸਾ ਵਾਧੂ ਆਇਆ ਲੱਗਦਾ। ਲੋਕਾਂ ਨੇ ਆਪਣੇ ਨਿਆਣੇ ਵਿਗਾਡ ਰੱਖੇ ਨੇ।" ਵਰਮਾ ਸਾਹਿਬ ਗੁੱਸੇ ਵਿਚ ਲਾਲ ਪੀਲੇ ਹੋਏ ਸ੍ਰੀਮਤੀ ਵਰਮਾ ਨੂੰ ਮੁਖਾਤਿਬ ਹੁੰਦੇ ਹਨ।

"ਕੁਮਾਰ ਦੇ ਘਰ ਐਂ ਈ ਕਾਲਾਂ ਆਉਂਦੀਆਂ ਸਨ, ਜੇ ਕੋਈ ਮਰਦ ਚੁੱਕਦਾ ਤਾਂ ਕੱਟ ਦਿੰਦਾ, ਤੇ ਜੇ ਕੋਈ ਔਰਤ ਚੁੱਕਦੀ ਤਾਂ ਉਲਟੀਆਂ-ਸਿੱਧੀਆਂ ਗੱਲਾਂ ਕਰਨ ਲੱਗ ਜਾਂਦਾ। ਉਹਨੇ ਆਈ.ਡੀ. ਕਾਲਰ ਲਵਾਇਆ ਹੁਣ।" ਸ੍ਰੀਮਤੀ ਵਰਮਾ ਨੇ ਵਰਮਾ ਸਾਹਿਬ ਨੂੰ ਚਾਹ ਫੜਾਉਂਦਿਆਂ ਕਿਹਾ।

"ਮੁੰਡੇ ਈ ਨਹੀਂ, ਕੁੜੀਆਂ ਵੀ ਵਿਗੜੀਆਂ ਨੇ ਅੱਜਕੱਲ੍ਹ। ਪ੍ਰੋਫੈਸਰ ਸੁਰਜੀਤ ਦੇ ਘਰ ਕਿਸੇ ਕੁੜੀ ਦੇ ਫੋਨ ਆਉਂਦੇ ਐ, ਜਿਹੜੀ ਬਸ ਮਰਦਾਂ ਨਾਲ ਈ ਟਾਈਮ ਪਾਸ ਕਰਨ ਲਈ ਗੱਲਾਂ ਕਰਦੀ ਐ। ਅੱਜਕੱਲ੍ਹ ਦੇ ਮੁੰਡੇ-ਕੁੜੀਆਂ ਨੂੰ ਤਾਂ ਅੱਗ ਲੱਗੀ ਹੋਈ ਐ।"

ਵਰਮਾ ਸਾਹਿਬ ਮੱਥਾ ਤਿਊੜੀਆਂ ਨਾਲ ਭਰਦੇ ਹਨ।

"ਕੀ ਗੱਲ ਹੋਈ ਮੰਮੀ?" ਵਰਮਾ ਸਾਹਿਬ ਦੇ ਜਵਾਨ ਬੱਚੇ ਸਮੀਰ ਤੇ ਅੰਜੂ ਬੈਠਕ ਵਿਚ ਦਾਖਲ ਹੁੰਦਿਆਂ ਪੁੱਛਦੇ ਹਨ। ਸ੍ਰੀਮਤੀ ਵਰਮਾ ਗੱਲ ਦੱਸਦੀ ਹੈ।

'ਸ਼ਾਇਦ ਸ਼ਮਾਂ ਦਾ ਹੋਵੇਗਾ। ਕੱਲ੍ਹ ਈ-ਮੇਲ ਕੀਤਾ ਸੀ ਤਾਂ ਮੈਂ ਲਿਖਿਆ ਸੀ ਕਿ ਸਵੇਰੇ ਨੌਂ ਵਜੇ ਫੋਨ ਕਰੀਂ। ਪਰ ਅਜੇ ਤਾਂ ਸਾਢੇ ਸੱਤ ਈ ਹੋਏ ਹਨ। ਐਤਕੀਂ ਫੋਨ ਆਇਆ ਤਾਂ ਮੈਂ ਹੀ ਚੁੱਕਾਂਗਾ।' ਸਮੀਰ ਸੋਚਦਾ ਹੈ।

'ਸ਼ਾਇਦ ਵਿਜੇ ਦਾ ਹੋਵੇਗਾ? ਦੋ ਦਿਨਾਂ ਤੋਂ ਨਾ ਤਾਂ ਮੈਂ ਉਸ ਨੂੰ ਮਿਲੀ ਹਾਂ ਤੇ ਨਾ ਹੀ ਕੋਈ ਫੋਨ ਕੀਤਾ। ਇਹ ਮੈਨੂੰ ਜ਼ਰੂਰ ਮਰਵਾਏਗਾ। ਮੈਂ ਕਿੰਨੀ ਵਾਰ ਕਿਹਾ ਹੈ ਕਿ ਮੈਂ ਆਪ ਹੀ ਫੋਨ ਕਰ ਲਵਾਂਗੀ, ਪਰ ਇਹ ਕਦੇ ਵੀ ਨਹੀਂ ਸਮਝਦਾ।' ਅੰਜੂ ਦੇ ਅੰਦਰ ਡਰ ਪਸਰ ਰਿਹਾ ਹੈ।

ਵਰਮਾ ਸਾਹਿਬ ਅਖਬਾਰ ਵਿਚ ਖੁੱਭੇ ਹਨ। ਸ੍ਰੀਮਤੀ ਵਰਮਾ ਮੈਗਜ਼ੀਨ ਵਿਚ ਰੁੱਝ ਗਈ। ਸਮੀਰ ਤੇ ਅੰਜੂ ਚਾਹ ਦੀਆਂ ਚੁਸਕੀਆਂ ਲੈ ਰਹੇ ਹਨ ਕਿ ਅਚਾਨਕ ਫਿਰ..

ਸਮੀਰ ਅਹੁਲ ਕੇ ਫੋਨ ਨੂੰ ਪਿਆ, ਪਰ ਚੁੱਕਣ ਤੋਂ ਪਹਿਲਾਂ ਹੀ ਫੋਨ ਦੀ ਘੰਟੀ ਬੰਦ ਹੋ ਗਈ।

- ਹਰਮਨਜੀਤ

## ਸਫ਼ਾ 2 ਦੀ ਬਾਕੀ — ਹੇ ਜੰਗਲ ! ਅਸੀਂ, ਇਤਿਹਾਸ...

ਹੋ ਜਾਵੇਗਾ। ਪਹਿਲਾਂ ਹੀ ਘਟਦੇ ਰੁੱਖਾਂ ਕਾਰਨ ਜੀਵ ਜੰਤੂਆਂ 66,000 ਜਾਤੀਆਂ ਨੂੰ ਖ਼ਤਰਾ ਪੈਦਾ ਹੋ ਗਿਆ ਹੈ।

ਅੱਜ ਅਸੀਂ ਅਫ਼ਰੀਕੀ ਸ਼ਹਿਰਾਂ ਬਾਰੇ ਪੜ੍ਹਦੇ ਹਾਂ, "..ਇਕ ਬਹੁਤ ਵੱਡਾ ਵੀਰਾਨ ਮਾਰੂਥਲ ਹੈ। ਬਨਸਪਤੀ ਹੀਣ। ਤਪਦੀ ਭੂਮੀ। ਮ੍ਰਿਗ ਤ੍ਰਿਸ਼ਨਾ।" ਜੇਕਰ ਪ੍ਰਚੱਲਤ ਸਥਿਤੀਆਂ ਇਵੇਂ ਹੀ ਰਹੀਆਂ, ਜੇ ਅਸੀਂ ਨਾ ਸੰਭਲੇ ਤਾਂ, ਤਦ ਅੱਜ ਤੋਂ ਇਕ ਅੱਧ ਸਦੀ ਬਾਅਦ ਵਿਦਿਆਰਥੀ ਭਾਰਤ ਦੇ ਸੰਦਰਭ 'ਚ ਇਸ ਤਰ੍ਹਾਂ ਪੜ੍ਹਿਆਂ ਕਰਨਗੇ, "ਇੱਕੀਵੀਂ ਸਦੀ ਦੇ ਅੱਧ ਤੱਕ ਭਾਰਤ ਇਕ ਹਰਿਆ-ਭਰਿਆ ਤੇ ਸੰਘਣੀ ਆਬਾਦੀ ਵਾਲਾ ਖ਼ਿੱਤਾ ਹੁੰਦਾ ਸੀ। ਇਹ ਦੁਨੀਆ ਦੇ ਅਤਿ-ਆਧੁਨਿਕ ਤੇ ਸੰਘਣੀ ਅਤੇ ਉਨਤ ਖੇਤੀ ਵਾਲੇ ਦੇਸ਼ਾਂ ਵਿੱਚ ਸ਼ੁਮਾਰ ਸੀ, ਪਰ ਵਸੋਂ ਦੇ ਬੇ-ਮੁਹਾਰ ਵਾਧੇ ਅਤੇ ਧੰਨ-ਕੁਬੇਰਾਂ ਨੇ ਜੰਗਲਾਂ ਨੂੰ ਨਿਗਲ ਲਿਆ। ਰੁੱਖਾਂ ਦੀ ਤਬਾਹੀ ਐਨੀ ਬੇ-ਕਿਰਕੀ ਨਾਲ ਕੀਤੀ ਗਈ ਕਿ ਮੀਂਹ ਗਾਇਬ ਹੋ ਗਏ। ਭੌਂ-ਖੋਰ ਤੇ ਜਲ ਸੰਕਟ ਵਧਿਆ। ਅੰਤ ਭੂਮੀ ਬੰਜਰ ਬਣ ਕੇ ਥਾਰ ਬਣ ਗਈ। ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਗਏ। ਅੱਜ ਇਹ ਉਪ-ਮਹਾਂਦੀਪ ਮੱਧ ਏਸ਼ੀਆਈ ਮਾਰੂਥਲ ਨਾਲ ਮੇਲ ਖਾਂਦਾ ਹੈ। ਕਿਧਰੇ-ਕਿਧਰੇ ਘੁਮੱਕੜ ਲੋਕ ਪਾਣੀ ਅਤੇ ਖੁਰਾਕ ਦੀ ਭਾਲ ਵਿੱਚ ਭਟਕਦੇ ਦਿਖਾਈ ਦਿੰਦੇ ਹਨ। ਟਾਂਵੇਂ-ਟਾਂਵੇਂ ਨਖਲਿਸਤਾਨਾਂ ਵਿੱਚ ਸੀਮਤ ਜਿਹੀ ਖੇਤੀ ਵੀ ਕੀਤੀ ਜਾਂਦੀ ਹੈ ਤੇ ਭੇਡਾਂ-ਬੱਕਰੀਆਂ ਪਾਲਣ ਦਾ ਕਿੱਤਾ ਚਲਾਇਆ ਜਾਂਦਾ ਹੈ। ਇੱਥੋਂ ਦਾ ਮੁੱਖ ਵਾਹਕ ਊਠ ਹੈ ਅਤੇ ਮਨੁੱਖ ਦੀ ਜੂਨ 'ਚ ਗਧੇ।"

ਤਵਾਰੀਖੀ ਸਬਕ, ਸਾਡੇ ਬਹੁਤੇ ਪੁਰਖੇ ਵੀ ਮੱਧ ਏਸ਼ੀਆਂ 'ਚੋਂ ਆਏ ਸਨ। ਜਦੋਂ ਉਨ੍ਹਾਂ ਦੇ ਵੱਗਾਂ ਨੇ ਉੱਥੋਂ ਦੀ ਬਨਸਪਤੀ, ਰੁੱਖ ਰੁੰਡ-ਮਰੁੰਡ ਕਰ ਦਿੱਤੇ ਤਾਂ ਚਰਾਂਦਾਂ ਵੀ ਖ਼ਤਮ ਹੋ ਗਈਆਂ ਅਤੇ ਜਲ-ਕੁੰਡ ਵੀ। ਫਿਰ ਉਹ ਆਪਣੇ ਪਾਲੀਆਂ ਸਮੇਤ ਪਹਿਲਾਂ-ਪਹਿਲ ਵਰਾਸਤਾ ਸਿੰਧ, ਰਾਜਸਥਾਨ ਵਿੱਚ ਆ ਟਿਕੇ ਤੇ ਮਗਰੋਂ ਪੰਜਾਬ ਨੂੰ ਧਾਹ ਗਏ। ਉਦੋਂ ਇਹ ਖ਼ਿੱਤਾ ਸਪਤ-ਸਿੰਧੂ ਅਖਵਾਉਂਦਾ ਸੀ। ਕੀ ਇਤਿਹਾਸ ਫਿਰ ਦੁਹਰਾਇਆ ਜਾਵੇਗਾ। ਫਿਰ ਅਸੀਂ ਕਿਧਰ ਜਾਵਾਂਗੇ? ਖ਼ੈਰ! ਪੁਰਖੇ ਤਾਂ ਸ਼ਾਇਦ 'ਬੇ-ਸਮਝ' ਸਨ, ਸਬਕ ਅਸੀਂ ਵੀ ਤਾਂ ਨਹੀਂ ਨਾ ਸਿੱਖਿਆ।

ਮੁੱਕਦੀ ਗੱਲ, ਸਾਡੀ ਸੱਭਿਆਚਾਰਕ ਤਵਾਰੀਖ ਵਿੱਚ ਰੁੱਖਾਂ ਨੂੰ ਦੇਵਤੇ ਦਾ ਦਰਜਾ ਪ੍ਰਾਪਤ ਹੈ ਅਤੇ ਜੰਗਲਾਂ ਨੂੰ ਤੀਰਥਾਂ ਦਾ। ਸਾਡੇ ਪੁਰਖੇ ਤਾਂ ਦਰੱਖਤਾਂ ਨੂੰ ਮੌਲੀਆਂ ਬੰਨ੍ਹਦੇ ਸਨ। ਦਰੱਖਤ ਉਗਾਉਣਾ ਤਾਂ ਸਾਡੀ ਰਹਿਤਲ ਵਿਚ ਹੀ ਪਿਆ ਹੋਇਆ ਹੈ। ਅਸੀਂ ਹੀ ਇਸ ਨੂੰ ਭੁੱਲ ਚੁੱਕੇ ਹਾਂ। ਇਹ ਰੁੱਖ ਹੀ ਹਨ, ਜੋ ਪੰਘੂੜੇ ਤੋਂ ਲੈ ਕੇ ਅਰਥੀ ਤੀਕ ਸਾਡਾ ਸਾਥ ਦਿੰਦੇ ਹਨ।

ਮੋਬਾ. 94634-39075

CMYK

5-Nov-Sunday.qxd 11/4/2023 10:01 PM Page 2



## ਸ਼ਬਦ ਚਿੱਤਰ

# ਧੀਮੇ ਬੋਲਾਂ ਦਾ ਬੁਲੰਦ ਕਵੀ ਸੋਹਣ ਸਿੰਘ ਮੀਸ਼ਾ

ਡਾ. ਲਖਵਿੰਦਰ ਸਿੰਘ ਜੌਹਲ

ਸੋਹਣ ਸਿੰਘ ਮੀਸ਼ਾ ਮੇਰਾ ਆਦਰਸ਼ ਸੀ। ਕਿੱਤੇ ਵਿੱਚ ਵੀ। ਕਵਿਤਾ ਵਿੱਚ ਵੀ। ਮੈਨੂੰ ਅਕਸਰ ਲਗਦਾ ਹੈ ਕਿ ਧੀਮੇ-ਧੀਮੇ ਬੋਲਾਂ ਨਾਲ ਸੁਹਜਮਈ ਆਭਾ ਜਗਾਉਣ ਦਾ ਅੰਦਾਜ਼ ਮੈਂ ਉਸੇ ਤੋਂ ਸਿੱਖਿਆ ਹੈ। ਮੈਂ ਕਦੇ ਲਿਖਿਆ ਸੀ :-

ਮੇਰੇ ਕੰਨ ਵਿੱਚ
ਧੀਮਾ ਧੀਮਾ ਬੋਲੇ ਮੀਸ਼ਾ ... ... ... ...
ਮੇਰੇ ਅੰਦਰ
ਲੱਖ ਕਰੋੜਾਂ ਸ਼ਬਦ ਸਹਿਕਦੇ
ਨਵੇਂ ਨਵੇਲੇ ਸੰਚਯ ਭਾਲਣ
ਨਵੀਆਂ ਢੂੰਡਣ ਸ਼ਿਲਪਾਂ ...
(ਸਾਹਾਂ ਦੀ ਸਰਗਮ)

ਮੀਸ਼ਾ ਦੀ ਕਵਿਤਾ ਅਤੇ ਮੀਸ਼ਾ ਦਾ ਵਿਅਕਤੀਤਵ ਲੀਕ ਤੋਂ ਹਟ ਕੇ ਸੀ। ਵਿਲੱਖਣ ਸੀ। ਉਸ ਨੂੰ ਆਮ ਜ਼ਿੰਦਗੀ ਦੀਆਂ ਅਤਿ ਸਧਾਰਨ ਗੱਲਾਂ ਨੂੰ ਕਵਿਤਾ ਵਿੱਚ ਢਾਲਣਾ ਆਉਂਦਾ ਸੀ। ਪ੍ਰਾਹੁਣੀ, ਚੀਕ ਬੁਲਬਲੀ, ਦੁਸ਼ਮਣੀ ਦੀ ਦਾਸਤਾਨ, ਲੀਕ, ਵਿੱਥ ਅਤੇ ਮੋਮਜਾਮਾ ਵਰਗੀਆਂ ਉਸ ਦੀਆਂ ਕਵਿਤਾਵਾਂ, ਪੰਜਾਬੀ ਕਵਿਤਾ ਦਾ ਉਹ ਹਾਸਿਲ ਹਨ, ਜਿਨ੍ਹਾਂ ਉੱਤੇ ਜਿੰਨਾ ਵੀ ਮਾਣ ਕੀਤਾ ਜਾਵੇ, ਥੋੜ੍ਹਾ ਹੈ। ਉਹ ਮਾਨਵੀ ਭਾਵਨਾਵਾਂ ਅਤੇ ਵਿਅਕਤੀ ਕੇਂਦਰਿਤ ਸਰੋਕਾਰਾਂ ਨੂੰ ਖ਼ੂਬਸੂਰਤ ਸ਼ਬਦ ਪ੍ਰਦਾਨ ਕਰ ਸਕਦਾ ਸੀ। ਸਵੈ-ਸੰਬੋਧਨੀ ਅੰਦਾਜ਼ ਨਾਲ ਸੂਖ਼ਮ ਤੋਂ ਸੂਖ਼ਮ ਵਿਚਾਰਾਂ ਨੂੰ ਕਵਿਤਾ ਰਾਹੀਂ ਸਹਿਜ ਸੰਚਾਰ ਤੱਕ ਲੈ ਜਾਣਾ, ਉਸ ਦਾ ਮੀਰੀ ਗੁਣ ਸੀ। ... ...ਉਹ ਮੱਧ-ਸ਼੍ਰੇਣੀ ਦੀ ਆਧੁਨਿਕ ਮਾਨਸਿਕਤਾ ਨੂੰ ਸਵੈ-ਕਟਾਖ਼ਸ਼ ਅਤੇ ਇਕਬਾਲੀਆ ਬਿਆਨ ਰਾਹੀਂ ਬਹੁਤ ਖ਼ੂਬਸੂਰਤੀ ਨਾਲ ਕਵਿਤਾ ਵਿੱਚ ਉਸਾਰ ਲੈਂਦਾ ਸੀ। ਉਸ ਦੀਆਂ ਗ਼ਜ਼ਲਾਂ ਵੀ ਉਸ ਦੇ ਅਜਿਹੇ ਅੰਦਾਜ਼ ਦੀਆਂ ਖ਼ੂਬਸੂਰਤ ਮਿਸਾਲਾਂ ਹਨ-

'ਝਿਜਕਦਾ ਮੈਂ ਵੀ ਰਿਹਾ', ਆਪਣਾ ਕਮਰਾ
ਝਾੜਨ ਲਗਦਾਂ, ਉਹ ਜਦੋਂ ਮੇਰੇ ਨਾਲ ਹੁੰਦਾ ਹੈ,
ਵੇਖ ਲਿਆ ਮੈਂ ਜੁਗਨੂੰ ਫੜ ਕੇ, ਆਪਣੇ ਦਿਲ 'ਤੇ
ਨਹੀਂ ਇਤਬਾਰ ਮੈਨੂੰ ... ... ਆਦਿ ਗਜ਼ਲਾਂ ਪੰਜਾਬੀ ਗਜ਼ਲ ਦਾ ਮਾਣ ਹਨ।

ਪੰਜਾਬੀ ਕਵਿਤਾ ਵਿੱਚ ਅਜਿਹੇ ਨਿਵੇਕਲੇ ਅੰਦਾਜ਼ ਵਾਲੇ ਕਵੀ ਡਾਕਟਰ ਹਰਿਭਜਨ ਸਿੰਘ, ਤਾਰਾ ਸਿੰਘ, ਜਸਵੰਤ ਸਿੰਘ ਨੇਕੀ, ਅੰਮ੍ਰਿਤਾ ਪ੍ਰੀਤਮ ਅਤੇ ਸ਼ਿਵ ਕੁਮਾਰ ਹਨ, ਜੋ ਪੰਜਾਬੀ ਕਵਿਤਾ ਦੀ ਮੁੱਖ ਧਾਰਾ ਵਿੱਚ ਵਿਚਰਦੇ ਹੋਏ ਵੀ, ਮੁੱਖ ਸਮਕਾਲੀ ਵਿਚਾਰਧਾਰਾ ਅਤੇ ਪ੍ਰਮੁੱਖ ਸਮਕਾਲੀ ਕਾਵਿ-ਸ਼ੈਲੀ ਤੋਂ ਇਕ ਵਿੱਥ ਸਥਾਪਤ ਕਰਦੇ ਦਿਸਦੇ ਹਨ। ਪੰਜਾਬੀ ਕਵਿਤਾ ਨੇ ਅਜੇ ਇਹ ਵਿਸ਼ਲੇਸ਼ਣ ਕਰਨਾ ਹੈ ਕਿ ਕਵਿਤਾ ਦੇ ਅਜਿਹੇ ਅੰਦਾਜ਼ ਦਾ ਮਹੱਤਵ ਵੱਡਾ ਕਿਵੇਂ ਹੋ ਜਾਂਦਾ ਹੈ?

ਮੀਸ਼ਾ ਦੇ ਪੰਜ ਕਾਵਿ ਸੰਗ੍ਰਹਿ ਹਨ। ਸੰਨ 1961 ਵਿੱਚ 'ਚੌਰਸਤਾ', 1966 ਵਿੱਚ 'ਦਸਤਕ', 1972 ਵਿੱਚ 'ਧੀਮੇ ਬੋਲ' ਅਤੇ 1974 ਵਿੱਚ 'ਕੱਚ ਦੇ ਵਸਤਰ' ਦੀ ਪ੍ਰਕਾਸ਼ਨਾ ਹੋਈ। ਇਸੇ ਕਿਤਾਬ ਨੂੰ 1977 ਵਿੱਚ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। ਮੀਸ਼ਾ ਦੀ ਮੌਤ ਤੋਂ 27 ਸਾਲਾਂ ਬਾਅਦ ਉਸ ਦੀ ਚੋਣਵੀਂ ਕਵਿਤਾ ਦਾ ਸੰਗ੍ਰਹਿ 'ਚਪਲ ਚੇਤਨਾ' ਉਸ ਦੀ ਪਤਨੀ ਸੁਰਿੰਦਰ ਕੌਰ ਅਤੇ ਗੁਲਜ਼ਾਰ ਸਿੰਘ ਸੰਧੂ ਦੇ ਯਤਨਾਂ ਨਾਲ ਛਪਿਆ। ਇਸ ਵਿੱਚ ਉਸ ਦੀਆਂ ਛੇ ਅਣਛਪੀਆਂ ਕਵਿਤਾਵਾਂ ਵੀ ਸ਼ਾਮਲ ਹਨ।

ਮਾਤਾ ਗੁਣਵੰਤ ਕੌਰ ਅਤੇ ਪਿਤਾ ਇੰਦਰ ਸਿੰਘ ਦੇ ਘਰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਭੇਟ ਵਿੱਚ 30 ਅਗਸਤ, 1934 ਨੂੰ ਜਨਮੇ ਸੋਹਣ ਸਿੰਘ ਮੀਸ਼ਾ ਨੇ ਮੁਢਲੀ ਪੜ੍ਹਾਈ ਪਿੰਡ ਦੇ ਸਕੂਲ ਵਿੱਚੋਂ ਪ੍ਰਾਪਤ ਕਰਕੇ ਐੱਫ.ਏ. ਰਣਧੀਰ ਕਾਲਜ ਕਪੂਰਥਲਾ ਤੋਂ ਅਤੇ ਐੱਮ.ਏ. ਅੰਗਰੇਜ਼ੀ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਕੀਤੀ। ਇਸ ਉਪਰੰਤ ਉਹ ਸਰਕਾਰੀ ਕਾਲਜ ਸਠਿਆਲਾ ਵਿੱਚ ਕੁਝ ਸਮਾਂ ਲੈਕਚਰਾਰ ਰਹਿਣ ਉਪਰੰਤ ਅਕਾਸ਼ਵਾਣੀ ਜਲੰਧਰ ਦਾ ਪ੍ਰੋਗਰਾਮ ਪ੍ਰੋਡਿਊਸਰ ਬਣ ਗਿਆ। ਜਲੰਧਰ ਰੇਡੀਓ ਉਸ ਦੇ ਨਾਂਅ ਨਾਲ ਜਾਣਿਆ ਜਾਣ ਲੱਗਾ। ਸਾਹਿਤਕ ਪ੍ਰੋਗਰਾਮਾਂ ਦੀ ਮੁਢਲੀ ਪਿਰਤ ਸੋਹਣ ਸਿੰਘ ਮੀਸ਼ਾ ਨੇ ਹੀ ਪਾਈ ਸੀ। ਸਿਰਜਣਾ, ਦੇਸ ਪੰਜਾਬ ਅਤੇ 'ਅਖ਼ਬਾਰਾਂ ਦੀ ਰਾਏ' ਵਰਗੇ ਪ੍ਰੋਗਰਾਮਾਂ ਦੀ ਰੂਪਰੇਖਾ ਮੀਸ਼ਾ ਦੀ ਹੀ ਦੇਣ ਸੀ। ਸਾਹਿਤਕ ਪ੍ਰੋਗਰਾਮ 'ਸਿਰਜਣਾ' ਜੇਕਰ ਲੱਗਭੱਗ ਅੱਧੀ ਸਦੀ ਬੀਤ ਜਾਣ ਤੱਕ ਵੀ ਬਾਖ਼ੂਬੀ ਚੱਲ ਰਿਹਾ ਹੈ, ਤਾਂ ਇਹ ਸੋਹਣ ਸਿੰਘ ਮੀਸ਼ਾ ਦੀ ਸਿਰਜਣਾਤਮਿਕ ਦੂਰਅੰਦੇਸ਼ੀ ਦਾ ਹੀ ਸਬੂਤ ਹੈ। ... ...

ਅਕਾਸ਼ਵਾਣੀ ਦੇ ਵਿਹੜੇ ਵਿੱਚ ਕਵੀ ਦਰਬਾਰ ਕਰਵਾ ਕੇ ਉਹ ਪੰਜਾਬ ਭਰ ਦੇ ਕਵੀਆਂ ਅਤੇ ਕਵਿਤਾ ਪ੍ਰੇਮੀਆਂ ਨੂੰ ਹਰ ਸਾਲ ਇਕੱਠੇ ਹੋਣ ਅਤੇ ਕਵਿਤਾ ਦਾ ਅਨੰਦ ਮਾਨਣ ਦਾ ਮੌਕਾ ਦਿੰਦਾ। ਇਸ ਕਵੀ ਦਰਬਾਰ ਵਿੱਚ ਸ਼ਾਮਲ ਹੋਣਾ ਹਰ ਕਵੀ ਆਪਣਾ ਸੁਭਾਗ ਸਮਝਦਾ ਸੀ। ਕਾਲਜ ਦੀ ਪੜ੍ਹਾਈ ਸਮੇਂ ਅਤੇ ਅਖ਼ਬਾਰ ਦੀ ਨੌਕਰੀ ਸਮੇਂ ਮੈਂ ਕਈ ਵਾਰ ਇਸ ਕਵੀ ਦਰਬਾਰ ਵਿੱਚ ਸਰੋਤੇ ਵਜੋਂ ਸ਼ਾਮਲ ਹੋਇਆ ਸਾਂ। ਡਾਕਟਰ ਹਰਿਭਜਨ ਸਿੰਘ, ਸਾਧੂ ਸਿੰਘ ਹਮਦਰਦ, ਅਮਿਤੋਜ ਅਤੇ ਸੁਰਜੀਤ ਪਾਤਰ ਨੂੰ ਮੈਂ ਪਹਿਲੀ ਵਾਰ ਇਨ੍ਹਾਂ ਕਵੀ ਦਰਬਾਰਾਂ ਵਿੱਚ ਹੀ ਸੁਣਿਆ ਸੀ। ਖ਼ੁਦ ਮੀਸ਼ਾ ਨੂੰ ਕਵੀ ਦਰਬਾਰ ਦਾ ਸੰਚਾਲਨ ਕਰਦਿਆਂ ਵੀ ਮੈਂ ਪਹਿਲੀ ਵਾਰ ਇੱਥੇ ਹੀ ਦੇਖਿਆ।

ਫੇਰ ਅਖ਼ਬਾਰ ਵਿੱਚ ਨੌਕਰੀ ਸਮੇਂ ਮੈਂ ਅਕਾਸ਼ਵਾਣੀ ਦਾ ਨਿਯਮਤ ਸੰਚਾਲਕ ਅਤੇ ਪ੍ਰਤੀਭਾਗੀ ਬਣ ਗਿਆ। ਮੇਰੀ ਸ਼ੁਰੂਆਤ ਤਾਂ ਮੇਰੇ ਜਮਾਤੀ ਅਤੇ ਗਰਾਈਂ ਪੰਡਿਤ ਰਾਕੇਸ਼ ਦੀ ਮਿਹਰਬਾਨੀ ਨਾਲ ਹੀ ਹੋਈ ਸੀ। ਉਹ ਦਸਵੀਂ ਪਾਸ ਕਰਦੇ ਸਾਰ ਹੀ ਅਕਾਸ਼ਬਾਣੀ ਦੇ ਪ੍ਰਬੰਧਕੀ ਸਟਾਫ਼ ਵਿੱਚ ਨਿਯੁਕਤ ਹੋ ਗਿਆ ਸੀ ਅਤੇ ਉਸ ਨੇ ਮੀਸ਼ਾ ਨਾਲ ਮੈਨੂੰ ਪਹਿਲੀ ਵਾਰ ਮਿਲਾਇਆ ਸੀ। ਮੀਸ਼ਾ ਨੇ ਮੈਨੂੰ ਹੋਰ ਪ੍ਰੋਡਿਊਸਰਾਂ ਨਾਲ ਮਿਲਾ ਦਿੱਤਾ ਤੇ ਕਈ ਸਾਰੇ ਪ੍ਰੋਗਰਾਮਾਂ ਵਿੱਚ ਮੇਰੀ ਸ਼ਮੂਲੀਅਤ ਆਮ ਕਰਵਾ ਦਿੱਤੀ। ... 1976 ਤੋਂ 1985 ਤੱਕ ਦੇ ਸਾਲਾਂ ਵਿੱਚ ਮੈਂ ਮੀਸ਼ਾ ਦੇ ਨਿਰਮਾਣ ਅਤੇ ਨਿਰਦੇਸ਼ਨ ਅਧੀਨ ਬੇਸ਼ੁਮਾਰ ਰੇਡੀਓ ਪ੍ਰੋਗਰਾਮ ਕੀਤੇ। ਇਨ੍ਹਾਂ ਵਿੱਚੋਂ ਪ੍ਰਮੁੱਖ ਪ੍ਰੋਗਰਾਮ 'ਸਿਰਜਣਾ' ਅਤੇ 'ਅਖ਼ਬਾਰਾਂ ਦੀ ਰਾਏ' ਸਨ। "ਅਖ਼ਬਾਰਾਂ ਦੀ ਰਾਏ" ਰੋਜ਼ ਸਵੇਰ ਨੂੰ ਲਾਈਵ ਪ੍ਰਸਾਰਿਤ ਹੁੰਦਾ ਸੀ। ਜਿਸ ਵਿੱਚ ਅਖ਼ਬਾਰਾਂ ਦੇ ਸੰਪਾਦਕੀਆਂ ਉੱਤੇ ਤਬਸਰਾ ਹੁੰਦਾ। ਹਫ਼ਤੇ ਵਿੱਚ ਇਕ ਵਾਰੀ ਇਹ ਪ੍ਰੋਗਰਾਮ ਕਰਨ ਦਾ ਮੌਕਾ ਮੈਨੂੰ ਮਿਲਦਾ ... ... ਮੀਸ਼ਾ ਜੀ ਭਾਵੇਂ ਰੋਜ਼-ਰੋਜ਼ ਇਸ ਪ੍ਰੋਗਰਾਮ ਲਈ ਆਪ ਨਹੀਂ ਸਨ ਆਉਂਦੇ, ਪਰ ਉਨ੍ਹਾਂ ਦੇ ਅਸਿਸਟੈਂਟ ਚੈਨ ਸਿੰਘ ਜਾਂ ਅਮਰ ਸਿੰਘ ਅਕਸਰ ਹਾਜ਼ਰ ਰਹਿੰਦੇ। ਕਦੇ-ਕਦੇ ਇਸ ਪ੍ਰੋਗਰਾਮ ਦੀ ਜ਼ਿੰਮੇਵਾਰੀ ਸੁਖਜਿੰਦਰ ਚੂੜਾਮਣੀ ਦੀ ਵੀ ਹੁੰਦੀ ਅਤੇ ਕਦੇ ਸੁਰਿੰਦਰ ਮਹਿੰਦੀਰੱਤਾ ਦੀ। ... ... ਪਰ ਜਦੋਂ 'ਅਖ਼ਬਾਰਾਂ ਦੀ ਰਾਏ' ਕੋਈ ਝੋਲ ਖਾਂਦੀ ਦਿਸਦੀ ਤਾਂ ਮੀਸ਼ਾ ਜੀ ਆਪ ਹਾਜ਼ਰ ਹੋ ਜਾਂਦੇ। ਅਜਿਹੀ ਸਥਿਤੀ ਨਾਲ ਮੇਰਾ ਸਭ ਤੋਂ ਯਾਦਗਾਰੀ ਸਾਹਮਣਾ ਉਦੋਂ ਹੋਇਆ, ਜਦੋਂ ਸਾਕਾ ਨੀਲਾ ਤਾਰਾ ਤੋਂ ਬਾਅਦ ਪਹਿਲੇ ਦਿਨ ਅਖ਼ਬਾਰਾਂ ਛਪੀਆਂ। ਮੈਂ ਇਸ ਪ੍ਰੋਗਰਾਮ ਲਈ ਹਾਜ਼ਰ ਹੋਇਆ। ਮੀਸ਼ਾ ਜੀ ਸਕਰਿਪਟ ਸੁਣਨ ਲਈ ਆਪ ਹਾਜ਼ਰ ਸਨ। ਮੈਂ ਸਾਰੀ ਸਕਰਿਪਟ ਸੁਣਾਈ। ਉਹ ਅੱਖਾਂ ਬੰਦ ਕਰਕੇ ਕੁਝ ਦੇਰ ਬੈਠੇ ਰਹੇ। ਕੁਝ ਸੋਚਦੇ ਰਹੇ...ਫੇਰ ਕਹਿਣ ਲੱਗੇ ... ... ਜਿੱਥੇ-ਜਿੱਥੇ ਖਾੜਕੂ ਆਗੂਆਂ ਦੇ ਨਾਂਅ ਆਉਂਦੇ ਹਨ ... "ਉਹ ਹਿੱਸੇ ਆਪਾਂ ਕੱਟ ਦਿੰਦੇ ਹਾਂ" ਹਾਲਾਂਕਿ ਸੰਪਾਦਕੀਆਂ ਵਿੱਚ ਸਿਰਫ਼ ਨਾਂਅ ਹੀ ਲਿਖੇ ਗਏ ਸਨ। ਉਨ੍ਹਾਂ ਦੇ ਕਾਰਜਾਂ ਨੂੰ ਕਿਸੇ ਵੀ ਤਰ੍ਹਾਂ ਸਰਾਹਿਆ ਨਹੀਂ ਗਿਆ ਸੀ ... ਕਿਉਂਕਿ ਅਖ਼ਬਾਰਾਂ ਸੈਂਸਰ ਦੀ ਕੈਂਚੀ ਵਿੱਚੀਂ ਗੁਜ਼ਰ ਕੇ ਹੀ ਛਪੀਆਂ ਸਨ ... ... ਫੇਰ ਵੀ ਉਹ ਕਿਸੇ ਕਿਸਮ ਦਾ ਜੋਖ਼ਮ ਉਠਾਉਣ ਲਈ ਤਿਆਰ ਨਹੀਂ ਸੀ।



ਕਵੀ ਦਾ ਅੰਦਾਜ਼

ਮੈਂ ਕਿਹਾ, "ਜੇ ਇਹ ਸਾਰਾ ਕੁੱਝ ਕੱਟ ਦਿਆਂਗੇ ਤਾਂ ਫੇਰ ਬੋਲਾਂਗੇ ਕੀ ਸਰ। ਅਖ਼ਬਾਰਾਂ ਦੇ ਸਾਰੇ ਸੰਪਾਦਕੀ ਤਾਂ ਇਸੇ ਤਰ੍ਹਾਂ ਦੇ ਹਨ।" ...ਕਹਿਣ ਲੱਗੇ ... ...ਤੂੰ ਸਿਆਣਾ ਏਂ ... ... ਮੇਰੀ ਗੱਲ ਸਮਝ ... ਮੈਂ ਚੁੱਪ ਹੋ ਗਿਆ ... ਮੈਂ ਦੁਬਾਰਾ ਅਖ਼ਬਾਰਾਂ ਚੁੱਕੀਆਂ ਤਾਂ ਉਹ ਸੰਪਾਦਕੀ ਅੰਡਰ ਲਾਈਨ ਕਰਨੇ ਸ਼ੁਰੂ ਕਰ ਦਿੱਤੇ, ਜੋ ਅਜਿਹੇ ਜੋਖ਼ਮ ਤੋਂ ਰਹਿਤ ਸਨ। ... ਬਿਨਾਂ ਕੁਝ ਵੀ ਕਿਹਾਂ ਇਹ ਪ੍ਰੋਗਰਾਮ ਨੇਪਰੇ ਚੜ੍ਹ ਗਿਆ ਸੀ ... ... ਮੈਂ ਵਾਪਸ ਉਨ੍ਹਾਂ ਦੇ ਕਮਰੇ ਵਿੱਚ ਆਇਆ ਤਾਂ ਉਨ੍ਹਾਂ ਨੇ ਇੰਦਰਾ ਗਾਂਧੀ ਨੂੰ ਬੇਸ਼ੁਮਾਰ ਬੁਰਾ-ਭਲਾ ਕਿਹਾ ...

ਨੀਲਾ ਤਾਰਾ ਅਪਰੇਸ਼ਨ ਦੀ ਸਮੁੱਚੀ ਸਰਕਾਰੀ ਕਾਰਗੁਜ਼ਾਰੀ ਤੋਂ ਉਹ ਬੇਹੱਦ ਪ੍ਰੇਸ਼ਾਨ ਸੀ। ਉਸ ਦੀ ਸਾਰੀ ਗੱਲਬਾਤ ਦਾ ਭਾਵ ਇਹੀ ਸੀ :-

'ਪੱਤੀ ਪੱਤੀ ਵਲੂੰਧਰੀ ਗਈ ਉਸ ਦੀ,
ਸ਼ਰਫ਼ ਕਰਦਾ ਸੀ ਜਿਸ ਪੰਜਾਬ ਦੀ ਗੱਲ" ...

ਅਗਲੇ ਹੀ ਸਾਲ ਜਦੋਂ ਮੈਂ ਦੂਰਦਰਸ਼ਨ ਦੀ ਨੌਕਰੀ ਵਿੱਚ ਆ ਗਿਆ ਤਾਂ ਮੈਨੂੰ ਸਮਝ ਆਈ ਕਿ ਸਰਕਾਰੀ ਤੰਤਰ ਨੂੰ ਚਲਾਉਣ ਲਈ ਆਪਣੇ ਨਿੱਜੀ ਵਿਚਾਰਾਂ ਦੀ ਪੀੜਾ ਕਿਵੇਂ ਝੱਲਣੀ ਪੈਂਦੀ ਹੈ?

ਸਾਹਿਤਕਾਰਾਂ ਦੀਆਂ ਨਾਰਾਜ਼ਗੀਆਂ ਮੁੱਲ ਲੈ ਕੇ ਚੰਗਾ ਪ੍ਰੋਗਰਾਮ ਕਰਨ ਦੀ ਜ਼ਿੰਮੇਵਾਰੀ ਨਿਭਾਉਣਾ ਕਿੰਨਾ ਦਿਲ-ਗੁਰਦੇ ਦਾ ਕੰਮ ਹੁੰਦਾ ਹੈ?

ਮੀਸ਼ਾ ਨੇ ਇਹ ਸਭ ਕੁਝ ਆਪਣੇ ਪਿੰਡੇ ਉੱਤੇ ਹੰਢਾਇਆ ਸੀ।

ਇਕ ਸਮਾਂ ਸੀ, ਜਦੋਂ ਸ਼ਿਵ ਕੁਮਾਰ ਅਤੇ ਡਾਕਟਰ ਜਗਤਾਰ ਵਰਗੇ ਕਵੀਆਂ ਨਾਲ ਵੀ ਮੀਸ਼ਾ ਦੀ ਦੁਸ਼ਮਣੀ ਪਈ ਰਹੀ ਸੀ। ...ਮੈਂ ਉਸ ਦਿਨ ਮੀਸ਼ਾ ਨੂੰ ਬਹੁਤ ਨੇੜਿਓਂ ਤੱਕਿਆ, ਜਦੋਂ ਸਵੀਡਨ ਵੱਸਦਾ ਪਾਕਿਸਤਾਨੀ ਸਾਹਿਤਕਾਰ ਆਸਫ਼ ਸ਼ਾਹਕਾਰ ਭਾਰਤ ਦੇ ਦੌਰੇ ਉੱਤੇ ਸੀ, ਮੀਸ਼ਾ ਉਨ੍ਹੀਂ ਦਿਨੀਂ ਆਦਰਸ਼ ਨਗਰ ਦੇ ਫੁੱਟਬਾਲ ਚੌਕ ਲਾਗੇ 90 ਨੰਬਰ ਮਕਾਨ ਵਿਚ ਰਹਿੰਦਾ ਹੁੰਦਾ ਸੀ। ਆਸਿਫ਼ ਸ਼ਾਹਕਾਰ ਮੀਸ਼ਾ ਕੋਲ ਠਹਿਰਿਆ ਹੋਇਆ ਸੀ। ਇਕ ਦਿਨ ਮੀਸ਼ਾ ਨੇ ਸ਼ਾਮ ਦੀ ਮਹਿਫਲ ਲਈ ਸੁਰਜਨ ਜ਼ੀਰਵੀ ਨੂੰ ਵੀ ਬੁਲਾ ਲਿਆ। ਜ਼ੀਰਵੀ ਸਾਹਿਬ ਅੱਗੋਂ ਮੈਨੂੰ ਵੀ ਆਪਣੇ ਨਾਲ ਲੈ ਗਏ। ਤਿੰਨੋਂ ਦੇਰ ਰਾਤ ਤੱਕ ਦਾਰੂ ਪੀਂਦੇ ਰਹੇ। ਘੰਟਿਆਂਬੱਧੀ ਸਾਹਿਤਕਾਰਾਂ ਦੀ ਉਹ ਪੁਣ-ਛਾਣ ਹੋਈ ਕਿ ਰਹੇ ਰੱਬ ਦਾ ਨਾਂਅ। ... ...ਪਰ ਆਸਿਫ਼ ਸ਼ਾਹਕਾਰ ਦੇ ਪੰਜਾਬੀਅਤ ਬਾਰੇ ਵਿਚਾਰ ਸੁਣ ਕੇ ਅਤੇ ਮੀਸ਼ਾ ਵੱਲੋਂ ਉਸ ਨਾਲ ਕੀਤੀ ਜਾ ਰਹੀ ਵਾਰਤਾਲਾਪ ਨੂੰ ਮਾਣ ਕੇ ਮੈਂ ਬਹੁਤ ਸਰਸ਼ਾਰ ਹੋਇਆ। ਇਸ ਰਾਤ ਤੋਂ ਪਹਿਲਾਂ ਮੀਸ਼ਾ ਮੈਨੂੰ ਸ਼ਰਾਰਤੀ ਅੰਦਾਜ਼ ਵਾਲੀ ਸੱਚੀਂ-ਮੁੱਚੀਂ ਦੀ ਮੀਸਣੀ ਮੁਸਕਾਨ ਵਾਲਾ ਸਰਕਾਰੀ ਅਧਿਕਾਰੀ ਹੀ ਦਿਸਦਾ ਸੀ, ਜਿਸ ਤਰ੍ਹਾਂ ਉਸ ਦੀ ਆਮ ਤੌਰ ਉੱਤੇ ਮਸ਼ਹੂਰੀ ਵੀ ਸੀ, ਪਰ ਉਹ ਚਿਹਰੇ ਦੀ ਮੀਸਣੀ ਮੁਸਕਾਨ ਨਾਲੋਂ ਕਿਤੇ ਗਹਿਰਾ ਸੀ ਅਤੇ ਨਿਰਾ-ਪੁਰਾ ਸਰਕਾਰੀ ਅਧਿਕਾਰੀ ਨਹੀਂ ਸੀ। ਇਸ ਦਾ ਅਹਿਸਾਸ ਮੈਨੂੰ ਉਸ ਰਾਤ ਹੋਇਆ।

... ...ਇਕ ਦਿਨ ਪ੍ਰੋਗਰਾਮ ਤੋਂ ਬਾਅਦ ਮੈਂ ਮੀਸ਼ਾ ਨੂੰ ਆਪਣੇ ਪਿੰਡ ਜੰਡਿਆਲਾ ਦੀਆਂ ਵਿਸ਼ੇਸ਼ਤਾਵਾਂ ਦੱਸਣ ਲੱਗ ਪਿਆ। ਉਸ ਨੇ ਬਹੁਤ ਦਿਲਚਸਪੀ ਨਾਲ ਮੇਰੇ ਤੋਂ ਮੇਰੇ ਪਿੰਡ ਬਾਰੇ, ਪਿੰਡ ਦੇ ਇਤਿਹਾਸ ਬਾਰੇ, ਬਹੁਤ ਸਾਰੀਆਂ ਗੱਲਾਂ ਪੁੱਛੀਆਂ।

ਮੈਂ ਉਸ ਨੂੰ ਦੱਸਿਆ ਕਿ ਜੰਡਿਆਲੇ ਵਿੱਚ 'ਝੰਡਿਆਂ ਵਾਲਾ ਚੌਕ' ਹੈ। ਜਿੱਥੇ ਤਿਰੰਗਾ ਅਤੇ ਲਾਲ ਝੰਡਾ ਹਰ ਵਕਤ ਇਕੱਠੇ ਝੁੱਲਦੇ ਹਨ ਅਤੇ ਇਸ ਦੇ ਨਾਲ ਹੀ ਜਹਾਂਗੀਰ ਦੀ ਬਣਾਈ ਹੋਈ ਇਕ ਧਰਮਸ਼ਾਲਾ ਹੈ, ਜੋ ਮੇਰੇ ਪਿੰਡ ਦੇ ਹਕੀਮ ਬਾਬਾ ਭੂਮੀਆ ਨੂੰ ਜਹਾਂਗੀਰ ਦਾ ਇਲਾਜ ਕਰਨ ਕਰਕੇ ਤੋਹਫ਼ੇ ਵਜੋਂ ਬਣਵਾ ਕੇ ਦਿੱਤੀ ਗਈ ਸੀ।



ਆਲ ਇੰਡੀਆ ਰੇਡੀਓ ਜਲੰਧਰ ਦੇ ਇੱਕ ਕਵੀ ਦਰਬਾਰ 'ਚ

ਅਗਲੇ ਹੀ ਹਫ਼ਤੇ ਉਹ ਚੈਨ ਸਿੰਘ ਨੂੰ ਨਾਲ ਲੈ ਕੇ ਜੰਡਿਆਲੇ ਪਹੁੰਚ ਗਿਆ ਸੀ। ਮੇਰੇ ਘਰ ਬੁਲਾ ਕੇ ਉਸ ਨੇ ਪਿੰਡ ਦੇ ਮੋਹਤਬਰਾਂ ਨਾਲ ਮੁਲਾਕਾਤਾਂ ਕੀਤੀਆਂ। ਇਹ ਧਰਮਸ਼ਾਲਾ ਉਨ੍ਹਾਂ ਦਿਨਾਂ ਵਿੱਚ ਪੋਸਤੀਆਂ ਦਾ ਅੱਡਾ ਬਣੀ ਹੋਈ ਸੀ ਅਤੇ ਇਸ ਨੂੰ "ਅਮਲੀਆਂ ਦੀ ਧਰਮਸ਼ਾਲਾ" ਵੀ ਕਿਹਾ ਜਾਂਦਾ ਸੀ। ਮੀਸ਼ਾ ਨੇ ਪਿੰਡ ਜੰਡਿਆਲੇ ਅਤੇ ਇਸ ਧਰਮਸ਼ਾਲਾ ਦੀ ਧਰੋਹਰ ਬਾਰੇ ਦੋ ਰੇਡੀਓ ਫੀਚਰ ਬਣਾਏ... ਜੋ ਬਹੁਤ ਮਕਬੂਲ ਹੋਏ ਸਨ। ਰਿਕਾਰਡਿੰਗ ਤੋਂ ਬਾਅਦ ਮੇਰੇ ਬਾਪੂ ਜੀ ਨਾਲ ਉਸ ਨੇ ਦੇਰ ਤੱਕ ਗੱਲਾਂ ਕੀਤੀਆਂ ਅਤੇ ਦੇਸੀ ਦਾਰੂ ਦਾ ਆਨੰਦ ਵੀ ਮਾਣਿਆ ... ... ਫੇਰ ਮੈਂ ਜਦੋਂ ਕਦੇ ਵੀ ਮੀਸ਼ਾ ਨੂੰ ਮਿਲਦਾ, ਉਹ ਬਾਪੂ ਜੀ ਦਾ ਹਾਲ ਜ਼ਰੂਰ ਪੁੱਛਦਾ ... ... ਮੁਸਕਰਾ ਕੇ "ਉਨ੍ਹਾਂ ਦੀ ਸ਼ਾਮ ਕਿਵੇਂ ਗੁਜ਼ਰਦੀ ਐ" ਕਹਿ ਕੇ ਅੱਖਾਂ ਵਿੱਚੀਂ ਮੁਸਕਰਾਉਂਦਾ... ... ਕਦੇ-ਕਦੇ ਮੇਰਾ ਜੀਅ ਕਰਦਾ ਮੈਂ ਉਸ ਲਈ ਪਿੰਡੋਂ ਦੇਸੀ ਦਾਰੂ ਦੀ ਬੋਤਲ ਲਿਆਵਾਂ... ਪਰ ਕਦੇ ਵੀ ਮੇਰੀ ਹਿੰਮਤ ਨਾ ਪਈ ... ਮੈਂ 'ਨਵਾਂ ਜ਼ਮਾਨਾ' ਤੋਂ 'ਅਜੀਤ' ਵਿਚ ਚਲਾ ਗਿਆ ਤਾਂ ਮੀਸ਼ਾ ਮੈਨੂੰ ਹੋਰ ਆਪਣਾ ਲੱਗਣ ਲੱਗ ਪਿਆ। ਭਾਅ ਜੀ ਬਰਜਿੰਦਰ ਸਿੰਘ ਨਾਲ ਉਹਦੀ ਦੋਸਤੀ ਬਹੁਤ ਗਹਿਰੀ ਸੀ। ਉਹ ਕਈ ਵਾਰ 'ਅਜੀਤ' ਦੇ ਦਫ਼ਤਰ ਆ ਜਾਂਦਾ ਤਾਂ ਅਕਸਰ ਸਾਡੀ ਮੁਲਾਕਾਤ ਹੋ ਜਾਂਦੀ ... ... ਫੇਰ ਮੈਨੂੰ ਦੂਰਦਰਸ਼ਨ ਦੀ ਨੌਕਰੀ ਮਿਲ ਗਈ। ਮੈਂ ਅਕਾਸ਼ਵਾਣੀ ਵਿੱਚ ਉਚੇਚੇ ਤੌਰ 'ਤੇ ਮੀਸ਼ਾ ਨੂੰ ਮਿਲਣ ਗਿਆ ... ... ਉਸ ਨੇ ਮੈਨੂੰ ਸਰਕਾਰੀ ਤੰਤਰ ਦੇ ਕਈ ਗੁਰ ਦੱਸੇ। ਸਾਹਿਤਕਾਰਾਂ ਨਾਲ ਵਿਚਰਨ ਦਾ ਸਲੀਕਾ ਸਮਝਾਇਆ। ਗੱਲ-ਗੱਲ 'ਤੇ ਗੁੱਸੇ ਹੋਣ ਵਾਲੇ ਸਾਹਿਤਕਾਰਾਂ ਦੀ ਮਾਨਸਿਕਤਾ ਨੂੰ ਸਮਝਣ ਦਾ ਮਰਹਮ ਦੱਸਿਆ...।

ਇਨ੍ਹਾਂ ਦਿਨਾਂ ਵਿੱਚ ਮੀਸ਼ਾ ਬਹੁਤ ਉਪਰਾਮ ਰਹਿੰਦਾ ਸੀ। ਬੇਹੱਦ ਉਦਾਸ। ਉਸ ਨੂੰ ਮਲਾਲ ਸੀ ਕਿ ਸਖ਼ਤ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਨ ਦੇ ਬਾਵਜੂਦ ਉਸ ਦੀ ਪ੍ਰੋਮੋਸ਼ਨ ਨਹੀਂ ਹੋ ਰਹੀ ਸੀ। ਉਸ ਦੇ ਪੜ੍ਹਾਏ ਹੋਏ, ਉਸ ਦੇ ਨਾਲ ਜਾਂ ਉਸ ਤੋਂ ਬਾਅਦ ਨੌਕਰੀਆਂ ਵਿੱਚ ਆਏ ਵਿਅਕਤੀ, ਉਸ ਤੋਂ ਵੱਡੇ ਅਫ਼ਸਰ ਬਣ ਗਏ ਸਨ। ਇਨ੍ਹਾਂ ਵਿੱਚ ਜੇ.ਐੱਸ. ਕੇਸਰ (ਡੀ.ਸੀ. ਜਲੰਧਰ), ਅਲਬੇਲ ਸਿੰਘ ਗਰੇਵਾਲ (ਡੀ.ਡੀ.ਜੀ. ਦੂਰਦਰਸ਼ਨ) ਸਮੇਤ ਬਹੁਤ ਸਾਰੇ ਨਾਂਅ ਸਨ, ਜੋ ਆਈ.ਏ.ਐੱਸ., ਆਈ.ਪੀ.ਐੱਸ. ਜਾਂ ਆਈ.ਆਈ.ਐੱਸ. ਬਣ ਚੁੱਕੇ ਸਨ... ਉਹ ਮਹਿਫ਼ਲਾਂ ਵਿੱਚ ਅਕਸਰ ਫੁੱਟ ਪੈਂਦਾ ਸੀ ... ... ...

ਪ੍ਰਗਤੀਵਾਦੀਆਂ, ਪ੍ਰਯੋਗਵਾਦੀਆਂ ਅਤੇ ਨਵ-ਪ੍ਰਗਤੀਵਾਦੀਆਂ ਨਾਲ ਦੋਸਤਾਨਾ ਸੰਬੰਧਾਂ ਵਿੱਚ ਹੁੰਦਿਆਂ ਹੋਇਆਂ ਵੀ, ਉਸ ਦਾ ਕਾਵਿ-ਰੰਗ ਅਸਲੋਂ ਵਿਲੱਖਣ ਸੀ। ਇਹ ਵਿਲੱਖਣਤਾ ਉਸ ਦੀ ਸਰਕਾਰੀ ਨੌਕਰੀ ਕਰਕੇ ਸੀ ਜਾਂ ਵਿਚਾਰਧਾਰਕ ਪੁਖ਼ਤਗੀ ਕਰਕੇ, ਇਸ ਦਾ ਸਪੱਸ਼ਟ ਵਿਸ਼ਲੇਸ਼ਣ ਕਰਨਾ ਮੁਸ਼ਕਿਲ ਹੈ। ਉਸ ਦੇ ਅਜਿਹੇ ਮਾਨਸਿਕ ਦਵੰਦਾਂ ਦੀ ਗਵਾਹੀ ਉਸ ਦੀ ਕਵਿਤਾ ਵਿੱਥ ਦਿੰਦੀ ਹੈ:-

ਨਾਅਰੇ ਲਾਉਂਦੀ
ਭੁੱਖੀ
ਭੜਕੀ
ਭੀੜ ਬਾਜ਼ਾਰੋਂ ਲੰਘ ਰਹੀ ਹੈ
ਸਿਰਜਣਹਾਰੇ ਹੱਥਾਂ ਦਾ ਹੱਕ ਮੰਗ ਰਹੀ ਹੈ
ਰੋਟੀ ਖਾਂਦਾ
ਮੈਂ
ਢਾਬੇ ਦੀ ਚੂਲਾਂ ਢਿੱਲੀ ਬੈਂਚ ਦੇ ਉੱਤੇ
ਖੜ੍ਹਾ ਹੋ ਗਿਆਂ
ਅੱਧ ਝੂਲਸਿਆ
ਢਿੱਡ ਹੈ ਏਥੇ
ਤੇ ਸ਼ਰਮਿੰਦੀਆਂ ਨਜ਼ਰਾਂ ਨਾਲ
ਖੜੋਤਾ
ਹੱਕੀ ਰੋਹ ਦਾ ਜਲਵਾ ਦੇਖ ਰਿਹਾ ਹਾਂ
ਨਾਲੇ ਸੋਚਾਂ
ਮੇਰੇ ਵਿੱਚ ਬਾਕੀ ਹੈ ਹਿੰਮਤ ਕਿੰਨੀ
ਏਸ ਬੈਂਚ ਤੋਂ ਓਸ ਭੀੜ ਤੱਕ
ਵਿੱਥ ਹੈ
ਸਿਰਫ਼ ਨਮੋਸ਼ੀ ਜਿੰਨੀ।

ਅਜਿਹੀ ਵਿੱਥ ਦੀ ਨਮੋਸ਼ੀ, ਉਸ ਦੀ ਮਾਨਸਿਕ ਹੋਣੀ ਸੀ। ਜੁਝਾਰ ਵਿਦਰੋਹੀ ਦੋਸਤਾਂ ਦੀ ਸੰਗਤ ਨੇ ਸਰਕਾਰੀ ਫ਼ਾਈਲਾਂ ਵਿੱਚ ਉਸ ਦੀ ਇੰਟਰੀ ਕਰਵਾ ਦਿੱਤੀ ਸੀ, ਅਤੇ ਉਸ ਦੇ ਘਰ ਪੁਲਸ ਦੇ ਗੇੜੇ ਵੀ ਵੱਜਣ ਲੱਗ ਪਏ ਸਨ। ਧੀਮੇ ਬੋਲਾਂ ਦੇ ਸ਼ਾਇਰ ਵਜੋਂ ਜਾਣਿਆ ਜਾਂਦਾ ਉਹ 'ਫਸਾਦ', ਦੁਸ਼ਮਣੀ ਦੀ ਦਾਸਤਾਨ, ਨੀਂਹ ਪੱਥਰ, 'ਊਂਘਣ ਪਹਿਰੇਦਾਰ ਨਗਰ ਦੇ', 'ਚੀਕ ਬੁਲਬੁਲੀ', 'ਦਰਦ ਸੁਨੇਹਾ', 'ਘਰ ਘਰ ਵਿੱਚ ਹਨੇਰਾ ਹੈ', 'ਸ਼ੁਭ ਇੱਛਾਵਾਂ' ਤੇ 'ਕੱਚ ਦੇ ਵਸਤਰ' ਵਰਗੀਆਂ ਕਵਿਤਾਵਾਂ ਨਾਲ ਉਵੇਂ ਹੀ ਜਾਣਿਆ ਜਾਂਦਾ ਹੈ, ਜਿਵੇਂ ਕੋਈ ਸਦੀਵੀ ਕਵੀ ਜਾਣਿਆ ਜਾਣਾ ਚਾਹੀਦਾ ਹੈ।

ਸ਼ਹਿਰ ਕੋਈ ਵੀ ਹੋਵੇ
ਭਵਿੰਡੀ, ਮੇਰਠ ਜਾਂ ਨਾਗਪੁਰ
ਪੱਜ ਕੋਈ ਵੀ ਹੋਵੇ
ਮਸਜਦ ਦੇ ਗੁੰਬਦ ਤੋਂ ਉੱਚਾ ਵਾਜੇ ਦਾ ਸ਼ੋਰ
ਪਿੱਪਲ ਦੇ ਟਾਹਣੇ ਤੋਂ ਉੱਚਾ ਤਾਜੀਆਂ ਦਾ ਜਲੂਸ
ਗਊ ਮਾਤਾ ਦੀ ਰੱਖਿਆ
ਬੱਚਿਆਂ ਦਾ ਪਤੰਗ ਲੁੱਟਣ 'ਤੇ ਝਗੜਾ
ਜਾਂ ਕੋਈ ਹੋਰ
ਪਹਿਲਾਂ ਹੀ ਤਿਆਰ ਹੁੰਦੇ ਹਨ
ਛੁਰੇ, ਬਰਛੇ, ਪਸਤੌਲ ਤੇ ਦਸਤੀ ਬੰਬ
... ... ... ... ... ... ... ... ... ...
ਮੈਂ ਜਾਣਦਾ ਹਾਂ
ਸਰਕਾਰੀ ਅੰਕੜਿਆਂ
ਅਖ਼ਬਾਰੀ ਅੰਦਾਜ਼ਿਆਂ
ਤੇ ਮਰਨ ਵਾਲਿਆਂ ਦੀ ਅਸਲੀ ਗਿਣਤੀ ਵਿੱਚ
ਕਿੰਨਾ ਫ਼ਰਕ ਹੁੰਦਾ ਹੈ
... ... ... ... ... ... ...
ਅਦਾਲਤੀ ਪੜਤਾਲ ਸ਼ੁਰੂ ਹੋਣ 'ਤੇ
ਹੜਤਾਲ ਖੁੱਲ੍ਹ ਜਾਵੇਗੀ ...
... ... ... ... ... ... ... ...
ਉਦੋਂ ਤੱਕ ਹੋਰ ਬਹੁਤ ਕੁਝ ਹੋ ਚੁੱਕਾ ਹੋਏਗਾ
ਕਿਸੇ ਹੋਰ ਸ਼ਹਿਰ ਵਿੱਚ
ਕਿਸੇ ਹੋਰ ਪੱਜ ਹੇਠ ...

ਮੀਸ਼ਾ ਸੱਚਮੁੱਚ ਮੀਸ਼ਾ ਸੀ ... ਕਵਿਤਾ ਵਿੱਚ ਵੀ, ਵਿਚਾਰ ਵਿੱਚ ਵੀ ਅਤੇ ਵਿਹਾਰ ਵਿੱਚ ਵੀ ... ... ਫੇਰ ਉਸ ਨੇ ਇਕ ਸੰਸਥਾ ਬਣਾਈ 'ਦਾਇਰਾ'। ਜਲੰਧਰ ਦੇ ਸਾਹਿਤਕਾਰਾਂ, ਪੱਤਰਕਾਰਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਤੱਕ ਨੂੰ, ਇਸ ਸੰਸਥਾ ਨਾਲ ਜੋੜ ਲਿਆ। ਜਲੰਧਰ ਦੇ ਨਰਿੰਦਰਾ ਪੈਲਿਸ ਵਿੱਚ ਇਕ ਵੱਡਾ ਇਕੱਠ ਕੀਤਾ। ਖਚਾ-ਖਚ ਭਰੇ ਪੈਲਿਸ ਤੋਂ ਬਾਹਰ ਤੱਕ ਵੀ ਲੋਕਾਂ ਦਾ ਹਜ਼ੂਮ ਸੀ। ਇਸ ਸਮਾਗਮ ਵਿੱਚ ਅੰਮ੍ਰਿਤਾ ਪ੍ਰੀਤਮ ਨੂੰ ਸਨਮਾਨ ਦਿੱਤਾ ਗਿਆ। ਕਿਸੇ ਸਾਹਿਤਕਾਰ ਦੇ ਸਨਮਾਨ ਲਈ ਏਨੇ ਲੋਕ ਇਕੱਠੇ ਹੋਏ ਹੋਣ, ਇਸ ਦੀ ਕੋਈ ਹੋਰ ਮਿਸਾਲ ਅੱਜ ਤੱਕ ਵੀ ਨਹੀਂ ਮਿਲਦੀ। ਹਰ ਕਿਸੇ ਦੀ ਜ਼ੁਬਾਨ ਉੱਤੇ ਸੋਹਣ ਸਿੰਘ ਮੀਸ਼ਾ ਦੀ ਕੁਸ਼ਲਤਾ ਦਾ ਚਰਚਾ ਸੀ ... ... ਉਹ ਵੱਡੇ ਕਵੀ ਅਤੇ ਰੇਡੀਓ ਪ੍ਰੋਡਿਊਸਰ ਦੇ ਨਾਲ-ਨਾਲ ਵੱਡਾ ਜਥੇਬੰਦਕ ਵੀ ਬਣ ਗਿਆ ਸੀ। ਉਸ ਦੀ ਲੋਕਪ੍ਰਿਅਤਾ ਸਿਖ਼ਰ 'ਤੇ ਸੀ।

... ...ਅੱਜ 22 ਸਤੰਬਰ 1986 ਸੀ। ਫ਼ਰੀਦਕੋਟ ਵਿਖੇ ਬਾਬਾ ਫ਼ਰੀਦ ਦੇ ਆਗਮਨ ਪੁਰਬ ਉੱਤੇ ਮੇਲੇ ਦਾ ਦਿਨ। ਇੱਥੇ ਹੋਣ ਵਾਲੇ ਕਵੀ ਦਰਬਾਰ ਦੇ ਸੰਚਾਲਨ ਲਈ ਸੋਹਣ ਸਿੰਘ ਮੀਸ਼ਾ ਨੂੰ ਬੁਲਾਇਆ ਗਿਆ ਸੀ ... ... ਉਡੀਕ ਲੰਮੀ ਹੋ ਗਈ ਸੀ। ... ਪਰ ਉਹ ਨਹੀਂ ਆਇਆ ...

ਕਵੀ ਦਰਬਾਰ ਅਜੇ ਸਮਾਪਤ ਹੋਇਆ ਹੀ ਸੀ ਕਿ ਇਕ ਮਨਹੂਸ ਖ਼ਬਰ ਜੰਗਲ ਦੀ ਅੱਗ ਵਾਂਗ ਫੈਲੀ ...

ਕਪੂਰਥਲੇ ਦੀ ਕਾਂਜਲੀ ਝੀਲ ਵਿੱਚ ਆਪਣੇ ਦੋਸਤਾਂ ਨਾਲ ਪਿਕਨਿਕ 'ਤੇ ਗਿਆ ਸੋਹਣ ਸਿੰਘ ਮੀਸ਼ਾ ਕਿਸ਼ਤੀ ਦਾ ਸੰਤੁਲਨ ਵਿਗੜਨ ਕਰਕੇ ਝੀਲ ਵਿੱਚ ਡੁੱਬ ਗਿਆ ਸੀ ... ...

ਆਪਣੀ ਜ਼ਿੰਦਗੀ, ਵਿਚਾਰਾਂ ਅਤੇ ਵਿਹਾਰਾਂ ਦਾ ਸੰਤੁਲਨ ਬਣਾਈ ਰੱਖਣ ਦੇ ਮਾਹਿਰ ਮੀਸ਼ਾ ਦੀ ਕਿਸ਼ਤੀ ਦਾ ਸੰਤੁਲਨ ਕਿਵੇਂ ਵਿਗੜ ਗਿਆ? ... ...

ਬੇਸ਼ੁਮਾਰ ਕਾਵਿ-ਝੀਲਾਂ ਦਾ ਤਾਰੂ ਮੀਸ਼ਾ ਆਖ਼ਿਰ ਕਾਂਜਲੀ ਝੀਲ ਵਿੱਚ ਕਿਵੇਂ ਡੁੱਬ ਗਿਆ ? ... ...

ਇਹ ਸਵਾਲ ਪੰਜਾਬੀ ਕਵਿਤਾ ਨੂੰ ਹਮੇਸ਼ਾ ਪ੍ਰੇਸ਼ਾਨ ਕਰਦਾ ਰਹੇਗਾ।

ਮੋਬਾਈਲ : 94171-94812





ਫੁਰਸਤ ਦੇ ਪਲਾਂ 'ਚ

## ਬਾਲ ਕੋਨਾ




ਰਿਪੂ ਦੇਵੀ, ਨੌਂਵੀਂ, ਸਰਕਾਰੀ ਹਾਈ ਸਮਾਰਟ ਸਕੂਲ ਰਜਿੰਦਰਗੜ੍ਹ



ਰਜਨੀ, ਸਤਵੀਂ, ਸਰਕਾਰੀ ਮਿਡਲ ਸਮਾਰਟ ਸਕੂਲ, ਰੈਲੀ



ਨਵਦੀਪ ਸਿੰਘ, ਦਸਵੀਂ, ਸਰਕਾਰੀ ਹਾਈ ਸਮਾਰਟ ਸਕੂਲ ਰਜਿੰਦਰਗੜ੍ਹ







ਸੁਖਪ੍ਰੀਤ ਕੌਰ, ਅੱਠਵੀਂ, ਸਰਕਾਰੀ ਮਿਡਲ ਸਮਾਰਟ ਸਕੂਲ, ਰੈਲੀ



ਅਮਿਤੋਜ ਸਿੰਘ, ਤੀਜਾ ਗ੍ਰੇਡ, ਸੈਂਟਾ ਟਰੀਸਾ ਐਲੀਮੈਂਟਰੀ ਸਕੂਲ, ਕੈਲੇਫੋਰਨੀਆ



ਜਸਪ੍ਰੀਤ ਕੌਰ, ਅੱਠਵੀਂ, ਸਰਕਾਰੀ ਮਿਡਲ ਸਮਾਰਟ ਸਕੂਲ, ਰੈਲੀ




ਸੰਦੀਪ ਕੌਰ, ਸਤਵੀਂ, ਸਰਕਾਰੀ ਹਾਈ ਸਮਾਰਟ ਸਕੂਲ ਰਜਿੰਦਰਗੜ੍ਹ

ਜਸਨੀਤ ਕੌਰ, ਪਹਿਲੀ, ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਭੋਗਪੁਰ




ਹਰਵਿੰਦਰ ਸਿੰਘ, ਨੌਂਵੀਂ, ਸਰਕਾਰੀ ਹਾਈ ਸਮਾਰਟ ਸਕੂਲ ਰਜਿੰਦਰਗੜ੍ਹ